PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

23rd - 30th January 2025 • Issue No. 3064 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389


# ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਡੋਨਲਡ ਟਰੰਪ ਨੇ ਸਹੁੰ ਚੁੱਕੀ

## ਸਹੁੰ ਚੁੱਕ ਸਮਾਗਮ ਵਿੱਚ ਦੁਨੀਆ ਭਰ ਦੇ ਆਗੂਆਂ ਅਤੇ ਅਹਿਮ ਸ਼ਖਸੀਅਤਾਂ ਨੇ ਕੀਤੀ ਸ਼ਿਰਕਤ - ਭਾਰਤ ਦੇ ਪ੍ਰਧਾਨ ਮੰਤਰੀ ਤੇ ਆਗੂ ਰਹੇ ਗ਼ੈਰ ਹਾਜ਼ਰ







# ਅਕਾਲੀ ਦਲ (ਬ) ਨੇ ਭਰਤੀ ਮੁਹਿੰਮ ਸ਼ੁਰੂ ਕੀਤੀ - 50 ਲੱਖ ਮੈਂਬਰ ਬਨਾਉਣ ਦਾ ਟੀਚਾ





ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਨਵੀਂ ਮੈਂਬਰਸ਼ਿੱਪ ਦੀ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ। ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਉਹ ਇੱਕ ਮਹੀਨੇ ਵਿੱਚ ਅਕਾਲੀ ਦਲ ਦੇ 50 ਲੱਖ ਮੈਂਬਰ ਭਰਤੀ ਕਰਨਗੇ। ਉਪਰਲੀਆਂ ਤਸਵੀਰਾਂ ਵਿੱਚ ਸੁਖਬੀਰ ਸਿੰਘ ਬਾਦਲ, ਦਲਜੀਤ ਸਿੰਘ ਚੀਮਾ ਅਤੇ ਹੋਰ ਆਗੂ ਮੈਂਬਰਸ਼ਿੱਪ ਭਰਤੀ ਕਰਦੇ ਨਜ਼ਰ ਆ ਰਹੇ ਹਨ। ਅਕਾਲੀ ਦਲ ਨੂੰ ਮੁੜ ਪਹਿਲਾਂ ਵਾਲੇ ਸਥਾਨ ਤੇ ਲਿਆਂਦਾ ਜਾਵੇਗਾ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਅਕਾਲੀ ਆਗੂਆਂ ਦਾ ਯੂ ਕੇ ਵਿੱਚ ਐਫ ਐਸ ਓ ਵੱਲੋਂ ਵਿਰੋਧ ਕੀਤਾ ਜਾਵੇਗਾ....

ਪਹਿਲਾਂ ਵੀ ਪਿਛਲੇ ਚਾਲੀ ਸਾਲਾਂ ਤੋਂ ਵਿਦੇਸ਼ਾਂ ਵਿੱਚ ਅਕਾਲੀਆਂ ਦਾ ਵਿਰੋਧ ਹੁੰਦਾ ਰਿਹਾ ਹੈ। ਬਾਕੀ ਸਿਆਸੀ ਪਾਰਟੀਆਂ, ਕਾਂਗਰਸ, ਭਾਜਪਾ ਤੇ ਆਪ ਦੇ ਬਾਰੇ ਕੀ ਸਟੈਂਡ ਹੈ ਕੁੱਝ ਨਹੀਂ ਕਿਹਾ ਗਿਆ ....। ਬੀਤੇ ਸਮੇਂ ਵਿੱਚ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਆਮ ਆਦਮੀ ਪਾਰਟੀ ਨੂੰ ਅਮਰੀਕਾ, ਕੈਨੇਡਾ ਤੇ ਯੂ ਕੇ ਵਿੱਚੋਂ ਭਾਰੀ ਫੰਡ ਦਿੱਤੇ ਗਏ ਸਨ....

# ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਗੁਰਪਤਵੰਤ ਸਿੰਘ ਪੰਨੂ ਤੇ ਸਿੱਖਸ ਫਾਰ ਜਸਟਿਸ ਦੀ ਟੀਮ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਨੇ ਕੀਤੀ ਸ਼ਿਰਕਤ







ਜੈ ਸ੍ਰੀ ਗੁਰੂ ਰਵਿਦਾਸ ਜੀ — ੧ਓ ਸਤਿਗੁਰ ਪ੍ਰਸਾਦਿ॥ — ਜੈ ਸ੍ਰੀ ਗੁਰੂ ਰਵਿਦਾਸ ਜੀ

# ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ

# 648ਵਾਂ ਪ੍ਰਕਾਸ਼ ਉਤਸਵ

## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ

### 16 ਫਰਵਰੀ 2025 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਪਰਮ ਸਤਿਕਾਰਯੋਗ ਸਾਧ ਸੰਗਤ ਜੀਉ।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖ਼ੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਮਹਾਨ ਪ੍ਰਕਾਸ਼ ਉਤਸਵ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਮਹਾਨ ਰਹਿਬਰ, ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਨੇ 15ਵੀਂ ਸਦੀ ਵਿੱਚ ਸਭ ਤੋਂ ਪਵਿੱਤਰ ਅਸਥਾਨ ਕਾਸ਼ੀ (ਬਨਾਰਸ) ਵਿੱਚ ਅਵਤਾਰ ਧਾਰ ਕੇ ਊਚ-ਨੀਚ, ਜਾਤਪਾਤ ਤੇ ਵੰਡੀ ਹੋਈ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦਾ ਉਪਰਾਲਾ ਕੀਤਾ। ਉਸ ਸਮੇਂ ਦੇ ਘਮੰਡੀ ਹੁਕਮਰਾਨ, ਧਰਮ ਦੇ ਠੇਕੇਦਾਰ ਗੁਰੂ ਜੀ ਦੇ ਸੰਘਰਸ਼ ਦਾ ਸਾਹਮਣਾ ਨਾ ਕਰ ਸਕੇ। ਰਾਜਾ ਨਾਗਰ ਮੱਲ, ਰਾਣੀ ਝਾਲਾ ਬਾਈ ਅਤੇ ਰਾਣੀ ਮੀਰਾਂ ਬਾਈ, ਰਾਜਾ ਸਿਕੰਦਰ ਲੋਧੀ ਅਤੇ ਹੋਰ ਉਸ ਵਕਤ ਦੇ ਲੋਕ ਜਾਤਪਾਤ ਵਿੱਚ ਵੰਡੇ ਸਮਾਜ ਨੂੰ ਤਿਆਗ ਕੇ ਜਗਤ ਗੁਰੂ ਰਵਿਦਾਸ ਜੀ ਦੀ ਸ਼ਰਨ ਵਿੱਚ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਇਨਸਾਫ ਸੱਚਾਈ, ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਿਵੇਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਫਰਮਾਇਆ ਕਿ ਬੇਗਮਪੁਰਾ ਸ਼ਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥ ਅੱਜ ਫਿਰ ਕੌਮ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਦੇ ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਪ੍ਰਚਾਰਨ ਅਤੇ ਗੁਰਬਾਣੀ ਦੇ ਰੂਪ ਵਿੱਚ ਉਨ੍ਹਾਂ ਦੀ ਅਨਮੋਲ ਸਿੱਖਿਆ ਉਪਰ ਅਮਲ ਕਰਨ ਦੀ ਲੋੜ ਹੈ। ਆਉ ਅੱਜ ਉਸ ਮਹਾਨ ਰਹਿਬਰ ਦੇ ਪ੍ਰਕਾਸ਼ ਉਤਸਵ 'ਤੇ ਪ੍ਰਣ ਕਰੀਏ ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਸਫਲੇ ਕਰੀਏ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਉ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

**ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਉਤਸਵ ਦੀ ਖ਼ੁਸ਼ੀ ਵਿੱਚ ਪਰਿਵਾਰਾਂ ਵੱਲੋਂ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਦੇ ਜਾਪਾਂ ਦੀ ਸੇਵਾ**

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭਨਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਗੁਰਪੁਰਬ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਗੁਰਪੁਰਬ ਤੱਕ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ। ਆਪ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਖੰਡ ਪਾਠਾਂ ਦੀ ਲੜੀ ਵਿੱਚ ਆਪਣਾ ਯੋਗਦਾਨ ਪਾਉ ਤੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।
ਸੰਗਤ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੋਂ ਹੁਣ ਤੱਕ ਜਿਹੜੇ ਪਰਿਵਾਰਾਂ ਵੱਲੋਂ ਪਾਠ ਦੀ ਸੇਵਾ ਲਈ ਗਈ ਹੈ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ:

14-11-24 ਸ੍ਰੀ ਰਜਿੰਦਰ ਭੱਟੀ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 16-11-24 ਭੋਗ ਸ੍ਰੀ ਅਖੰਡ ਪਾਠ ਸਾਹਿਬ
15-11-24 ਸਮੂਹ ਸੇਵਾਦਾਰ ਅਤੇ ਪ੍ਰਬੰਧਕ ਕਮੇਟੀ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 17-11-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
16-11-24 ਸ਼੍ਰੀਮਤੀ ਬਿਮਲਾ ਪਾਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
22-11-24 ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 24-11-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
23-11-24 ਸੁੱਚਾ ਰਾਮ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
29-11-24 ਸ਼੍ਰੀ ਅਮਰੀਸ਼ ਝੱਲੀ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ - 1-12-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
30-11-24 ਭੁਪਿੰਦਰ ਸਿੰਘ ਲਾਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
06-12-24 ਪ੍ਰਬੰਧਕ ਕਮੇਟੀ ਅਤੇ ਟਰੱਸਟੀ ਸਾਹਿਬਾਨ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 8-12-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
07-12-24 ਕੁਲਵਿੰਦਰ ਬੱਗਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
13-12-24 ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਆਰੰਭ ਅਖੰਡ ਪਾਠ ਸਾਹਿਬ - 15-12-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
14-12-24 ਰਾਮ ਰਤਨ ਸਰੋਏ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
20-12-24 ਗੁਰੂ ਘਰ ਦੇ ਸੇਵਾਦਾਰਾਂ ਅਤੇ ਸੰਗਤਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 22-12-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
21-12-24 ਮਹਿੰਦਰ ਪਾਲ ਦਦਰਾਲ ਅਤੇ ਮਲਕੀਤ ਵਿਰਦੀ ਪਰਿਵਾਰਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
27-12-24 ਗੁਰੂ ਘਰ ਦੇ ਸੇਵਾਦਾਰਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 29-11-24 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
03-01-25 ਸ਼੍ਰੀਮਤੀ ਗੁਰਦੀਪ ਕੌਰ ਚੌਕੜੀਆਂ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 05-01-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
10-01-25 ਸ਼੍ਰੀ ਜਸਵਿੰਦਰ ਸਿੰਘ ਜੀ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ - 12-1-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
17-01-25 ਗੁਰੂ ਘਰ ਦੀਆਂ ਸਮੂਹ ਬੀਬੀਆਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ - 19-1-15 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
17-01-25 ਸ੍ਰੀ ਗੁਰਬਚਨ ਦਾਸ ਦੁੱਗਲ ਦੇ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ - 19-1-15 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
24-01-25 ਏਅਰਪੋਰਟ ਦੇ ਸਮੂਹ ਸਟਾਫ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 26-1-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
25-01-25 ਮਲਕੀਤ ਰਾਮ ਵਿਰਦੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
31-01-25 ਬਲਜਿੰਦਰ ਸਿੰਘ ਅਤੇ ਸਮੂਹ ਸੇਵਾਦਾਰਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 02-02-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
07-02-25 ਰੋਇਲ ਮੇਲ ਪੋਸਟ ਆਫਿਸ ਸਟਾਫ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 09-02-25 ਭੋਗ ਸ੍ਰੀ ਅਖੰਡ ਪਾਠ ਸਾਹਿਬ
10-02-25 ਸਮੂਹ ਸੰਗਤਾਂ ਵੱਲੋਂ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ -
12-02-25 ਭੋਗ ਸ੍ਰੀ ਅਖੰਡ ਪਾਠ ਸਾਹਿਬ (ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ) ਪ੍ਰਕਾਸ਼ ਦਿਹਾੜਾ ਅੱਜ ਹੈ ਜੀ
14-02-25 ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖ਼ੁਸ਼ੀ ਵਿੱਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ - 16-02-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

**ਭੋਗ ਸ੍ਰੀ ਅਖੰਡ ਪਾਠ ਪ੍ਰਕਾਸ਼ ਪੁਰਬ ਵਾਲੇ ਦਿਨ 12/02/25 ਬੁੱਧਵਾਰ ਨੂੰ ਸਵੇਰੇ 10:00 ਵਜੇ ਪਾਇਆ ਜਾਵੇਗਾ**




## ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ :

**➤ ਆਰੰਭ ਸ੍ਰੀ ਅਖੰਡ ਪਾਠ ਸਾਹਿਬ**
14-02-2025 ਸ਼ੁੱਕਰਵਾਰ 10 ਵਜੇ ਸਵੇਰੇ

**➤ ਭੋਗ ਸ੍ਰੀ ਅਖੰਡ ਪਾਠ ਸਾਹਿਬ**
16-02-2025 ਐਤਵਾਰ 10 ਵਜੇ ਸਵੇਰੇ

ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਗੁਰੂ ਮਹਾਰਾਜ ਜੀ ਦੀ ਆਰਤੀ ਦਾ ਕੀਰਤਨ ਕਰੇਗਾ। ਇਸ ਉਪਰੰਤ ਹੋਰ ਵੀ ਗੁਣੀ ਗਿਆਨੀ ਤੇ ਕੀਰਤਨੀ ਜਥੇ ਪਹੁੰਚ ਰਹੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

ਬੁੱਧਵਾਰ 12-2-2025 ਨੂੰ ਸਵੇਰੇ 9:00 ਨਿਸ਼ਾਨ ਸਾਹਿਬ ਨੂੰ ਪੂਰਨ ਮਰਿਯਾਦਾ ਅਨੁਸਾਰ ਚੋਲਾ ਪਹਿਨਾਇਆ ਜਾਵੇਗਾ

ਵਿਸ਼ੇਸ਼ ਨੋਟ:- ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 12-02-2025 ਬੁੱਧਵਾਰ ਨੂੰ 10 ਵਜੇ ਸਵੇਰੇ ਪਵੇਗਾ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੇ ਜੀਵਨ ਸਫਲੇ ਕਰੋ ਜੀ।

## ਸੇਵਾਦਾਰ : ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ, ਸਾਊਥਾਲ

282, ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ
ਟੈਲੀਫੋਨ: 020-8574-0245 (ਦਫਤਰ) ਟੈਲੀਫੋਨ: 020-8574-0528 (ਲੰਗਰ ਹਾਲ)
Fax: 020-8574-8967 www.sgrds.org

## 648th BIRTHDAY ANNIVERSARY of

# Shri Guru Ravidass Ji

## ON SUNDAY 16th FEB 2025 AT

## SHRI GURU RAVIDASS TEMPLE, SOUTHALL

### 282 WESTERN ROAD, SOUTHALL, MIDDX. UB2 5JT

Shri Guru Ravidass Ji was one of the leading Saint of Medieval times. He preached that man can not be known by his occupation but by noble deeds and love to mankind. He believed in equality, liberty, Freedom and equal status of human beings.

## DISTINGUISHED GUESTS

0) Chief Guest His excellency High Commissioner of India
0) President of Shri Guru Ravidass Sabha U.K. and Abroad
0) Mayor of Ealing Council
0) Mayor of Hounslow
0) Local Members of Parliament (M.P.'s)
0) Superintendent of Police
0) Head Teachers from High Schools
0) All community & faith leaders & Councillors

ਨੋਟ: ਉੱਪਰ ਲਿਖੇ ਪਤਵੰਤੇ ਸੱਜਣਾਂ ਨੂੰ ਸੱਦਾ ਪੱਤਰ ਪ੍ਰਬੰਧਕ ਕਮੇਟੀ ਵੱਲੋਂ ਭੇਜਿਆ ਗਿਆ ਹੈ । ਆਸ ਹੈ ਕਿ ਉਹ ਗੁਰੂ ਘਰ ਵਿਖੇ ਦਰਸ਼ਨ ਦੇਣਗੇ । ਇਸ ਤੋਂ ਉਪਰੰਤ ਸਥਾਨਕ ਪਤਵੰਤੇ ਸੱਜਣਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਗੁਰੂ ਘਰ ਆਉਣ ਦੀ ਕ੍ਰਿਪਾਲਤਾ ਕਰਨ ਜੀ । ਧੰਨਵਾਦੀ ਹੋਵਾਂਗੇ ।

**Car park will be open on Saturday from 9am to 4pm and on Sunday 8am to 5pm**

ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਓ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਮਹਾਰਾਜ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ

# ਕੀ ਡੋਨਾਲਡ ਟਰੰਪ ਦੀ ਨਵੀਂ ਵਿਸ਼ਵ ਨੀਤੀ ਖ਼ਤਰਨਾਕ ਹੋਵੇਗੀ ?

**✪ ਅਮਰੀਕਾ ਦੀ ਸਿਟੀਜਨ ਮਿਲਣਾ ਹੁਣ ਸੌਖਾ ਨਹੀਂ ✪ ਜਨਮ ਸਿੱਧ ਨਾਗਰਿਕਤਾ ਕਾਨੂੰਨ ਖਤਮ ਕਰਨਗੇ ਟਰੰਪ ✪ ਕੀ ਭਾਰਤੀਆਂ 'ਤੇ ਪਵੇਗਾ ਮਾੜਾ ਅਸਰ ?**

// ਖਾਸ ਖਬਰ //

ਟਰੰਪ ਨੇ ਰਾਸ਼ਟਰਪਤੀ ਬਣਨ ਮੌਕੇ ਕਈ ਅਹਿਮ ਫ਼ੈਸਲਿਆਂ ਵੱਲ ਧਿਆਨ ਖਿੱਚਿਆ ਹੈ। ਇਹ ਫ਼ੈਸਲੇ ਬਹੁਤੇ ਦੇਸ਼ਾਂ ਨੂੰ ਆਪਣੇ ਪ੍ਰਭਾਵ ਹੇਠਾਂ ਲੈਣ ਵਾਲੇ ਮੰਨੇ ਜਾ ਰਹੇ ਹਨ। ਫਿਰ ਉਹ ਭਾਵੇਂ ਦੂਜੇ ਦੇਸ਼ਾਂ ਦੀ ਦਰਾਮਦ-ਬਰਾਮਦ 'ਤੇ ਲੱਗਣ ਵਾਲੇ ਟੈਕਸ ਹੀ ਕਿਉਂ ਨਾ ਹੋਣ। ਇਸ ਤੋਂ ਇਲਾਵਾ ਟਰੰਪ ਵੱਲੋਂ ਆਪਣੇ ਕਾਰਜਕਾਲ ਦੌਰਾਨ ਐੱਚ1-ਬੀ-1 ਵੀਜ਼ਾ ਪ੍ਰਣਾਲੀ ਨੂੰ ਲੈ ਕੇ ਵੀ ਕੋਈ ਨਵਾਂ ਫ਼ੁਰਮਾਨ ਆਉਣ ਦੀ ਉਮੀਦ ਹੈ। ਹਾਲਾਂਕਿ ਰਾਸ਼ਟਰਪਤੀ ਦੀ ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਈ ਗੱਲਾਂ ਦਾ ਉਚੇਚਾ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ਇਮੀਗ੍ਰੈਂਟਸ, ਨਸ਼ਾ ਤਸਕਰਾਂ, ਮੈਕਸੀਕੋ ਵਿਚ ਰਹਿਣ ਦੀ ਆਪਣੀ ਨੀਤੀ ਨੂੰ ਮੁੜ ਲਾਗੂ ਕਰਨ ਦੀ ਯੋਜਨਾ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਨੂੰ ਹਰ ਹੀਲੇ ਰੋਕਣ ਲਈ ਉਪਰਾਲੇ ਕੀਤੇ ਜਾਣਗੇ। ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਅਮਰੀਕਾ 'ਚ ਗ਼ਲਤ ਤਰੀਕਿਆਂ ਨਾਲ ਦਾਖ਼ਲ ਹੋਣ ਵਾਲੇ ਲੋਕਾਂ 'ਤੇ ਨਜ਼ਰ ਰੱਖ ਰਿਹਾ ਹੈ ਤੇ ਅਪਰਾਧਕ ਬਿਰਤੀਆਂ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਘੱਲੇ ਜਾਣ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾਵੇਗੀ। ਟਰੰਪ ਦਾ ਦਾਅਵਾ ਹੈ ਕਿ ਦੇਸ਼ ਵਿਚ ਵਸਣ ਵਾਲੇ ਵੱਖਵਾਦੀ ਸੋਚ ਦੇ ਲੋਕਾਂ ਨੂੰ ਲੈ ਕੇ ਵੀ ਉਨ੍ਹਾਂ ਵੱਲੋਂ ਨਵੀਂ ਨੀਤੀ ਘੜੀ ਜਾ ਸਕਦੀ ਹੈ। ਬ੍ਰਿਕਸ ਦੇਸ਼ਾਂ ਨੂੰ ਟਰੰਪ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਚਿਤਾਵਨੀਆਂ ਦੇ ਚੁੱਕੇ ਹਨ।

ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਉਹ ਪਹਿਲੀ ਵਾਰ 20 ਜਨਵਰੀ 2017 ਨੂੰ ਰਾਸ਼ਟਰਪਤੀ ਬਣੇ ਸਨ। ਟਰੰਪ ਦੇ ਚੋਣ ਜਿੱਤਣ ਬਾਰੇ ਕਈ ਤਰ੍ਹਾਂ ਦੀ ਕਨਸੋਆਂ ਚੱਲਦੀਆਂ ਰਹੀਆਂ। ਉਨ੍ਹਾਂ ਦੇ ਦੁਸ਼ਮਣ ਤੇ ਮਿੱਤਰ ਦੇਸ਼ਾਂ ਵਿਚਾਲੇ ਇਹ ਚਰਚਾ ਜ਼ਿਆਦਾ ਅਹਿਮ ਸੀ ਕਿਉਂਕਿ ਟਰੰਪ ਅੜਬ ਕਿਸਮ ਦੇ ਸ਼ਾਸਕ ਵਜੋਂ ਚਰਚਾ 'ਚ ਰਹਿੰਦੇ ਹਨ। ਹੁਣ ਜਦੋਂ ਟਰੰਪ ਦੇ ਹੱਥਾਂ ਵਿਚ ਸੰਸਾਰ ਦਾ ਸਭ ਤੋਂ ਵੱਡਾ ਅਰਥਚਾਰਾ ਹੈ, ਇਸ ਵੇਲੇ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਫ਼ੈਸਲੇ ਜ਼ਿਆਦਾ ਬਰੀਕੀ



ਨਾਲ ਵਿਚਾਰੇ ਜਾ ਰਹੇ ਹਨ।

### ਕੀ ਭਾਰਤ ਨਾਲ ਅਮਰੀਕਾ ਨਾਲ ਸਬੰਧ ਵਧੀਆ ਰਹਿਣਗੇ ?

ਭਾਰਤ ਦੇ ਨਜ਼ਰੀਏ ਨਾਲ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਟਰੰਪ ਦਾ ਸਹੁੰ ਚੁੱਕਣਾ ਵੀ ਕਈ ਤਰ੍ਹਾਂ ਨਾਲ ਵਿਚਾਰਿਆ ਜਾ ਰਿਹਾ ਹੈ। ਹਾਲਾਂਕਿ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਜੱਫੀ ਵਾਲੀਆਂ ਤਸਵੀਰਾਂ ਵਾਇਰਲ ਹੁੰਦੀਆਂ ਰਹੀਆਂ ਹਨ ਪਰ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੀ ਸੂਚੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਨਹੀਂ ਸੀ। ਦੂਜੇ ਪਾਸੇ, ਟਰੰਪ ਦੇ ਸ਼ਾਸਨ ਵਿਚ ਕਈ ਅਹੁਦੇ ਅਜਿਹੇ ਹਨ, ਜਿਨ੍ਹਾਂ 'ਤੇ ਭਾਰਤੀ ਮੂਲ ਦੇ ਲੋਕ ਲਗਾਏ ਗਏ ਹਨ। ਟਰੰਪ ਹਾਲਾਂਕਿ ਕਾਰੋਬਾਰੀ ਸੋਚਣੀ ਵਾਲੇ ਰਾਸ਼ਟਰਪਤੀ ਹਨ ਤੇ ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਆਸਾਂ-ਉਮੀਦਾਂ ਵੀ ਹਨ। ਆਲਮੀ ਪੱਧਰ 'ਤੇ ਅਮਰੀਕਾ ਖ਼ੁਸ਼ਹਾਲ ਆਰਥਿਕਤਾ ਤੇ ਸੁਰੱਖਿਆ ਪ੍ਰਬੰਧਾਂ ਦੇ ਨਜ਼ਰੀਏ ਤੋਂ ਮਜ਼ਬੂਤ ਦੇਸ਼ ਹੈ।

### ਟਰੰਪ ਅਮਰੀਕਾ ਦਾ ਨਾਤਾ ਵਿਸ਼ਵ ਸਿਹਤ ਸੰਗਠਨ ਨਾਲੋਂ ਤੋੜਿਆ

ਅਮਰੀਕਾ ਨੂੰ 'ਮੁੜ ਮਹਾਨ' ਬਣਾਉਣ ਦੀ ਕਾਹਲ ਵਿਚ ਟਰੰਪ ਨੇ ਬੀਤੇ ਸੋਮਵਾਰ ਨੂੰ ਕਈ ਕਾਰਜਕਾਰੀ ਹੁਕਮ ਪਾਸ ਕਰ ਕੇ ਆਪਣੇ ਮੁਲਕ ਅਤੇ ਬਾਕੀ ਦੁਨੀਆ ਨੂੰ ਭਾਜੜ ਪਾ ਦਿੱਤੀ ਸੀ। ਉਸ ਨੇ ਇੱਕ ਹੁਕਮ 'ਤੇ ਦਸਤਖ਼ਤ ਕਰ ਕੇ ਅਮਰੀਕਾ ਦਾ ਨਾਤਾ ਵਿਸ਼ਵ ਸਿਹਤ ਸੰਗਠਨ ਨਾਲੋਂ ਤੋੜ ਦਿੱਤਾ ਸੀ ਤੇ ਇਹ ਕਰਦਿਆਂ ਦੋਸ਼ ਲਾਇਆ ਕਿ ਇਸ ਆਲਮੀ ਏਜੰਸੀ ਨੇ ਕੋਵਿਡ-19 ਮਹਾਮਾਰੀ ਨੂੰ ਸਹੀ ਢੰਗ ਨਾਲ ਨਹੀਂ ਨਜਿੱਠਿਆ ਹਾਲਾਂਕਿ ਕਰੋਨਾਵਾਇਰਸ ਸੰਕਟ ਨਾਲ ਨਜਿੱਠਣ ਦੀ ਟਰੰਪ ਦੀ ਖ਼ੁਦ ਦੀ ਪਹੁੰਚ ਭਿਆਨਕ ਸੀ। 2020 ਵਿੱਚ ਅਮਰੀਕਾ 'ਚ ਸਾਢੇ ਤਿੰਨ ਲੱਖ ਤੋਂ ਵੱਧ ਮੌਤਾਂ ਰਿਪੋਰਟ ਹੋਈਆਂ ਸਨ ਜਿਹੜਾ ਉਸ ਦੇ ਪਹਿਲੇ ਕਾਰਜਕਾਲ ਦਾ ਆਖ਼ਿਰੀ ਸਾਲ ਸੀ ਪਰ ਉੱਥੇ ਰਹੀਆਂ ਕਮੀਆਂ ਹੁਣ ਟਰੰਪ ਲਈ ਕੋਈ ਅਰਥ ਨਹੀਂ ਰੱਖਦੀਆਂ। ਡਬਲਿਊਐੱਚਓ ਤੋਂ ਵੱਖ ਹੋ ਕੇ ਅਮਰੀਕੀ ਰਾਸ਼ਟਰਪਤੀ ਨੇ ਭਵਿੱਖ ਵਿਚ ਕਿਸੇ ਵੀ ਬਿਮਾਰੀ ਨਾਲ ਆਲਮੀ ਪੱਧਰ 'ਤੇ ਇੱਕ ਹੋ ਕੇ ਲੜਨ ਦੇ ਵਾਅਦਾ ਤੋੜ ਦਿੱਤਾ ਹੈ।

ਟਰੰਪ ਨੇ ਅਮਰੀਕਾ ਨੂੰ ਪੈਰਿਸ ਜਲਵਾਯੂ ਸੰਧੀ 'ਚੋਂ ਬਾਹਰ ਕਰਨ ਦੇ ਆਦੇਸ਼ 'ਤੇ ਵੀ ਸਹੀ ਪਾ ਦਿੱਤੀ ਹੈ। ਇਸ ਸਮਝੌਤੇ ਦਾ ਮੁੱਖ ਟੀਚਾ ਆਲਮੀ ਤਪਸ਼ ਨੂੰ ਸਨਅਤੀ ਯੁੱਗ ਤੋਂ ਪਹਿਲਾਂ ਦੇ ਪੱਧਰਾਂ ਤੋਂ 1.5 ਸੈਲਸੀਅਸ ਵੱਧ ਤੱਕ ਕਾਬੂ ਕਰਨਾ ਹੈ। ਪਿਛਲਾ ਸਾਲ ਦਰਜ ਰਿਕਾਰਡ ਵਿੱਚ ਧਰਤੀ ਲਈ ਸਭ ਤੋਂ ਗਰਮ ਰਿਹਾ ਹੈ ਤੇ ਅਮਰੀਕਾ ਵੱਲੋਂ ਖਹਿੜਾ ਛੁਡਾਉਣ ਤੋਂ ਬਾਅਦ ਇਹ ਟੀਚਾ ਹੁਣ ਹੋਰ ਅਸੰਭਵ ਜਾਪਣ ਲੱਗ ਪਿਆ ਹੈ। ਉਂਝ, ਅਮਰੀਕੀ ਰਾਸ਼ਟਰਪਤੀ ਨੂੰ ਕੋਈ ਪਰਵਾਹ ਨਹੀਂ ਹੈ ਕਿਉਂਕਿ ਉਹ ਖ਼ੁਦ ਕਿਸੇ ਵੀ ਦੁਸ਼ਮਣ, ਚਾਹੇ ਉਹ ਅਸਲੀ ਹੋਵੇ ਜਾਂ ਖ਼ਿਆਲੀ, ਉੱਤੇ ਗਰਮੀ ਕੱਢਣ ਦਾ ਆਦੀ ਹੈ। ਕੋਈ ਹੈਰਤ ਦੀ ਗੱਲ ਨਹੀਂ ਕਿ ਉਨ੍ਹਾਂ ਬਰਿਕਸ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਿਲ ਹੈ, ਨੂੰ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਵਪਾਰਕ ਤੌਰ 'ਤੇ ਡਾਲਰ ਛੱਡਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਮਾਲ ਉੱਪਰ 100 ਫ਼ੀਸਦੀ ਟੈਕਸ ਲਾਇਆ ਜਾਵੇਗਾ।

ਟਰੰਪ ਦੇ ਲਫ਼ਜ਼ਾਂ ਵਿੱਚ ਅਮਰੀਕਾ ਦਾ ਸੁਨਹਿਰੀ ਕਾਲ ਸ਼ੁਰੂ ਹੋ ਗਿਆ ਹੈ, ਠੀਕ ਉਵੇਂ ਹੀ ਜਿਵੇਂ ਭਾਰਤ ਵਿੱਚ ਇਸ ਵੇਲੇ ਮੋਦੀ ਦਾ ਅੰਮ੍ਰਿਤ ਕਾਲ ਚੱਲ ਰਿਹਾ ਹੈ।

### ਨਸਲਵਾਦ ਦੇ ਰਾਹ ਉਪਰ ਟਰੰਪ

ਇਸੇ ਕਰ ਕੇ ਜਦੋਂ ਉਨ੍ਹਾਂ 6 ਜਨਵਰੀ 2021 ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲਣ ਵਾਲੀ ਭੀੜ ਵਿੱਚ ਸ਼ਾਮਿਲ 1500 ਗੋਰੇ ਨਸਲਪ੍ਰਸਤਾਂ ਦੀ ਰਿਹਾਈ ਦਾ ਹੁਕਮ ਦਿੱਤਾ ਤਾਂ ਇਸ ਤਰ੍ਹਾਂ ਦੇ ਲੋਕ ਹੀ ਉਸ ਨਾਲ ਸਹਿਮਤ ਹੋਣਗੇ।

### ਇੰਮੀਗ੍ਰੇਸ਼ਨ ਨਿਯਮ ਹੋਣਗੇ ਸਖਤ

ਟਰੰਪ ਨੇ ਅਮਰੀਕਾ 'ਚ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿਚ ਵੱਡਾ ਬਦਲਾਅ ਹੋਵੇਗਾ। ਇਸ ਨਾਲ ਅਮਰੀਕਾ ਦੇ ਉਨ੍ਹਾਂ ਲੱਖਾਂ ਬੱਚਿਆਂ ਦੀ ਨਾਗਰਿਕਤਾ ਪ੍ਰਭਾਵਿਤ ਹੋਵੇਗੀ, ਜਿਨ੍ਹਾਂ ਦਾ ਜਨਮ ਭਾਵੇਂ ਅਮਰੀਕਾ ਵਿਚ ਹੋਇਆ ਹੋਵੇ, ਪਰ ਉਨ੍ਹਾਂ ਦੇ ਮਾਪੇ ਵਰਕ ਵੀਜ਼ੇ 'ਤੇ ਉਥੇ ਹਨ। ਦਰਅਸਲ, ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਅਨੁਸਾਰ ਉਸ ਧਰਤੀ 'ਤੇ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਹੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ। ਮਾਪਿਆਂ ਦੀ ਵਧਦੀ ਗਿਣਤੀ ਆਪਣੇ ਬੱਚਿਆਂ ਨੂੰ ਜਨਮ ਦੇਣ ਲਈ ਅਮਰੀਕਾ ਜਾ ਰਹੀ ਹੈ। ਇਸ ਨੂੰ ਬਰਥ ਟੂਰਿਜ਼ਮ ਕਿਹਾ ਜਾਂਦਾ ਹੈ। ਹੁਕਮਾਂ 'ਚ ਕਿਹਾ ਗਿਆ ਹੈ ਕਿ ਅਮਰੀਕਾ 'ਚ ਪੈਦਾ ਹੋਏ ਬੱਚਿਆਂ ਨੂੰ ਹੀ ਅਮਰੀਕੀ ਨਾਗਰਿਕਤਾ ਦਿੱਤੀ ਜਾਵੇਗੀ, ਜਿਨ੍ਹਾਂ ਦੇ ਮਾਤਾ-ਪਿਤਾ ਅਮਰੀਕੀ ਨਾਗਰਿਕ ਹਨ ਜਾਂ ਉਨ੍ਹਾਂ 'ਚੋਂ ਕਿਸੇ ਇਕ ਕੋਲ ਗ੍ਰੀਨ ਕਾਰਡ ਹੈ।

### ਭਾਰਤ ਅਤੇ ਚੀਨ ਪ੍ਰਭਾਵਿਤ ਹੋ ਸਕਦੇ ਹਨ

ਦਰਅਸਲ, ਭਾਰਤ ਅਤੇ ਚੀਨ ਦੇ ਲੋਕਾਂ ਦੀ ਵਧਦੀ ਗਿਣਤੀ ਐੱਚ-1ਬੀ ਵੀਜ਼ਾ 'ਤੇ ਅਮਰੀਕਾ ਵਿਚ ਰਹਿੰਦੀ ਹੈ। ਟਰੰਪ ਪ੍ਰਸ਼ਾਸਨ ਦਾ ਇਹ ਫੈਸਲਾ ਅਮਰੀਕਾ ਵਿੱਚ ਮੌਜੂਦ ਭਾਰਤੀ ਪੇਸ਼ੇਵਰਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਜਾਣਕਾਰੀ ਮੁਤਾਬਕ ਅਮਰੀਕਾ 'ਚ 48 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ, ਜਿਨ੍ਹਾਂ ਵਿਚੋਂ ਵੱਡਾ ਹਿੱਸਾ ਉਨ੍ਹਾਂ ਦਾ ਹੈ, ਜਿਨ੍ਹਾਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਹੋਈ ਹੈ। ਅਮਰੀਕਾ ਵਿਚ ਐੱਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਲੋਕਾਂ ਲਈ ਪਰਿਵਾਰ ਨਿਯੋਜਨ ਵੱਡੀ ਸਮੱਸਿਆ ਬਣਨ ਵਾਲਾ ਹੈ।

## ਟਰੰਪ ਪ੍ਰਸ਼ਾਸਨ ਨਸ਼ੀਲੇ ਪਦਾਰਥਾਂ ਪ੍ਰਤੀ ਸਖਤ

**✪ ਗਿਰੋਹਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨਾਂ ਵਜੋਂ ਕਰੇਗਾ ਨਾਮਜ਼ਦ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਜ ਅਮਰੀਕਾ ਡਰੱਗ ਗਿਰੋਹਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਐਲਾਨ ਕਰੇਗਾ। ਅਮਰੀਕਾ ਦਾ ਇਹ ਕਦਮ ਸਰਹੱਦ ਅਤੇ ਲਾਤੀਨੀ ਅਮਰੀਕਾ ਲਈ ਆਪਣੇ ਫੌਜੀ ਏਜੰਡੇ ਨੂੰ ਅੱਗੇ ਵਧਾਏਗਾ। ਇਹ ਆਰਡਰ ਮੈਕਸੀਕਨ ਡਰੱਗ ਗੈਂਗਾਂ ਅਤੇ ਹੋਰ ਲਾਤੀਨੀ ਅਮਰੀਕੀ ਅਪਰਾਧਿਕ ਸਮੂਹਾਂ, ਜਿਵੇਂ ਕਿ ਵੈਨੇਜ਼ੁਏਲਾ ਦੇ ਗੈਂਗ ਟ੍ਰੇਨ ਡੀ ਅਰਾਗੁਆ ਅਤੇ ਸਲਵਾਡੋਰਨ ਗੈਂਗ ਮਾਰਾ ਸਲਵਾਤਰੁਚਾ (ਐਮਐਸ-13) 'ਤੇ ਕੇਂਦ੍ਰਿਤ ਹੈ। ਟਰੰਪ ਨੇ ਇਨ੍ਹਾਂ ਗਿਰੋਹਾਂ ਨਾਲ ਲੜਨ ਲਈ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦਾ ਵਾਅਦਾ ਕੀਤਾ ਹੈ ਅਤੇ ਮੈਕਸੀਕੋ ਵਿੱਚ ਫੌਜੀ ਦਖਲਅੰਦਾਜ਼ੀ ਦੀ ਧਮਕੀ ਦਿੱਤੀ ਹੈ, ਜਿਸ ਨੂੰ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਤਿੱਖੀ ਤੌਰ 'ਤੇ ਰੱਦ ਕਰ ਦਿੱਤਾ ਹੈ। ਕਈਆਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਅੱਤਵਾਦੀ ਨਾਮਜ਼ਦਗੀ ਅਮਰੀਕਾ ਨੂੰ ਇਨ੍ਹਾਂ ਗਿਰੋਹਾਂ ਵਿਰੁੱਧ ਫੌਜੀ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਜਾਇਜ਼ ਠਹਿਰਾਉਣ ਲਈ ਪ੍ਰੇਰਿਤ ਕਰ ਸਕਦੀ ਹੈ।

## ਇਜਰਾਈਲ ਤੇ ਹਮਾਸ ਦੀ ਜੰਗ ਖਤਮ

ਅਮਰੀਕਾ 'ਚ ਡੋਨਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ ਤੋਂ ਇਕ ਦਿਨ ਪਹਿਲਾਂ ਗਾਜ਼ਾ ਪੱਟੀ ਵਿਚ ਸ਼ਾਂਤੀ ਦਾ ਰਾਹ ਪੱਧਰਾ ਹੋ ਗਿਆ। ਇਜ਼ਰਾਈਲ ਅਤੇ ਹਮਾਸ ਵਿਚਕਾਰ ਹੋਏ ਸਮਝੌਤੇ ਮਗਰੋਂ ਗਾਜ਼ਾ ਪੱਟੀ ਵਿਚ ਜੰਗਬੰਦੀ ਦਾ ਅਮਲ ਸ਼ੁਰੂ ਹੋ ਗਿਆ। ਸਮਝੌਤੇ ਤਹਿਤ ਹਮਾਸ ਨੇ ਪਿਛਲੇ 470 ਦਿਨਾਂ ਤੋਂ ਬੰਧਕ ਤਿੰਨ ਮਹਿਲਾਵਾਂ ਰੋਮੀ ਗੋਨੇਨ (24), ਐਮਿਲੀ ਦਮਾਰੀ (28) ਅਤੇ ਡੋਰੋਨ ਸਟੀਨਬ੍ਰੇਸ਼ਰ (31) ਨੂੰ ਰਿਹਾਅ ਕਰ ਦਿੱਤਾ। ਤਿੰਨੋਂ ਬੰਧਕਾਂ ਨੂੰ ਰੈੱਡਕ੍ਰਾਸ ਨੇ ਇਜ਼ਰਾਇਲੀ ਡਿਫੈਂਸ ਫੋਰਸ ਹਵਾਲੇ ਕੀਤਾ ਗਿਆ ਜੋ ਬਾਅਦ 'ਚ ਇਜ਼ਰਾਈਲ ਪਹੁੰਚ ਗਈਆਂ। ਉਧਰ ਇਜ਼ਰਾਈਲ ਵੱਲੋਂ 90 ਫਲਸਤੀਨੀਆਂ ਨੂੰ ਛੱਡਿਆ ਜਾਵੇਗਾ ਜਿਨ੍ਹਾਂ 'ਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਸ਼ਾਮਲ ਹਨ। ਕਰੀਬ 15 ਮਹੀਨਿਆਂ ਦੀ ਜੰਗ ਮਗਰੋਂ ਫਲਸਤੀਨੀਆਂ ਨੇ ਹੁਣ ਜਾ ਕੇ ਸੁੱਖ ਦਾ ਸਾਹ ਲਿਆ ਹੈ ਅਤੇ ਉਹ ਮਲਬੇ 'ਚ ਤਬਦੀਲ ਹੋ ਚੁੱਕੇ ਆਪਣੇ ਘਰਾਂ ਨੂੰ ਪਰਤਣਾ ਸ਼ੁਰੂ ਹੋ ਗਏ ਹਨ। ਅਮਰੀਕਾ, ਕਤਰ ਅਤੇ ਮਿਸਰ ਦੀ ਵਿਚੋਲਗੀ ਨਾਲ ਜੰਗਬੰਦੀ ਦਾ ਸਮਝੌਤਾ ਸਿਰੇ ਚੜ੍ਹਿਆ ਹੈ।

ਮਾਮਲਾ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕੁਤਾਹੀ ਦਾ

# 25 ਕਿਸਾਨਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਕਾਰਨ ਕਿਸਾਨ ਯੂਨੀਅਨਾਂ ਨਰਾਜ਼

## ✪ ਕਤਲ ਦੀ ਕੋਸ਼ਿਸ਼ ਦੀ ਧਾਰਾ ਵੀ ਜੋੜੀ, ਪੰਜਾਬ ਸਰਕਾਰ ਕਿਸਾਨਾਂ ਦੀ ਥਾਂ ਕੇਂਦਰ ਦੇ ਹੱਕ ਵਿਚ ਭੁਗਤੀ

ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿੱਚ ਕੁਤਾਹੀ ਦਾ ਮੁੱਦਾ 3 ਸਾਲਾਂ ਬਾਅਦ ਫਿਰ ਸੁਰਖੀਆਂ ਵਿੱਚ ਆ ਗਿਆ ਹੈ। ਅਦਾਲਤ ਨੇ ਇਸ ਮਾਮਲੇ ਵਿੱਚ 25 ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਜਿਸ ਵਿੱਚ ਕਤਲ ਦੀ ਕੋਸ਼ਿਸ਼ ਦੀ ਧਾਰਾ ਵੀ ਜੋੜ ਦਿੱਤੀ ਗਈ ਹੈ।

ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਇਸ ਸਬੰਧ ਵਿੱਚ ਕਿਸਾਨਾਂ ਨੂੰ ਸੰਮਨ ਜਾਰੀ ਕੀਤੇ ਗਏ। ਜਿਸ ਤੋਂ ਪਤਾ ਲੱਗਾ ਕਿ 5 ਜਨਵਰੀ, 2022 ਦੇ 3 ਸਾਲ ਪੁਰਾਣੇ ਸੁਰੱਖਿਆ ਲੈਪਸ ਮਾਮਲੇ ਵਿੱਚ, ਪੁਲਿਸ ਨੇ ਹੁਣ ਆਈਪੀਸੀ ਦੀਆਂ ਧਾਰਾਵਾਂ 307, 353, 341, 186, 149 ਅਤੇ ਰਾਸ਼ਟਰੀ ਰਾਜਮਾਰਗ ਐਕਟ ਦੀ ਧਾਰਾ 8-ਬੀ ਜੋੜ ਦਿੱਤੀ ਹੈ। ਪਹਿਲਾਂ ਇਹ ਮਾਮਲਾ ਜਨਤਕ ਸੜਕ ਨੂੰ ਰੋਕਣ ਲਈ ਧਾਰਾ 283 ਤਹਿਤ ਦਰਜ ਕੀਤਾ ਗਿਆ ਸੀ।

ਤੁਹਾਨੂੰ ਦੱਸ ਦੇਈਏ ਕਿ ਸੁਰੱਖਿਆ ਵਿੱਚ ਕਮੀ ਵਾਲੇ ਦਿਨ ਪ੍ਰਧਾਨ ਮੰਤਰੀ ਨੇ ਫਿਰੋਜ਼ਪੁਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨਾ ਸੀ। ਇਸ ਤੋਂ ਇਲਾਵਾ, ਸਾਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਦੇਣ ਲਈ ਹੁਸੈਨੀਵਾਲਾ ਯਾਦਗਾਰ ਵੀ ਜਾਣਾ ਪਿਆ ਸੀ। ਸ਼ੁਰੂ ਵਿੱਚ ਉਸਨੂੰ ਹੈਲੀਕਾਪਟਰ ਰਾਹੀਂ ਜਾਣਾ ਪਿਆ, ਪਰ ਖਰਾਬ ਮੌਸਮ ਕਾਰਨ ਉਸਨੂੰ ਸੜਕ ਰਾਹੀਂ ਲਿਜਾਇਆ ਗਿਆ।

ਪਰ ਕਿਸਾਨਾਂ ਨੇ ਰਸਤਾ ਰੋਕ ਲਿਆ। ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਕਾਫਲਾ ਫਿਰੋਜ਼ਪੁਰ ਦੇ ਪਿਆਰੇਆਣਾ ਫਲਾਈਓਵਰ 'ਤੇ ਲਗਭਗ 20 ਮਿੰਟ ਲਈ ਰੁਕਿਆ। ਜਿਸ



ਤੋਂ ਬਾਅਦ ਪ੍ਰਧਾਨ ਮੰਤਰੀ ਵਾਪਸ ਆਏ ਅਤੇ ਦਿੱਲੀ ਚਲੇ ਗਏ। ਬਠਿੰਡਾ ਵਾਪਸ ਆਉਣ ਤੋਂ ਬਾਅਦ, ਮੋਦੀ ਨੇ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਕਿਹਾ, "ਆਪਣੇ ਮੁੱਖ ਮੰਤਰੀ ਨੂੰ ਮੇਰਾ ਧੰਨਵਾਦ ਦੱਸੋ ਕਿ ਮੈਂ ਬਠਿੰਡਾ ਹਵਾਈ ਅੱਡੇ 'ਤੇ ਜ਼ਿੰਦਾ ਪਹੁੰਚ ਸਕਿਆ।"

ਪੁਲਿਸ ਸੂਤਰਾਂ ਅਨੁਸਾਰ ਕਿਸਾਨ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਨਹੀਂ ਹੋ ਰਹੇ ਸਨ, ਜਿਸ ਕਾਰਨ 22 ਜਨਵਰੀ ਨੂੰ ਅਦਾਲਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਇਸ ਮਾਮਲੇ ਵਿੱਚ, ਐਸਪੀ (ਡਿਟੈਕਟਿਵ) ਰਣਧੀਰ ਕੁਮਾਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ

ਇਸ ਘਟਨਾ ਨਾਲ ਸਬੰਧਿਤ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸਾਨ ਉਸ ਦਿਨ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਕੋਈ ਇਲਮ ਨਹੀਂ ਸੀ ਕਿ ਪ੍ਰਧਾਨ ਮੰਤਰੀ ਸੜਕ ਰਸਤੇ ਆ ਰਹੇ ਹਨ। ਇਸ ਲਈ ਉਨ੍ਹਾਂ ਖ਼ਿਲਾਫ਼ ਗ਼ਲਤ ਢੰਗ ਨਾਲ ਹੱਤਿਆ ਅਤੇ ਹੋਰਨਾਂ ਧਾਰਾਵਾਂ ਦਾ ਵਾਧਾ ਕੀਤਾ ਗਿਆ ਹੈ। ਇਹ ਕਿਸਾਨ ਜਥੇਬੰਦੀ ਉਸ ਅੰਦੋਲਨ ਦੀ ਅਗਵਾਈ ਕਰ ਰਹੇ ਸੰਯੁਕਤ ਮੋਰਚੇ ਦਾ ਹਿੱਸਾ ਹੈ ਜੋ ਇਸ ਸਮੇਂ ਸ਼ੰਭੂ ਅਤੇ ਢਾਬੀ ਗੁੱਜਰਾਂ (ਖਨੌਰੀ) ਬੈਰੀਅਰਾਂ ਉੱਪਰ ਚੱਲ ਰਹੇ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਹਨ। ਇਸ ਕਰ ਕੇ ਕਿਸਾਨ ਆਗੂਆਂ ਵੱਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦੇ ਮਨਸ਼ੇ ਨਾਲ ਇਹ ਕਾਰਵਾਈ ਕੀਤੀ ਗਈ ਹੈ। ਅਹਿਮ ਗੱਲ ਇਹ ਹੈ ਕਿ ਕਿਸਾਨ ਅੰਦੋਲਨ ਦੇ ਨਿਸ਼ਾਨੇ 'ਤੇ ਕੇਂਦਰ ਸਰਕਾਰ ਹੀ ਰਹੀ ਹੈ ਕਿਉਂਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਬਹੁਤੀਆਂ ਮੰਗਾਂ ਦਾ ਤੁਆਲੁਕ ਉਸ ਨਾਲ ਹੀ ਜੁੜਦਾ ਹੈ। ਹੁਣ ਤੱਕ ਪੰਜਾਬ ਸਰਕਾਰ ਇਹ ਸਟੈਂਡ ਲੈਂਦੀ ਰਹੀ ਹੈ ਕਿ ਉਹ ਕੇਂਦਰ ਅਤੇ ਮੁਜ਼ਾਹਰਾਕਾਰੀ ਕਿਸਾਨਾਂ ਵਿਚਕਾਰ ਸਾਲਸ ਵਾਲੀ ਭੂਮਿਕਾ ਹੀ ਨਿਭਾ ਰਹੀ ਹੈ ਪਰ ਹੁਣ ਜਦੋਂ ਪੁਲੀਸ ਨੇ ਪ੍ਰਧਾਨ ਮੰਤਰੀ ਮੋਦੀ ਦੀ ਸੁਰੱਖਿਆ ਵਿੱਚ ਸੰਨ੍ਹ ਦੇ ਮਾਮਲੇ ਵਿੱਚ ਕਿਸਾਨਾਂ ਖ਼ਿਲਾਫ਼ ਸੰਗੀਨ ਧਾਰਾਵਾਂ ਦਾ ਵਾਧਾ ਕਰ ਦਿੱਤਾ ਹੈ ਤਾਂ ਪੰਜਾਬ ਸਰਕਾਰ ਵੀ ਕਿਸਾਨਾਂ ਦੇ ਨਿਸ਼ਾਨੇ 'ਤੇ ਆ ਜਾਵੇਗੀ। ਕਿਸਾਨਾਂ ਦਾ ਇਹ ਕਹਿਣਾ ਵੀ ਵਾਜਿਬ ਹੈ ਕਿ ਪੁਲੀਸ ਵੱਲੋਂ ਉਨ੍ਹਾਂ ਨੂੰ ਇਸ ਸਬੰਧ ਵਿੱਚ ਕੋਈ ਇਤਲਾਹ ਨਹੀਂ ਦਿੱਤੀ ਗਈ।

ਇਸ ਲਿਹਾਜ਼ ਤੋਂ ਇਹ ਸਵਾਲ ਉੱਠਦਾ ਹੈ ਕਿ ਪੁਲੀਸ ਨੂੰ ਉਹ ਸਬੂਤ ਸਾਹਮਣੇ ਲਿਆਉਣ ਦੀ ਲੋੜ ਸੀ ਕਿ ਹੁਣ ਅਚਨਚੇਤ ਉਸ ਨੂੰ ਅਜਿਹੇ ਕਿਹੜੇ ਸਬੂਤ ਮਿਲ ਗਏ ਹਨ ਕਿ ਕਿਸਾਨਾਂ ਖ਼ਿਲਾਫ਼ ਅਜਿਹੀਆਂ ਸਖ਼ਤ ਧਾਰਾਵਾਂ ਦਾ ਵਾਧਾ ਕਰ ਦਿੱਤਾ ਗਿਆ ਹੈ। ਇਸ ਲਿਹਾਜ਼ ਤੋਂ ਇਹ ਕਾਰਵਾਈ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਸਕਦੀ ਹੈ। ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਲੰਮੇ ਅਰਸੇ ਤੋਂ ਅੰਦੋਲਨ ਲੜ ਰਹੇ ਹਨ ਅਤੇ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਲਗਭਗ ਅੰਦੋਲਨਕਾਰੀ ਧਿਰਾਂ ਨਾਲ ਉੱਕਾ ਹੀ ਗੱਲਬਾਤ ਨਾ ਕਰਨ ਦਾ ਵਤੀਰਾ ਅਪਣਾਇਆ ਹੋਇਆ ਹੈ। ਚੰਗਾ ਹੋਵੇਗਾ ਕਿ ਹਠ ਛੱਡ ਕੇ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਸ਼ੁਰੂ ਕੀਤੀ ਜਾਵੇ ਕਿਉਂਕਿ ਹਠ ਨਾਲ ਮਾਮਲੇ ਹੱਲ ਨਹੀਂ ਹੁੰਦੇ ਸਗੋਂ ਆਮ ਤੌਰ 'ਤੇ ਵਿਗੜ ਜਾਂਦੇ ਹਨ।

-ਮਾਮਲਾ ਅੰਮ੍ਰਿਤਸਰ ਸ਼ਹਿਰ ਨੂੰ ਪਾਵਨ ਸ਼ਹਿਰ ਦਾ ਦਰਜਾ ਦੇਣ ਦਾ-

# ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ





ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ ਹੈ।

ਮੁੱਖ ਸਕੱਤਰ ਮੰਨਣ ਨੇ ਲਿਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਮੇ ਸਮੇਂ ਤੋਂ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਅਤੇ ਪੂਰੀ ਮਾਨਵਤਾ ਦੇ ਅਧਿਆਤਮਿਕ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਚੌਗਿਰਦੇ ਅਤੇ ਇਥੇ ਆਉਂਦਿਆਂ ਰਸਤਿਆਂ ਉਪਰ ਬਣੇ ਸ਼ਰਾਬ ਦੇ ਠੇਕੇ ਅਤੇ ਤੰਬਾਕੂ ਦੀ ਵਿਕਰੀ ਪੁਰ ਪੂਰਨ ਤੌਰ ਤੇ ਪਾਬੰਦੀ ਲਗਵਾਉਣ ਲਈ ਮੰਗ ਕਰਦੀ ਆ ਰਹੀ ਹੈ। ਪ੍ਰੰਤੂ ਸੂਬਾ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਢੁੱਕਵਾਂ ਯੋਗ ਕਦਮ ਨਹੀਂ ਚੁੱਕਿਆ ਗਿਆ। ਜਿਸ ਕਾਰਨ ਸ਼ਰਧਾਲੂਆਂ ਪੁਰ ਚੰਗਾ ਪ੍ਰਭਾਵ ਨਹੀਂ ਪੈਂਦਾ ਹੈ। ਅੰਮ੍ਰਿਤਸਰ ਗੁਰੂ ਵਰੋਸਾਈ ਨਗਰੀ ਅਤੇ ਇਕ ਪਵਿੱਤਰ ਸ਼ਹਿਰ ਹੈ, ਜਿਥੇ ਦੇਸ਼-ਵਿਦੇਸ਼ ਤੋਂ ਰੋਜਾਨਾ ਲੱਖਾ ਸੰਗਤਾਂ ਪੁੱਜਦੀਆਂ ਹਨ।

ਸਰਕਾਰ ਦਾ ਫਰਜ ਬਣਦਾ ਹੈ ਕਿ ਹਰਿਮੰਦਰ ਸਾਹਿਬ ਦੇ ਚੌਗਿਰਦੇ ਤੇ ਅੰਮ੍ਰਿਤਸਰ ਸ਼ਹਿਰ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦਿਆਂ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ।

-ਮਾਮਲਾ ਲੋਕਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਦਾ-

# ਆਈਜੀਆਈ ਹਵਾਈ ਅੱਡਾ ਪੁਲੀਸ ਨੇ ਕੌਮੀ ਕਬੱਡੀ ਖਿਡਾਰੀ ਨੂੰ ਕੀਤਾ ਗ੍ਰਿਫ਼ਤਾਰ

ਨਵੀਂ ਦਿੱਲੀ-ਇੰਦਰਾ ਗਾਂਧੀ ਕੌਮਾਂਤਰੀ (ਆਈਜੀਆਈ) ਹਵਾਈ ਅੱਡਾ ਪੁਲੀਸ ਨੇ ਲੋਕਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਦੇ ਦੋਸ਼ ਹੇਠ ਕੌਮੀ ਪੱਧਰ ਦੇ ਸਾਬਕਾ ਕਬੱਡੀ ਖਿਡਾਰੀ ਮਨਦੀਪ ਸਿੰਘ (42) ਵਾਸੀ ਤਲਵੰਡੀ ਚੌਧਰੀਆਂ (ਕਪੂਰਥਲਾ) ਨੂੰ ਮੋਗਾ ਤੋਂ ਗ੍ਰਿਫਤਾਰ ਕੀਤਾ ਹੈ। ਅਧਿਕਾਰੀ ਨੇ ਦੱਸਿਆ ਕਿ ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਅਮਰੀਕਾ ਤੋਂ ਡਿਪੋਰਟ ਕੀਤੇ ਜਲੰਧਰ ਦੇ 20 ਸਾਲਾ ਮਨਿੰਦਰ ਪਾਲ ਸਿੰਘ ਨੂੰ 14 ਦਸੰਬਰ ਨੂੰ ਆਈਜੀਆਈ ਹਵਾਈ ਅੱਡੇ 'ਤੇ ਪਾਸਪੋਰਟ ਨਾਲ ਛੇੜਛਾੜ ਕਰਨ ਦੇ ਹੇਠ ਗ੍ਰਿਫਤਾਰ ਕੀਤਾ ਗਿਆ ਸੀ।

ਪੁੱਛ-ਪੜਤਾਲ ਦੌਰਾਨ ਮਨਿੰਦਰ ਨੇ ਦੱਸਿਆ ਕਿ ਮਨਦੀਪ ਸਿੰਘ ਨੇ ਉਸ ਕੋਲੋਂ 41 ਲੱਖ ਰੁਪਏ ਲੈ ਕੇ ਗੈਰ-ਕਾਨੂੰਨੀ ਰੂਟਾਂ ਰਾਹੀਂ ਅਮਰੀਕਾ ਭੇਜਣ ਦਾ ਭਰੋਸਾ ਦਿੱਤਾ ਸੀ। ਉਸ ਨੇ ਕਜ਼ਾਖਸਤਾਨ, ਦੁਬਈ, ਸੈਨੇਗਲ, ਲੀਬੀਆ, ਨਿਕਾਰਾਗੁਆ, ਹੋਂਡੂਰਸ ਅਤੇ ਮੈਕਸੀਕੋ ਰਾਹੀਂ ਉਸ ਨੂੰ ਅਮਰੀਕਾ ਭੇਜਿਆ। ਉਸ ਦੇ ਕਹਿਣ 'ਤੇ ਮਨਿੰਦਰ ਨੇ ਪਾਸਪੋਰਟ ਤੋਂ ਛੇੜਛਾੜ ਕੀਤੇ ਪੰਨੇ ਹਟਾ ਦਿੱਤੇ ਪਰ ਅਮਰੀਕੀ ਅਧਿਕਾਰੀਆਂ ਨੂੰ ਇਸ ਬਾਰੇ ਪਤਾ ਲੱਗ ਗਿਆ ਅਤੇ ਉਸ ਨੂੰ ਵਾਪਸ ਭੇਜ ਦਿੱਤਾ ਗਿਆ। ਪੁਲੀਸ ਨੇ ਦੱਸਿਆ ਕਿ ਮਨਦੀਪ ਕਪੂਰਥਲਾ ਵਿੱਚ ਆਈਲੈਟਸ ਕੋਚਿੰਗ ਸੈਂਟਰ ਦੀ ਆੜ ਹੇਠ ਇਹ ਧੰਦਾ ਚਲਾ ਰਿਹਾ ਸੀ। ਉਂਜ ਉਹ ਸਰਕਾਰੀ ਸਕੂਲ ਵਿੱਚ ਅਧਿਆਪਕ ਹੈ ਪਰ ਜਲਦੀ ਪੈਸਾ ਕਮਾਉਣ ਲਈ ਉਸ ਨੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਮਨਦੀਪ ਨੂੰ ਮੋਗਾ ਤੋਂ ਗ੍ਰਿਫਤਾਰ ਕਰਕੇ ਉਸ ਕੋਲੋਂ ਇਕ ਲਾਇਸੈਂਸੀ ਪਿਸਤੌਲ ਬਰਾਮਦ ਕੀਤਾ ਗਿਆ ਹੈ। ਉਸ ਨੇ ਦੋਸ਼ ਕਬੂਲ ਲਏ ਹਨ। ਪੁਲੀਸ ਅਨੁਸਾਰ ਮਨਦੀਪ ਸਕੂਲ ਪੜ੍ਹਦਿਆਂ ਕੌਮੀ ਪੱਧਰ ਦਾ ਕਬੱਡੀ ਅਤੇ ਹੈਂਡਬਾਲ ਖਿਡਾਰੀ ਰਿਹਾ ਹੈ।

# ਅਕਾਲੀ ਦਲ (ਬ) ਨੇ ਭਰਤੀ ਮੁਹਿੰਮ ਸ਼ੁਰੂ ਕੀਤੀ, 20 ਫਰਵਰੀ ਤੱਕ ਜਾਰੀ ਰਹੇਗੀ

**✪ ਸੁਖਬੀਰ ਸਿੰਘ ਬਾਦਲ ਵਲੋਂ ਪਹਿਲਾ ਭਰਤੀ ਫਾਰਮ ਭਰ ਕੇ ਕੀਤੀ ਸ਼ੁਰੂਆਤ ✪ ਜਥੇਦਾਰ ਵਡਾਲਾ ਸ਼ਿਕਾਇਤ ਲੈਕੇ ਅਕਾਲ ਤਖਤ ਪੁਜੇ, ਧਾਮੀ ਨਾਲ ਵੀ ਕੀਤੀ ਮੁਲਾਕਾਤ ✪ ਜਥੇਦਾਰ ਅਕਾਲੀ ਭਰਤੀ ਵਿਚ ਨਹੀਂ ਕਰ ਰਹੇ ਦਖਲਅੰਦਾਜ਼ੀ, ਨਿਰਪਖ ਰਹਿਣ ਦੇ ਹਾਲੇ ਤਕ ਇਛੁੱਕ**






ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਪੰਜਾਬ ਭਰ ਵਿੱਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਵਿਚ ਨਵੇਂ ਸਿਰੇ ਤੋਂ ਪਾਰਟੀ ਦੀ ਮੈਂਬਰਸ਼ਿਪ ਹਾਸਲ ਕੀਤੀ ਹੈ। ਇਸ ਮੁਹਿੰਮ ਦੀ ਸ਼ੁਰੂਆਤ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫ਼ਤਰ ਤੋਂ ਮੀਟਿੰਗ ਤੋਂ ਬਾਅਦ ਕਰਵਾਈ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੁੱਖ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਭਰਤੀ ਵਾਸਤੇ ਨਿਯੁਕਤ ਕੀਤੇ ਗਏ ਆਬਜ਼ਰਵਰਾਂ ਦੇ ਨਾਲ ਮਿਲ ਕੇ ਸਾਰੀ ਮੁਹਿੰਮ ਦੀ ਨਿਗਰਾਨੀ ਕਰਨਗੇ। ਉਨ੍ਹਾਂ ਪਾਰਟੀ ਦੇ ਸੀਨੀਅਰ ਆਗੂਆਂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਸੁੱਚਾ ਸਿੰਘ ਲੰਗਾਹ ਨੂੰ ਮੈਂਬਰਸ਼ਿਪ ਦੀਆਂ ਪਰਚੀਆਂ ਸੌਂਪੀਆਂ। ਇਹ ਭਰਤੀ ਮੁਹਿੰਮ 20 ਫਰਵਰੀ ਤੱਕ ਜਾਰੀ ਰਹੇਗੀ।ਇਸ ਤੋਂ ਬਾਅਦ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਚੋਣ 1 ਮਾਰਚ ਨੂੰ ਹੋਵੇਗੀ।

ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਵਲੋਂ ਇਕ ਮਹੀਨੇ 'ਚ 25 ਲੱਖ ਮੈਂਬਰ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ। ਡਾ. ਚੀਮਾ ਨੇ ਭਰਤੀ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਭਰਤੀ ਵਾਸਤੇ ਸਿਰਫ਼ 10 ਰੁਪਏ ਮੈਂਬਰਸ਼ਿਪ ਫ਼ੀਸ ਲਈ ਜਾਵੇਗੀ ਤੇ ਜਿਹੜੇ ਵੀ ਮੈਂਬਰ 100 ਮੈਂਬਰਾਂ ਦੀ ਭਰਤੀ ਕਰਨਗੇ, ਉਹ ਸਰਕਲ ਡੈਲੀਗੇਟ ਬਣਨ ਯੋਗ ਹੋਣਗੇ ਤੇ ਉਹ ਅੱਗੋਂ ਸਰਕਲ ਜਥੇਦਾਰਾਂ ਦੀ ਚੋਣ ਕਰਨਗੇ।ਉਨ੍ਹਾਂ ਕਿਹਾ ਕਿ ਜਿਹੜੇ 2500 ਡੈਲੀਗੇਟਾਂ ਦੀ ਭਰਤੀ ਕਰਨਗੇ, ਉਹ ਜ਼ਿਲ੍ਹਾ ਡੈਲੀਗੇਟ ਬਣਨਗੇ ਅਤੇ ਉਹ ਹੀ ਅੱਗੋਂ ਜ਼ਿਲ੍ਹਾ ਜਥੇਦਾਰਾਂ ਦੀ ਚੋਣ ਕਰਨਗੇ। ਡਾ. ਚੀਮਾ ਨੇ ਇਹ ਵੀ ਦੱਸਿਆ ਕਿ ਹਰ ਹਲਕੇ ਤੋਂ 4 ਡੈਲੀਗੇਟ ਜਨਰਲ ਹਾਊਸ ਲਈ ਨਾਮਜ਼ਦ ਕੀਤੇ ਜਾਣਗੇ, ਇਸ ਮੁਤਾਬਕ 117 ਵਿਧਾਨ ਸਭਾ ਹਲਕਿਆਂ ਤੋਂ 468 ਡੈਲੀਗੇਟ 1 ਮਾਰਚ ਨੂੰ ਪਾਰਟੀ ਪ੍ਰਧਾਨ ਦੀ ਚੋਣ ਕਰਨਗੇ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਨਵੇਂ ਮੈਂਬਰਾਂ ਦੀ ਭਰਤੀ ਦਾ ਕੁੱਲ ਟੀਚਾ ਲਗਭਗ 25 ਲੱਖ ਵਰਕਰ ਭਰਤੀ ਕਰਨ ਦਾ ਰੱਖਿਆ ਗਿਆ ਹੈ ਤੇ ਹਲਕਾ ਲੰਬੀ ਵਿਚੋਂ ਲਗਭਗ 40 ਹਜ਼ਾਰ ਵਰਕਰ ਭਰਤੀ ਕੀਤੇ ਜਾਣਗੇ।ਉਨ੍ਹਾਂ ਹਰਿਆਣਾ ਦੀ ਗੁਰਦੁਆਰਾ ਕਮੇਟੀ ਦੇ ਆਏ ਨਤੀਜਿਆਂ 'ਤੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਆਖਿਆ ਕਿ ਹਰਿਆਣਾ ਦੀ ਸਿੱਖ ਸੰਗਤ ਨੇ ਉਨ੍ਹਾਂ ਲੋਕਾਂ ਨੂੰ ਸਾਫ਼ ਕਰ ਦਿੱਤਾ ਹੈ, ਜਿਹੜੇ ਲੋਕ ਸਿੱਖ ਧਰਮ ਵਿਚ ਦਖ਼ਲਅੰਦਾਜ਼ੀ ਕਰਦੇ ਹਨ ਅਤੇ ਸੰਗਤ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਲਜੀਤ ਸਿੰਘ ਦਾਦੂਵਾਲ ਤੇ ਉਸ ਦੇ ਸਾਥੀ ਏਜੰਸੀਆਂ ਦੇ ਬੰਦੇ ਹਨ। ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋੜ ਕੇ ਹਰਿਆਣਾ ਅਲੱਗ ਕਰਵਾਇਆ ਅਤੇ ਹੁਣ ਇਹ ਚੋਣ ਹਾਰ ਗਏ

### ਧਾਮੀ ਤੇ ਵਡਾਲਾ ਵਲੋਂ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ

ਸਿੰਘ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਲਈ 2 ਦਸੰਬਰ ਨੂੰ ਗਠਿਤ ਕੀਤੀ ਗਈ 7 ਮੈਂਬਰੀ ਕਮੇਟੀ ਦੇ ਮੁਖੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕਮੇਟੀ ਮੈਂਬਰ ਅਤੇ ਨਾਰਾਜ਼ ਧੜੇ ਦੇ ਆਗੂ ਜਥੇ: ਗੁਰਪ੍ਰਤਾਪ ਸਿੰਘ ਵਡਾਲਾ ਵਲੋਂ ਬੀਤੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਨ ਅਤੇ ਜਥੇਦਾਰ ਵਡਾਲਾ ਅਨੁਸਾਰ ਸਿੰਘ ਸਾਹਿਬ ਵਲੋਂ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਨੂੰ ਗਠਿਤ ਕੀਤੀ 7 ਮੈਂਬਰੀ ਕਮੇਟੀ ਦੁਆਰਾ ਹੀ ਨੇਪਰੇ ਚਾੜ੍ਹੇ ਜਾਣ ਦੇ ਦਿੱਤੇ ਭਰੋਸੇ ਤੋਂ ਕੁਝ ਘੰਟਿਆਂ ਬਾਅਦ ਹੀ ਅਕਾਲੀ ਦਲ ਦੀ ਲੀਡਰਸ਼ਿਪ ਵਲੋਂ ਸਿੰਘ ਸਾਹਿਬਾਨ ਵਲੋਂ ਦਲ ਦੀ ਭਰਤੀ ਸੰਬੰਧੀ ਜਾਰੀ ਆਦੇਸ਼ ਨੂੰ ਦਰਕਿਨਾਰ ਕਰਕੇ ਭਰਤੀ ਮੁਹਿੰਮ ਬਾਕਾਇਦਾ ਸ਼ੁਰੂ ਕਰ ਦਿੱਤੇ ਜਾਣ ਨਾਲ ਪਿਛਲੇ ਦਿਨੀਂ ਭੁੱਲਾਂ-ਗਲਤੀਆਂ ਬਖ਼ਸ਼ਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਤਨਖ਼ਾਹ ਭੁਗਤਣ ਤੋਂ ਬਾਅਦ ਅਕਾਲੀ ਲੀਡਰਸ਼ਿਪ ਦਾ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਪੈਦਾ ਹੁੰਦਾ ਨਜ਼ਰ ਆ ਰਿਹਾ ਹੈ ਤੇ ਪੰਥਕ ਹਲਕਿਆਂ ਵਲੋਂ ਇਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਆਦੇਸ਼ ਨੂੰ ਚੁਣੌਤੀ ਕਰਾਰ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਅਕਾਲੀ ਦਲ (ਬ) ਵਲੋਂ ਆਪਣੇ ਪੱਧਰ 'ਤੇ ਹੀ ਭਰਤੀ ਮੁਹਿੰਮ ਸ਼ੁਰੂ ਕੀਤੇ ਜਾਣ ਨਾਲ ਸਿੰਘ ਸਾਹਿਬਾਨ ਵਲੋਂ ਭਰਤੀ ਲਈ ਗਠਿਤ ਕੀਤੀ 7 ਮੈਂਬਰੀ ਕਮੇਟੀ ਦੀ ਹੋਂਦ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਸੇ ਦੌਰਾਨ 7 ਮੈਂਬਰੀ ਕਮੇਟੀ ਦੇ ਮੁਖੀ ਸ: ਹਰਜਿੰਦਰ ਸਿੰਘ ਧਾਮੀ ਤੇ ਨਾਰਾਜ਼ ਧੜੇ ਵਲੋਂ ਕਮੇਟੀ ਦੇ ਮੈਂਬਰ ਜਥੇ: ਗੁਰਪ੍ਰਤਾਪ ਸਿੰਘ ਵਡਾਲਾ ਵਲੋਂ ਕਰੀਬ ਇਕ ਘੰਟਾ ਜਥੇਦਾਰ ਸਾਹਿਬ ਨਾਲ ਅਕਾਲ ਤਖ਼ਤ ਸਕੱਤਰੇਤ ਵਿਖੇ ਮੁਲਾਕਾਤ ਕਰਕੇ ਅਕਾਲੀ ਦਲ (ਬ) ਦੀ ਭਰਤੀ ਪ੍ਰਕਿਰਿਆ ਅਤੇ 7 ਮੈਂਬਰੀ ਕਮੇਟੀ ਦੀ ਭੂਮਿਕਾ ਬਾਰੇ ਗੱਲਬਾਤ ਕੀਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਸ: ਧਾਮੀ ਤਾਂ ਮੁਲਾਕਾਤ ਤੋਂ ਬਾਅਦ ਸਕੱਤਰੇਤ ਦੇ ਦੂਜੇ ਦਰਵਾਜ਼ੇ ਰਾਹੀਂ ਬਿਨਾਂ ਮੀਡੀਆ ਨਾਲ ਗੱਲਬਾਤ ਕੀਤੇ ਚਲੇ ਗਏ, ਪਰ ਜਥੇ: ਵਡਾਲਾ ਨੇ ਬਾਅਦ ਵਿਚ ਪੱਤਰਕਾਰਾਂ ਨਾਲ ਮੁਲਾਕਾਤ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਸਿੰਘ ਸਾਹਿਬ ਨੇ ਸਾਨੂੰ ਦੋਵਾਂ ਕਮੇਟੀ ਮੈਂਬਰਾਂ ਨੂੰ ਮੁੜ ਭਰੋਸਾ ਦਿੱਤਾ ਕਿ ਦਲ ਦੀ ਭਰਤੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਆਦੇਸ਼ਾਂ ਅਨੁਸਾਰ 7 ਮੈਂਬਰੀ ਕਮੇਟੀ ਦੀ ਨਿਗਰਾਨੀ ਵਿਚ ਹੀ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਿੰਘ ਸਾਹਿਬ ਨੇ ਕਿਹਾ ਕਿ ਸਿੱਖ ਪੰਥ ਦੇ ਭਲੇ ਅਤੇ ਪੰਜਾਬ ਨੂੰ ਅਗਵਾਈ ਦੇਣ ਵਾਸਤੇ ਸਾਰੀਆਂ ਪੰਥਕ ਧਿਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ। ਜਥੇ: ਵਡਾਲਾ ਨੇ ਦਾਅਵਾ ਕੀਤਾ ਕਿ ਮੁਲਾਕਾਤ ਦੌਰਾਨ ਸ: ਧਾਮੀ ਨੇ ਵੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਿਆਂ ਦਾ ਸਾਰੀਆਂ ਧਿਰਾਂ ਨੂੰ ਇੰਨ-ਬਿੰਨ ਪਾਲਣ ਕਰਨ ਤੇ ਦਲ ਦੀ ਭਰਤੀ ਜਾਰੀ ਆਦੇਸ਼ਾਂ ਅਨੁਸਾਰ 7 ਮੈਂਬਰੀ ਕਮੇਟੀ ਦੀ ਦੇਖ-ਰੇਖ ਵਿਚ ਹੀ ਕੀਤੇ ਜਾਣ ਦੀ ਹਾਮੀ ਭਰੀ। ਜਥੇ: ਵਡਾਲਾ ਨੇ ਕਿਹਾ ਕਿ ਜੋ ਵੀ ਅਕਾਲੀ ਆਗੂ ਹੁਕਮਨਾਮੇ ਤੋਂ ਆਸੇ-ਪਾਸੇ ਜਾਂ ਆਨਾਕਾਨੀ ਕਰੂਗਾ, ਉਸ ਨੂੰ ਕਦੀ ਵੀ ਸਿੱਖ ਪੰਥ ਤੇ ਸੰਗਤਾਂ ਪ੍ਰਵਾਨ ਨਹੀਂ ਕਰਨਗੀਆਂ।


ਸੂਤਰਾਂ ਤੋਂ ਪਤਾ ਲਗਿਆ ਹੈ ਕਿ ਜਥੇਦਾਰ ਅਕਾਲ ਤਖਤ ਵਲੋਂ ਅਕਾਲੀ ਭਰਤੀ ਦੇ ਸਬੰਧ ਵਿਚ ਨਿਰਪਖ ਰਹਿਣ ਦਾ ਫੈਸਲਾ ਕੀਤਾ ਹੋਇਆ ਹੈ। ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਦਖਲਅੰਦਾਜ਼ੀ ਕਾਰਣ ਅਕਾਲੀ ਦਲ ਨੂੰ ਨੁਕਸਾਨ ਪੁਜੇ। ਪਰ ਉਨ੍ਹਾਂ ਦਾ ਵਿਰੋਧ ਪੰਥਕ ਹਲਕਿਆਂ ਵਲੋਂ ਜਾਰੀ ਹੈ। ਦਮਦਮੀ ਟਕਸਾਲ ਦੇ ਅਮਰੀਕਾ ਸਿੰਘ ਅਜਨਾਲਾ ਨੇ ਸਿੰਘ ਸਾਹਿਬਾਨ ਦੇ ਪੁਤਲੇ ਸਾੜੇ ਸਨ। ਸ਼੍ਰੋਮਣੀ ਕਮੇਟੀ ਨੇ ਇਸ ਦੀ ਸਖਤ ਨਿੰਦਾ ਕੀਤੀ ਹੈ।

## ਪੰਥਕ ਅਸੈਂਬਲੀ ਨੇ ਜਥੇਦਾਰ ਨੂੰ ਦਿੱਤਾ ਮੰਗ ਪੱਤਰ

**✪ ਪੰਥਕ ਅਸੈਂਬਲੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਲਿਖਿਆ ਪੱਤਰ**

ਸਿੱਖ ਜਥੇਬੰਦੀ ਪੰਥਕ ਅਸੈਂਬਲੀ ਤੇ ਪੰਥਕ ਤਾਲਮੇਲ ਸੰਗਠਨ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਇੱਕ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਮਾਮਲੇ ਵਿੱਚ ਹੁਕਮਨਾਮੇ ਦੀ ਹੁਣ ਤੱਕ ਦੀ ਪਾਲਣਾ ਸਬੰਧੀ ਰਿਪੋਰਟ ਪੰਥ ਨਾਲ ਸਾਂਝੀ ਕੀਤੀ ਜਾਵੇ। ਇਸ ਪੱਤਰ ਉੱਪਰ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਨਵ ਕਿਰਨ ਸਿੰਘ ਐਡਵੋਕੇਟ ਆਦਿ ਦੇ ਦਸਤਖਤ ਹਨ। ਇਹ ਪੱਤਰ ਅਕਾਲ ਤਖਤ ਦੇ ਸਕੱਤਰੇਤ ਵਿਚ ਸੌਂਪਿਆ ਗਿਆ।

## ਨਕੋਦਰ ਹਲਕੇ ਵਿੱਚ ਅਕਾਲੀ ਦਲ ਦੀ ਮੈਂਬਰਸ਼ਿਪ ਸ਼ੁਰੂ



ਨਕੋਦਰ ਹਲਕੇ ਦੇ ਪਿੰਡ ਜੰਡਿਆਲੇ ਤੋਂ ਬੀਬੀ ਰਾਜਵਿੰਦਰ ਕੌਰ ਭੁੱਲਰ ਵੱਲੋਂ ਅਕਾਲੀ ਦਲ ਦੀ ਮੈਂਬਰਸ਼ਿਪ ਸ਼ੁਰੂ ਕਰ ਦਿੱਤੀ ਗਈ ਹੈ। ਲੰਮੇ ਸਮੇਂ ਤੋਂ ਵਡਾਲਾ ਪ੍ਰਵਾਰ ਅਕਾਲੀ ਦਲ ਦੇ ਐਮ ਐਲ ਏ ਰਹੇ ਹਨ । ਪਰ ਹੁਣ ਅਕਾਲੀ ਦਲ ਸੁਧਾਰ ਲਹਿਰ ਵਿੱਚ ਸ਼ਾਮਿਲ ਹੋਣ ਕਰਕੇ ਅਕਾਲੀ ਦਲ ਬਾਦਲ ਵੱਲੋਂ ਬੀਬੀ ਰਾਜਵਿੰਦਰ ਕੌਰ ਭੁੱਲਰ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ। ਪਹਿਲਾਂ ਇਹਨਾਂ ਦਾ ਪ੍ਰਵਾਰ ਨੂਰਮਹਿਲ ਤੋਂ ਐਲ ਐਲ ਏ ਰਹਿ ਚੁੱਕਾ ਹੈ ।

# ਕੀ ਕੇਂਦਰ ਕਿਸਾਨ ਵਾਰਤਾ ਹੋਵੇਗੀ ?

## ✪ ਕਿਸਾਨਾਂ ਦੀ ਏਕਤਾ ਦੀ ਘਾਟ ਕਾਰਣ ਸੰਘਰਸ਼ ਸਿਰੇ ਲਗਣਾ ਔਖਾ



ਪਿਛਲੇ ਕਰੀਬ ਇੱਕ ਸਾਲ ਤੋਂ ਪੰਜਾਬ ਦੇ ਅੰਦੋਲਨਕਾਰੀ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਕਾਰ ਬਣੀ ਖੜੋਤ ਟੁੱਟਦੀ ਨਜ਼ਰ ਆ ਰਹੀ ਹੈ ਪਰ ਵਾਰਤਾ ਦੇ ਇੱਕ ਦੋ ਗੇੜਾਂ ਨਾਲ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਜਿਹੀਆਂ ਕਿਸਾਨਾਂ ਦੀਆਂ ਮੰਗਾਂ ਉੱਪਰ ਸਹਿਮਤੀ ਦੀ ਉਮੀਦ ਨਿਰੀ ਖੁਸ਼ਫਹਿਮੀ ਸਾਬਿਤ ਹੋ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ 'ਤੇ 14 ਫਰਵਰੀ ਨੂੰ ਗੱਲਬਾਤ ਕਰਨ ਦੇ ਫ਼ੈਸਲੇ ਤੋਂ ਬਾਅਦ ਖਨੌਰੀ ਬਾਰਡਰ 'ਤੇ ਮਰਨ ਵਰਤ ਉੱਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮੈਡੀਕਲ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ ਹੈ, ਇਸ ਨਾਲ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆਇਆ ਹੈ। ਇਸ ਤੋਂ ਇਲਾਵਾ ਸ਼ੰਭੂ ਬਾਰਡਰ ਤੋਂ ਦਿੱਲੀ ਵੱਲ ਮੁੜ 101 ਕਿਸਾਨਾਂ ਦਾ ਜਥਾ ਭੇਜਣ ਦਾ ਪ੍ਰੋਗਰਾਮ ਵੀ ਮੁਲਤਵੀ ਕਰ ਦਿੱਤਾ ਗਿਆ ਹੈ ਜਿਸ ਤੋਂ ਸੰਕੇਤ ਮਿਲ ਰਹੇ ਹਨ ਕਿ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੀਆਂ ਧਿਰਾਂ ਕੇਂਦਰ ਨਾਲ ਵਾਰਤਾ ਤੋਂ ਪਹਿਲਾਂ ਢੁਕਵੇਂ ਸੰਦੇਸ਼ ਦੇਣ ਦੀਆਂ ਚਾਹਵਾਨ ਹਨ।

ਕੇਂਦਰ ਸਰਕਾਰ ਵੱਲੋਂ ਅੰਦੋਲਨਕਾਰੀ ਕਿਸਾਨ ਧਿਰਾਂ ਨਾਲ ਪ੍ਰਸਤਾਵਿਤ ਗੱਲਬਾਤ ਲਈ ਦਿੱਤੀ ਤਾਰੀਕ ਵਿੱਚ ਤਿੰਨ ਹਫ਼ਤਿਆਂ ਤੋਂ ਵੱਧ ਸਮਾਂ ਪਿਆ ਹੈ ਜਿਸ ਨੂੰ ਲੈ ਕੇ ਕੁਝ ਹਲਕਿਆਂ ਵੱਲੋਂ ਗੱਲਬਾਤ ਲਈ ਕੇਂਦਰ ਦੀ ਸੁਹਿਰਦਤਾ ਉੱਪਰ ਸ਼ੰਕੇ ਖੜ੍ਹੇ ਕੀਤੇ ਜਾ ਰਹੇ ਹਨ। ਅੰਦੋਲਨਕਾਰੀ ਧਿਰਾਂ ਅੰਦਰੋਂ ਵੀ ਇਹ ਗੱਲ ਕੀਤੀ ਗਈ ਹੈ ਕਿ ਗੱਲਬਾਤ ਜਲਦੀ ਸ਼ੁਰੂ ਕੀਤੀ ਜਾਣੀ ਚਾਹੀਦੀ ਸੀ। ਇਸ ਮਾਮਲੇ ਵਿੱਚ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਕੇਂਦਰ ਸਰਕਾਰ ਡੱਲੇਵਾਲ ਨੂੰ ਗੱਲਬਾਤ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਕਰਾਉਣਾ ਚਾਹੁੰਦੀ ਹੈ ਹਾਲਾਂਕਿ ਕਿਸਾਨ ਆਗੂ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣਾ ਮਰਨ ਵਰਤ ਜਾਰੀ ਰੱਖਣਗੇ ਪਰ ਜੇ ਉਨ੍ਹਾਂ ਦੀ ਸਿਹਤ ਨੇ ਆਗਿਆ ਦਿੱਤੀ ਤਾਂ ਉਹ ਗੱਲਬਾਤ ਵਿੱਚ ਸ਼ਾਮਿਲ ਹੋ ਸਕਦੇ ਹਨ।

ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਵੇਲੇ ਵੀ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਦੇ ਕਈ ਦੌਰ ਚੱਲੇ ਸਨ ਪਰ ਉਸ ਵੇਲੇ ਕਿਸਾਨ ਜਥੇਬੰਦੀਆਂ ਦੀਆਂ ਲਗਭਗ ਸਾਰੀਆਂ ਧਿਰਾਂ ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਇਕਮੁੱਠ ਅਤੇ ਇਕਜੁੱਟ ਸਨ ਪਰ ਇਸ ਵੇਲੇ ਫੁਟ ਦੀਆਂ ਸ਼ਿਕਾਰ ਹਨ। 26 ਜਨਵਰੀ ਨੂੰ ਸਾਰੇ ਮੋਰਚਿਆਂ ਵੱਲੋਂ ਕਾਰਪੋਰੇਟ ਅਦਾਰਿਆਂ ਦੇ ਕਾਰੋਬਾਰੀ ਟਿਕਾਣਿਆਂ ਅਤੇ ਸੱਤਾਧਾਰੀ ਪਾਰਟੀ ਦੇ ਦਫ਼ਤਰਾਂ ਅੱਗੇ ਆਪੋ-ਆਪਣੇ ਤੌਰ 'ਤੇ ਟਰੈਕਟਰ ਖੜ੍ਹੇ ਕਰਨ ਦੇ ਐਲਾਨ ਭਾਵੇਂ ਕਰ ਦਿੱਤੇ ਗਏ ਹਨ ਪਰ ਇਸ ਸਮੇਂ ਸ਼ੰਭੂ ਅਤੇ ਖਨੌਰੀ ਉੱਪਰ ਚੱਲ ਰਹੇ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਕਿਸਾਨ ਮੋਰਚਿਆਂ ਦੀ ਵਡੇਰੇ ਸੰਯੁਕਤ ਕਿਸਾਨ ਮੋਰਚੇ ਨਾਲ ਏਕਤਾ ਜਾਂ ਤਾਲਮੇਲ ਦੇ ਯਤਨ ਵੀ ਅਧਵਾਟੇ ਲਟਕ ਗਏ ਹਨ। ਪ੍ਰਸਤਾਵਿਤ ਗੱਲਬਾਤ ਦੇ ਏਜੰਡੇ ਨੂੰ ਲੈ ਕੇ ਵੀ ਸਥਿਤੀ ਬਹੁਤੀ ਸਪਸ਼ਟ ਨਹੀਂ। ਕੇਂਦਰ ਵੱਲੋਂ ਐੱਮਐੱਸਪੀ ਦੀ ਗਾਰੰਟੀ ਦੇ ਕਾਨੂੰਨ ਦੇ ਸਵਾਲ ਤੋਂ ਕੰਨੀ ਕੱਟੀ ਜਾ ਰਹੀ ਹੈ, ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਗੱਲਬਾਤ ਵਿੱਚ ਫ਼ਸਲਾਂ ਦੀ ਸਰਕਾਰੀ ਖਰੀਦ ਦੀ ਮੌਜੂਦਾ ਪ੍ਰਣਾਲੀ ਨੂੰ ਹੋਰ ਵਿਸਤਾਰ ਦੇਣ ਦੇ ਪ੍ਰਸਤਾਵ ਉੱਪਰ ਵਿਚਾਰ ਕਰੇਗਾ। ਇਸ ਦਾ ਇੱਕ ਮਤਲਬ ਇਹ ਕੱਢਿਆ ਜਾ ਰਿਹਾ ਹੈ ਕਿ ਕਣਕ ਅਤੇ ਝੋਨੇ ਦੀ ਖਰੀਦ ਲਈ ਪੰਜਾਬ ਦਾ ਕੋਟਾ ਘਟਾ ਕੇ ਹੋਰਨਾਂ ਸੂਬਿਆਂ ਨੂੰ ਦਿੱਤਾ ਜਾ ਸਕਦਾ ਹੈ। ਕੀ ਕਿਸਾਨ ਧਿਰਾਂ ਕੇਂਦਰ ਦੇ ਅਜਿਹੇ ਹਥਕੰਡਿਆਂ ਨਾਲ ਨਜਿੱਠਣ ਲਈ ਤਿਆਰ ਅਤੇ ਸਮੱਰਥ ਹਨ।

# ਗਿਆਨੀ ਹਰਪ੍ਰੀਤ ਸਿੰਘ ਭਾਜਪਾ ਨਾਲ ਸਬੰਧਾਂ ਕਾਰਣ ਦੋਸ਼ਾਂ ਵਿਚ ਘਿਰੇ

## ✪ ਵਲਟੋਹਾ ਦੀ ਪੇਸ਼ੀ ਦੀ ਇੱਕ ਹੋਰ ਵੀਡੀਓ ਆਈ ਸਾਹਮਣੇ



ਅੰਮ੍ਰਿਤਸਰ-ਅਕਾਲੀ ਦਲ ਦੇ ਸਾਬਕਾ ਆਗੂ ਵਿਰਸਾ ਸਿੰਘ ਵਲਟੋਹਾ ਦੀ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਹਿਬਾਨਾਂ ਸਾਹਮਣੇ ਹੋਈ ਪੇਸ਼ੀ ਲਗਾਤਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਕਾਲੀ ਦਲ ਨੂੰ ਜੱਥੇਦਾਰ ਨੇ ਵਲਟੋਹਾ ਦੀ ਮੈਂਬਰਸ਼ਿਪ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ। ਜਿਸ ਤੋਂ ਬਾਅਦ ਵਲਟੋਹਾ ਨੇ ਖੁਦ ਹੀ ਆਪਣੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਜਿਸ ਤੋਂ ਬਾਅਦ ਹੁਣ ਜਥੇਦਾਰ ਸਾਹਿਬਾਨਾਂ ਅੱਗੇ ਵਿਰਸਾ ਸਿੰਘ ਵਲਟੋਹਾ ਦੀ ਪੇਸ਼ੀ ਦੀ ਇੱਕ ਹੋ ਵੀਡੀਓ ਸਾਹਮਣੇ ਆਈ ਹੈ ਵਿੱਚ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਾਰੇ ਕੁਝ ਹੋਰ ਗੱਲਾਂ ਵੀ ਕਹਿੰਦੇ ਨਜ਼ਰ ਆ ਰਹੇ ਹਨ। ਇਸ ਨਾਲ ਗਿਆਨੀ ਹਰਪ੍ਰੀਤ ਸਿੰਘ ਦੋਸ਼ਾਂ ਵਿਚ ਘਿਰ ਗਏ ਹਨ।

### ਅਮਿਤ ਸ਼ਾਹ ਨਾਲ ਵੀ ਹੋਈ ਗੱਲ

ਵਾਇਰਲ ਹੋ ਰਹੀ ਵੀਡੀਓ ਵਿੱਚ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਇਹ ਕਹਿ ਰਹੇ ਹਨ ਕਿ ਉਹਨਾਂ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਗੱਲ ਬਾਤ ਹੋਈ ਹੈ। ਉਹਨਾਂ ਨੇ ਕਿਹਾ ਕਿ ਮੇਰਾ (ਗਿਆਨੀ ਹਰਪ੍ਰੀਤ ਸਿੰਘ ਦਾ) ਨੰਬਰ ਅਮਿਤ ਸ਼ਾਹ ਦੇ ਪੀ.ਏ. ਕੋਲ ਚਲਾ ਗਿਆ ਸੀ ਅਤੇ ਉਹਨਾਂ ਦਾ (ਅਮਿਤ ਸ਼ਾਹ ਦਾ) ਨੰਬਰ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਆ ਗਿਆ।

**ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਸ਼ੱਕ ਦੇ ਘੇਰੇ ਵਿਚ ਹਨ। ਵਲਟੋਹਾ ਇਹ ਦੋਸ਼ ਲਗਾ ਰਹੇ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਭਾਜਪਾ ਦੇ ਇਸ਼ਾਰੇ ਉਪਰ ਅਕਾਲੀ ਦਲ ਬਰਬਾਦ ਕਰਨ ਉਪਰ ਤੁਲੇ ਹਨ।**

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੇਰਾ ਤਾਂ ਕਾਂਗਰਸੀ ਮੁੱਖ ਮੰਤਰੀਆਂ ਨਾਲ ਵੀ ਪਿਆਰ ਸੀ। ਤਤਕਾਲੀ ਜੱਥੇਦਾਰ ਨੇ ਕਿਹਾ ਕਿ ਹੋਰਨਾਂ ਜੱਥੇਦਾਰਾਂ ਨਾਲ ਕੋਈ ਗੱਲ ਨਹੀਂ ਸੀ ਸਿਰਫ਼ ਉਹੀ ਲੀਡਰਾਂ ਨਾਲ ਗੱਲਬਾਤ ਕਰਦੇ ਸੀ। ਲੀਡਰਾਂ ਨਾਲ ਰਿਸ਼ਤੇ ਉਹ ਉਹਨਾਂ ਦੀ ਆਪਣੀ ਕਾਬਲੀਅਤ ਹੈ। ਨਾਲ ਹੀ ਗਿਆਨੀ ਗਰਪ੍ਰੀਤ ਸਿੰਘ ਸਪੱਸ਼ਟ ਕਰਦੇ ਹਨ ਕਿ ਉਹਨਾਂ ਦੀ ਇਹਨਾਂ ਲੀਡਰਾਂ ਨਾਲ ਗੱਲਬਾਤ ਰੋਜ਼ ਨਹੀਂ ਪਰ ਕਦੇ ਕਦੇ ਸਾਲ- ਛੇ ਮਹੀਨਿਆਂ ਵਿੱਚ ਹੁੰਦੀ ਸੀ।

## ਭਾਰਤੀ ਮੂਲ ਦਾ ਕਾਰੋਬਾਰੀ ਪਟੇਲ ਅਗਵਾ ਤੇ ਹਮਲਾ ਕਰਨ ਦੇ ਦੇਸ਼ਾਂ ਤਹਿਤ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਲੋਇਸਵਿਲੇ, ਕੈਂਟੁਕੀ ਵਿਚ ਭਾਰਤੀ ਮੂਲ ਦੇ ਕਾਰੋਬਾਰੀ ਕੌਸ਼ਲ ਕੁਮਾਰ ਪਟੇਲ (40) ਨੂੰ ਇਕ ਸ਼ੱਕੀ ਵਿਅਕਤੀ ਜੋ ਉਸ ਦੇ ਸਟੋਰ ਤੋਂ ਚੋਰੀ ਕਰਕੇ ਭੱਜ ਗਿਆ ਸੀ, ਉਪਰ ਹਮਲਾ ਕਰਨ ਤੇ ਉਸ ਨੂੰ ਅਗਵਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਅਧਿਕਾਰੀਆਂ ਦਾ ਦੋਸ਼ ਹੈ ਕਿ ਪਟੇਲ ਤੇ ਹੋਰਨਾਂ ਨੇ ਸ਼ੱਕੀ ਵਿਅਕਤੀ ਜੋ ਕਥਿੱਤ ਤੌਰ 'ਤੇ ਸਟੋਰ ਤੋਂ ਟੇਪ ਪੈਨਸਿਲਾਂ ਦਾ ਡੱਬਾ ਚੋਰੀ ਕਰਕੇ ਭੱਜ ਗਿਆ ਸੀ, ਦਾ ਪਿੱਛਾ ਕੀਤਾ। ਪੁਲਿਸ ਅਨੁਸਾਰ ਪਟੇਲ ਤੇ ਹੋਰਨਾਂ ਨੇ ਸ਼ੱਕੀ ਨੂੰ ਆਪਣੀ ਕਾਰ ਵਿਚ ਅਗਵਾ ਕਰਨ ਤੋਂ ਪਹਿਲਾਂ ਉਸ ਉਪਰ ਮਿਰਚਾਂ ਦਾ ਸਪਰੇਅ ਕੀਤਾ। ਬਾਅਦ ਵਿਚ ਉਹ ਸ਼ੱਕੀ ਨੂੰ ਇਕ ਗੈਰਾਜ ਵਿਚ ਲੈ ਗਏ ਜਿਥੇ ਉਸ ਦੀ ਕੁੱਟਮਾਰ ਕੀਤੀ। ਉਸ ਦੇ ਘਸੁੰਨ ਮਾਰੇ ਗਏ ਤੇ ਉਸ ਉਪਰ ਇਕ ਡੰਡੇ ਨਾਲ ਵੀ ਵਾਰ ਕੀਤਾ ਗਿਆ। ਬਾਅਦ ਵਿਚ ਸ਼ੱਕੀ ਨੂੰ ਲੀ ਸਟਰੀਟ ਵਿਚ ਛੱਡ ਦਿੱਤਾ ਜਿਥੋਂ ਉਸ ਦੀ ਮਾਂ ਉਸ ਨੂੰ ਹਸਪਤਾਲ ਲੈ ਕੇ ਗਈ। ਲੋਇਸਵਿਲੇ ਮੈਟਰੋ ਬੰਦੀ ਕੇਂਦਰ ਵਿਚ ਰਖੇ ਪਟੇਲ ਨੇ ਇਨਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਹਰਿਆਣਾ ਕਮੇਟੀ ਚੋਣਾਂ ਵਿਚ ਝੀਂਡਾ ਗਰੁੱਪ ਦਾ ਬੋਲਬਾਲਾ

**✪ ਸੰਤ ਦਾਦੂਵਾਲ ਚੋਣ ਹਾਰੇ, ਨਲਵੀ ਦੀ ਘੱਟ ਵੋਟਾਂ ਨਾਲ ਜਿੱਤੇ ✪ ਬਹੁਮਤ ਨਾ ਮਿਲਣ 'ਤੇ ਝੀਂਡਾ ਨੇ ਅਸਤੀਫਾ ਦਿੱਤਾ, ਬਾਅਦ ਵਿਚ ਵਾਪਸ ਲਿਆ ✪ ਜਿੱਤੇ ਉਮੀਦਵਾਰਾਂ ਦੇ ਦਬਾਅ ਹੇਠ ਝੀਂਡਾ ਨੇ ਫੈਸਲਾ ਵਾਪਸ ਲਿਆ**

ਕਰਨਾਲ-ਹਰਿਆਣਾ ਦੇ ਸਿੱਖਾਂ ਦੀ ਕਰੀਬ 25 ਸਾਲ ਪਹਿਲਾਂ ਉੱਠੀ ਹਰਿਆਣਾ ਦੇ ਗੁਰਦੁਆਰਿਆਂ ਦੀ ਵੱਖਰੀ ਮੈਨੇਜਮੈਂਟ ਕਮੇਟੀ ਬਣਾਉਣ ਦੀ ਮੰਗ ਪੂਰੀ ਹੋ ਗਈ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਹੋਈ ਪਲੇਠੀ ਚੋਣ ਦੇ ਨਤੀਜੇ ਆ ਚੁਕੇ ਹਨ, ਕਮੇਟੀ ਦੀ ਚੋਣ ਵਿਚ 69.37 ਫ਼ੀਸਦੀ ਵੋਟਿੰਗ ਹੋਈ ਹੈ। ਇਸ ਚੋਣ ਨੂੰ ਲੈ ਕੇ ਸੂਬੇ ਦੇ ਸਿੱਖ ਵੋਟਰਾਂ ਵਿਚ ਖ਼ਾਸਾ ਉਤਸ਼ਾਹ ਦੇਖਣ ਨੂੰ ਮਿਲਿਆ। ਔਰਤਾਂ ਸਣੇ ਨੌਜਵਾਨ ਵੋਟਰਾਂ ਨੇ ਇਸ ਚੋਣ ਵਿਚ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਕਮੇਟੀ ਦੇ ਕੁੱਲ 40 ਮੈਂਬਰ ਚੁਣੇ ਗਏ ਸਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਅਕਾਲੀ ਦਲ ਪੰਥਕ ਦੇ ਜਗਦੀਸ਼ ਸਿੰਘ ਝੀਂਡਾ ਤੇ ਜੋਗਾ ਸਿੰਘ ਯਮੁਨਾਨਗਰ, ਸਿੱਖ ਸਮਾਜ ਸੰਸਥਾ ਦੇ ਦੀਦਾਰ ਸਿੰਘ ਨਲਵੀ ਅਤੇ ਹਰਿਆਣਾ ਸਿੱਖ ਪੰਥਕ ਦਲ ਦੇ ਬਲਦੇਵ ਸਿੰਘ ਕਾਇਮਪੁਰੀ ਤੇ ਮੋਹਨਜੀਤ ਸਿੰਘ ਸ਼ਾਮਿਲ ਹਨ, ਜਦੋਂ ਕਿ ਕਾਲਾਂਵਲੀ ਦੇ ਵਾਰਡ 35 ਤੋਂ ਚੋਣ ਲੜਨ ਵਾਲੇ ਸੰਤ ਬਲਜੀਤ ਸਿੰਘ ਦਾਦੂਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਹਰਿਆਣਾ) ਦੀ ਹਾਰ 'ਤੇ ਸਿੱਖ ਸੰਗਤ ਹੈਰਾਨੀ ਵਿਚ ਹੈ। ਉਨ੍ਹਾਂ ਦੀ 1771 ਵੋਟਾਂ ਨਾਲ ਹਾਰ ਹੋਈ ਹੈ। ਉਨ੍ਹਾਂ ਨੂੰ ਹਰਾਉਣ ਵਾਲੇ ਐਡਵੋਕੇਟ ਬਿੰਦਰ ਸਿੰਘ ਖ਼ਾਲਸਾ ਦੀ ਉਮਰ ਸਿਰਫ਼ 28 ਸਾਲ ਹੈ। ਖ਼ਾਲਸਾ ਨੂੰ 4814 ਵੋਟਾਂ ਮਿਲੀਆਂ ਹਨ ਜਦਕਿ ਦਾਦੂਵਾਲ ਨੂੰ 3147 ਵੋਟਾਂ ਮਿਲੀਆਂ।

ਇਨ੍ਹਾਂ ਚੋਣਾਂ ਦੌਰਾਨ ਮਹੱਤਵਪੂਰਨ ਗੱਲ ਇਹ ਰਹੀ ਕਿ ਚੋਣ ਲੜ ਰਹੀਆਂ ਚਾਰੋਂ ਪ੍ਰਮੁੱਖ ਧਿਰਾਂ ਵਲੋਂ ਪੂਰੇ 40 ਹਲਕਿਆਂ ਵਿਚ ਉਮੀਦਵਾਰ ਨਹੀਂ ਉਤਾਰੇ ਗਏ ਸਨ, ਜਿਸ ਕਰਕੇ ਆਏ ਨਤੀਜਿਆਂ ਵਿਚ ਕਿਸੇ ਵੀ ਧਿਰ ਨੂੰ ਬਹੁਮਤ ਨਹੀਂ ਮਿਲਿਆ ਅਤੇ ਆਜ਼ਾਦ ਚੋਣ ਲੜਨ ਵਾਲੇ 22 ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ ਵਿਚ ਜਿੱਤ ਪ੍ਰਾਪਤ ਹੋਈ ਹੈ, ਜਿਸ ਕਾਰਨ ਆਜ਼ਾਦ ਜਿੱਤੇ ਮੈਂਬਰਾਂ ਦੀ ਭੂਮਿਕਾ ਸਭ ਤੋਂ ਵੱਧ ਮਹੱਤਵਪੂਰਨ ਹੋ ਗਈ ਹੈ। ਝੀਂਡਾ ਗਰੁੱਪ ਸਭ ਤੋਂ ਵੱਡੀ ਧਿਰ ਵਜੋਂ ਸਾਹਮਣੇ ਆਇਆ ਹੈ, ਜਿਸ ਦੇ 9 ਉਮੀਦਵਾਰ ਚੋਣ ਜਿੱਤਣ ਵਿਚ ਸਫਲ ਰਹੇ ਹਨ ਅਕਾਲੀ ਦਲ ਦਲ ਦੂਜੇ ਸਥਾਨ 'ਤੇ ਰਿਹਾ, ਜਿਸ ਦੇ 5 ਉਮੀਦਵਾਰ ਜੇਤੂ ਰਹੇ ਅਤੇ ਨਲਵੀ ਗਰੁੱਪ 3 ਹਲਕਿਆਂ ਵਿਚ ਜਿੱਤ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਿਹਾ।

40 ਮੈਂਬਰਾਂ ਦੀ ਚੋਣ ਤੋਂ ਬਾਅਦ ਇਨ੍ਹਾਂ ਵਿਚੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਸਣੇ ਵੱਖ-ਵੱਖ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਹੁਣ ਤੋਂ ਪਹਿਲਾਂ ਐਸਜੀਪੀਸੀ ਤਹਿਤ ਹਰਿਆਣਾ ਤੋਂ ਮੈਂਬਰ ਚੁਣੇ ਜਾਂਦੇ ਸਨ। ਇਹ ਪਹਿਲਾ ਮੌਕਾ ਹੈ ਜਦੋਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਆਜ਼ਾਦ ਚੋਣਾਂ ਹੋਈਆਂ ਹਨ।

### ਝੀਂਡਾ ਨੇ ਅਸਤੀਫਾ ਵਾਪਸ ਲਿਆ

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਹੋਈਆਂ ਚੋਣਾਂ 'ਚ ਪੰਥਕ ਦਲ ਝੀਂਡਾ ਗਰੁੱਪ ਨੂੰ ਬਹੁਮਤ ਨਾ ਮਿਲਣ 'ਤੇ ਜਗਦੀਸ਼ ਸਿੰਘ ਝੀਂਡਾ ਨੇ ਬੀਤੇ ਦਿਨੀਂ



ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਸੀ। ਜਿਸ ਤੋਂ ਬਾਅਦ ਸੰਗਤ ਤੇ ਉਨ੍ਹਾਂ ਦੇ ਜਿੱਤੇ ਉਮੀਦਵਾਰਾਂ ਦੇ ਦਬਾਅ ਹੇਠ ਉਨ੍ਹਾਂ ਫੈਸਲਾ ਵਾਪਸ ਲੈ ਲਿਆ ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵਲੋਂ ਜਾਰੀ ਲਿਸਟ ਵਿਚ ਝੀਂਡਾ ਗਰੁੱਪ ਦੇ 11 ਮੈਂਬਰ ਜੇਤੂ ਦਰਸਾਏ ਗਏ ਜਿਨ੍ਹਾਂ ਵਿਚੋਂ ਇਕ ਮੋਹਨਜੀਤ ਸਿੰਘ ਪਾਣੀਪਤ ਵੀ ਸ਼ਾਮਲ ਹਨ ਪਰ ਝੀਂਡਾ ਨੇ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਦੇ 10 ਨਹੀਂ 9 ਉਮੀਦਵਾਰ ਜਿੱਤੇ ਹਨ ਤੇ ਚੋਣ ਕਮਿਸ਼ਨ ਦੀ ਗਲਤੀ ਕਾਰਨ ਗਲਤ ਅੰਕੜੇ ਆਏ ਹਨ ।

ਇਸ ਮੌਕੇ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਮੈਂ ਚੋਣਾਂ ਤੋਂ ਪਹਿਲਾਂ ਪੂਰੇ ਹਰਿਆਣਾ ਵਿਚ ਸੰਗਤ ਨੂੰ ਮਿਲ ਕੇ ਆਇਆ ਸੀ ਜਿਸ 'ਤੇ ਸੰਗਤ ਨੇ ਮੈਨੂੰ ਭਰੋਸਾ ਦਿੱਤਾ ਕਿ ਅਸੀਂ ਵੱਖਰੀ ਕਮੇਟੀ ਲਈ ਕੀਤੇ ਗਏ ਸੰਘਰਸ਼ ਨੂੰ ਵੋਟਾਂ ਪਾਵਾਂਗੇ ਜਿਸ ਤੋਂ ਬਾਅਦ ਅਸੀਂ ਆਪਣੇ ਚੋਣ ਨਿਸ਼ਾਨ 'ਤੇ 29 ਉਮੀਦਵਾਰ ਮੈਦਾਨ ਵਿਚ ਉਤਾਰੇ ਸਨ ਪਰ ਕਿਸੇ ਕਾਰਨ ਅੱਠ ਉਮੀਦਵਾਰਾਂ ਨੇ ਚੋਣ ਨਿਸ਼ਾਨ 'ਤੇ ਚੋਣ ਨਾ ਲੜਨ ਦਾ ਫੈਸਲਾ ਕੀਤਾ ਸੀ। ਜਿਸ ਤੋਂ ਬਾਅਦ ਮੇਰੇ 21 ਮੈਂਬਰਾਂ ਨੇ ਚੋਣਾਂ ਲੜੀਆਂ ਪਰ ਹਰਿਆਣੇ ਦੀ ਸੰਗਤ ਨੇ ਸਿਰਫ 9 ਉਮੀਦਵਾਰਾਂ ਨੂੰ ਹੀ ਚੋਣ ਮੈਦਾਨ ਵਿਚ ਜਿੱਤ ਦਵਾਈ ਸੀ।

### ਚੋਣਾਂ ਵਿਚ ਅਕਾਲੀ ਦਲ ਵੱਲੋਂ ਵੱਡੀ ਜਿੱਤ ਦਾ ਦਾਅਵਾ !

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਤੀਜਿਆਂ ਵਿੱਚ ਅਕਾਲੀ ਦਲ ਨੇ ਵੱਡੀ ਜਿੱਤ ਦਾ ਦਾਅਵਾ ਕੀਤਾ ਹੈ । ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਸ਼ੋਸ਼ਲ ਮੀਡੀਆ ਅਕਾਊਂਟ ਦੇ ਜਾਣਕਾਰੀ ਸਾਂਝੀ ਕਰਦੇ ਹੋਏ 40 ਵਾਰਡਾਂ ਵਿੱਚੋਂ ਗੱਠਜੋੜ ਰਾਹੀਂ ਟੋਟਲ 17 'ਤੇ ਜਿੱਤ ਹਾਸਲ ਕਰਨ ਦਾ ਦਾਅਵਾ ਕੀਤਾ ਹੈ। ਜਦਕਿ ਕਿਸੇ ਇੱਕ ਗਰੁੱਪ ਨੂੰ ਬਹੁਮਤ ਨਹੀਂ ਮਿਲਿਆ ਹੈ।

ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ ਮੁਤਾਬਿਕ ਕਿਸੇ ਵੀ ਸਿਆਸੀ ਪਾਰਟੀ ਨੂੰ ਚੋਣ ਲੜਨ ਦੀ ਇਜਾਜ਼ਤ ਨਹੀਂ ਸੀ ਇਸੇ ਲਈ ਬਾਦਲ ਦਲ ਨੇ ਹਰਿਆਣਾ ਸਿੱਖ ਪੰਥਕ ਦਲ ਬਣਾ ਕੇ ਚੋਣ ਲੜੀ ਜਿਸ ਦਾ ਚੋਣ ਨਿਸ਼ਾਨ ਢੋਲ ਸੀ। ਢੋਲ ਦੇ ਨਿਸ਼ਾਨ 'ਤੇ ਅਕਾਲੀ ਦਲ ਦੇ 6 ਉਮੀਦਵਾਰ ਜਿੱਤਣ ਦਾ ਦਾਅਵਾ ਕੀਤਾ ਸੀ। ਦਲਜੀਤ ਸਿੰਘ ਚੀਮਾ ਨੇ ਹਰਿਆਣਾ ਦੀ ਸਿੱਖ ਸੰਗਤ ਦਾ ਧੰਨਵਾਦ ਕੀਤਾ ਹੈ

## ਹਰਿਆਣਾ ਗੁਰਦੁਆਰਾ ਕਮੇਟੀ ਕਦੋਂ ਹੋਂਦ ਵਿੱਚ ਆਈ ?

- 11 ਜੁਲਾਈ 2014 ਨੂੰ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਪਾਸ ਕੀਤਾ ਸੀ।
- ਐੱਚਐੱਸਜੀਐੱਮਸੀ ਐਕਟ, 2014 ਨੂੰ ਹਰਿਆਣਾ ਦੇ ਕਾਨੂੰਨੀ ਅਤੇ ਵਿਧਾਨਕ ਵਿਭਾਗ ਦੁਆਰਾ 14 ਜੁਲਾਈ, 2014 ਨੂੰ ਅਧਿਸੂਚਿਤ ਕਰ ਦਿੱਤਾ ਗਿਆ ਸੀ।
- ਇਸ ਮਗਰੋਂ 6 ਅਗਸਤ 2014 ਨੂੰ ਇਸ ਐਕਟ ਦੀ ਕਾਨੂੰਨੀ ਮਾਨਤਾ ਨੂੰ ਸੁਪਰੀਮ ਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਦੇ ਨਾਲ ਚੁਣੌਤੀ ਦਿੱਤੀ ਗਈ ਸੀ ਪਰ 20 ਸਤੰਬਰ 2022 ਨੂੰ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਮਾਨਤਾ ਨੂੰ ਬਰਕਰਾਰ ਰੱਖਿਆ ਅਤੇ ਕਮੇਟੀ ਦੇ ਗਠਨ ਲਈ ਰਾਹ ਪੱਧਰਾ ਕਰ ਦਿੱਤਾ ਸੀ।
- ਜਦੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨ ਹੋਂਦ ਵਿੱਚ ਆਇਆ ਤਾਂ ਇਸਦਾ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਰੋਧ ਕੀਤਾ ਗਿਆ।
- ਇਸ ਵਿਰੋਧ ਦਾ ਕਾਰਨ ਇਹ ਸੀ ਕਿ ਇਸ ਕਾਨੂੰਨ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਹੀ ਹਰਿਆਣਾ ਵਿੱਚ ਸਥਿਤ ਇਤਿਹਾਸਕ ਗੁਰਦੁਆਰਿਆਂ ਦੀ ਦੇਖ ਰੇਖ ਕੀਤੀ ਜਾਂਦੀ ਸੀ। ਆਖ਼ਰ ਸੁਪਰੀਮ ਕੋਰਟ ਵੱਲੋਂ ਕਾਨੂੰਨੀ ਮਾਨਤਾ ਬਰਕਰਾਰ ਰੱਖਣ ਮਗਰੋਂ ਇਹ ਵਿਵਾਦ ਖ਼ਤਮ ਹੋ ਗਿਆ।

### ਕੀ ਚੁਣੌਤੀਆਂ ਹਨ ਨਵੀਂ ਚੁਣੀ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੂੰ

ਬੇਸ਼ੱਕ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੇਠ ਹਰਿਆਣਾ ਦੇ 52 ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਆਇਆ ਹੈ, ਪਰ ਆਮਦਨ ਵਾਲੇ ਸਿਰਫ 5 ਗੁਰਦੁਆਰਾ ਸਾਹਿਬ ਨਾਢਾ ਸਾਹਿਬ ਪੰਚਕੂਲਾ, ਸੀਸ ਗੰਜ ਸਾਹਿਬ ਤਰਾਵੜੀ ਕਰਨਾਲ, ਕਪਾਲ ਮੋਚਨ ਸਾਹਿਬ ਯਮੁਨਾਨਗਰ, ਧਮਧਾਨ ਸਾਹਿਬ ਜੀਂਦ ਅਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਕੈਥਲ ਆਦਿ ਹੀ ਹਨ ਅਤੇ 47 ਇਤਿਹਾਸਕ ਗੁਰਦੁਆਰਾ ਸਾਹਿਬ ਘੱਟ ਆਮਦਨ ਵਾਲੇ ਹਨ, ਜਿਨ੍ਹਾਂ ਦੇ ਢੁਕਵੇਂ ਅਤੇ ਸੁਚੱਜੇ ਪ੍ਰਬੰਧਾਂ ਦੀ ਬੜੀ ਲੋੜ ਹੈ।

ਬੇਸ਼ੱਕ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਇਤਿਹਾਸਕ ਗੁਰਦੁਆਰਿਆਂ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਹੈ, ਪਰ ਇਨ੍ਹਾਂ ਜ਼ਮੀਨਾਂ ਅਤੇ ਹੋਰਨਾਂ ਜਾਇਦਾਦਾਂ ਦੇ ਰਿਕਾਰਡ ਮਾਲ ਮਹਿਕਮੇ ਤੋਂ ਕਰਵਾਉਣ ਦੀ ਵੱਡੀ ਚੁਣੌਤੀ ਵੀ ਕਮੇਟੀ ਨੂੰ ਦਰਪੇਸ਼ ਹੈ। ਹਾਲਾਂਕਿ ਬੈਂਕ ਖਾਤੇ ਪਹਿਲਾਂ ਹੀ ਨਾਂਅ ਕਰਵਾ ਲਏ ਗਏ ਹਨ।

ਇਸ ਤੋਂ ਇਲਾਵਾ ਜਿਹੜੀ ਜ਼ਮੀਨ ਖੇਤੀ ਲਈ ਠੇਕੇ 'ਤੇ ਦਿੱਤੀ ਹੋਈ ਹੈ, ਉਸ ਬਾਰੇ ਵੀ ਪੁਨਰ ਵਿਚਾਰ ਕਰਨ ਦੀ ਲੋੜ ਹੈ, ਜੋ ਮੌਜੂਦਾ ਚੱਲ ਰਹੀ ਠੇਕੇ ਦੀ ਕੀਮਤ ਤੋਂ ਕਾਫੀ ਘੱਟ ਦੱਸੀ ਜਾ ਰਹੀ ਹੈ। ਇਸ ਲਈ ਖ਼ਾਸ ਮਾਹਿਰਾਂ ਦੀ ਸੇਵਾ ਲੈਣ ਦੀ ਲੋੜ ਹੈ। ਇਹ ਚੁਣੌਤੀਆਂ ਤਾਂ ਜ਼ਮੀਨ-ਜਾਇਦਾਦ ਨੂੰ ਲੈ ਕੇ ਹਨ। ਇਸ ਤੋਂ ਇਲਾਵਾ ਹਰਿਆਣਾ ਅੰਦਰ ਕਮੇਟੀ ਦੇ ਪ੍ਰਬੰਧਾਂ ਹੇਠ ਸਿੱਖਿਆ ਸੰਸਥਾਨ ਵੀ ਖੋਲ੍ਹੇ ਜਾਣੇ ਚਾਹੀਦੇ ਹਨ। ਮੌਜੂਦਾ ਸਮੇਂ ਕਮੇਟੀ ਹੇਠ 5 ਸਿੱਖਿਅਕ ਸੰਸਥਾਨ ਹਨ, ਜਿਨ੍ਹਾਂ 'ਚ ਸਿਰਸਾ, ਕੈਥਲ ਅਤੇ ਕਪਾਲ ਮੋਚਨ ਯਮੁਨਾਨਗਰ ਵਿਖੇ ਇਕ-ਇਕ ਸਕੂਲ, ਜਦਕਿ ਪੰਜੋਖਰਾ ਸਾਹਿਬ ਅੰਬਾਲਾ ਅਤੇ ਨਿਸਿੰਗ ਕਰਨਾਲ 'ਚ ਇਕ-ਇਕ ਕਾਲਜ ਹਨ। ਇਸ ਪਾਸੇ ਵੀ ਕਮੇਟੀ ਨੂੰ ਵਿਸ਼ੇਸ਼ ਉਪਰਾਲੇ ਕਰਨੇ ਹੋਣਗੇ। ਇਸ ਤੋਂ ਇਲਾਵਾ ਧਾਰਮਿਕ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਵੀ ਉਪਰਾਲੇ ਕਰਨੇ ਹੋਣਗੇ ਅਤੇ ਹਰਿਆਣਾ ਸਰਕਾਰ 'ਤੇ ਵੀ ਪੰਜਾਬੀ ਭਾਸ਼ਾ ਨੂੰ ਰਾਜ ਦੀ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਦਬਾਅ ਬਣਾਉਣਾ ਹੋਵੇਗਾ। ਧਾਰਮਿਕ ਪ੍ਰੋਗਰਾਮ ਅਤੇ ਹੋਰ ਵੱਡੇ ਪ੍ਰੋਗਰਾਮ ਰਾਜ ਪੱਧਰ 'ਤੇ ਸ਼ੁਰੂ ਕਰਨ ਦੇ ਉਪਰਾਲੇ ਵੀ ਕਰਨੇ ਹੋਣਗੇ, ਤਾਂ ਕਿ ਰਾਜ ਦੇ ਸਿੱਖ ਨੌਜਵਾਨ ਵੱਧ ਤੋਂ ਵੱਧ ਸਿੱਖੀ ਨਾਲ ਜੁੜਨ।

ਡਾਕਟਰੀ ਸਹੂਲਤਾਂ ਵਿਚ ਵਾਧਾ ਕਰਨ ਲਈ ਵੀ ਨਵੀਂ ਹੋਂਦ ਵਿਚ ਆਉਣ ਵਾਲੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਕੰਮ ਕਰਨਾ ਹੋਵੇਗਾ, ਤਾਂ ਕਿ ਹਰਿਆਣਾ ਦੇ ਲੋਕਾਂ ਖ਼ਾਸਕਰ ਸਿੱਖਾਂ ਨੂੰ ਮਿਆਰੀ ਅਤੇ ਸਸਤੀਆਂ ਸਿਹਤ ਸਹੂਲਤਾਂ ਮਿਲ ਸਕਣ। ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਸਹਾਇਤਾ ਨਾਲ ਸ਼ਾਹਬਾਦ ਮਾਰਕੰਡਾ ਵਿਖੇ ਇਕ ਟਰੱਸਟ ਦੀ ਅਗਵਾਈ ਵਿਚ ਮੀਰੀ-ਪੀਰੀ ਮੈਡੀਕਲ ਹਸਪਤਾਲ ਚੱਲ ਰਿਹਾ ਹੈ, ਇਸ ਟਰੱਸਟ ਵਲੋਂ ਇਕ ਮੈਡੀਕਲ ਕਾਲਜ ਵੀ ਬਣਾਇਆ ਜਾਣਾ ਸੀ, ਪਰ ਸਰਕਾਰੀ ਅੜਚਣਾਂ ਕਾਰਨ ਮੈਡੀਕਲ ਕਾਲਜ ਹੋਂਦ ਵਿਚ ਨਹੀਂ ਆ ਸਕਿਆ, ਜਿਸ ਦਾ ਪ੍ਰਬੰਧ ਲੈਣਾ ਵੀ ਨਵੀਂ ਕਮੇਟੀ ਲਈ ਵੱਡੀ ਚੁਣੌਤੀ ਹੈ। ਧਰਮ ਪ੍ਰਚਾਰ ਵੀ ਨਵੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਲਈ ਵੱਡੀ ਜ਼ਿੰਮੇਵਾਰੀ ਹੋਵੇਗੀ। ਇਸ ਤੋਂ ਇਲਾਵਾ ਇਤਿਹਾਸਕ ਗੁਰਦੁਆਰਿਆਂ 'ਚ ਨਵੀਆਂ ਸਰਾਵਾਂ ਬਣਾਉਣ ਅਤੇ ਪੁਰਾਣੀਆਂ ਸਰਾਵਾਂ ਦੀ ਮੁਰੰਮਤ ਦੇ ਵੀ ਵੱਡੇ ਮੁੱਦੇ ਹਨ।



ਰਜਿੰਦਰ ਸਿੰਘ ਪੁਰੇਵਾਲ

ਵਿਚਾਰ :– ਸੱਚੇ ਪਿਆਰ ਦੀ ਛੋਹ ਹੀ ਇਨਸਾਨ ਦੀਆਂ ਭਾਵਨਾਵਾਂ ਬਦਲ ਸਕਦੀ ਹੈ ।

# ਭਾਰਤ ਦਾ ਸਭ ਤੋਂ ਵੱਡਾ ਡਰੱਗ ਅੱਡਾ ਗੁਜਰਾਤ ਹੈ

## ਪੁਲੀਸ ਦੀਆਂ ਕਾਲੀਆਂ ਭੇਡਾਂ ਤੇ ਭ੍ਰਿਸ਼ਟ ਸਿਆਸਤਦਾਨਾਂ ਦਾ ਗੱਠਜੋੜ ਜੁੜਿਆ ਹੈ

ਧਰਮਪੁਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਵਿਧਾਇਕ ਚੰਦਰਸ਼ੇਖਰ ਨੇ ਹਿਮਾਚਲ ਪ੍ਰਦੇਸ਼ ਵਿੱਚ ਨੌਜਵਾਨਾਂ ਵਿੱਚ ਵੱਧ ਰਹੀ ਨਸ਼ੇ ਦੀ ਲਤ 'ਤੇ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿ ਗੁਆਂਢੀ ਸੂਬੇ ਪੰਜਾਬ ਦੀਆਂ ਕਈ ਤਾਕਤਾਂ ਹਿਮਾਚਲ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕਣ ਵਿੱਚ ਸ਼ਾਮਲ ਹਨ। ਇਹ ਤਾਕਤਾਂ ਨਹੀਂ ਚਾਹੁੰਦੀਆਂ ਕਿ ਹਿਮਾਚਲ ਪ੍ਰਦੇਸ਼ ਦੇ ਨੌਜਵਾਨ ਅੱਗੇ ਵਧਣ। ਉਸਦਾ ਕਹਿਣਾ ਹੈ ਕਿ ਪੰਜਾਬ ਨੇ ਆਪਣੀ ਸਾਰੀ ਤਾਕਤ ਹਿਮਾਚਲ ਪ੍ਰਦੇਸ਼ ਨੂੰ ਬਰਬਾਦ ਕਰਨ ਵਿੱਚ ਲਗਾ ਦਿੱਤੀ ਹੈ। ਹਿਮਾਚਲ ਦੇ ਮਨਸੂਬੇ ਜੋ ਵੀ ਹੋਣ, ਅਸੀਂ ਉਨ੍ਹਾਂ ਨੂੰ ਸਫਲ ਨਹੀਂ ਹੋਣ ਦਿਆਂਗੇ। ਸੂਬੇ ਦੀ ਸੁੱਖੂ ਸਰਕਾਰ ਇਨ੍ਹਾਂ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਤਿਆਰ ਹੈ। ਹੁਣ ਗੁਆਂਢੀ ਰਾਜਾਂ ਤੋਂ ਹਿਮਾਚਲ ਵਿੱਚ ਫੈਲ ਰਹੇ ਨਸ਼ੇ ਦੇ ਇਨ੍ਹਾਂ ਜੜ੍ਹਾਂ ਨੂੰ ਖਤਮ ਕਰ ਦਿੱਤਾ ਜਾਵੇਗਾ

ਇਹ ਗੱਲ ਸੱਚ ਹੈ ਕਿ ਭਾਰਤ ਦੇ ਕਈ ਸੂਬਿਆਂ ਵਿਚ ਨਸ਼ੇ ਦੀ ਆਦਤ ਮਹਾਮਾਰੀ ਵਾਂਗ ਫੈਲਦੀ ਜਾ ਰਹੀ ਹੈ ਅਤੇ ਹਿਮਾਚਲ ਪ੍ਰਦੇਸ਼ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਪਰ ਪੰਜਾਬ ਉਪਰ ਅਜਿਹੇ ਦੋਸ਼ ਲਗਾਉਣੇ ਗਲਤ ਹਨ। ਹਿਮਾਚਲ ਵਿਚ ਨਸ਼ੀਲੀ ਡਰੱਗ ਤਾਂ ਦਵਾਈ ਕੰਪਨੀਆਂ ਵਿਚ ਵੀ ਬਣ ਰਹੀ ਹੈ। ਪਰ ਹਿਮਾਚਲ ਸਰਕਾਰ ਨੇ ਇਸ ਵਲ ਧਿਆਨ ਕਿਉਂ ਨਹੀਂ ਦਿੱਤਾ। ਪੰਜਾਬ ਡੀਜੀਪੀ ਗੌਰਵ ਯਾਦਵ ਅਨੁਸਾਰ ਪੁਲੀਸ ਦੀ ਸਪੈਸ਼ਲ ਟਾਸਕ ਫੋਰਸ ਨੇ ਇਕ ਗਰੋਹ ਦੇ ਮੁੱਖ ਆਗੂ ਸਮੇਤ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਕਿ ਉੱਤਰੀ ਭਾਰਤ ਦੇ ਪੰਜ ਰਾਜਾਂ ਵਿੱਚ ਨਸ਼ਿਆਂ ਦਾ ਕਾਰੋਬਾਰ ਅਤੇ ਨੈੱਟਵਰਕ ਚਲਾ ਰਿਹਾ ਸੀ।

ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀ ਖੇਪ ਪੁਲਿਸ ਦੀ ਨੱਕ ਹੇਠ ਹਿਮਾਚਲ ਪ੍ਰਦੇਸ਼ ਦੇ ਬੱਦੀ ਵਿਖੇ ਸਥਿਤ ਇੱਕ ਫਾਰਮਾਸਿਊਟੀਕਲ ਫੈਕਟਰੀ ਤੋਂ ਪੰਜ ਰਾਜਾਂ ਵਿੱਚ ਪਹੁੰਚਾਈ ਗਈ ਸੀ। ਇਸ ਵਿੱਚ ਫਾਰਮਾ ਫੈਕਟਰੀ ਦੇ ਮੁਲਾਜ਼ਮਾਂ ਦੀ ਭੂਮਿਕਾ ਵੀ ਸਾਹਮਣੇ ਆਈ ਹੈ। ਪੁਲਿਸ ਨੇ ਗਿਰੋਹ ਕੋਲੋਂ 70.42 ਲੱਖ ਨਸ਼ੀਲੀਆਂ ਗੋਲੀਆਂ, 725 ਕਿਲੋ ਟਰਾਮਾਡੋਲ ਪਾਊਡਰ ਅਤੇ 2.37 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ। ਡੀਜੀਪੀ ਅਨੁਸਾਰ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀਜ਼ ਵਿਰੁੱਧ ਕਾਰਵਾਈ ਦੌਰਾਨ 47.32 ਨਸ਼ੀਲੇ ਕੈਪਸੂਲ ਅਤੇ 725.5 ਕਿਲੋ ਨਸ਼ੀਲਾ ਟਰਾਮਾਡੋਲ ਪਾਊਡਰ - ਜੋ ਕਿ 1.5 ਕਰੋੜ ਕੈਪਸੂਲ ਬਣਾਉਣ ਲਈ ਕਾਫੀ ਸੀ - ਬਰਾਮਦ ਕੀਤਾ ਗਿਆ ਸੀ। ਇਹ ਤਾਂ ਹਿਮਾਚਲ ਦੀ ਇਕ ਕੰਪਨੀ ਹੈ, ਪਰ ਕਿੰਨੀਆਂ ਕੰਪਨੀਆਂ ਇਸ ਕਾਲੇ ਕਾਰੋਬਾਰ ਨਾਲ ਜੁੜੀਆਂ ਹਨ ਕਿ ਇਸ ਦਾ ਕੀ ਹਿਮਾਚਲ ਸਰਕਾਰ ਨੇ ਵਿਸ਼ਲੇਸ਼ਣ ਕੀਤਾ ਹੈ। ਭਾਰਤ ਦਾ ਸਭ ਤੋਂ ਵੱਡਾ ਡਰੱਗ ਅੱਡਾ ਗੁਜਰਾਤ ਹੈ। 29 ਅਗਸਤ 2022 ਦੀ ਬੀਬੀਸੀ ਵੈਬਸਾਈਟ ਯੂਕੇ 30 ਅਗਸਤ 2022 ਅਨੁਸਾਰ ਪੰਜਾਬ ਪੁਲਿਸ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੇ ਸਮੁੰਦਰੀ ਬੰਦਰਗਾਹਾਂ ਰਾਹੀਂ ਤਸਕਰੀ ਕੀਤੀ ਗਈ 185.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ। ਡੀਜੀਪੀ ਪੰਜਾਬ ਗੌਰਵ ਯਾਦਵ ਮੁਤਾਬਕ ਇਹ ਬਹੁਤ ਵੱਡੀ ਖੇਪ ਸਮੁੰਦਰੀ ਰਸਤਿਓਂ ਭਾਰਤ ਵਿੱਚ ਆਈ ਸੀ ਅਤੇ ਗੁਜਰਾਤ ਦੇ ਭੁਜ ਇਲਾਕੇ ਤੋਂ ਟਰੱਕਾਂ ਰਾਹੀਂ ਪੰਜਾਬ ਵਿੱਚ ਆ ਰਹੀ ਸੀ। ਐਸਟੀਐਫ ਅਧਿਕਾਰੀ ਦੀ ਕਹਿਣਾ ਸੀ ਕਿ ਫਰਮਾਕਿਊਟੀਕਲ ਡਰੱਗ ਪੰਜਾਬ ਵਿੱਚ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਆਉਂਦਾ ਹੈ, ਭੰਗ ਅਤੇ ਚਰਸ ਦੀ ਉਤਪਾਦਨ ਹਿਮਾਚਲ ਵਿਚ ਹੁੰਦਾ ਹੈ। ਹੁਣ ਤਾਂ ਭਾਰਤ ਵਿਚ ਅਫਰੀਕੀ ਦੇਸ਼ਾਂ ਤੋਂ ਇਲਾਵਾ ਨੇਪਾਲੀ ਅਤੇ ਭਾਰਤੀ ਸਮੱਗਲਰ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਹਿਮਾਚਲ ਦੇ ਕੁਝ ਇਲਾਕੇ 'ਡਰੱਗ ਟੂਰਿਜ਼ਮ' ਲਈ ਵੀ ਬਦਨਾਮ ਹੋ ਗਏ ਹਨ, ਜਿਥੇ ਸਭ ਤਰ੍ਹਾਂ ਦਾ ਨਸ਼ਾ ਆਸਾਨੀ ਨਾਲ ਮਿਲਣ ਕਾਰਨ ਹਰ ਸਾਲ ਵੱਡੀ ਗਿਣਤੀ ਵਿਚ ਸੈਲਾਨੀ ਆਉਂਦੇ ਹਨ।

ਇਸਰਾਈਲ ਸਮੇਤ ਕੁਝ ਦੇਸ਼ਾਂ ਦੇ ਨਸ਼ਾ ਪ੍ਰੇਮੀ ਸੈਲਾਨੀਆਂ ਵਿਚ ਤਾਂ ਹਿਮਾਚਲ ਬਹੁਤ ਹਰਮਨਪਿਆਰਾ ਹੈ। ਹਰ ਸਾਲ ਵੱਡੀ ਗਿਣਤੀ ਵਿਚ ਇਸਰਾਈਲੀ ਹਿਮਾਚਲ ਦੀ ਧੌਲਾਧਾਰ ਲੜੀ ਵਿਚ ਵਸੇ ਪਿੰਡ 'ਧਰਮਕੋਟ' ਵਿਖੇ ਆ ਕੇ ਰਹਿੰਦੇ ਹਨ। ਇਥੋਂ ਤੱਕ ਕਿ ਇਹ ਪਿੰਡ 'ਤੇਲਅਵੀਵ' ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਹੈ। ਇਥੇ ਹਿਬਰੂ ਸ਼ੈਲੀ ਦੇ ਕਈ 'ਸਾਈਨੇਜ' ਵੀ ਬਣੇ ਹੋਏ ਹਨ ਅਤੇ ਇਕ ਚਾਰ ਮੰਜ਼ਿਲਾ 'ਚਬਾਡ ਹਾਊਸ' (ਯਹੂਦੀ ਸਮੁਦਾਇਕ ਕੇਂਦਰ) ਵੀ ਬਣਿਆ ਹੋਇਆ ਹੈ। ਨਸ਼ਿਆਂ ਦੀ ਆਸਾਨੀ ਨਾਲ ਉਪਲਬਧਤਾ ਕਾਰਨ ਹੁਣ ਤਾਂ ਇਥੇ ਵੀ ਮੌਜ-ਮਸਤੀ ਲਈ ਗੋਆ ਵਾਂਗ ਹੀ ਨਸ਼ੇੜੀਆਂ ਦੀਆਂ ਗੈਰ-ਕਾਨੂੰਨੀ 'ਰੇਵ ਪਾਰਟੀਆਂ' ਅਤੇ 'ਫੁਲ ਮੂਨ ਪਾਰਟੀਆਂ' ਆਯੋਜਿਤ ਹੋਣ ਲੱਗੀਆਂ ਹਨ। ਆਮ ਤੌਰ 'ਤੇ ਜੰਗਲਾਂ ਆਦਿ ਸੁੰਨਸਾਨ ਅਤੇ ਖੁੱਲ੍ਹੀਆਂ ਥਾਵਾਂ 'ਤੇ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਪਾਰਟੀਆਂ ਦੇ ਆਯੋਜਕ ਇਨ੍ਹਾਂ ਵਿਚ ਸ਼ਾਮਲ ਹੋਣ ਵਾਲੇ ਨੌਜਵਾਨ-ਮੁਟਿਆਰਾਂ ਕੋਲੋਂ ਭਾਰੀ ਰਕਮ ਵਸੂਲਦੇ ਹਨ। ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਖਾਣ-ਪੀਣ ਵਾਲੀਆਂ ਵਸਤਾਂ ਅਤੇ ਨਸ਼ਾ ਪਰੋਸਿਆ ਜਾਂਦਾ ਹੈ ਅਤੇ ਉੱਚੇ ਸੰਗੀਤ ਦੀ ਧੁੰਨ 'ਤੇ ਮਸਤੀ ਕਰਵਾਈ ਜਾਂਦੀ ਹੈ। ਪੁਲਸ ਰਿਕਾਰਡ ਮੁਤਾਬਕ ਨਸ਼ੇ ਦੀ ਖੇਪ ਨਾਲ ਫੜੇ ਜਾ ਰਹੇ ਲੋਕਾਂ ਵਿਚ 70 ਫ਼ੀਸਦੀ ਹਿਮਾਚਲੀ ਨੌਜਵਾਨ ਹਨ।

ਸੋ ਡਰੱਗ ਇਕ ਵੱਡਾ ਕਾਰੋਬਾਰ ਹੈ, ਜਿਸ ਨਾਲ ਪੁਲੀਸ ਦੀਆਂ ਕਾਲੀਆਂ ਭੇਡਾਂ ਤੇ ਭ੍ਰਿਸ਼ਟ ਸਿਆਸਤਦਾਨਾਂ ਦਾ ਗੱਠਜੋੜ ਜੁੜਿਆ ਹੈ, ਪਰ ਬਦਨਾਮ ਪੰਜਾਬੀਆਂ ਨੂੰ ਕੀਤਾ ਜਾਂਦਾ ਹੈ।ਅਜੇ ਤਕ ਹਿਮਾਚਲ ਦੀ ਡਰੱਗ ਕੰਪਨੀ ਤੇ ਗੁਜਰਾਤ ਤੋਂ ਫੜੇ ਨਸ਼ਿਆਂ ਦੇ ਜ਼ਿੰਮੇਵਾਰ ਲੋਕਾਂ ਦਾ ਖੁਲਾਸਾ ਨਹੀਂ ਹੋਇਆ ਕਿ ਕੋਣ ਜ਼ਿੰਮੇਵਾਰ ਹੈ। ਇਹੋ ਜਿਹੀਆਂ ਘਟਨਾਵਾਂ ਨੂੰ ਦਬਾਉਣ ਦੇ ਕੋਣ ਜ਼ਿੰਮੇਵਾਰ ਹਨ। ਪਰ ਪੰਜਾਬ ਨੂੰ ਸਾਜਿਸ਼ ਤਹਿਤ ਕਿਉਂ ਬਦਨਾਮ ਕੀਤਾ ਜਾਂਦਾ ਹੈ। ਪੰਜਾਬ ਦੇ ਨੌਜਵਾਨ ਆਪ ਹੀ ਡਰੱਗ ਦੀ ਲਪੇਟ ਵਿਚ ਨਸਲਕੁਸ਼ੀ ਦੇ ਰਾਹ ਉਪਰ ਹਨ। ਪਰ ਸਰਕਾਰਾਂ ਚੁਪ ਹਨ।ਕੋਈ ਕਾਰਵਾਈ ਨਹੀਂ ਕਰ ਰਹੀਆਂ।

-ਰਜਿੰਦਰ ਸਿੰਘ ਪੁਰੇਵਾਲ

NEWS & VIEWS

# PANTHIC ACCOUNTABILITY OF SIKH BRITISH MPs



Gurmukh Singh OBE

***A Sikh has to fulfil his Panthic obligations as a member of the corporate entity of the Panth* (Sikh Reht Maryada)**

It is true that the presence of identity Sikhs in the Parliament makes the point that Sikhs do have a place in the British plural society. They are an important minority in British diversity united by shared British and Sikh values. They have own theo-cultural identity, heritage and identity which also link them to their roots in Panjab, divided between India and Pakistan since 1947.

For these reasons, *in addition to national and local issues concerning all communities*, there is an expectation that they would also raise specific issues of concern to British Sikhs. In any case, Sikh issues have always been raised by non-Sikh MPs with sizeable number of Sikh constituents. Southall MP, late Sydney Bidwell, was an outstanding example. His publication by the Sikh Missionary Society UK, *The Turban Victory*, is a good source of reference for Sikh turban related issues.

In due course, in order to brief MPs, UK Sikh issues began to be prioritised by the Sikhs, first, as *The Sikh Agenda* and later, from 2015, as *The Sikh Manifesto*. Electronic versions of successive Sikh Manifestos are available on the Sikh Missionary Society Website (see at footnote). The first Sikh Manifesto of 2015 was especially well-received as a blueprint by diaspora Sikhs and as a fair summary of Sikh tradition and legitimate UK Sikh issues with reference to Sikh ideology, identity and Anglo-Sikh aspects.

There is an expectation that MPs would use the Sikh Manifesto as a source of reference regarding Sikh concerns. British Sikhs are likely to measure performance of MPs under these headings. Naturally, British Sikh expectation is that Sikh identity MPs would raise Sikh issues even more effectively due to their Sikh background and regular dialogue with local Sangat.

High profile Sikhs need to understand that Sikhi values and temporal objectives would help and not hinder their careers and stature in the wider society. That, to seek *Panth di Chardhi Kalaa* is compatible with *Sarbat da Bhalaa*, the well-being of all and creation of a just and fair human society.

One view is that in 1984, the Sikh president of India could have served Sikh Qaum and country (India) better with that realisation at a critical juncture in Sikh and Indian history. If required, he should have welcomed any personal sacrifice in Sikhi spirit. Later, the Sikh Prime Minister of India could have done even more for the Panth while also re-affirming the original democratic spirit of the Indian Constitution.

A related point is the question of lead in the Panth. Guru Nanak *Jot-Jugat* (Guiding Light and Methodology) was in one Guru-person until Guru Gobind Singh Ji placed It in Guru Granth and collective Guru Panth. The Panthic Manifesto in Guru Granth Sahib is interpreted collectively by the Guru Panth. Thus guided, Sikhs can lead as individuals in own spheres and also as a collective when assembled as the Panth before Sri Akal Takht Sahib.

So, Sikhs will no longer seek some elusive super individual as *leader* when this concept is understood. Sikhs do not need a leader because they always had the Guru Granth-Panth lead. The 18 Century Khalsa understood this concept and remained invincible.

British Sikhs expect Panthic accountability from Sikh MPs in addition to representation of local issues and participation in debates about national and international issues.

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਦੀ ਸਿਆਸਤ ਵਿਚ ਸਿੱਖਾਂ ਦਾ ਘਟ ਰਿਹਾ ਹੈ ਪ੍ਰਭਾਵ !

## ✪ ਦਲਿਤ ਤੇ ਮਜ਼੍ਹਬੀ ਸਿੱਖਾਂ ਦਾ ਧਰਮ-ਪਰਿਵਰਤਨ, ਪਰਿਵਾਰ ਨਿਯੋਜਨ ਤੇ ਪ੍ਰਵਾਸ ਸਿੱਖਾਂ ਦੀ ਅਬਾਦੀ ਘਟਾ ਰਿਹਾ ਏ ✪ ਗਿਆਨੀ ਹਰਪ੍ਰੀਤ ਸਿੰਘ ਪੰਥਕ ਮੁਹਿੰਮ ਚਲਾਉਣ ਦੇ ਹੱਕ ਵਿਚ

ਇਸ ਵੇਲੇ ਸਿੱਖ ਕੌਮ ਪੰਜਾਬ ਵਿਚ ਰਾਜਨੀਤਕ ਤੌਰ ਉਪਰ ਕਮਜ਼ੋਰ ਦਿਖ ਰਹੀ ਹੈ। ਇਸ ਲਈ ਸਮੁਚੀਆਂ ਪੰਥਕ ਧਿਰਾਂ ਨੂੰ ਆਪਸੀ ਸੰਵਾਦ ਰਚਾਕੇ ਸੱਚਮੁੱਚ ਇਹ ਵਿਚਾਰਕੇ ਆਪਣੀ ਪ੍ਰਭੁਸਤਾ ਲਈ ਅਮਲ ਕਰਨ ਯੋਗ ਏਜੰਡਾ ਲਿਆਕੇ ਪਹਿਰਾ ਦੇਣ ਦੀ ਲੋੜ ਹੈ ਤਾਂ ਜੋ ਸਿੱਖ ਰਾਜਨੀਤੀ ਆਪਣੇ ਪੈਰਾਂ ਸਿਰ ਖੜੀ ਹੋ ਸਕੇ। ਅਜੋਕੀ ਪਾਟੋਧਾੜ ਵਾਲੀ ਗਰੁਪਾਂ ਵਿਚ ਵੰਡੁ ਸਿੱਖ ਰਾਜਨੀਤੀ ਸਿੱਖਾਂ ਨੂੰ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਤੋਂ ਬਹੁਤ ਦੂਰ ਰਸਾਤਲ ਦੀ ਕਿਸੇ ਡੂੰਘੀ ਖਾਈ ਵੱਲ ਧੱਕਦੀ ਨਜ਼ਰ ਆ ਰਹੀ ਹੈ। ਇਹ ਇਕੱਲੀ ਅਕਾਲੀ ਰਾਜਨੀਤੀ ਦੀ ਗੱਲ ਨਹੀਂ, ਸਗੋਂ ਸਮੁੱਚੀ ਸਿੱਖ ਰਾਜਨੀਤੀ ਦੀ ਗੱਲ ਹੈ। ਇਤਿਹਾਸਕ ਸੱਚ ਇਹੀ ਹੈ ਕਿ 1948 ਤੇ 1966 ਦੀ ਸਿੱਖ ਲੀਡਰਸ਼ਿਪ ਜੋ ਪ੍ਰਤੱਖ ਰੂਪ ਵਿਚ ਅਕਾਲੀ ਲੀਡਰਸ਼ਿਪ ਹੀ ਸੀ, ਪੰਜਾਬੀ ਸੂਬੇ ਲਈ ਜੂਝਦੀ ਰਹੀ, ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖ ਬਹੁਗਿਣਤੀ ਵਾਲਾ ਸੂਬਾ ਮੰਗਣਾ ਸੰਵਿਧਾਨਕ ਦਾਇਰੇ ਵਿਚ ਸੰਭਵ ਨਹੀਂ ਸੀ। ਇਸ ਲਈ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਸੂਬਾ ਮੰਗਿਆ ਗਿਆ, ਜੋ ਸੰਵਿਧਾਨਕ ਦਾਇਰੇ ਵਿਚ ਵੀ ਸੀ ਤੇ ਸਿੱਖਾਂ ਦੀ ਆਬਾਦੀ ਦਾ ਤਨਾਸਬ ਵੀ ਵਧਾਉਂਦਾ ਸੀ। ਗੌਰਤਲਬ ਹੈ ਕਿ ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਸਿੱਖਾਂ ਨੇ ਬਹੁਤ ਮਾਰ ਖਾਧੀ ਤੇ ਵੱਡੀ ਗਿਣਤੀ ਵਿਚ ਕਤਲੋਗਾਰਤ ਦੇ ਸ਼ਿਕਾਰ ਵੀ ਹੋਏ। ਪਰ ਇਸ ਦਾ ਇਕ ਫਾਇਦਾ ਇਹ ਜ਼ਰੂਰ ਹੋਇਆ ਕਿ ਉਹ ਭਾਰਤੀ ਪੰਜਾਬ ਦੇ ਇਕ ਹਿੱਸੇ ਵਿਚ ਇਕੱਠੇ ਹੋ ਗਏ।

ਅਸਲ ਵਿਚ ਆਜ਼ਾਦੀ ਵੇਲੇ ਭਾਰਤ ਵਿਚ 500 ਤੋਂ ਵਧੇਰੇ ਰਾਜ (ਰਿਆਸਤਾਂ) ਸਨ, ਜਿਨ੍ਹਾਂ ਨੂੰ ਭਾਰਤੀ ਸੰਘ ਵਿਚ ਕਿਵੇਂ ਮਿਲਾਉਣਾ ਹੈ, ਇਹ ਇਕ ਵੱਡਾ ਸਵਾਲ ਸੀ, ਜਿਸ ਨੂੰ ਉਸ ਸਮੇਂ ਦੇ ਗ੍ਰਹਿ ਮੰਤਰੀ ਵਲਭ ਭਾਈ ਪਟੇਲ ਦੀ ਕੂਟਨੀਤੀ ਨੇ ਕਾਫ਼ੀ ਹੱਦ ਤੱਕ ਹੱਲ ਕੀਤਾ। ਪਰ ਦੇਸ਼ ਵਿਚ ਭਾਸ਼ਾ ਆਧਾਰਿਤ ਰਾਜ ਬਣਾਉਣ ਦੀ ਗੱਲ ਉੱਭਰਨ ਕਾਰਨ 1948 ਵਿਚ, ਸੇਵਾਮੁਕਤ ਜੱਜ ਐਸ.ਕੇ. ਧਰ ਦੀ ਅਗਵਾਈ ਵਿਚ 4 ਮੈਂਬਰੀ ਕਮਿਸ਼ਨ ਬਣਾਇਆ ਗਿਆ। ਪਰ ਇਸ ਕਮਿਸ਼ਨ ਨੇ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਉਣ ਦੀ ਮੰਗ ਦਾ ਵਿਰੋਧ ਕਰ ਦਿੱਤਾ। ਇਸ ਤੋਂ ਬਾਅਦ ਰਾਜਾਂ ਦੇ ਪੁਨਰਗਠਨ ਦਾ ਕੋਈ ਠੋਸ ਆਧਾਰ ਲੱਭਣ ਲਈ ਪੰਡਿਤ ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ ਅਤੇ ਪਟਾ ਸੀਤਾਰਮੈਯਾ 'ਤੇ ਆਧਾਰਿਤ ਇਕ ਜੁਆਇੰਟ ਪਾਰਲੀਮਾਨੀ ਕਮੇਟੀ ਬਣਾਈ ਗਈ। ਇਸ ਨੇ ਵੀ ਭਾਸ਼ਾ ਆਧਾਰਿਤ ਰਾਜ ਬਣਾਉਣ ਦਾ ਸਮਰਥਨ ਨਹੀਂ ਸੀ ਕੀਤਾ। ਇਸ ਤੋਂ ਬਾਅਦ ਤੇਲਗੂ ਭਾਸ਼ੀਆਂ ਨੇ ਅੰਦੋਲਨ ਸ਼ੁਰੂ ਕਰ ਦਿੱਤਾ। 1952 ਵਿਚ ਤੇਲਗੂ ਨੇਤਾ ਪੋਟਿ ਸ੍ਰੀਰਾਮਲੂ 52 ਦਿਨ ਦਾ



ਮਰਨ ਵਰਤ ਰੱਖ ਕੇ ਪ੍ਰਾਣ ਤਿਆਗ ਗਿਆ। ਅੰਦੋਲਨ ਨੇ ਹਿੰਸਕ ਰੂਪ ਲੈ ਲਿਆ। ਮਜਬੂਰ ਹੋ ਕੇ ਕੇਂਦਰ ਨੇ 1953 ਵਿਚ ਆਂਧਰਾ ਪ੍ਰਦੇਸ਼ ਨੂੰ ਪਹਿਲਾ ਭਾਸ਼ਾ ਆਧਾਰਿਤ ਸੂਬਾ ਬਣਾ ਦਿੱਤਾ। ਇਸ ਤੋਂ ਬਾਅਦ ਹੋਰ ਪ੍ਰਦੇਸ਼ਾਂ ਵਿਚ ਵੀ ਭਾਸ਼ਾ ਆਧਾਰਿਤ ਸੂਬਿਆਂ ਦੇ ਹੱਕ 'ਚ ਅੰਦੋਲਨ ਤੇਜ਼ ਹੋ ਗਏ। 19 ਦਸੰਬਰ, 1953 ਨੂੰ ਜਸਟਿਸ ਫਜ਼ਲ ਅਲੀ, ਹਰਿਦਯ ਨਾਥ ਕੁੰਜਰੂ ਅਤੇ ਕੇ.ਐਮ. ਪਾਨਿਕਰ 'ਤੇ ਆਧਾਰਿਤ 3 ਮੈਂਬਰੀ ਕਮਿਸ਼ਨ ਬਣਾਇਆ ਗਿਆ। ਇਸ ਕਮਿਸ਼ਨ ਨੇ ਜਾਂਚ ਤੋਂ ਬਾਅਦ ਜੋ ਰਿਪੋਰਟ ਦਿੱਤੀ ਉਸ ਅਨੁਸਾਰ ਭਾਰਤ ਵਿਚ ਭਾਵੇਂ ਕੁੱਲ 844 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਪਰ 91 ਫ਼ੀਸਦੀ ਭਾਰਤੀ ਸਿਰਫ਼ 14 ਭਾਸ਼ਾਵਾਂ ਹੀ ਬੋਲਦੇ ਹਨ। ਇਸ ਲਈ ਇਸ ਕਮਿਸ਼ਨ ਨੇ ਭਾਸ਼ਾ ਆਧਾਰਿਤ 14 ਰਾਜ ਬਣਾਉਣ ਦੀ ਸਿਫਾਰਿਸ਼ ਕਰ ਦਿੱਤੀ। ਇਸ ਤੋਂ ਬਾਅਦ ਕਈ ਨਵੇਂ ਰਾਜ ਭਾਸ਼ਾ ਦੇ ਅਧਾਰ 'ਤੇ ਹੋਂਦ ਵਿਚ ਆਏ ਪਰ ਪੰਜਾਬੀ ਸੂਬੇ ਦੀ ਮੰਗ ਨਾ ਮੰਨੀ ਗਈ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਲੋਂ ਆਰੰਭੇ ਅੰਦੋਲਨ ਦੇ ਦਬਾਅ ਅਧੀਨ 1966 ਵਿਚ ਪੰਜਾਬੀ ਸੂਬਾ ਬਣਾ ਤਾਂ ਦਿੱਤਾ ਗਿਆ ਪਰ ਪੰਜਾਬ ਦੀ ਰਾਜਧਾਨੀ, ਡੈਮ, ਪੰਜਾਬੀ ਬੋਲਦੇ ਇਲਾਕੇ ਹੀ ਬਾਹਰ ਨਹੀਂ ਰੱਖੇ ਗਏ, ਸਗੋਂ ਪੰਜਾਬ ਪੁਨਰਗਠਨ ਐਕਟ ਵਿਚ ਪੂਰੀ ਤਰ੍ਹਾਂ ਅਲੋਕਾਰ ਧਾਰਾਵਾਂ 78, 79, 80 ਜੋੜ ਕੇ ਕੇਂਦਰ ਸਰਕਾਰ ਨੇ ਕਈ ਤਰ੍ਹਾਂ ਦੇ ਅਧਿਕਾਰ ਆਪਣੇ ਹੱਥ ਵਿਚ ਲੈ ਲਏ ਜੋ ਸੰਵਿਧਾਨਕ ਤੌਰ 'ਤੇ ਉਸ ਕੋਲ ਨਹੀਂ ਸਨ।

ਉਂਜ ਤਾਂ ਇਹ ਪੰਜਾਬ ਨਾਲ ਤੇ ਪੰਜਾਬੀਆਂ ਨਾਲ ਸਰੀਹਨ ਧੱਕਾ ਸੀ ਪਰ ਇਸ ਦੀ ਸਿਰਫ਼ ਇਕ ਗੱਲ ਤੋਂ ਸਿੱਖ ਨੇਤਾ ਅੰਦਰੋ-ਅੰਦਰੀ ਖ਼ੁਸ਼ ਵੀ ਸਨ ਕਿ ਇਹ ਸੂਬਾ ਭਾਵੇਂ ਛੋਟਾ ਬਣਿਆ ਸੀ, ਪਰ ਇਹ ਪੂਰੀ ਤਰ੍ਹਾਂ ਸਿੱਖ ਬਹੁਗਿਣਤੀ ਵਾਲਾ ਸੂਬਾ ਬਣ ਰਿਹਾ ਸੀ। ਉਸ ਵੇਲੇ ਦੇ ਪੰਜਾਬ ਦੇ ਹਿੰਦੂ ਨੇਤਾ ਤੇ ਹਿੰਦੂ ਪ੍ਰੈੱਸ ਅਕਾਲੀ ਨੇਤਾਵਾਂ ਕੋਲੋਂ ਰਣਨੀਤਕ ਤੌਰ 'ਤੇ ਮਾਰ ਖਾ ਗਈ ਸੀ। ਉਨ੍ਹਾਂ ਨੂੰ ਹਿੰਦੂ ਹਿੱਤਾਂ ਲਈ ਪੰਜਾਬੀ ਦੇ ਹੱਕ ਵਿਚ ਪ੍ਰਚਾਰ ਕਰਕੇ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਵਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਸੀ, ਤਾਂ ਜੋ ਪੰਜਾਬ ਵਿਚ ਸਿੱਖ ਬਹੁਗਿਣਤੀ ਨਾ ਹੁੰਦੀ ਪਰ ਉਨ੍ਹਾਂ ਨੇ ਉਲਟਾ ਕੀਤਾ ਤੇ ਪੰਜਾਬੀ ਬੋਲਦੇ ਬਹੁਤੇ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਣ ਲਈ ਪ੍ਰੇਰਿਆ।

ਗੌਰਤਲਬ ਹੈ ਕਿ 1991 ਦੀ ਮਰਦਮਸ਼ੁਮਾਰੀ ਵਿਚ ਸਿੱਖ 59.71 ਫ਼ੀਸਦੀ ਤੇ 2011 ਦੀ ਮਰਦਮਸ਼ੁਮਾਰੀ ਵਿਚ 57.69 ਫ਼ੀਸਦੀ ਸਨ, ਪਰ ਹੁਣ ਜਦੋਂ ਨਵੀਂ ਮਰਦਮ-ਸ਼ੁਮਾਰੀ ਹੋਵੇਗੀ ਤਾਂ ਅੰਦਾਜ਼ਾ ਹੈ ਕਿ ਇਸ ਪੰਜਾਬ ਵਿਚ ਵੀ ਸਿੱਖ ਘੱਟਗਿਣਤੀ ਵਿਚ ਹੀ ਹੋਣਗੇ। ਇਕ ਅੰਦਾਜ਼ਾ ਹੈ ਕਿ ਇਨ੍ਹਾਂ ਦੀ ਗਿਣਤੀ 40 ਤੋਂ 48 ਫ਼ੀਸਦੀ ਦੇ ਵਿਚਕਾਰ ਹੋ ਸਕਦੀ ਹੈ। ਇਸ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚੋਂ ਪ੍ਰਮੁੱਖ ਕਾਰਨ, ਪ੍ਰਵਾਸੀਆਂ ਦੀ ਪੰਜਾਬ ਵਿਚ ਵਧਦੀ ਵਸੋਂ, ਪੰਜਾਬੀਆਂ ਦਾ ਖ਼ੁਦ ਪ੍ਰਵਾਸੀ ਬਣਨਾ, ਦਲਿਤ ਤੇ ਮਜ਼੍ਹਬੀ ਸਿੱਖਾਂ ਦਾ ਧਰਮ-ਪਰਿਵਰਤਨ ਆਦਿ ਹਨ। ਪਰਿਵਾਰ ਨਿਯੋਜਨ ਨੂੰ ਵੀ ਸਿੱਖ ਭਾਈਚਾਰੇ ਦੇ ਲੋਕਾਂ ਨੇ ਵਧੇਰੇ ਅਪਣਾਇਆ ਹੈ। ਇਸ ਲਈ ਆਉਂਦੇ ਸਮੇਂ ਵਿਚ ਪੰਜਾਬ ਵਿਚ ਸਿੱਖਾਂ ਦੀ ਵਸੋਂ ਦਾ ਘਟਣਾ ਯਕੀਨੀ ਹੈ। ਪਹਿਲੀ ਗੱਲ ਤਾਂ ਇਹ ਵੀ ਹੈ ਕਿ ਸਿੱਖ 'ਆਪ', ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਆਦਿ ਪਾਰਟੀਆਂ ਵਿਚ ਵੰਡੇ ਹੋਏ ਹਨ। ਦੂਸਰੀ ਗੱਲ ਇਹ ਕਿ ਆਪਣੇ-ਆਪ ਨੂੰ ਸਿੱਖਾਂ ਦਾ ਨੁਮਾਇੰਦਾ ਕਹਿਣ ਵਾਲੇ ਅਕਾਲੀ ਦਲ ਵਿਚਲੀ ਫੁੱਟ ਅਤੇ ਕਈ ਕਈ ਅਕਾਲੀ ਦਲ ਬਣਾ ਕੇ ਹੰਨੇ ਹੰਨੇ ਮੀਰੀ ਵਾਲੀ ਸਥਿਤੀ ਤੇ ਆਪਸੀ ਪਾਟੋਧਾੜ ਵੀ ਸਿੱਖਾਂ ਦਾ ਰਾਜਨੀਤਕ ਪ੍ਰਭਾਵ ਘਟਣ ਲਈ ਜ਼ਿੰਮੇਵਾਰ ਹੈ।

ਹੁਣੇ ਮਾਘੀ ਦੇ ਮੌਕੇ 'ਤੇ ਵੀ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਦੀ ਅਗਵਾਈ ਵਿਚ ਇਕ ਨਵਾਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਬਣਾਇਆ ਗਿਆ ਹੈ। ਇਸ ਦਰਮਿਆਨ ਭਾਵੇਂ ਅਕਾਲੀ ਦਲ ਸੁਧਾਰ ਲਹਿਰ ਭੰਗ ਕਰਨ ਵਾਲੇ ਨੇਤਾ ਜਥੇਦਾਰ ਸ੍ਰੀ ਅਕਾਲ ਤਖ਼ਤ ਨਾਲ ਮੁਲਾਕਾਤਾਂ ਕਰਕੇ ਅਜੇ 2 ਦਸੰਬਰ ਦੇ ਫ਼ੈਸਲੇ ਨੂੰ ਇੰਨ-ਬਿੰਨ ਲਾਗੂ ਕਰਵਾਉਣ 'ਤੇ ਜ਼ੋਰ ਦੇ ਰਹੇ ਹਨ ਪਰ ਜਿਸ ਤਰ੍ਹਾਂ ਦੀਆਂ ਸੂਚਨਾਵਾਂ ਮਿਲ ਰਹੀਆਂ ਤੇ ਜਿਸ ਤਰ੍ਹਾਂ ਦੀ ਕਰਵਟ ਹਾਲਾਤ ਲੈ ਰਹੇ ਹਨ, ਉਨ੍ਹਾਂ ਤੋਂ ਜਾਪਦਾ ਹੈ, ਕਿ ਇਹ ਧਿਰ ਵੀ ਅਖੀਰ ਇਕ ਨਵਾਂ ਅਕਾਲੀ ਦਲ ਬਣਾਉਣ ਵੱਲ ਵਧੇਗੀ। ਹਾਲਾਂਕਿ ਇਹ ਧਿਰ ਚਾਹੁੰਦੀ ਸੀ ਕਿ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉਨ੍ਹਾਂ ਦੀ ਅਗਵਾਈ ਕਰਨ, ਪਰ ਜਾਣਕਾਰੀ ਅਨੁਸਾਰ ਜਥੇਦਾਰ ਹਰਪ੍ਰੀਤ ਸਿੰਘ ਅਜੇ ਸਰਗਰਮ ਰਾਜਨੀਤੀ ਤੋਂ ਦੂਰ ਪੰਥਕ ਲਹਿਰ ਚਲਾਉਣ ਨੂੰ ਤਰਜੀਹ ਦੇ ਰਹੇ ਹਨ।

ਇਨ੍ਹਾਂ ਹਾਲਤਾਂ ਵਿਚ ਇਸ ਸੰਭਾਵਿਤ ਅਕਾਲੀ ਦਲ ਦੀ ਰਾਜਨੀਤਕ ਅਗਵਾਈ ਗੁਰਪ੍ਰਤਾਪ ਸਿੰਘ ਵਡਾਲਾ ਜਾਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਜਾਂ ਰਵੀਇੰਦਰ ਸਿੰਘ ਨੂੰ ਸੌਂਪੇ ਜਾਣ ਦੇ ਆਸਾਰ ਦਿਖਾਈ ਦੇ ਰਹੇ ਹਨ। ਜਦੋਂ ਕਿ ਇਸ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਧਾਰਮਿਕ ਵਿੰਗ ਦੀ ਅਗਵਾਈ ਬੀਬੀ ਜਗੀਰ ਕੌਰ ਨੂੰ ਸੌਂਪੇ ਜਾਣ 'ਤੇ ਵਿਚਾਰ ਚੱਲ ਰਿਹਾ ਹੈ।

ਉਂਝ ਸਪੱਸ਼ਟ ਰੂਪ ਵਿਚ ਇਹ ਮੰਨਿਆ ਜਾਂਦਾ ਹੈ ਕਿ ਸਿੱਖਾਂ ਵਿਚ ਉਹ ਅਕਾਲੀ ਦਲ ਹੀ ਉਭਰਦਾ ਹੈ, ਜਿਹੜਾ ਸ਼੍ਰੋਮਣੀ ਕਮੇਟੀ ਚੋਣਾਂ ਜਿੱਤ ਲਵੇ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਹੋਣ ਉਪਰੰਤ ਸਾਰੇ ਬਾਦਲ ਵਿਰੋਧੀ ਅਕਾਲੀ ਦਲ ਸਮੂਹਿਕ ਤੌਰ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਧਾਰਮਿਕ ਖੇਤਰ ਵਿਚ ਅਗਵਾਈ ਦੇਣ ਲਈ ਕਹਿਣਗੇ। ਬਾਬਾ ਸਰਬਜੋਤ ਸਿੰਘ ਬੇਦੀ ਤੇ ਜਥੇਦਾਰ ਹਰਪ੍ਰੀਤ ਸਿੰਘ ਦੀ ਮੀਟਿੰਗ ਹੋ ਚੁਕੀ ਹੈ ਕਿ ਰਲਕੇ ਪੰਥਕ ਲਹਿਰ ਉਸਾਰੀ ਜਾਵੇ।ਬਾਬਾ ਬੇਦੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨਾਲ ਗਿਆਨੀ ਹਰਪ੍ਰੀਤ ਸਿੰਘ ਦੀ ਏਕਤਾ ਕਰਾਉਣ ਦੇ ਪਖ ਵਿਚ ਹਨ ਤਾਂ ਜੋ ਧਾਰਮਿਕ ਪਖ ਮਜਬੂਤ ਕੀਤਾ ਜਾ ਸਕੇ। ਧਰਮ ਬਦਲੀਆਂ ਨੂੰ ਠਲ ਪਾਈ ਜਾ ਸਕੇ।

**ਪੰਜਾਬ ਟਾਈਮਜ਼ ਅਨੁਸਾਰ ਦੁਖਾਂਤ ਇਸ ਗੱਲ ਦਾ ਹੈ ਕਿ ਇਸ ਸਮੇਂ ਤਾਂ ਸਾਰੇ ਅਕਾਲੀ ਦਲ ਹੰਨੇ ਹੰਨੇ ਦੀ ਮੀਰੀ ਦੀ ਵਾਲੀ ਸਥਿਤੀ ਵਿਚ ਵਿਚਰ ਰਹੇ ਹਨ, ਕੌਮ ਦੇ ਮਸਲੇ ਉਨ੍ਹਾਂ ਲਈ ਕੋਈ ਵਧੇਰੇ ਅਹਿਮੀਅਤ ਨਹੀਂ ਰੱਖਦੇ। ਲੋੜ ਤਾਂ ਸਿਧਾਂਤਕ ਏਕਤਾ ਦੀ ਹੈ। ਸੁਖਬੀਰ ਸਿੰਘ ਬਾਦਲ ਨੂੰ ਚਾਹੀਦਾ ਕਿ ਸਭ ਪੰਥਕ ਧੜਿਆਂ ਨਾਲ ਸੰਪਰਕ ਕਰਕੇ ਪੰਥ ਦੀ ਧਰਮ ਤੇ ਰਾਜਨੀਤੀ ਨੂੰ ਮਜਬੂਤ ਕਰਨ, ਕਿਉਂਕਿ ਪੰਥਕ ਧਿਰਾਂ ਵਿਚ ਉਨ੍ਹਾਂ ਕੋਲ ਹੀ ਵੱਡਾ ਨੈਟਵਰਕ ਤੇ ਵਸੀਲੇ ਹਨ।**

# ਕੀ ਮੁੱਖ ਮੰਤਰੀ ਮਾਨ 'ਤੇ ਮਨੁੱਖੀ ਬੰਬ ਦੇ ਹਮਲੇ ਦਾ ਖਤਰਾ ਹੈ !

## ✪ ਸੁਰੱਖਿਆ ਏਜੰਸੀਆਂ ਨੇ ਕਿਉਂ ਕੀਤਾ ਸਾਵਧਾਨ

ਮੋਗਾ-ਸੁਰੱਖਿਆ ਏਜੰਸੀਆਂ ਨੇ ਪੰਜਾਬ ਪੁਲਸ ਨੂੰ ਮੁੱਖ ਮੰਤਰੀ ਭਗਵੰਤ ਮਾਨ 'ਤੇ ਖਾੜਕੂ ਹਮਲੇ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਏਜੰਸੀਆਂ ਨੂੰ ਇਨਪੁਟ ਮਿਲਿਆ ਹੈ ਕਿ ਇਹ ਹਮਲਾ ਟਿਫਨ, ਡ੍ਰੋਨ ਜਾਂ ਮਨੁੱਖੀ ਬੰਬ ਨਾਲ ਕੀਤਾ ਜਾ ਸਕਦਾ ਹੈ। ਅਲਰਟ ਜਾਰੀ ਹੋਣ ਦਾ ਕਾਰਨ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਤੋਂ ਪੰਜਾਬ ਆਏ ਸਾਰੇ ਟਿਫਨ ਬੰਬਾਂ ਦਾ ਬਰਾਮਦ ਨਾ ਹੋਣਾ ਅਤੇ ਵਿਦੇਸ਼ ਬੈਠੇ ਮੋਗਾ ਨਿਵਾਸੀ ਗੈਂਗਸਟਰ ਅਰਸ਼ਦੀਪ ਉਰਫ਼ ਅਰਸ਼ ਡੱਲਾ, ਪਰਮਿੰਦਰ ਪੱਟੂ, ਲਖਬੀਰ ਸਿੰਘ ਤੇ ਨਛੱਤਰ ਸਿੰਘ ਵੱਲੋਂ ਵੀ ਸੂਬੇ ਵਿਚ ਭਾਰੀ ਮਾਤਰਾ ਵਿਚ ਹਥਿਆਰ ਮੰਗਵਾਏ ਜਾਣਾ ਹੈ।

ਖ਼ਾਸ ਗੱਲ ਇਹ ਹੈ ਕਿ ਮੁੱਖ ਮੰਤਰੀ ਐਤਵਾਰ ਨੂੰ ਮੋਗਾ ਆਏ ਸਨ ਅਤੇ ਇਸ ਤੋਂ ਪਹਿਲਾਂ ਐੱਸਐੱਸਪੀ ਦਫ਼ਤਰ ਦੀ ਸਕਿਓਰਿਟੀ ਬ੍ਰਾਂਚ ਵੱਲੋਂ ਇਹ ਗੁਪਤ ਪੱਤਰ ਸੁਰੱਖਿਆ ਫੋਰਸ ਤੇ ਅਫਸਰਾਂ ਨੂੰ ਭੇਜਿਆ



ਗਿਆ ਹੈ। ਪੱਤਰ ਮਿਲਣ ਤੋਂ ਬਾਅਦ ਮੁੱਖ ਮੰਤਰੀ ਦੇ ਸਮਾਗਮ ਵਿਚ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨੂੰ ਹੁਣ ਤੱਕ ਵੀਵੀਆਈਪੀਜ਼ 'ਤੇ ਹੋਏ ਹਮਲਿਆਂ ਦੇ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਸਪੱਸ਼ਟ ਕੀਤਾ ਗਿਆ ਕਿ ਸਮਾਗਮ ਵਿਚ ਆਉਣ ਵਾਲੇ ਹਰ ਵਿਅਕਤੀ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ਇਹੀ ਨਹੀਂ, ਮੰਚ 'ਤੇ ਆਉਣ ਵਾਲੇ ਅਤੇ ਮੰਚ ਦੇ ਕੋਲ ਰਹਿਣ ਵਾਲੇ ਲੋਕਾਂ 'ਤੇ ਵੀ ਵਿਸ਼ੇਸ਼ ਨਜ਼ਰ ਰੱਖੀ ਜਾਵੇ।

ਪੱਤਰ ਵਿਚ ਕਿਹਾ ਗਿਆ ਹੈ ਕਿ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਪ੍ਰਮੁੱਖ ਅਤੇ ਖਡੂਰ ਸਾਹਿਬ ਦੇ ਮੌਜੂਦਾ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ 'ਤੇ ਕੀਤੀ ਗਈ ਕਾਰਵਾਈ ਦੀ ਵਜ੍ਹਾ ਨਾਲ ਵੀ ਮੁੱਖ ਮੰਤਰੀ ਵੱਖਵਾਦੀ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਹਨ। ਇਹੀ ਨਹੀਂ, ਗੁਰਪਤਵੰਤ ਸਿੰਘ ਪੰਨੂ ਵੀ ਕਈ ਵਾਰ ਮੁੱਖ ਮੰਤਰੀ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਚੁੱਕਾ ਹੈ। ਇਸ ਤੋਂ ਇਲਾਵਾ ਮੋਗਾ ਪੁਲਿਸ ਨੇ ਫਰਵਰੀ 2022 ਵਿਚ ਮੋਗਾ ਨਿਵਾਸੀ ਗੈਂਗਸਟਰ ਅਰਸ਼ ਡੱਲਾ ਨਾਲ ਜੁੜੇ ਲੋਕਾਂ ਤੋਂ ਹੈਂਡ ਗ੍ਰਨੇਡ ਬਰਾਮਦ ਕਰਨ ਦੇ ਨਾਲ ਹੀ ਗੈਂਗਸਟਰਾਂ ਦੇ ਮਡਿਊਲ ਦਾ ਪਰਦਾਫਾਸ਼ ਕੀਤਾ ਗਿਆ ਸੀ।

ਇਹੀ ਨਹੀਂ, ਪੁਲਸ ਵੱਲੋਂ 14 ਜਨਵਰੀ 2022 ਨੂੰ ਅੰਮ੍ਰਿਤਸਰ ਅਤੇ 21 ਜਨਵਰੀ 2022 ਨੂੰ ਗੁਰਦਾਸਪੁਰ ਦੀ ਸਰਹੱਦ ਤੋਂ 27 ਸੌ ਆਰਡੀਐਕਸ ਬਰਾਮਦ ਕੀਤਾ ਗਿਆ ਹੈ। ਇਹ ਆਰਡੀਐਕਸ ਖਾੜਕੂ ਸਰਗਰਮੀਆਂ ਲਈ ਇਸਤੇਮਾਲ ਹੋਣਾ ਸੀ। ਹਾਲਾਂਕਿ ਅੱਤਵਾਦੀਆਂ ਵੱਲੋਂ ਸਰਹੱਦ ਪਾਰ ਤੋਂ ਮੰਗਵਾਏ ਗਏ ਟਿਫਨ ਬੰਬਾਂ ਵਿਚੋਂ ਕੁਝ ਇਕ ਹਾਲੇ ਵੀ ਟ੍ਰੇਸ ਨਹੀਂ ਹੋਏ ਹਨ। ਇਨ੍ਹਾਂ ਤੋਂ ਪਹਿਲਾਂ ਧਮਾਕੇ ਵੀ ਹੋ ਚੁੱਕੇ ਹਨ ਅਤੇ ਇਕ ਟਿਫਨ ਬੰਬ ਫ਼ਿਰੋਜ਼ਪੁਰ ਦੇ ਪਿੰਡ ਸੇਖਵਾਂ ਤੋਂ ਬਰਾਮਦ ਕੀਤਾ ਜਾ ਚੁੱਕਾ ਹੈ।

## ਦਲ ਖਾਲਸਾ 25 ਜਨਵਰੀ ਨੂੰ ਗੁਣਤੰਤਰਤਾ ਦਿਵਸ ਖਿਲਾਫ ਕੱਢੇਗਾ ਰੋਸ ਮਾਰਚ



ਅੰਮ੍ਰਿਤਸਰ-ਸਿੱਖ ਜਥੇਬੰਦੀਆਂ ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਵਲੋਂ ਸਾਂਝੇ ਤੌਰ 'ਤੇ ਗਣਤੰਤਰ ਦਿਵਸ ਦੇ ਸੰਬੰਧ ਵਿਚ 25 ਜਨਵਰੀ ਨੂੰ ਗੁਰਦਾਸਪੁਰ, ਮਾਨਸਾ ਅਤੇ ਜਲੰਧਰ ਵਿਖੇ ਰੋਸ ਮਾਰਚ ਕੱਢੇ ਜਾ ਰਹੇ ਹਨ। ਇਸ ਸੰਬੰਧੀ ਦਲ ਖਾਲਸਾ ਆਗੂਆਂ ਕਵਰਪਾਲ ਸਿੰਘ ਅਤੇ ਭਾਈ ਪਰਮਜੀਤ ਸਿੰਘ ਮੰਡ ਅਤੇ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਹਰਪਾਲ ਸਿੰਘ ਬਲੇਰ ਨੇ ਦੱਸਿਆ ਕਿ ਕਿ ਟਾਰਗੇਟ ਕਿਲਿੰਗ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਵਿਰੋਧ ਵਿਚ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿਚ ਅਤੇ ਸਵੈ ਨਿਰਨੇ ਦਾ ਹੱਕ ਦੇਣ ਦੀ ਮੰਗ ਨੂੰ ਲੈ ਕੇ ਕੱਢੇ ਜਾ ਰਹੇ ਇਨ੍ਹਾਂ ਰੋਸ ਮਾਰਚਾਂ ਵਿਚ ਵੱਡੀ ਗਿਣਤੀ ਵਿਚ ਦੋਵਾਂ ਜਥੇਬੰਦੀਆਂ ਦੇ ਆਗੂ ਤੇ ਕਾਰਕੁੰਨ ਸ਼ਾਮਿਲ ਹੋਣਗੇ। ਉਨ੍ਹਾਂ ਦੱਸਿਆ ਕਿ ਮਾਲਵਾ ਮਾਝਾ ਤੇ ਦੁਆਬਾ ਖੇਤਰਾਂ ਵਿਚ ਇਕੋ ਸਮੇਂ ਦੁਪਹਿਰ 12 ਤੋਂ ਬਾਅਦ ਦੁਪਹਿਰ ਤਿੰਨ ਵਜੇ ਤੱਕ ਇਹ ਰੋਸ ਮਾਰਚ ਕੱਢੇ ਜਾ ਰਹੇ ਹਨ।

## BIG THANKS TO ALL THE MEMBERS FOR MAKING THIS HISTORIC DECISION

Congratulations to all the Sangat and Sat Shri Akaal ji with Waheguru ji Blessing both Gurdwara s Sewadar got together in the historic meeting at the Frodigham Road gurdwara sahib to discuss to have one gurdwara sahib in the future with all the sewadar agreed big thanks to all the members for making this historic decision with waheguru ji blessing our sub committee will continue to work together to sort out all legal issues our solicitor mr Steven Warne been informed this morning he will be taking care of the legal matter s we will be bringing Guru Granth Sahib both saroop on Saturday as agreed at 4 pm from Normanby road gurdwara sahib Sangat ji please attend to the gurdwara sahib again well done congratulations this is what the Scunthorpe sangat wanted great news waheguru ji have blessed the Sangat.

## ਸੈਫ਼ 'ਤੇ ਹਮਲਾ ਕਰਨ ਵਾਲਾ ਬੰਗਲਾਦੇਸ਼ੀ ਨਾਗਰਿਕ ਗ੍ਰਿਫ਼ਤਾਰ

### ○ ਦੋਸ਼ੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਵਿਰੁੱਧ ਲਗਾਏ ਗਏ ਦੋਸ਼ ਝੂਠੇ

ਮੁੰਬਈ-ਮੁੰਬਈ-ਬਾਲੀਵੁੱਡ ਅਦਾਕਾਰ ਸੈਫ ਅਲੀ ਖਾਨ ਦੇ ਘਰ 'ਚ ਦਾਖ਼ਲ ਹੋ ਕੇ ਉਸ 'ਤੇ ਹਮਲਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਗਏ ਇਕ 30 ਸਾਲਾ ਵਿਅਕਤੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਸ ਤੋਂ ਬਾਅਦ ਅਦਾਲਤ ਨੇ ਉਸ ਨੂੰ 5 ਦਿਨਾਂ ਦੀ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਹੈ। ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਬੰਗਲਾਦੇਸ਼ੀ ਨਾਗਰਿਕ ਹੈ। ਜਿਸ ਦੀ ਪਛਾਣ ਮੁਹੰਮਦ ਸ਼ਰੀਫੁਲ ਇਸਲਾਮ ਸ਼ਹਿਜ਼ਾਦ ਵਜੋਂ ਹੋਈ ਹੈ। ਉਸਨੇ ਆਪਣਾ ਨਾਂਅ ਬਦਲ ਕੇ ਬਿਜੋਏ ਦਾਸ ਰੱਖ ਲਿਆ ਸੀ। ਉਨ੍ਹਾਂ ਦੱਸਿਆ ਕਿ ਉਹ ਬੰਗਲਾਦੇਸ਼ ਤੋਂ ਗੁਪਤ ਰਸਤੇ ਰਾਹੀਂ ਭਾਰਤ ਆਇਆ ਸੀ। ਉਨ੍ਹਾਂ ਕਿਹਾ ਕਿ ਇੱਥੇ ਉਸਦੀ ਮਦਦ ਕਿਸਨੇ ਕੀਤੀ ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ। ਪੁਲਿਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਇਹ ਪਤਾ ਲਗਾਉਣ ਦੀ ਲੋੜ ਹੈ ਕਿ ਕੀ ਇਸ ਮਾਮਲੇ ਨਾਲ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਜੁੜੀ ਹੋਈ ਹੈ। ਵਧੇਰੇ ਡੂੰਘਾਈ ਨਾਲ ਜਾਂਚ ਲਈ ਪੁਲਿਸ ਨੇ ਅਦਾਲਤ ਤੋਂ ਮੁਲਜ਼ਮ ਦੀ 14 ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਸੀ। ਇਸ ਦੌਰਾਨ ਦੋਸ਼ੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਸਦੇ ਵਿਰੁੱਧ ਲਗਾਏ ਗਏ ਦੋਸ਼ ਝੂਠੇ ਹਨ। ਇਸ ਮੁੱਦੇ ਨੂੰ ਇਸ ਲਈ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਪੀੜਤ ਇਕ ਮਸ਼ਹੂਰ ਹਸਤੀ ਹੈ। ਜਦੋਂ ਕਿ ਸਰਕਾਰੀ ਵਕੀਲ ਨੇ ਕਿਹਾ ਕਿ ਦੋਸ਼ੀ ਜਾਣਦਾ ਸੀ ਕਿ ਮਸ਼ਹੂਰ ਹਸਤੀਆਂ ਕਿਸ ਇਲਾਕੇ 'ਚ ਰਹਿੰਦੀਆਂ ਹਨ ਤੇ ਉੱਥੇ ਸੁਰੱਖਿਆ ਘੇਰਾ ਹੈ। ਇਸ ਦੇ ਬਾਵਜੂਦ, ਉਹ ਅੰਦਰ ਪਹੁੰਚ ਗਿਆ



ਜਿਸਦਾ ਮਤਲਬ ਹੈ ਕਿ ਉਸਨੇ ਇਸ ਦੀ ਯੋਜਨਾ ਬਣਾਈ ਸੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੌਕੇ ਤੋਂ ਇਕ ਚਾਕੂ ਬਰਾਮਦ ਹੋਇਆ ਹੈ ਤੇ ਲੀਲਾਵਤੀ ਹਸਪਤਾਲ 'ਚ ਸੈਫ ਦੇ ਸਰੀਰ 'ਚੋਂ ਕੱਢਿਆ ਗਿਆ ਚਾਕੂ ਵੀ ਉਨ੍ਹਾਂ ਬਰਾਮਦ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ 3 ਟੁਕੜਿਆਂ 'ਚ ਟੁੱਟੇ ਚਾਕੂ ਦੇ ਇਕ ਟੁਕੜੇ ਦੀ ਭਾਲ ਕੀਤੀ ਜਾ ਰਹੀ ਹੈ।

## ਕਾਰਨੀ ਜਾਂ ਫ੍ਰੀਲੈਂਡ ਚੋਂ ਇੱਕ ਬਣੇਗਾ ਜਸਟਿਨ ਟਰੂਡੋ ਦਾ ਜਾਨਸ਼ੀਨ

ਵੈਨਕੂਵਰ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 6 ਜਨਵਰੀ ਨੂੰ ਲਿਬਰਲ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਹਟਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਲੀਡਰ ਬਣਨ ਲਈ ਕਈਆਂ ਨੇ ਪਰ ਤੋਲ ਕੇ ਦੇਖੇ, ਪਰ ਪੱਕਾ ਮਨ ਨਾ ਬਣਾ ਸਕੇ। ਹੁਣ ਮੈਦਾਨ ਵਿੱਚ ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਹੀ ਰਹਿ ਗਏ ਹਨ। ਇਹ ਦੋਵੇਂ ਆਗੂ ਐਤਵਾਰ ਤੋਂ ਆਪਣੀ ਮੁਹਿੰਮ ਸ਼ੁਰੂ ਕਰਨਗੇ। ਦੋਹਾਂ ਦੀ ਕਿਸਮਤ ਦਾ ਫੈਸਲਾ 9 ਮਾਰਚ ਨੂੰ ਪਾਰਟੀ ਦੇ ਮੈਂਬਰਾਂ ਦੀ ਬਹੁਸੰਮਤੀ ਕਰੇਗੀ। ਦੋਹਾਂ ਆਗੂਆਂ ਨੇ ਪਾਰਟੀ ਦਾ ਅਗਲਾ ਲੀਡਰ ਤੇ ਪ੍ਰਧਾਨ ਮੰਤਰੀ ਬਣ ਕੇ ਪਹਿਲਾਂ ਕੀਤੇ ਜਾਣ ਵਾਲੇ ਕੰਮਾਂ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।




### ਲਿਖਾਰੀਆਂ ਦੇ ਧਿਆਨ ਹਿਤ

ਪੰਜਾਬ ਟਾਈਮਜ਼ ਦੀ ਨੀਤੀ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਅਤੇ ਸਿੱਖ ਪੰਥ ਦੀ ਸੇਵਾ ਕਰਨੀ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨੀ ਹੈ। ਪਰ ਕਈ ਵਾਰ ਕੁਝ ਲਿਖਾਰੀ ਦੂਜਿਆਂ ਦੇ ਨਿੱਜਤਵ ਪ੍ਰਤੀ ਬਿਨਾ ਕਿਸੇ ਸਬੂਤ ਦੇ ਗੰਭੀਰ ਟਿੱਪਣੀਆ ਕਰ ਦਿੰਦੇ ਹਨ। ਅਦਾਰਾ ਕਿਸੇ ਵੀ ਲਿਖਾਰੀ ਦੀ ਲਿਖਤ ਨਾਲ ਸਹਿਮਤੀ ਪ੍ਰਗਟ ਨਹੀਂ ਕਰਦਾ। ਹਰ ਇੱਕ ਲਿਖਾਰੀ ਆਪਣੀ ਲਿਖਤ ਲਈ ਖੁਦ ਜਿੰਮੇਵਾਰ ਹੈ। ਅਗਰ ਕੋਈ ਮਾਣਹਾਨੀ ਦਾ ਮੁਕੱਦਮਾ ਕਿਸੇ ਦੀ ਲਿਖਤ ਦੇ ਕਾਰਨ ਕੀਤਾ ਜਾਂਦਾ ਹੈ ਤਾਂ ਸਬੰਧਿਤ ਧਿਰਾਂ ਅਤੇ ਲਿਖਾਰੀ ਖੁਦ ਜਿੰਮੇਵਾਰ ਹੋਣਗੇ। ਅਦਾਰਾ ਪੰਜਾਬ ਟਾਈਮਜ਼ ਦਾ ਇਸ ਨਾਲ ਕੋਈ ਲੈਣ ਦੇਣ ਨਹੀਂ ਹੈ।

ਧੰਨਵਾਦ ਸਹਿਤ, ਸੰਪਾਦਕ,

ਅਦਾਰਾ ਪੰਜਾਬ ਟਾਈਮਜ਼

# ਰੂਸੀ ਫੌਜ ਵਿਚ ਭਾਰਤੀ ਬਣ ਰਹੇ ਨੇ ਬਲੀ ਦੇ ਬੱਕਰੇ

**✪ ਪੁਤਿਨ ਦਾ ਮੋਦੀ ਨਾਲ ਕੀਤਾ ਵਾਅਦਾ ਖੋਖਲਾ ਨਿਕਲਿਆ ✪ ਰੂਸੀ ਫੌਜ ਵਲੋਂ ਲੜ ਰਹੇ 12 ਭਾਰਤੀਆਂ ਦੀ ਮੌਤ, 16 ਲਾਪਤਾ ✪ ਜੰਗ ਵਿਚ ਭਾਰਤੀ ਨਾਗਰਿਕ ਦੀ ਮੌਤ, ਭਾਰਤੀ ਵਿਦੇਸ਼ ਮੰਤਰਾਲੇ ਨੇ ਰੂਸ ਨੂੰ ਕਿਹਾ-'ਤੁਰੰਤ ਸਭ ਨੂੰ ਛੱਡ ਦਿਓ'**

## ਖਾਸ ਖਬਰ





**ਪੰਜਾਬ ਟਾਈਮਜ਼ ਅਨੁਸਾਰ ਠੱਗ ਏਜੰਟਾਂ ਦੇ ਅਜਿਹੇ ਭਰਮ-ਜਾਲ ਤੇ ਲੁੱਟ-ਖਸੁੱਟ ਨੂੰ ਰੋਕਣ ਲਈ ਭਾਰਤੀ ਵਿਦੇਸ਼ ਮੰਤਰਾਲੇ ਨੂੰ ਵੱਧ ਅਸਰਦਾਰ ਹੀਲੇ-ਉਪਰਾਲੇ ਕਰਨ ਦੀ ਲੋੜ ਹੈ ਤੇ ਵਿਦੇਸ਼ੀ ਸਰਕਾਰਾਂ ਅਗੇ ਕਰੜਾ ਰਵਈਆ ਅਪਨਾਉਣ ਦੀ ਲੋੜ ਹੈ ਕਿ ਭਾਰਤੀ ਨਾਗਰਿਕਾਂ ਨੂੰ ਬਲੀ ਦਾ ਬੱਕਰਾ ਨਾ ਬਣਾਉ। ਇਹ ਸਹੀ ਹੈ ਕਿ ਭਾਰਤ ਵਿਚ ਰੁਜ਼ਗਾਰ ਤੇ ਤਰੱਕੀ ਦੇ ਅਵਸਰਾਂ ਦੀ ਘਾਟ ਵਿਦੇਸ਼ਾਂ ਵਲ ਪਰਵਾਸ ਦੇ ਰੁਝਾਨ ਨੂੰ ਲਗਾਤਾਰ ਹਵਾ ਦੇ ਰਹੀ ਹੈ, ਫਿਰ ਵੀ ਇਹ ਜ਼ਰੂਰੀ ਹੈ ਕਿ ਅਸੁਰੱਖਿਅਤ ਜਾਪਣ ਵਾਲੇ ਮੁਲਕਾਂ ਦੇ ਵੀਜ਼ੇ ਵਾਲਿਆਂ ਨੂੰ ਸੰਭਾਵੀ ਖ਼ਤਰਿਆਂ ਬਾਰੇ ਚੌਕਸ ਅਵੱਸ਼ ਕੀਤਾ ਜਾਵੇ।**

ਰੂਸ ਭਾਰਤ ਦਾ ਸੱਚਾ ਦੋਸਤ ਹੋਣ ਦਾ ਦਾਅਵਾ ਕਰਦਾ ਹੈ ਪਰ ਉਹ ਆਪਣੇ ਹੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੁਆਰਾ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕਰ ਰਿਹਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਮੋਦੀ ਦੀ ਰੂਸ ਫੇਰੀ ਦੌਰਾਨ, ਪੁਤਿਨ ਨੇ ਵਾਅਦਾ ਕੀਤਾ ਸੀ ਕਿ ਯੂਕਰੇਨ ਵਿੱਚ ਰੂਸ ਵੱਲੋਂ ਲੜ ਰਹੇ ਭਾਰਤੀ ਸੈਨਿਕਾਂ ਨੂੰ ਵਾਪਸ ਭੇਜਿਆ ਜਾਵੇਗਾ ਪਰ ਅਜਿਹਾ ਨਹੀਂ ਹੋਇਆ ਬੀਤੇ ਦਿਨੀਂ ਯੂਕਰੇਨ ਯੁੱਧ ਵਿੱਚ ਇੱਕ ਹੋਰ ਭਾਰਤੀ ਦੀ ਮੌਤ ਹੋ ਗਈ ਸੀ। ਸਿਪਾਹੀ ਦੀ ਪਛਾਣ ਬਿਨਿਲ ਟੀਬੀ (32) ਵਜੋਂ ਹੋਈ ਹੈ। ਬਿਨੀਲ ਕੇਰਲ ਦੇ ਤ੍ਰਿਸੂਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਇੰਨਾ ਹੀ ਨਹੀਂ, ਬਿਨੀਲ ਦਾ ਰਿਸ਼ਤੇਦਾਰ ਜੈਨ ਟੀਕੇ (27) ਵੀ ਯੂਕਰੇਨ ਦੀ ਲੜਾਈ ਵਿੱਚ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਯੂਕਰੇਨ ਵੱਲੋਂ ਕੀਤੇ ਗਏ ਡਰੋਨ ਹਮਲੇ ਵਿੱਚ ਬਿਨੀਲ ਦੀ ਜਾਨ ਚਲੀ ਗਈ ਸੀ।

ਭਾਰਤੀ ਵਿਦੇਸ਼ ਮੰਤਰਾਲੇ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਰੂਸੀ ਫੌਜ ਵਿੱਚ ਸ਼ਾਮਲ ਹੋ ਕੇ ਯੂਕਰੇਨ ਵਿਰੁੱਧ ਜੰਗ ਲੜ ਰਹੇ 12 ਭਾਰਤੀਆਂ ਦੀ ਜਾਨ ਚਲੀ ਗਈ ਹੈ। ਇਸ ਤੋਂ ਇਲਾਵਾ 16 ਲੋਕ ਲਾਪਤਾ ਹਨ।

ਵਿਦੇਸ਼ ਮੰਤਰਾਲੇ ਨੇ ਰੂਸ ਨੂੰ ਕਿਹਾ ਹੈ ਕਿ ਰੂਸੀ ਫੌਜ ਵਿਚ ਕੰਮ ਕਰ ਰਹੇ ਬਾਕੀ ਨਾਗਰਿਕਾਂ ਨੂੰ ਜਲਦ ਤੋਂ ਜਲਦ ਰਿਲੀਜ਼ ਕੀਤਾ ਜਾਏ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮਾਸਕੋ ਵਿੱਚ ਸਾਡਾ ਦੂਤਾਵਾਸ ਉਨ੍ਹਾਂ ਦੇ ਪਰਿਵਾਰਾਂ ਦੇ ਸੰਪਰਕ ਵਿੱਚ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਅਸੀਂ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਲਿਆਉਣ ਲਈ ਰੂਸੀ ਅਧਿਕਾਰੀਆਂ ਨਾਲ ਕੰਮ ਕਰ ਰਹੇ ਹਾਂ। ਜੋ ਉਥੇ ਜ਼ਖਮੀ ਸਨ ਉੱਥੇ ਹੀ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਸੀ। ਉਨ੍ਹਾਂ ਨੂੰ ਭਾਰਤ ਵਾਪਸ ਭੇਜਣ ਦੀ ਮੰਗ ਵੀ ਕੀਤੀ ਗਈ ਸੀ।

ਭਾਰਤੀ ਦੂਤਾਵਾਸ ਨੇ ਕਿਹਾ ਕਿ ਉਹ ਉਦੋਂ ਤੱਕ ਕੋਈ ਮਦਦ ਨਹੀਂ ਦੇ ਸਕਦੇ ਜਦੋਂ ਤੱਕ ਰੂਸੀ ਫੌਜ ਉਨ੍ਹਾਂ ਦੇ ਹਵਾਲੇ ਨਹੀਂ ਕਰਦੀ। ਇਨ੍ਹਾਂ ਭਾਰਤੀਆਂ ਨੂੰ ਰੂਸੀ ਫੌਜ ਵਿੱਚ ਇਲੈਕਟ੍ਰੀਸ਼ੀਅਨ, ਰਸੋਈਏ, ਪਲੰਬਰ ਵਰਗੇ ਸਹਾਇਕ ਸਟਾਫ ਵਜੋਂ ਨੌਕਰੀਆਂ ਦਾ ਲਾਲਚ ਦਿੱਤਾ ਜਾ ਰਿਹਾ ਹੈ ਅਤੇ ਫਿਰ ਉਨ੍ਹਾਂ ਨੂੰ ਯੁੱਧ ਦੇ ਮੋਰਚੇ 'ਤੇ ਭੇਜਿਆ ਜਾ ਰਿਹਾ ਹੈ।

ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ ਭਾਰਤੀ ਨਾਗਰਿਕਾਂ ਦੀ ਯੂਕਰੇਨ-ਰੂਸ ਮੋਰਚੇ 'ਤੇ ਮੌਤ ਹੋਈ ਹੋਵੇ ਤੇ ਉਹ ਰੂਸੀ ਫੌਜ ਵਿਚ ਭਰਤੀ ਹੋਕੇ ਬਲੀ ਦੇ ਬਕਰੇ ਬਣੇ ਹੋਣ। ਮਾਸਕੋ ਸਥਿਤ ਭਾਰਤੀ ਦੂਤਾਵਾਸ ਮੁਤਾਬਿਕ ਸਾਲ 2024-25 ਦੌਰਾਨ ਛੇ ਭਾਰਤੀ ਯੁਵਕਾਂ ਦੀਆਂ ਰੂਸੀ ਜੰਗੀ ਮੋਰਚੇ 'ਤੇ ਮੌਤਾਂ ਹੋਈਆਂ ਸਨ। ਦੂਤਾਵਾਸ ਨੇ ਭਾਰਤੀ ਵਿਦੇਸ਼ ਮੰਤਰਾਲੇ ਰਾਹੀਂ ਅਪੀਲ ਵੀ ਜਾਰੀ ਕੀਤੀ ਸੀ ਕਿ ਭਾਰਤੀ ਨਾਗਰਿਕ ਰੂਸ ਵਿਚ ਇਲੈਕਟ੍ਰੀਸ਼ਨਾਂ, ਪਲੰਬਰਾਂ, ਬਾਵਰਚੀਆਂ, ਡਰਾਈਵਰਾਂ ਆਦਿ ਦੀਆਂ ਨੌਕਰੀਆਂ ਲਈ ਅਰਜ਼ੀਆਂ ਭੇਜਣ ਅਤੇ 'ਨੌਕਰੀ' ਲਈ ਚੁਣੇ ਜਾਣ ਦੀ ਸੂਰਤ ਵਿਚ ਰੂਸ ਆਉਣ ਤੋਂ ਪਰਹੇਜ਼ ਕਰਨ।

ਇਹ ਰਿਪੋਰਟਾਂ ਬਿਲਕੁਲ ਸਹੀ ਹਨ ਕਿ ਅਜਿਹੀਆਂ ਨੌਕਰੀਆਂ ਦੀ ਪੇਸ਼ਕਸ਼ ਕਰਨ ਵਾਲੀਆਂ ਠੇਕਾ ਕੰਪਨੀਆਂ ਵਿਦੇਸ਼ੀ ਨਾਗਰਿਕਾਂ ਤੋਂ ਗੁੰਮਰਾਹਕੁਨ ਇਕਰਾਰਨਾਮਿਆਂ ਉੱਤੇ ਦਸਤਖ਼ਤ ਕਰਵਾ ਕੇ ਉਨ੍ਹਾਂ ਨੂੰ ਰੂਸੀ ਫ਼ੌਜ ਦੇ ਸਹਾਇਕਾਂ (ਕੁਲੀਆਂ) ਵਜੋਂ ਜੰਗੀ ਮੋਰਚੇ 'ਤੇ ਭੇਜ ਦਿੰਦੀਆਂ ਹਨ। ਉੱਥੇ ਫ਼ੌਜੀ ਕੈਂਪਾਂ ਵਿਚ ਹਫ਼ਤੇ-ਦਸ ਦਿਨਾਂ ਦੀ ਸਿਖਲਾਈ ਮਗਰੋਂ ਇਨ੍ਹਾਂ 'ਰੰਗਰੂਟਾਂ' ਨੂੰ ਫ਼ੌਜੀਆਂ ਵਜੋਂ ਮੂਹਰਲੀਆਂ ਸਫ਼ਾਂ ਵਿਚ ਭੇਜ ਦਿਤਾ ਜਾਂਦਾ ਹੈ। ਇਹੋ ਕੁੱਝ ਮੱਧ-ਪੂਰਬ ਵਿਚ ਵੀ ਵਾਪਰ ਰਿਹਾ ਹੈ। ਉੱਥੇ ਵੀ ਭਾਰਤੀ ਨਾਗਰਿਕ ਇਜ਼ਰਾਇਲੀ ਫ਼ੌਜੀ ਦਸਤਿਆਂ ਵਿਚ ਮਜ਼ਦੂਰਾਂ ਵਜੋਂ ਕੰਮ ਕਰ ਰਹੇ ਹਨ। ਵਿਦੇਸ਼ ਮੰਤਰਾਲੇ ਵਲੋਂ ਭਾਰਤੀ ਨਾਗਰਿਕਾਂ ਨੂੰ ਤਣਾਅਗ੍ਰਸਤ ਮੁਲਕਾਂ ਵਲ ਹਿਜਰਤ ਨਾ ਕਰਨ ਦੀਆਂ ਚਿਤਾਵਨੀਆਂ ਤੇ ਹਦਾਇਤਾਂ ਦਿੱਤੇ ਜਾਣ ਦੇ ਬਾਵਜੂਦ ਵਿਦੇਸ਼ ਜਾਣ ਦੇ ਚਾਹਵਾਨਾਂ ਵਲੋਂ ਇਨ੍ਹਾਂ ਚਿਤਾਵਨੀਆਂ ਨੂੰ ਦਰਗੁਜ਼ਰ ਕੀਤੇ ਜਾਣਾ ਰੁਕਿਆ ਨਹੀਂ। ਰੂਸ ਸਰਕਾਰ ਦਾ ਦਾਅਵਾ ਸੀ ਕਿ ਉਸ ਨੇ ਅਪਣੀਆਂ ਹਥਿਆਰਬੰਦ ਫ਼ੌਜਾਂ ਵਿਚ ਭਾਰਤੀਆਂ ਦੀ ਭਰਤੀ ਅਪ੍ਰੈਲ 2024 ਵਿਚ ਬੰਦ ਕਰ ਦਿਤੀ ਸੀ।

ਪਿਛਲੇ ਸਾਲ ਭਾਰਤੀ ਵਿਦੇਸ਼ ਮੰਤਰਾਲੇ ਦੇ ਦਖ਼ਲ ਮਗਰੋਂ 85 ਭਾਰਤੀ ਨਾਗਰਿਕ ਰੂਸੀ ਫ਼ੌਜ ਵਿਚੋਂ ਡਿਸਚਾਰਜ ਵੀ ਕੀਤੇ ਗਏ ਸਨ। ਪਰ ਹੁਣ ਨਵੀਆਂ ਮੌਤਾਂ ਦਰਸਾਉਂਦੀਆਂ ਹਨ ਕਿ ਅਜੇ ਵੀ ਦਰਜਨਾਂ ਭਾਰਤੀ, ਰੂਸੀ ਫ਼ੌਜੀ ਦਸਤਿਆਂ ਵਿਚ ਸ਼ਾਮਲ ਹਨ। ਸਫ਼ਾਰਤੀ ਅਧਿਕਾਰੀ ਦਬਵੀਆਂ ਸੁਰਾਂ ਵਿਚ ਇਹ ਕਬੂਲ ਕਰਦੇ ਹਨ ਕਿ ਇਕਰਾਰਨਾਮਿਆਂ ਨਾਲ ਜੁੜੀਆਂ ਕਾਨੂੰਨੀ ਬੰਦਸ਼ਾਂ ਕਾਰਨ ਇਨ੍ਹਾਂ ਭਾਰਤੀਆਂ ਨੂੰ ਫ਼ੌਜੀ ਨੌਕਰੀਆਂ ਤੋਂ ਡਿਸਚਾਰਜ ਕਰਵਾਉਣਾ ਆਸਾਨ ਕਾਰਜ ਨਹੀਂ। ਉਂਜ ਵੀ, ਰੂਸੀ ਜਾਂ ਇਜ਼ਰਾਇਲੀ ਨਾਗਰਿਕਤਾ ਮਿਲਣ ਦਾ ਲੋਭ ਕਈਆਂ ਉਪਰ ਹਾਵੀ ਹੈ।

ਇਹ ਸਹੀ ਹੈ ਕਿ ਪਿਛਲੇ ਸਾਲ ਮੋਦੀ-ਪੁਤਿਨ ਸਿਖਰ ਵਾਰਤਾ ਵਿਚ ਭਾਰਤੀ ਯੁਵਕਾਂ ਦੀਆਂ ਸੇਵਾਵਾਂ ਨੂੰ ਵਗਾਰ ਵਜੋਂ ਵਰਤਣ ਵਾਲਾ ਮਾਮਲਾ ਉੱਠਣ ਮਗਰੋਂ ਰੂਸ ਸਰਕਾਰ ਨੇ ਹਰ ਮੌਤ ਲਈ 1.30 ਕਰੋੜ ਰੁਪਏ ਦਾ ਮੁਆਵਜ਼ਾ, ਮ੍ਰਿਤਕ ਦੇ ਵਾਰਿਸਾਂ ਨੂੰ ਰੂਸੀ ਨਾਗਰਿਕਤਾ ਅਤੇ ਬੱਚਿਆਂ ਲਈ ਰੂਸੀ ਸਕੂਲਾਂ ਵਿਚ ਮੁਫ਼ਤ ਸਿਖਿਆ ਆਦਿ ਵਰਗੀਆਂ ਸਹੂਲਤਾਂ ਦੇਣੀਆਂ ਸ਼ੁਰੂ ਕੀਤੀਆਂ ਸਨ, ਪਰ ਆਪਣੀ ਜੰਗਬਾਜ਼ੀ ਲਈ ਹੋਰਨਾਂ ਮੁਲਕਾਂ ਦੇ ਗ਼ੈਰ-ਫ਼ੌਜੀ ਪਰਵਾਸੀਆਂ ਨੂੰ ਜੰਗੀ ਮੋਰਚੇ 'ਤੇ ਡਾਹ ਦੇਣਾ ਇਖ਼ਲਾਕੀ ਤੌਰ 'ਤੇ ਵੀ ਨਾਵਾਜਬ ਹੈ ਅਤੇ ਸਮਾਜਿਕ-ਆਰਥਿਕ ਤੌਰ 'ਤੇ ਵੀ। ਸਿਰਫ਼ ਰੂਸ ਜਾਂ ਇਜ਼ਰਾਈਲ ਹੀ ਨਹੀਂ, ਭਾਰਤੀ ਯੁਵਕ ਬੇਈਮਾਨ ਏਜੰਟਾਂ ਵਲੋਂ ਜਾਰਜੀਆ, ਆਰਮੀਨੀਆ, ਮੋਲਦੋਵਾ ਆਦਿ ਗੜਬੜੀਗ੍ਰਸਤ ਯੂਰੋਪੀਅਨ ਮੁਲਕਾਂ ਵਿਚ ਇਹ ਲੋਭ ਦੇ ਕੇ ਭੇਜੇ ਜਾ ਰਹੇ ਹਨ ਕਿ ਉਥੋਂ ਅੱਗੇ ਪੱਛਮੀ ਯੂਰੋਪ ਦੇ ਮੁਲਕਾਂ ਵਿਚ ਜਾ ਵਸਣਾ ਆਸਾਨ ਹੈ।

ਜਾਰਜੀਆ-ਆਰਮੀਨੀਆ ਮੁਲਕਾਂ ਵਿਚ ਅਮਨ-ਕਾਨੂੰਨ ਦੇ ਹਾਲਾਤ ਜਿਥੇ ਵਿਦੇਸ਼ੀ ਪਰਵਾਸੀਆਂ ਲਈ ਸੁਖਾਵੇ ਨਹੀਂ, ਉੱਥੇ ਉਜਰਤਾਂ ਵੀ ਭਾਰਤ ਨਾਲੋਂ ਬਹੁਤੀਆਂ ਜ਼ਿਆਦਾ ਨਹੀਂ। ਲਿਹਾਜ਼ਾ, ਇਹ ਯੁਵਕ ਖ਼ੁਦ ਨੂੰ ਉਥੇ ਕਸੂਤਾ ਫਸਿਆ ਮਹਿਸੂਸ ਕਰਦੇ ਹਨ।

# ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪੈਰਸ ਵਾਤਾਵਰਣ ਸਮਝੌਤੇ ਤੋਂ ਬਾਹਰ ਆਉਣ ਬਾਰੇ ਆਦੇਸ਼ ਜਾਰੀ

## * ਪਹਿਲੇ ਦਿਨ ਬਾਈਡਨ ਕਾਰਜਕਾਲ ਦੌਰਾਨ ਜਾਰੀ ਹੋਏ 78 ਆਦੇਸ਼ ਕੀਤੇ ਰੱਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ 47 ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਉਪਰੰਤ ਡੋਨਾਲਡ ਟਰੰਪ ਨੇ ਇਕ ਆਦੇਸ਼ ਜਾਰੀ ਕਰਕੇ ਪੈਰਸ ਵਾਤਾਵਰਣ ਸਮਝੌਤੇ ਤੋਂ ਬਾਹਰ ਆਉਣ ਦਾ ਐਲਾਨ ਕੀਤਾ ਹੈ। ਆਪਣੇ ਪਹਿਲੇ ਕਾਰ-ਜਕਾਲ ਦੌਰਾਨ 2017 ਵਿਚ ਵੀ ਟਰੰਪ ਨੇ ਪੈਰਸ ਵਾਤਾਵਰਣ ਸਮਝੌਤੇ ਨਾਲੋਂ ਨਾਤਾ ਤੋੜ ਲਿਆ ਸੀ ਪਰੰਤੂ 4 ਸਾਲ ਪਹਿਲਾਂ ਜੋ ਬਾਈਡਨ ਨੇ ਰਾਸ਼ਟਰਪਤੀ ਬਣਦਿਆਂ ਹੀ ਮੁੜ ਪੈਰਸ ਸਮਝੌਤੇ ਵਿਚ ਸ਼ਾਮਿਲ ਹੋਣ ਦਾ ਆਦੇਸ਼ ਜਾਰੀ ਕੀਤਾ ਸੀ।

ਡੋਨਾਲਡ ਟਰੰਪ ਨੇ ਪਹਿਲੇ ਦਿਨ ਜਾਰੀ ਵੱਖ ਵੱਖ ਆਦੇਸ਼ਾਂ ਵਿਚ ਬਾਈਡਨ ਕਾਰ-ਜਕਾਲ ਦੌਰਾਨ ਜਾਰੀ ਹੋਏ 78 ਆਦਸ਼ਾਂ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਜਾਰੀ ਇਕ ਲਏ ਅਹਿਮ ਫੈਸਲੇ ਵਿਚ "ਬਿਜਲਈ ਵਾਹਣ ਆਦੇਸ਼" ਰੱਦ ਕਰ ਦਿੱਤਾ ਹੈ। ਟਰੰਪ ਵੱਲੋਂ ਜਾਰੀ ਆਦਸ਼ਾਂ ਤੋਂ ਸਪੱਸ਼ਟ ਹੈ ਕਿ ਅਮਰੀਕਾ ਵਿਚ ਵੱਡੀ ਪੱਧਰ 'ਤੇ ਬਦਲਾਅ ਵੇਖਣ ਨੂੰ ਮਿਲਣਗੇ। ਟਰੰਪ ਨੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਕਿਹਾ ਹੈ ਕਿ ਅਮਰੀਕਾ ਆਪਣੀ ਸਨਅਤ ਨੂੰ ਮਜਬੂਤ ਕਰੇਗਾ ਜਦ ਕਿ ਚੀਨ ਆਪਣੇ ਸਵਾਰਥ ਲਈ ਕੰਮ ਕਰ ਰਿਹਾ ਹੈ। ਇਸੇ ਹੀ ਦਿਸ਼ਾ ਵਿਚ ਕਦਮ ਚੁੱਕਦਿਆਂ ਟਰੰਪ ਨੇ ਊਰਜਾ ਖੇਤਰ ਵਿਚ ਕੌਮੀ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ। ਟਰੰਪ ਕੱਚਾ ਤੇਲ ਤੇ ਹੋਰ ਉਰਜਾ ਸਮਗਰੀ ਦਾ ਘਰੇਲੂ ਉਤਪਾਦਨ ਵਧਾਉਣਗੇ। ਹਾਲਾਂ ਕਿ ਵਾਈਟ ਹਾਊਸ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿਚ ਪਹਿਲਾਂ ਹੀ ਕੱਚੇ ਤੇਲ ਦਾ ਘਰੇਲੂ ਉਤਪਾਦਨ ਉਚਾਈਆਂ ਛੂਹ ਰਿਹਾ ਹੈ। ਇਕ ਹੋਰ ਆਦੇਸ਼ ਤਹਿਤ ਅਲਾਸਕਾ ਵਿਚ ਦੁਬਾਰਾ ਕੱਚਾ ਤੇਲ ਕੱਢਣ ਲਈ ਕਾਰਵਾਈ ਸ਼ੁਰੂ ਹੋਵੇਗੀ ਜਦ ਕਿ ਬਾਈਡਨ ਨੇ ਰਾਜ ਵਿਚ ਤੇਲ ਤੇ ਗੈਸ ਕੱਢੇ ਜਾਣ ਦੀ ਮਾਤਰਾ ਨੂੰ ਸੀਮਿਤ ਕਰ ਦਿੱਤਾ ਸੀ। ਹੋਰ ਜਾਰੀ ਆਦੇਸ਼ਾਂ ਵਿਚ ਟਰੰਪ ਨੇ ਨਵੇਂ ਸੰਘੀ ਨਿਯਮ ਬਣਾਉਣ ਤੇ ਨਵੇਂ ਸੰਘੀ ਵਰਕਰ ਭਰਤੀ ਕਰਨ ਉਪਰ ਰੋਕ ਲਾ ਦਿੱਤੀ ਹੈ। ਉਨਾਂ ਨੇ ਸੰਘੀ ਮੁਲਾਜ਼ਮਾਂ ਨੂੰ ਨਿੱਜੀ ਤੌਰ 'ਤੇ ਕੰਮ ਉਪਰ ਹਾਜਰ ਹੋਣ ਦਾ ਆਦੇਸ਼ ਦਿੱਤਾ ਹੈ। ਟਰੰਪ ਨੇ ਖਪਤਕਾਰਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਦੇ ਮਕਸਦ ਨਾਲ ਮੁਦਰਾਸਫੀਤੀ ਬਾਰੇ ਇਕ ਮੰਗ ਪੱਤਰ ਉਪਰ ਵੀ ਦਸਤਖਤ ਕੀਤੇ ਹਨ।

ਵਾਈਟ ਹਾਊਸ ਅਨੁਸਾਰ ਇਸ ਨਾਲ ਖਪਤਕਾਰੀ ਵਸਤਾਂ ਦੀਆਂ ਕੀਮਤਾਂ ਹੇਠਾਂ ਲਿਆਉਣ ਲਈ ਸਰਕਾਰੀ ਪੱਧਰ 'ਤੇ ਕੰਮ ਸ਼ੁਰੂ ਹੋਵੇਗਾ। ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੁਆਰਾ ਜਾਰੀ ਕਈ ਆਦੇਸ਼ ਵਿਵਾਦਤ ਹਨ ਜਿਨਾਂ ਦਾ ਡੈਮਕਰੈਟਸ ਤੇ ਹੋਰਨਾਂ ਵੱਲੋਂ ਵਿਰੋਧ ਕੀਤਾ ਜਾਵੇਗਾ।



# ਕੈਨੇਡਾ ਵਿੱਚ ਸਿੱਖਾਂ ਵਿਰੁੱਧ ਵਿਖਾਵਾ ਕਰਨ ਲਈ ਵਿਦਿਆਰਥੀਆਂ ਨੂੰ ਪੈਸੇ ਦੇ ਕੇ ਉਕਸਾਏ ਜਾਣ ਦਾ ਮਾਮਲਾ ਸਾਹਮਣੇ ਆਇਆ

ਕੈਨੇਡਾ – ਕੈਨੇਡਾ ਵਿੱਚ ਰਹਿਣ ਵਾਲੇ ਇੱਕ ਭਾਰਤੀ ਵਿਦਿਆਰਥੀ ਨੇ ਆਪਣੇ ਸ਼ੋਸ਼ਲ ਮੀਡੀਆ ਰਾਹੀਂ ਸਨਸਨਖੇਜ਼ ਖੁਲਾਸਾ ਕੀਤਾ ਹੈ। ਵੀਰੂ ਨਾਂ ਦੇ ਸੋਸ਼ਲ ਖਾਤੇ ਵਿੱਚ ਲਿਖਿਆ ਹੈ ਕਿ ਉਸ ਨੂੰ ਤੇ ਉਹਦੇ ਨਾਲ ਕਮਰੇ ਵਿੱਚ ਰਹਿਣ ਵਾਲੇ ਸਾਥੀ ਵਿਦਿਆਰਥੀਆਂ ਨੂੰ ਦੀਵਾਲੀ ਦੌਰਾਨ ਕੈਨੇਡਾ ਵਿੱਚ ਸਿੱਖਾਂ ਦਾ ਵਿਰੋਧ ਕਰਨ ਲਈ ਉਕਸਾਇਆ ਗਿਆ ਤੇ ਇਸ ਲਈ ਪੈਸੇ ਦਿੱਤੇ ਗਏ। ਉਸ ਨੇ ਲਿਖਿਆ ਹੈ ਕਿ "ਹਮ ਕੋ ਇੰਡੀਆ ਕੇ ਫਲੈਗ ਭੀ ਪਰੋਵਾਈਡ ਕੀਏ ਗਏ --। -" ਉਹਨੇ ਲਿਖਿਆ ਹੈ ਕਿ ਸਾਨੂੰ ਭਾਰਤ ਦੇ ਝੰਡੇ ਦਿੱਤੇ ਗਏ ਅਤੇ ਸਾਨੂੰ ਹਰ ਇੱਕ ਨੂੰ ਇੱਕ ਰਾਤ ਦੇ 6000 (ਛੇ ਹਜ਼ਾਰ) ਡਾਲਰ ਦਿੱਤੇ ਗਏ । ਸਾਨੂੰ ਪੈਸੇ ਚਾਹੀਦੇ ਸਨ, ਅਸੀਂ ਤਿੰਨ ਜਣੇ, ਮੇਰੇ ਸਮੇਤ ਸਿੱਖਾਂ ਦੇ ਵਿਰੁੱਧ ਮੁਜ਼ਾਹਰਾ ਕਰਨ ਗਏ। ਸਾਨੂੰ ਪਹਿਲਾਂ 500 ਡਾਲਰ ਦਿੱਤੇ ਗਏ ਅਤੇ ਫਿਰ ਅਗਲੇ ਦਿਨ 2500 ਡਾਲਰ ਦਿੱਤੇ ਗਏ। ਸਾਡੇ ਲਈ ਸਵਾਰੀ (ਟਰਾਂਸਪੋਰਟ) ਦਾ ਵੀ ਪ੍ਰਬੰਧ ਕੀਤਾ ਗਿਆ। ਸਾਡੇ ਲਈ ਇੰਝ ਪੈਸੇ ਬਣਾਉਣੇ ਸੌਖਾ ਕੰਮ ਸੀ, ਤੇ ਅਸੀਂ ਇਹ ਸਵੀਕਾਰ ਕਰ ਲਿਆ ਅਤੇ ਸਾਨੂੰ ਖਾਲਿਸਤਾਨੀਆ ਦੇ ਖਿਲਾਫ਼ ਨਾਹਰੇ ਲਾਉਣੇ ਇਕ ਸ਼ੁਗਲ ਵਾਂਗ ਲਗਦਾ ਸੀ। ਪਰ ਅਸੀਂ ਇਹ ਸਭ ਕੁੱਝ ਪੈਸੇ ਦੀ ਖ਼ਾਤਰ ਕੀਤਾ ਅਤੇ ਸਾਡਾ ਮਕਸਦ ਅਸਲ ਵਿੱਚ ਵਿਰੋਧ ਕਰਨਾ ਨਹੀਂ ਸੀ।

ਉਹਨੇ ਲਿਖਿਆ ਹੈ ਕਿ ਮੈਂ ਕੁੱਝ ਸਿੱਖ ਲੋਕਾਂ ਨਾਲ ਕੰਮ ਕਰਦਾ ਹਾਂ, ਜਿਹੜੇ ਸਾਡੀ ਕਾਫ਼ੀ ਮਦਦ ਕਰਦੇ ਹਨ। ਇਹ ਕੇਵਲ ਇੱਕ ਰਾਤ ਦਾ ਕੰਮ ਸੀ, ਜੇ ਸਾਨੂੰ ਦੁਬਾਰਾ ਇਸ ਕੰਮ ਲਈ ਸੱਦਿਆ ਜਾਂਦਾ ਹੈ ਤਾਂ ਅਸੀਂ ਫਿਰ ਵੀ ਇਹ ਕਰਾਂਗੇ। ਪਰ ਮੈਂ ਸਿੱਖ ਲੋਕਾਂ ਨੂੰ ਨਫ਼ਰਤ ਨਹੀਂ ਕਰਦਾ। ਇਹ ਜਾਣਕਾਰੀ ਦੇਣ ਵਾਲੇ ਵਿਅਕਤੀ ਨੇ ਆਪਣਾ ਪੂਰਾ ਨਾਂ ਨਹੀਂ ਦੱਸਿਆ ਤੇ ਨਾ ਹੀ ਇਸ ਦਾ ਖੁਲਾਸਾ ਕੀਤਾ ਹੈ ਕਿ ਉਹਨਾਂ ਨੂੰ ਇਹ ਪੈਸੇ ਕਿਸ ਨੇ ਦਿੱਤੇ, ਭਾਰਤੀ ਅੰਬੈਸੀ ਦੇ ਕਿਸੇ ਅਧਿਕਾਰੀ ਨੇ ਦਿੱਤੇ ਜਾਂ ਕਿਸੇ ਸਿਆਸੀ ਪਾਰਟੀ ਦੇ ਆਗੂ ਵੱਲੋਂ ਦਿੱਤੇ ਗਏ, ਇਸ ਬਾਰੇ ਕੋਈ ਜ਼ਿਕਰ ਨਹੀਂ ਹੈ ।

# ਗੁਰਪਤਵੰਤ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਦੋਸ਼ੀ ਨਿਖਿਲ ਗੁਪਤਾ ਨੇ ਮੁੜ ਹਿੰਦੀ ਬੋਲਣ ਵਾਲੇ ਸਰਕਾਰੀ ਵਕੀਲ ਦੀ ਕੀਤੀ ਮੰਗ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਾ ਵਿੱਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਦੋਸ਼ੀ ਨਿਖਿਲ ਗੁਪਤਾ ਨੇ ਬੀਤੇ ਦਿਨ ਅਦਾਲਤ ਅੰਦਰ ਮੁੜ ਤੋਂ ਹਿੰਦੀ ਬੋਲਣ/ ਸਮਝਣ ਵਾਲੇ ਸਰਕਾਰੀ ਵਕੀਲ ਦੀ ਮੰਗ ਕੀਤੀ ਹੈ । ਜਿਸ ਤੇ ਉਸਨੂੰ ਮੁਹਈਆ ਕਰਵਾਏ ਗਏ ਵਕੀਲ ਨੇ ਅਦਾਲਤ ਕੋਲੋਂ ਉਸਦੇ ਕੇਸ ਨੂੰ ਪੜਨ ਲਈ 60 ਦਿਨਾਂ ਦੇ ਸਮੇਂ ਦੀ ਮੰਗ ਕੀਤੀ ਹੈ । ਜਿਕਰਯੋਗ ਹੈ ਕਿ ਗੁਪਤਾ ਨੂੰ ਪਿਛਲੇ ਸਾਲ ਚੈੱਕ ਗਣਰਾਜ ਤੋਂ ਅਮਰੀਕਾ ਹਵਾਲੇ ਕੀਤਾ ਗਿਆ ਸੀ। ਓਸ ਨੇ ਦਸਿਆ ਕਿ ਜਦੋਂ ਤੋਂ ਮੈਨੂੰ ਪ੍ਰਾਗ ਤੋਂ ਅਮਰੀਕਾ ਹਵਾਲੇ ਕੀਤਾ ਗਿਆ ਹੈ, ਮੈਨੂੰ ਕੋਈ ਕੌਂਸਲਰ ਪਹੁੰਚ ਨਹੀਂ ਮਿਲੀ ਹੈ ਅਤੇ ਭਾਰਤੀ ਦੂਤਾਵਾਸ ਤੋਂ ਕੋਈ ਵੀ ਮੈਨੂੰ ਮਿਲਣ ਨਹੀਂ ਆਇਆ। ਮੇਰੇ ਪਰਿਵਾਰ ਨੇ ਇਸ ਲਈ ਕਈ ਬੇਨਤੀਆਂ ਉਠਾਈਆਂ ਸਨ ਪਰ ਅੱਜ ਤੱਕ ਕੋਈ ਵੀ ਮੈਨੂੰ ਮਿਲਣ ਨਹੀਂ ਆਇਆ ।

# ਪੰਜਾਬੀ ਸਾਹਿਤ ਨੂੰ ਸਮਰਪਿਤ ਅਦਬੀ ਮੇਲਾ 2025 ਸਬੰਧੀ ਮੀਟਿੰਗ ਹੋਈ



ਪੰਜਾਬੀ ਸਾਹਿਤਕ ਅਦਬੀ ਮੇਲੇ ਸਬੰਧੀ ਇਕੱਤਰਤਾ 'ਚ ਸ਼ਾਮਿਲ ਸਖਸ਼ੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਸਾਹਿਤ ਨੂੰ ਸਮਰਪਿਤ ਅਦਬੀ ਮੇਲਾ 2025 ਦੇ ਸਬੰਧ ਵਿੱਚ ਇੱਕ ਅਹਿਮ ਮੀਟਿੰਗ ਸਾਊਥਾਲ ਦੇ ਚਾਂਦਨੀ ਚੌਂਕ ਰੈਸਟੋਰੈਂਟ ਵਿਖੇ ਹੋਈ। ਜਿਸ ਵਿੱਚ ਪੰਜਾਬੀ ਸਾਹਿਬ ਨਾਲ ਜੁੜੀਆਂ ਪ੍ਰਮੁੱਖ ਸਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੁੱਖ ਪ੍ਰਬੰਧਕ ਅਜ਼ੀਮ ਸ਼ੇਖ਼ਰ ਅਤੇ ਅਬੀਰ ਬੁੱਟਰ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਭਵਿੱਖ ਨੂੰ ਲੈ ਕੇ ਯੋਜਨਾਵਾਂ ਬਾਰੇ ਵਿਚਾਰ ਚਰਚਾ ਕੀਤੀ। ਵੱਖ ਵੱਖ ਬੁਲਾਰਿਆਂ ਨੇ ਪੰਜਾਬੀ ਸਾਹਿਬ ਦੀ ਪ੍ਰਫੁਲਤਾ ਲਈ ਅੰਤਰਰਾਸ਼ਟਰੀ ਪੱਧਰ ਤੇ ਕਰਵਾਏ ਜਾਣ ਵਾਲੇ ਇਸ ਦੂਸਰੇ ਅਦਬੀ ਮੇਲੇ ਨੂੰ ਲੈ ਕੇ ਆਪੋ ਆਪਣੇ ਸੁਝਾਅ ਪੇਸ਼ ਕਰਦਿਆਂ ਵਿਸ਼ਵ ਭਰ ਤੋਂ ਨਾਮਵਾਰ ਲੇਖਕਾਂ ਨੂੰ ਬੁਲਾਉਣ, ਪੰਜਾਬੀ ਬੋਲੀ, ਸੱਭਿਆਚਾਰ ਅਤੇ ਕਲਾ ਕ੍ਰਿਤਾਂ ਨਾਲ ਨਵੀਂ ਪੀੜੀ ਨੂੰ ਜੋੜਨ ਲਈ ਯੂ ਕੇ ਦੇ ਸਕੂਲਾਂ ਤੱਕ ਪਹੁੰਚ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਕੁਲਵੰਤ ਕੌਰ ਢਿਲੋਂ ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ, ਸਾਬਕਾ ਮੇਅਰ ਰਣਜੀਤ ਧੀਰ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ, ਮਨਜੀਤ ਕੌਰ ਪੱਡਾ, ਮਹਿੰਦਰਪਾਲ ਸਿੰਘ ਧਾਲੀਵਾਲ ਪਾਠਕ ਲੇਖਕ ਮੰਚ ਸਲੋਹ, ਕੌਂਸਲਰ ਕਮਲਜੀਤ ਕੌਰ ਸਹੋਤਾ, ਅਮਰ ਜੋਯਤੀ, ਰਾਜਿੰਦਰ ਕੌਰ, ਗੁਰਨਾਮ ਗਰੇਵਾਲ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਨਰਿੰਦਰ ਕੌਰ, ਸ਼ਿਵਦੀਪ ਕੌਰ ਢੇਸੀ, ਪ੍ਰਮਜੀਤ ਕੌਰ ਸੰਧਾਵਾਲੀਆ, ਕਿੱਟੀ ਬੱਲ, ਭਿੰਦਰ ਜਲਾਲਾਬਾਦੀ, ਰੁਪਿੰਦਰ ਕੌਰ ਗਿੱਲ, ਬਲਵਿੰਦਰ ਸਿੰਘ ਸਹੋਤਾ, ਸੁਖਵਿੰਦਰ ਸਿੰਘ ਸੁੱਖੀ, ਪ੍ਰਮਿੰਦਰ ਹਾਲਫੋਰਡ, ਹਰਜਿੰਦਰ ਕੌਰ, ਰਾਜ, ਰੂਪ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾਂ ਕਰਨ ਵਾਲੇ ਅਕਾਲੀ ਲੀਡਰਾਂ ਦਾ ਯੂ ਕੇ ਵਿੱਚ ਵਿਰੋਧ ਕੀਤਾ ਜਾਵੇਗਾ – ਐਫ ਐਸ ਓ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਸੱਦੇ ਤੇ ਬੀਤੇ ਕੱਲ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜੱਥੇਬੰਦੀਆਂ ਦੀ ਇੱਕ ਵਿਸ਼ੇਸ਼ ਇਕੱਤਰਤਾ ਹੋਈ। ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣ ਦਾ ਅਹਿਦ ਪ੍ਰਗਟਾਉਂਦਿਆਂ 2 ਦਸੰਬਰ 2024 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਤੇ ਗਏ ਫੈਸਲਿਆਂ ਦੀ ਡੱਟ ਕੇ ਪ੍ਰੋੜਤਾ ਕੀਤੀ ਗਈ ਹੈ। ਜਿਸ ਤੋਂ ਬਾਅਦ ਸਿੰਘ ਸਾਹਿਬ ਨੂੰ ਸਾਂਝਾ ਪੱਤਰ ਲਿਖਕੇ ਇਹਨਾਂ ਇਤਿਹਾਸਕ ਫੈਸਲਿਆਂ ਨੂੰ ਹਰ ਹਾਲਤ ਵਿੱਚ ਲਾਗੂ ਕਰਵਾਉਣ ਦੀ ਅਪੀਲ ਕੀਤੀ।

ਪੱਤਰ ਵਿੱਚ ਲਿਖਿਆ ਕਿ ਬਾਦਲਕਿਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਅਦੇਸ਼ਾਂ - ਹੁਕਮਾਂ ਦੀ ਆਨੇ ਬਹਾਨੇ ਉਲੰਘਣਾ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਵੰਗਾਰਨ ਦੇ ਯਤਨ ਕੀਤੇ ਜਾ ਰਹੇ ਹਨ। ਜਿਸ ਦੀ ਸਖਤ ਨਿਖੇਧੀ ਕੀਤੀ ਗਈ। ਇੱਕਸੁਰਤਾ ਨਾਲ ਠੋਸ ਫੈਸਲਾ ਕੀਤਾ ਗਿਆ ਕਿ ਸੁਖਬੀਰ ਸਿੰਘ ਬਾਦਲ ਸਮੇਤ ਕੋਈ ਵੀ ਵਿਅਕਤੀ ਅਗਰ ਇਹਨਾਂ ਅਦੇਸ਼ਾਂ ਨੂੰ ਨਹੀਂ ਮੰਨਦਾ ਤਾਂ ਯੂ ਕੇ ਵਿੱਚ ਉਸਦਾ ਵਿਰੋਧ ਅਤੇ ਮੁਕੰਮਲ ਬਾਈਕਾਟ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਤੋਂ ਮੁਨਕਰ ਹੋਣ ਵਾਲੇ ਕਿਸੇ ਵੀ ਅਖੌਤੀ ਆਗੂ ਨੂੰ ਯੂ ਕੇ ਦੇ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸਨਮਾਨਿਤ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਉਸਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਬੋਲਣ ਦਿੱਤਾ ਜਾਵੇਗਾ। ਸਿੱਖ ਆਗੂਆਂ ਨੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸਮੁੱਚੇ ਅਕਾਲੀ ਦਲਾਂ ਵਿੱਚ ਏਕਤਾ ਕਰਵਾਕੇ ਇੱਕ ਅਕਾਲੀ ਦਲ ਬਣਾਉਣ ਦੀ ਵੀ ਅਪੀਲ ਕੀਤੀ।



ਯੂ ਕੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ

## ਸਾਊਥਾਲ ਵਿੱਚ ਪੰਜਾਬੀ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 17 ਜਨਵਰੀ ਨੂੰ ਪੱਛਮੀ ਲੰਡਨ ਦੇ ਸਾਊਥਾਲ ਵਿੱਚ 30 ਸਾਲਾਂ ਦਾ ਇੱਕ ਵਿਅਕਤੀ ਮ੍ਰਿਤਕ ਪਾਇਆ ਗਿਆ ਹੈ। ਸ਼ੁੱਕਰਵਾਰ ਸਵੇਰੇ 8.25 ਵਜੇ ਈਲਿੰਗ ਦੇ ਟੈਂਟੇਲੋ ਲੇਨ ਵਿੱਚ ਇੱਕ ਵਿਅਕਤੀ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਇੱਕ ਵਿਅਕਤੀ ਦੀ ਲਾਸ਼ ਨੌਰਵੁੱਡ ਪਾਰਕ ਦੇ ਦਰੱਖਤ ਤੇ ਲਟਕ ਰਹੀ ਹੈ। ਭਾਵੇਂ ਕਿ ਮੁਢਲੇ ਹਾਲਾਤ ਖੁਦਕੁਸ਼ੀ ਦੇ ਸੰਕੇਤ ਦੇ ਰਹੇ ਹਨ ਪਰ ਪੁਲਿਸ ਨੇ ਇਸ ਸਬੰਧੀ ਅਜੇ ਕੁੱਝ ਵੀ ਸ਼ਪਸ਼ਟ ਨਹੀਂ ਕੀਤਾ। ਮੌਕੇ ਤੇ ਪਹੁੰਚੀ ਲੰਡਨ ਐਂਬੂਲੈਂਸ ਸੇਵਾ ਅਤੇ ਲੰਡਨ ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਨੇ 30 ਸਾਲਾ ਵਿਅਕਤੀ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਮ੍ਰਿਤਕ ਦੀ ਪਹਿਚਾਣ ਕਰਨ ਅਤੇ ਉਸ ਦੇ ਪਰਿਵਾਰ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ । ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਉਕਤ ਵਿਅਕਤੀ ਨੇ ਆਤਮਹੱਤਿਆ ਕਿਉਂ ਕੀਤੀ। ਮੈਟਰੋਪੋਲੀਟਨ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਉਸਦੇ ਨੇੜਲੇ ਰਿਸ਼ਤੇਦਾਰ ਨੂੰ ਸੂਚਿਤ ਕਰਨ ਲਈ ਪੁੱਛਗਿੱਛ ਕਰ ਰਹੀ ਹੈ। ਪੋਸਟਮਾਰਟਮ ਦੀ ਜਾਂਚ ਤੋਂ ਬਾਅਦ ਕੋਰੋਨਰ ਲਈ ਫਾਈਲ ਤਿਆਰ ਕੀਤੀ ਜਾਵੇਗੀ।

## ਕਸ਼ਮੀਰੀ ਹਿੰਦੂਆਂ ਨੂੰ ਇਨਸਾਫ਼ ਦਿਵਾਉਣ ਲਈ ਬ੍ਰਿਟਿਸ਼ ਸੰਸਦ ਵਿੱਚ ਪ੍ਰਸਤਾਵ ਪੇਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 19 ਜਨਵਰੀ 1990 ਨੂੰ, ਕਸ਼ਮੀਰ ਘਾਟੀ ਵਿੱਚ ਕਸ਼ਮੀਰੀ ਹਿੰਦੂਆਂ ਦੇ ਕਤਲੇਆਮ ਦੀ 35ਵੀਂ ਵਰ੍ਹੇਗੰਢ ਮੌਕੇ ਬਰਤਾਨਵੀ ਸੰਸਦ ਵਿੱਚ ਇੱਕ ਮਤਾ ਪੇਸ਼ ਕੀਤਾ ਗਿਆ। ਇਸ ਵਿੱਚ ਕਸ਼ਮੀਰੀ ਹਿੰਦੂਆਂ ਦੇ ਅਧਿਕਾਰਾਂ ਦੀ ਰਾਖੀ ਅਤੇ ਉਨ੍ਹਾਂ ਲਈ ਨਿਆਂ ਦਾ ਮੁੱਦਾ ਉਠਾਇਆ ਗਿਆ। ਯੂ ਕੇ ਦੇ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਹਾਊਸ ਆਫ਼ ਕਾਮਨਜ਼ ਵਿੱਚ ਇੱਕ ਅਰਲੀ ਡੇ ਮੋਸ਼ਨ ਪੇਸ਼ ਕੀਤਾ। ਇਹ ਮਤਾ ਹਾਊਸ ਆਫ਼ ਕਾਮਨਜ਼ ਵਿੱਚ ਬਹਿਸ ਲਈ ਪੇਸ਼ ਕੀਤਾ ਗਿਆ ਅਤੇ ਇਸਦਾ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਕਸ਼ਮੀਰੀ ਹਿੰਦੂਆਂ ਦੇ ਦਰਦ ਅਤੇ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਜਾਵੇ।

ਅਰਲੀ ਡੇਅ ਮੋਸ਼ਨ ਵਿੱਚ ਸੰਸਦ ਮੈਂਬਰ ਨੇ ਕਿਹਾ, ਇਹ ਸਦਨ ਜਨਵਰੀ 1990 ਵਿੱਚ ਕਸ਼ਮੀਰੀ ਹਿੰਦੂਆਂ 'ਤੇ ਹੋਏ ਹਮਲਿਆਂ ਦੀ 35ਵੀਂ ਵਰ੍ਹੇਗੰਢ ਨੂੰ ਡੂੰਘੇ ਦੁੱਖ ਅਤੇ ਨਿਰਾਸ਼ਾ ਨਾਲ ਮਨਾਉਂਦਾ ਹੈ। ਅਸੀਂ ਇਸ ਹਿੰਸਾ ਦੇ ਸ਼ਿਕਾਰ ਹੋਏ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ। ਇਸ ਮਤੇ ਵਿੱਚ ਇਹ ਵੀ ਕਿਹਾ ਗਿਆ ਕਿ ਇਸ ਹਿੰਸਾ ਤੋਂ ਬਾਅਦ ਕਸ਼ਮੀਰੀ ਹਿੰਦੂਆਂ ਨੂੰ ਉਜਾੜੇ ਅਤੇ ਦੁੱਖਾਂ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ। ਸੰਸਦ ਵਿੱਚ ਪੇਸ਼ ਕੀਤੇ ਗਏ ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ, ਅਸੀਂ ਉਨ੍ਹਾਂ ਲੋਕਾਂ ਦੀ ਸਖ਼ਤ ਨਿੰਦਾ ਕਰਦੇ ਹਾਂ ਜਿਨ੍ਹਾਂ ਨੇ ਕਸ਼ਮੀਰੀ ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਅੱਤਵਾਦੀ ਹਮਲਿਆਂ ਨੂੰ ਉਤਸ਼ਾਹਿਤ ਕੀਤਾ। ਅਸੀਂ ਜੰਮੂ ਅਤੇ ਕਸ਼ਮੀਰ ਵਿੱਚ ਹਿੰਦੂਆਂ ਦੇ ਲਗਾਤਾਰ ਕਤਲੇਆਮ ਦੀ ਵੀ ਨਿੰਦਾ ਕਰਦੇ ਹਾਂ। ਇਹ ਮਤਾ ਅੰਤਰਰਾਸ਼ਟਰੀ ਭਾਈਚਾਰੇ ਨੂੰ ਕਸ਼ਮੀਰੀ ਹਿੰਦੂਆਂ ਦੇ ਦੁੱਖਾਂ ਅਤੇ ਉਨ੍ਹਾਂ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਣ ਲਈ ਇੱਕ ਜ਼ਿਕਰਯੋਗ ਹੈ ਕਿ ਦੁਨੀਆ ਭਰ ਦੇ ਕਸ਼ਮੀਰੀ ਹਿੰਦੂ 19 ਜਨਵਰੀ ਨੂੰ 'ਮਹਾਵਿਨਾਸ਼ ਦਿਵਸ' ਵਜੋਂ ਮਨਾਉਂਦੇ ਹਨ।



ਐਮ ਪੀ ਬੌਬ ਬਲੈਕਮੈਨ


# VACANCIES
# JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਬਰਤਾਨੀਆਂ ਵਿੱਚ ਸਿੱਖ ਨੌਜਵਾਨਾਂ ਨੇ ਕੰਗਣਾਂ ਦੀ ਫਿਲਮ 'ਐਮਰਜੈਂਸੀ' ਵਿਰੁੱਧ ਰੋਸ ਪ੍ਰਗਟਾਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸਿੱਖਾਂ ਸੰਗਠਨਾਂ ਵੱਲੋਂ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕੀਤੇ ਹਨ, ਜਿਸ ਨਾਲ ਇਸਦੇ ਸ਼ੁਰੂਆਤੀ ਹਫਤੇ ਦੇ ਅਖੀਰ ਵਿੱਚ ਕੁਝ ਸਿਨੇਮਾਘਰਾਂ ਵਿੱਚ ਫਿਲਮ ਦੀ ਸਕ੍ਰੀਨਿੰਗ ਵਿੱਚ ਵਿਘਨ ਪਿਆ।**



ਸਿੱਖ ਨੌਜਵਾਨ ਫਿਲਮ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰਦੇ ਹੋਏ




ਸਿੱਖਾਂ ਵੱਲੋਂ ਕੰਗਣਾਂ ਦੀ ਫਿਲਮ ਨੂੰ "ਸਿੱਖ ਵਿਰੋਧੀ" ਮੰਨਿਆ ਜਾਂਦਾ ਹੈ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਨਤੀਜੇ ਵਜੋਂ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਵਿੱਚ ਬ੍ਰਮਿੰਘਮ ਅਤੇ ਵੁਲਵਰਹੈਂਪਟਨ ਵਿੱਚ ਸਕ੍ਰੀਨਿੰਗ ਰੱਦ ਕਰਨਾ ਪਿਆ।

ਲੰਡਨ ਦੇ ਹਲਕੇ ਹੈਰੋ ਵਿੱਚ ਫਿਲਮ ਦੀ ਸਕਰੀਨਿੰਗ ਦੌਰਾਨ ਵਿਘਨ ਪਾਇਆ ਅਤੇ ਨੌਜਵਾਨ ਫਿਲਮੀ ਪਰਦੇ ਦੇ ਸਾਹਮਣੇ ਜਾ ਕੇ ਪ੍ਰਦਰਸ਼ਨ ਕਰਨ ਲੱਗੇ। ਜਿਸ ਨੂੰ ਲੈ ਕੇ ਇਨਸਾਈਟ ਯੂ ਕੇ ਨਾਮ ਦੇ ਇੱਕ ਸੰਗਠਨ ਨੇ ਕਿਹਾ ਕਿ ਖਾਲਿਸਤਾਨ ਪੱਖੀ ਲੋਕਾਂ ਨੇ ਫਿਲਮ ਦੀ ਸਕ੍ਰੀਨਿੰਗ ਰੋਕਣ ਦੀ ਕੋਸ਼ਿਸ਼ ਕੀਤੀ ਹੈ।

ਫਿਲਮ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਸਿੱਖ ਭਾਈਚਾਰਾ ਇਸ ਫਿਲਮ ਦਾ ਵਿਰੋਧ ਕਰ ਰਿਹਾ ਸੀ, ਸਿੱਖਾਂ ਦਾ ਦੋਸ਼ ਸੀ ਕਿ ਕੰਗਣਾਂ ਰਾਣੌਤ ਦੀ ਇਹ ਫਿਲਮ ਵਿੱਚ ਸਿੱਖਾਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਸਾਕਾ ਨੀਲਾ ਤਾਰਾ ਨੂੰ ਲੈ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਿਰਦਾਰ ਵਿਖਾਉਂਦਿਆਂ ਇਸ ਫਿਲਮ ਵਿੱਚ ਸਿੱਖਾਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਜੇ ਪਾਸੇ ਇਸ ਫਿਲਮ ਨੂੰ ਮਿਲਿਆ ਜੁਲਿਆ ਹੁੰਗਾਰਾ ਹੀ ਮਿਲਿਆ ਹੈ, ਜੋ ਹੁਣ ਤੱਕ ਸਿਰਫ 12.26 ਕਰੋੜ ਰੁਪਏ ਦਾ ਹੀ ਵਪਾਰ ਕਰ ਸਕੀ ਹੈ।

## ਐਮ ਪੀ ਢੇਸੀ ਨੇ ਗਾਜ਼ਾ ਵਿੱਚ ਠੰਡ ਨਾਲ ਮਰ ਰਹੇ ਬੱਚਿਆਂ ਦਾ ਮਾਮਲਾ ਉਠਾਇਆ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆ ਦੀ ਸੰਸਦ ਵਿੱਚ ਇਜ਼ਰਾਈਲ ਅਤੇ ਫਲਸਤੀਨ ਯੁੱਧ ਦੌਰਾਨ ਮਨੁੱਖਤਾ ਦੇ ਹੋ ਰਹੇ ਘਾਣ ਦਾ ਮਾਮਲਾ ਚੁੱਕਿਆ। ਉਹਨਾਂ ਬਰਤਾਨਵੀ ਸੰਸਦ ਵਿੱਚ ਕਿਹਾ ਕਿ ਉੱਤਰੀ ਗਾਜ਼ਾ ਵਿੱਚ ਬੱਚੇ ਠੰਡ ਨਾਲ ਮਰ ਰਹੇ ਹਨ। ਸਰਦੀਆਂ ਦੀ ਬਾਰਿਸ਼ ਵਿੱਚ ਲੋਕਾਂ ਦੇ ਤੰਬੂ ਪਾਣੀ ਨਾਲ ਭਰ ਰਹੇ ਹਨ। ਬਿਮਾਰੀਆਂ ਫੈਲ ਰਹੀਆਂ ਹਨ। ਸਹਾਇਤਾ ਦੀ ਪਹੁੰਚ ਲਗਭਗ ਨਾ-ਮਾਤਰ ਹੈ ਅਤੇ ਉੱਤਰੀ ਗਾਜ਼ਾ ਵਿੱਚ ਕੋਈ ਹਸਪਤਾਲ ਤੱਕ ਨਹੀਂ ਹੈ। ਉਹਨਾਂ ਕਿਹਾ ਕਿ ਇਜ਼ਰਾਈਲ ਨੂੰ ਅਜਿਹੇ ਅੱਤਿਆਚਾਰਾਂ ਨੂੰ ਰੋਕਣਾ ਚਾਹੀਦਾ ਹੈ ਅਤੇ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਸਹਾਇਤਾ ਦੀ ਪਹੁੰਚ ਦੀ ਆਗਿਆ ਦੇਣੀ ਚਾਹੀਦੀ ਹੈ ਅਤੇ ਇਸ ਲੜਾਈ ਨੂੰ ਖਤਮ ਕਰਨ ਦੀ ਲੋੜ ਹੈ। ਉਹਨਾਂ ਬਰਤਾਨਵੀ ਸਰਕਾਰ ਨੂੰ ਪੁੱਛਿਆ ਕਿ ਅਜੇਹੇ ਹਾਲਾਤਾਂ ਵਿੱਚ ਉਹ ਕੀ ਕਰ ਰਹੇ ਹਨ। ਸਬੰਧਤ ਮੰਤਰੀ ਨੇ ਜਵਾਬ ਵਿੱਚ ਕਿਹਾ ਕਿ ਉਹ ਹਾਲਾਤ ਤੇ ਨਿਗਰਾਨੀ ਰੱਖ ਰਹੇ ਹਨ ਅਤੇ ਲੋੜੀਂਦੀ ਸਹਾਇਤਾ ਲਈ ਯਤਨ ਕਰ ਰਹੇ ਹਨ। ਉਨ੍ਹਾਂ ਨੇ ਵੀ ਹਾਲਾਤਾਂ ਤੇ ਚਿੰਤਾ ਪ੍ਰਗਟ ਕੀਤੀ।

GSD
GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

## ਮਾਂ ਬੋਲੀ ਦਿਵਸ ਸਬੰਧੀ ਭਾਰਤੀ ਹਾਈਕਮਿਸ਼ਨ ਲੰਡਨ ਵਿਖੇ ਮੀਟਿੰਗ ਹੋਈ


**ਭਾਰਤੀ ਹਾਈ ਕਮਿਸ਼ਨ ਵਿਖੇ ਵੱਖ-ਵੱਖ ਭਾਸ਼ਾਵਾਂ ਦੇ ਨੁਮਾਇੰਦੇ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 21 ਫਰਵਰੀ ਨੂੰ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਜਾਂਦਾ ਹੈ। ਤਿੰਨ ਸਾਲ ਪਹਿਲਾਂ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਯਤਨਾਂ ਸਦਕਾ ਭਾਰਤੀ ਹਾਈਕਮਿਸ਼ਨ ਲੰਡਨ ਵਿਖੇ ਮਾਂ ਬੋਲੀ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਅਤੇ ਇਸ ਵਾਰ ਤੀਜਾ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਜਿਸ ਦੀ ਮੇਜ਼ਬਾਨੀ ਭਾਰਤੀ ਹਾਈਕਮਿਸ਼ਨ ਲੰਡਨ ਦੇ ਕੋਆਰਡੀਨੇਟਰ ਦੀਪਕ ਚੌਧਰੀ ਨੇ ਕੀਤੀ। ਇਸ ਮੌਕੇ ਸਮਾਗਮ ਦੀ ਰੂਪ ਰੇਖਾ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਸਹਿਮਤੀ ਬਣੀ ਕਿ ਇਸ ਵਾਰ ਵੱਧ ਤੋਂ ਵੱਧ ਭਾਸ਼ਾਵਾਂ ਦੇ ਲੋਕਾਂ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ ਅਤੇ ਆਪੋ ਆਪਣੇ ਖਿੱਤਿਆਂ ਦੇ ਪਹਿਰਾਵੇ ਵਿੱਚ ਆਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਕਿਹਾ ਭਾਰਤੀ ਭਾਸ਼ਾਵਾਂ ਨੂੰ ਯੂ ਕੇ ਦੇ ਸਕੂਲਾਂ ਵਿੱਚ ਬਤੌਰ ਵਿਸ਼ੇ ਦੇ ਪੜ੍ਹਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਲਈ ਇੱਕ ਟਰੱਸਟ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਮੀਟਿੰਗ ਵਿੱਚ ਕੌਂਸਲਰ ਗੁਰਚਰਨ ਸਿੰਘ, ਚੰਦਾ ਝਾਅ, ਇੰਦੂ ਭਾਰੋਟ, ਪ੍ਰਭਜੋਤ ਕੌਰ ਵੜੈਚ, ਅੰਨੂ ਫਲੋਰਾ, ਇੰਦਰਪਾਲ ਕੌਰ ਚੰਦੇਲ ਆਦਿ ਹਾਜ਼ਰ ਸਨ।

# ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਨੇ ਸਹੁੰ ਚੁੱਕੀ

## ਸਾਬਕ ਰਾਸ਼ਟਰਪਤੀ ਜੋ ਬਾਈਡਨ ਤੇ ਅਰਬਪਤੀ ਮਾਰਕ ਜ਼ੁਕਰਬਰਗ, ਜੈਫ ਬੇਜੋਸ, ਟਿਮ ਕੁੱਕ ਅਤੇ ਸੁੰਦਰ ਪਿਚਾਈ ਵੀ ਹੋਏ ਸ਼ਾਮਿਲ







ਸੈਕਰਾਮੈਂਟੋ, ਕੈਲੀਫੋਰਨੀਆ-(ਹੁਸਨ ਲੜੋਆ ਬੰਗਾ)-ਡੋਨਾਲਡ ਟਰੰਪ ਨੇ ਸੋਮਵਾਰ ਨੂੰ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਉਸਨੇ ਵਾਸ਼ਿੰਗਟਨ ਦਾ ਸਮੂਹਕ ਕੰਟਰੋਲ ਸੰਭਾਲਣ ਅਤੇ ਦੇਸ਼ ਦੇ ਸੰਸਥਾਨਾਂ ਨੂੰ ਮੁੜ ਨਵੀਂ ਦਿਸ਼ਾ ਦੇਣ ਲਈ ਅਹੁਦਾ ਸੰਭਾਲਣ ਸਮੇ ਉਸਨੇ ਆਪਣੇ ਕੰਮਾਂ ਨੂੰ ਪੂਰੀ ਤਰ੍ਹਾਂ ਉਲਟਾਉਣ ਦਾ ਵੀ ਵਾਅਦਾ ਕੀਤਾ। ਟਰੰਪ, ਜਿਸਨੇ ਵ੍ਹਾਈਟ ਹਾਊਸ ਵਿੱਚ ਇੱਕ ਹੋਰ ਕਾਰਜਕਾਲ ਲਈ ਮਹਾਂਦੋਸ਼ਾਂ, ਅਪਰਾਧਿਕ ਦੋਸ਼ਾਂ ਅਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਕੇਸਾਂ ਤੇ ਚਲਦਿਆਂ ਇਹ ਚੋਣ ਜਿੱਤੀ ਸੀ। ਉਨਾਂ ਸੁਹੰ ਚੁੱਕ ਸਮਾਰੋਹ ਦੋਰਾਨ ਕਿਹਾ ਕਿ ਉਹ ਸਾਰੁ ਕੀਤੇ ਵਾਦਿਆਂ ਤੇ ਤੇਜ਼ੀ ਨਾਲ ਕਾਰਵਾਈ ਕਰੇਗਾ, ਜਿਸ ਵਿੱਚ ਸਰਹੱਦੀ ਕ੍ਰਾਸਿੰਗਾਂ 'ਤੇ ਰੋਕ ਲਗਾਉਣ, ਜੈਵਿਕ ਬਾਲਣ ਵਿਕਾਸ ਨੂੰ ਵਧਾਉਣ ਅਤੇ ਸੰਘੀ ਸਰਕਾਰ ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰੋਗਰਾਮਾਂ ਨੂੰ ਖਤਮ ਕਰਨ ਲਈ ਉਸਦੇ ਦਸਤਖਤ ਲਈ ਪਹਿਲਾਂ ਹੀ ਤਿਆਰ ਕਾਰਜਕਾਰੀ ਆਦੇਸ਼ ਹੋ ਚੁੱਕੇ ਹਨ।

ਟਰੰਪ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਉਸਦੇ ਪ੍ਰਸ਼ਾਸਨ ਦੇ ਅਧੀਨ "ਸਾਡੀ ਪ੍ਰਭੂਸੱਤਾ ਮੁੜ ਪ੍ਰਾਪਤ ਕੀਤੀ ਜਾਵੇਗੀ। ਸਾਡੀ ਸੁਰੱਖਿਆ ਬਹਾਲ ਕੀਤੀ ਜਾਵੇਗੀ। ਨਿਆਂ ਦੇ ਪੈਮਾਨੇ ਨੂੰ ਮੁੜ ਸੰਤੁਲਿਤ ਕੀਤਾ ਜਾਵੇਗਾ।" ਉਸਨੇ ਅੱਗੇ ਕਿਹਾ: "ਇਸ ਪਲ ਤੋਂ, ਅਮਰੀਕਾ ਦਾ ਪਤਨ ਖਤਮ ਹੋ ਗਿਆ ਹੈ।"ਟਰੰਪ ਦਾ ਇਹ ਸਹੁੰ ਚੁੱਕ ਸਮਾਗਮ ਕੈਪੀਟਲ ਰੋਟੁੰਡਾ ਦੇ ਅੰਦਰ ਹੋਇਆ, ਇਹ 40 ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ। ਕੈਪੀਟਲ ਵਿਖੇ, ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਪਹਿਲਾਂ ਸਹੁੰ ਚੁਕਾਈ ਗਈ, ਸੁਪਰੀਮ ਕੋਰਟ ਦੇ ਜਸਟਿਸ ਬ੍ਰੇਟ ਕੈਵਾਨੌ ਦੁਆਰਾ ਉਸਦੀ ਪੜਦਾਦੀ ਦੁਆਰਾ ਦਿੱਤੀ ਗਈ ਬਾਈਬਲ 'ਤੇ ਸਹੁੰ ਚੁੱਕੀ ਗਈ। ਟਰੰਪ ਨੇ ਦੁਪਹਿਰ ਤੋਂ ਕੁਝ ਪਲਾਂ ਬਾਅਦ, ਇੱਕ ਪਰਿਵਾਰਕ ਬਾਈਬਲ ਅਤੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੁਆਰਾ 1861 ਦੇ ਉਦਘਾਟਨ ਸਮੇਂ ਵਰਤੇ ਗਏ ਇੱਕ ਬਾਈਬਲ ਦੀ ਵਰਤੋਂ ਕੀਤੀ ਜਦੋਂ ਚੀਫ ਜਸਟਿਸ ਜੌਨ ਰੌਬਰਟਸ ਨੇ ਆਪਣੀ ਸਹੁੰ ਚੁਕਾਈ। ਅਰਬਪਤੀਆਂ ਅਤੇ ਤਕਨੀਕੀ ਦਿੱਗਜਾਂ ਦੇ ਇੱਕ ਕੈਡਰ - ਜਿਸ ਵਿੱਚ ਮਾਰਕ ਜ਼ੁਕਰਬਰਗ, ਜੈਫ ਬੇਜੋਸ, ਟਿਮ ਕੁੱਕ ਅਤੇ ਸੁੰਦਰ ਪਿਚਾਈ ਸ਼ਾਮਲ ਹਨ - ਨੂੰ ਕੈਪੀਟਲ ਵਿੱਚ ਪ੍ਰਮੁੱਖ ਅਹੁਦੇ ਦਿੱਤੇ ਗਏ। ਰੋਟੁੰਡਾ, ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਦੀ ਆਉਣ ਵਾਲੀ ਟੀਮ ਨਾਲ ਰਲ ਗਿਆ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲੋਨ ਮਸਕ ਵੀ ਸਨ। ਟਰੰਪ ਨੇ ਦਿਨ ਦੀ ਸ਼ੁਰੂਆਤ ਸੇਂਟ ਜੌਹਨ ਐਪੀਸਕੋਪਲ ਚਰਚ ਵਿਖੇ ਪ੍ਰਾਰਥਨਾ ਸੇਵਾ ਨਾਲ ਕੀਤੀ। ਉਨ੍ਹਾਂ ਦਾ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਦਾ ਸਵਾਗਤ ਬਾਅਦ ਵਿੱਚ ਕਾਰਜਕਾਰੀ ਮਹਿਲ ਦੇ ਉੱਤਰੀ ਪੋਰਟੀਕੋ ਵਿਖੇ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਅਤੇ ਪਹਿਲੀ ਮਹਿਲਾ ਜਿਲ ਬਿਡੇਨ ਦੁਆਰਾ ਰਵਾਇਤੀ ਚਾਹ ਅਤੇ ਕੌਫੀ ਰਿਸੈਪਸ਼ਨ ਲਈ ਕੀਤਾ ਗਿਆ। ਇਹ ਚਾਰ ਸਾਲ ਪਹਿਲਾਂ ਦੀ ਇੱਕ ਬਹੁਤ ਹੀ ਅਜੀਬ ਵਿਦਾਇਗੀ ਸੀ, ਇਕ ਸਮੇਂ ਟਰੰਪ ਨੇ ਬਿਡੇਨ ਦੀ ਜਿੱਤ ਨੂੰ ਸਵੀਕਾਰ ਕਰਨ ਜਾਂ ਉਨ੍ਹਾਂ ਦੇ ਉਦਘਾਟਨ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। "ਘਰ ਵਿੱਚ ਤੁਹਾਡਾ ਸਵਾਗਤ ਹੈ," ਬਿਡੇਨ ਨੇ ਚੁਣੇ ਹੋਏ ਰਾਸ਼ਟਰਪਤੀ ਦੇ ਕਾਰ ਤੋਂ ਬਾਹਰ ਨਿਕਲਣ ਤੋਂ ਬਾਅਦ ਟਰੰਪ ਨੂੰ ਕਿਹਾ। ਦੋਵੇਂ ਰਾਸ਼ਟਰਪਤੀ, ਜਿਨ੍ਹਾਂ ਨੇ ਇੱਕ ਦੂਜੇ ਦੀ ਸਖ਼ਤ ਆਲੋਚਨਾ ਕਰਦੇ ਹੋਏ ਕਈ ਸਾਲ ਬਿਤਾਏ ਹਨ। ਟਰੰਪ ਨੇ ਕਦੇ ਵੀ ਰਿਪ-ਬਲਿਕਨ ਪਾਰਟੀ 'ਤੇ ਆਪਣੀ ਪਕੜ ਨਹੀਂ ਗੁਆਈ ਅਤੇ ਅਪਰਾਧਿਕ ਮਾਮਲਿਆਂ ਅਤੇ ਦੋ ਕਤਲ ਦੀਆਂ ਕੋਸ਼ਿਸ਼ਾਂ ਤੋਂ ਡਰਿਆ ਨਹੀਂ। ਟਰੰਪ ਨੇ "ਨਿਰਪੱਖ, ਬਰਾਬਰ ਅਤੇ ਨਿਰਪੱਖ ਨਿਆਂ" ਸ਼ੁਰੂ ਕਰਨ ਦਾ ਵਾਅਦਾ ਕੀਤਾ। ਉਸਨੇ ਇਹ ਵੀ ਸਵੀਕਾਰ ਕੀਤਾ ਕਿ ਉਹ ਮਾਰਟਿਨ ਲੂਥਰ ਕਿੰਗ ਜੂਨੀਅਰ ਦਿਵਸ 'ਤੇ ਅਹੁਦਾ ਸੰਭਾਲ ਰਿਹਾ ਹੈ, ਜੋ ਮਾਰੇ ਗਏ ਨਾਗਰਿਕ ਅਧਿਕਾਰਾਂ ਦੇ ਨਾਇਕ ਦਾ ਸਨਮਾਨ ਕਰਦਾ ਹੈ। ਟਰੰਪ ਨੇ ਕਿਹਾ, "ਅਸੀਂ ਉਸਦੇ ਸੁਪਨੇ ਨੂੰ ਹਕੀਕਤ ਬਣਾਉਣ ਲਈ ਇਕੱਠੇ ਕੋਸ਼ਿਸ਼ ਕਰਾਂਗੇ," ਅਤੇ ਉਸਨੇ ਨਵੰਬਰ ਵਿੱਚ ਕਾਲੇ ਅਤੇ ਲੈਟਿਨੋ ਵੋਟਰਾਂ ਦਾ ਸਮਰਥਨ ਕਰਨ ਲਈ ਧੰਨਵਾਦ ਕੀਤਾ। ਟਰੰਪ ਰਾਸ਼ਟਰਪਤੀ ਵਜੋਂ ਸੇਵਾ ਕਰਨ ਲਈ - ਗੁਪਤ ਪੈਸੇ ਦੀ ਅਦਾਇਗੀ ਨਾਲ ਸਬੰਧਤ ਵਪਾਰਕ ਰਿਕਾਰਡਾਂ ਨੂੰ ਜਾਅਲੀ ਬਣਾਉਣ ਲਈ - ਇੱਕ ਘੋਰ ਅਪਰਾਧ ਦਾ ਦੋਸ਼ੀ ਠਹਿਰਾਇਆ ਗਿਆ ਪਹਿਲਾ ਵਿਅਕਤੀ ਹੈ ਜੋ ਰਾਸ਼ਟਰਪਤੀ ਦੇ ਅਹੁਦੇ ਤੇ ਬਿਰਾਜਮਾਨ ਹੋ ਰਿਹਾ ਹੈ। ਉਸਨੇ ਸੰਵਿਧਾਨ ਨੂੰ ਉਸੇ ਥਾਂ ਤੋਂ "ਸੁਰੱਖਿਅਤ, ਰੱਖਿਆ ਅਤੇ ਬਚਾਅ" ਕਰਨ ਦਾ ਵਾਅਦਾ ਕੀਤਾ ਜਿੱਥੇ ਉਸਦੇ ਸਮਰਥਕਾਂ ਨੇ 6 ਜਨਵਰੀ, 2021 ਨੂੰ ਕਬਜ਼ਾ ਕਰ ਲਿਆ ਸੀ। ਉਸਨੇ ਕਿਹਾ ਹੈ ਕਿ ਉਸਦੇ ਪਹਿਲੇ ਕੰਮਾਂ ਵਿੱਚੋਂ ਇਸ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਮਾਫ਼ ਕਰਨਾ ਹੋਵੇਗਾ।



# ਸਭ ਤੋਂ ਵੱਧ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣੇ ਬਿਡੇਨ



ਅਮਰੀਕਾ ਦੇ ਰਾਸ਼ਟਰਪਤੀ ਜੋ ਬਿਡੇਨ ਨੇ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਦੇ ਦੋਸ਼ੀ ਲਗਭਗ 2,500 ਲੋਕਾਂ ਦੀ ਸਜ਼ਾ ਘੱਟ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਇਹ ਫ਼ੈਸਲਾ ਅਪਣਾ ਕਾਰਜਕਾਲ ਖ਼ਤਮ ਹੋਣ ਤੋਂ ਕੁਝ ਦਿਨ ਪਹਿਲਾਂ ਲਿਆ ਹੈ। ਇਸ ਨੇ ਨਾਲ ਹੀ ਬਿਡੇਨ ਨੇ ਵਿਅਕਤੀਗਤ ਸਜ਼ਾ ਮੁਆਫ਼ੀ ਅਤੇ ਕਮਿਊਟੇਸ਼ਨ ਜਾਰੀ ਕਰਨ ਦਾ ਰਿਕਾਰਡ ਅਪਣੇ ਨਾਂ ਕਰ ਲਿਆ ਹੈ। ਬਿਡੇਨ ਸਭ ਤੋਂ ਵੱਧ ਕੈਦੀਆਂ ਨੂੰ ਮੁਆਫ਼ੀ ਅਤੇ ਸਜ਼ਾ ਘੱਟ ਕਰਨ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣ ਗਏ ਹਨ।

ਇਕ ਬਿਆਨ ਜਾਰੀ ਕਰਦੇ ਹੋਏ ਬਿਡੇਨ ਨੇ ਕਿਹਾ, ਅੱਜ ਦੀ ਮਾਫ਼ੀ ਦੀ ਕਾਰਵਾਈ ਉਨ੍ਹਾਂ ਵਿਅਕਤੀਆਂ ਨੂੰ ਰਾਹਤ ਪ੍ਰਦਾਨ ਕਰੇਗੀ ਜਿਨ੍ਹਾਂ ਨੂੰ ਪਾਊਡਰ ਕੋਕੀਨ ਦੀ ਵਰਤੋਂ ਲਈ ਲੰਮੀ ਸਜ਼ਾ ਸੁਣਾਈ ਗਈ ਹੈ। ਇਹ ਕਾਰਵਾਈ ਇਤਿਹਾਸਕ ਗ਼ਲਤੀਆਂ ਨੂੰ ਸੁਧਾਰਨ, ਸਜ਼ਾ ਵਿਚ ਅਸਮਾਨਤਾਵਾਂ ਨੂੰ ਠੀਕ ਕਰਨ ਅਤੇ ਯੋਗ ਵਿਅਕਤੀਆਂ ਨੂੰ ਸਲਾਖ਼ਾਂ ਪਿੱਛੇ ਬਹੁਤ ਲੰਮਾਂ ਸਮਾਂ ਬਿਤਾਉਣ ਤੋਂ ਬਾਅਦ ਅਪਣੇ ਪ੍ਰਵਾਰਾਂ ਨੂੰ ਮਿਲਣ ਦਾ ਮੌਕਾ ਪ੍ਰਦਾਨ ਕਰਨ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ।

ਵ੍ਹਾਈਟ ਹਾਊਸ ਵਲੋਂ ਫ਼ਿਲਹਾਲ ਕਮਿਊਟੇਸ਼ਨ ਪ੍ਰਾਪਤ ਕਰਨ ਵਾਲਿਆਂ ਦੇ ਨਾਵਾਂ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ। ਬਿਡੇਨ ਨੇ ਕਿਹਾ, ਹਾਲੇ ਹੋਰ ਵੀ ਬਹੁਤ ਕੁਝ ਆ ਸਕਦਾ ਹੈ ਉਨ੍ਹਾਂ ਸੋਮਵਾਰ ਨੂੰ ਚੁਣੇ ਗਏ ਰਾਸ਼ਟਰਪਤੀ ਡੋਨ-ਲਡ ਟਰੰਪ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਸਮਾਂ ਵਰਤਣ ਦਾ ਵਾਅਦਾ ਕੀਤਾ ਹੈ। ਬਿਡੇਨ ਨੇ ਇਸ ਤੋਂ ਪਹਿਲਾਂ ਪਿਛਲੇ ਮਹੀਨੇ ਦੇ ਕੋਰੋਨਾ ਮਹਾਂਮਾਰੀ ਦੌਰਾਨ ਜੇਲ ਤੋਂ ਰਿਹਾਅ ਹੋਏ ਅਤੇ ਘਰੇਲੂ ਕੈਦ ਵਿਚ ਰੱਖੇ ਗਏ ਲਗਭਗ 1500 ਕੈਦੀਆਂ ਦੀ ਸਜ਼ਾ ਘੱਟ ਕੀਤੀ ਸੀ। ਇਸ ਨਾਲ ਹੀ ਅਹਿੰਸਕ ਅਪਰਾਧਾਂ ਦੇ ਦੋਸ਼ੀ 39 ਅਮਰੀਕੀਆਂ ਨੂੰ ਵੀ ਮਾਫ਼ੀ ਦਿਤੀ ਗਈ ਸੀ।

# ਸਿੱਖਾਂ ਵਲੋਂ ਵਿਰੋਧ ਕਾਰਨ ਪੰਜਾਬ ਵਿੱਚ ਨਾ ਲੱਗੀ 'ਐਮਰਜੈਂਸੀ' ਫਿਲਮ

**✪ ਸ਼੍ਰੋਮਣੀ ਕਮੇਟੀ, ਕਿਸਾਨਾਂ ਨੇ ਸੰਘਰਸ਼ ਦੀ ਕੀਤੀ ਅਗਵਾਈ ✪ ਫ਼ਿਲਮ ਦੇ ਸ਼ੋਅ ਕੈਂਸਲ ਹੋਏ ✪ ਕੰਗਨਾ ਪੰਜਾਬ ਵਿਚ ਐਮਰਜੈਂਸੀ ਦੇ ਵਿਰੋਧ ਕਾਰਣ ਤੜਫੀ ✪ ਅਖੇ ਮੈਂ ਸਿੱਖ ਧਰਮ ਦਾ ਸਤਿਕਾਰ ਕਰਦੀ ਹਾਂ ਪਰ ਮੇਰਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਹੋ ਰਹੀ ਹੈ**

## ਖਾਸ ਖਬਰ

ਪੰਜਾਬ ਦੇ ਸਿਨੇਮਾਘਰਾਂ ਵਿਚ ਅਦਾਕਾਰਾ-ਨਿਰਦੇਸ਼ਕ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਸਿੱਖ ਜਥੇਬੰਦੀਆਂ ਦੇ ਵਿਰੋਧ ਕਾਰਨ ਲੱਗ ਨਹੀਂ ਸਕੀ। ਸੁਰੱਖਿਆ ਦੇ ਮੱਦੇਨਜ਼ਰ ਸਿਨੇਮਾਘਰਾਂ ਅੱਗੇ ਪੁਲੀਸ ਤਾਇਨਾਤ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਵਿਚ 'ਐਮਰਜੈਂਸੀ' ਫ਼ਿਲਮ ਦਾ ਵਿਰੋਧ ਕੀਤਾ ਗਿਆ, ਜਦੋਂ ਕਿ ਜ਼ੀਰਕਪੁਰ ਵਿਚ ਕਿਸਾਨ ਆਗੂਆਂ ਨੇ ਰੋਸ ਪ੍ਰਗਟਾਇਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਫ਼ਿਲਮ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਗਈ ਸੀ।ਧਾਮੀ ਦਾ ਕਹਿਣਾ ਸੀ ਕਿ ਇਸ ਫ਼ਿਲਮ ਨੂੰ ਸੂਬੇ ਦੇ ਸਿਨੇਮਾ ਘਰਾਂ ਵਿਚ ਦਿਖਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਕਿਉਂਕਿ ਇਸ ਫ਼ਿਲਮ ਰਾਹੀਂ ਸਿੱਖਾਂ ਨੂੰ ਬਦਨਾਮ ਕਰਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।

ਯਾਦ ਰਹੇ ਕਿ ਭਾਜਪਾ ਨੂੰ ਛੱਡ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਵਲੋਂਵੀ ਇਸ ਫ਼ਿਲਮ ਨੂੰ ਰਿਲੀਜ਼ ਕਰਨ ਅਤੇ ਸਿਨੇਮਾ ਘਰਾਂ ਵਿਚ ਦਿਖਾਉਣ ਦਾ ਵਿਰੋਧ ਕੀਤਾ ਜਾ ਰਿਹਾ ਸੀ।

ਸੂਚਨਾ ਅਨੁਸਾਰ ਰਾਜ ਦੇ ਖ਼ੁਫ਼ੀਆ ਤੰਤਰ ਵਲੋਂ ਇਸ ਫ਼ਿਲਮ ਨੂੰ ਦਿਖਾਉਣ ਦੀ ਸੂਰਤ ਵਿਚ ਅਮਨ-ਕਾਨੂੰਨ ਦੀ ਸਥਿਤੀ ਲਈ ਖ਼ਤਰਾ ਪੈਦਾ ਹੋਣ ਸੰਬੰਧੀ ਦਿੱਤੀਆਂ ਰਿਪੋਰਟਾਂ ਕਾਰਨ ਰਾਜ ਦੇ ਡਿਪਟੀ ਕਮਿਸ਼ਨਰਾਂ ਨੂੰ ਇਸ ਫ਼ਿਲਮ ਨੂੰ ਨਾ ਵਿਖਾਉਣ ਲਈ ਕਿਹਾ ਗਿਆ ਸੀ, ਜਦੋਂਕਿ ਰਾਜ ਸਰਕਾਰ ਬਾਅਦ ਵਿਚ ਆਪਣੇ ਤੌਰ 'ਤੇ ਵੀ ਬਕਾਇਦਾ ਹੁਕਮ ਜਾਰੀ ਕਰ ਸਕਦੀ ਸੀ ਪਰ ਸਰਕਾਰ ਇਸ ਤੋਂ ਪਹਿਲਾਂ ਫ਼ਿਲਮ ਸੰਬੰਧੀ ਸਮੁੱਚੀ ਜਾਣਕਾਰੀ ਲੈਣ ਅਤੇ ਇਸ ਦੀ ਘੋਖ ਵੀ ਕਰਨਾ ਚਾਹੁੰਦੀ ਹੈ ਅਤੇ ਇਸ ਸੰਬੰਧੀ ਬਕਾਇਦਾ ਕਾਨੂੰਨੀ ਰਾਏ ਵੀ ਪ੍ਰਾਪਤ ਕੀਤੀ ਜਾਵੇਗੀ ।






ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਕੰਗਨਾ ਦੀ ਕਿਸਾਨਾਂ ਤੇ ਸਿੱਖਾਂ ਵਿਰੁੱਧ ਜ਼ਹਿਰੀਲੀਆਂ ਟਿੱਪਣੀਆਂ ਪੰਜਾਬ ਦੀ ਸ਼ਾਂਤ ਫ਼ਿਜ਼ਾ ਵਿੱਚ ਜ਼ਹਿਰ ਘੋਲਦੀਆਂ ਰਹੀਆਂ ਹਨ, ਜਿਸ ਕਾਰਣ ਉਸਦੀ ਫਿਲਮ ਐਮਰਜੈਂਸੀ ਦਾ ਪੰਜਾਬ ਵਿਚ ਵੱਡਾ ਵਿਰੋਧ ਹੋਇਆ ਤੇ ਲੋਕਾਂ ਨੇ ਇਹ ਫਿਲਮ ਨਹੀਂ ਲਗਣ ਦਿੱਤੀ। ਇਸ ਫਿਲਮ ਦਾ ਅਸਰ ਪੰਜਾਬ ਤੋਂ ਪਾਰ ਸਮੁੱਚੇ ਭਾਰਤ ਤੱਕ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਫਿਰਕੂ ਨਫਰਤ ਦੀ ਅੱਗ ਵਿੱਚ ਹਿੰਦੂ, ਸਿੱਖ ਅਤੇ ਮੁਸਲਮ ਸਾਰੇ ਹੀ ਬੁਰੀ ਤਰ੍ਹਾਂ ਸੁਲਗੇ ਜਾ ਸਕਦੇ ਹਨ। ਪੰਜਾਬੀਆਂ ਨੂੰ 1947 ਦੀ ਦੇਸ਼ ਵੰਡ ਅਤੇ 1984 ਦੇ ਕਤਲੇਆਮ ਪਹਿਲਾਂ ਹੀ ਚੈਨ ਨਹੀ ਲੈਣ ਦੇ ਰਹੇ, ਉਹ ਨਹੀਂ ਚਾਹੁੰਦੇ ਕਿ ਇੱਕ ਵਾਰ ਫਿਰ ਆਪਣੀ ਨਸਲਕੁਸ਼ੀ ਦਾ ਰਾਹ ਪੱਧਰਾ ਕਰਨ ਅਤੇ ਮਾਨਵਤਾ ਨੂੰ ਤੜਫ ਤੜਫ ਕੇ ਦਮ ਤੋੜਦਿਆਂ ਦੇਖਣ। ਸੋ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਹਾਈਕਮਾਨ ਨੂੰ ਬੀਤੇ ਤੋਂ ਸਬਕ ਲੈਂਦਿਆਂ ਕੰਗਨਾ ਰਣੌਤ ਵਰਗੀ ਬੇਲਗਾਮ ਮਹਿਲਾ ਆਗੂ ਨੂੰ ਤੁਰੰਤ ਲਗਾਮ ਦੇਣੀ ਚਾਹੀਦੀ ਹੈ ਤਾਂ ਕਿ ਘੱਟ ਗਿਣਤੀਆਂ ਖਿਲਾਫ ਕੀਤੇ ਜਾ ਰਹੇ ਫਿਰਕੂ ਨਫਰਤ ਦੇ ਪ੍ਰਚਾਰ ਨੂੰ ਵਿਰਾਮ ਲੱਗ ਸਕੇ ਅਤੇ ਆਪਸੀ ਭਾਈਚਾਰਾ ਕਾਇਮ ਰਹਿ ਸਕੇ।

ਅੰਮ੍ਰਿਤਸਰ ਵਿਚ ਪੀਵੀਆਰ ਨੇ ਸਿੱਖ ਧਿਰਾਂ ਦੇ ਵਿਰੋਧ ਕਰਕੇ ਫ਼ਿਲਮ ਦੇ ਸ਼ੋਅ ਕੈਂਸਲ ਕਰ ਦਿੱਤੇ ਜਦੋਂ ਕਿ ਬਠਿੰਡਾ ਵਿਚ ਇੱਕ ਸਿਨੇਮਾਘਰ ਨੇ ਦਰਸ਼ਕਾਂ ਨੂੰ ਪੈਸੇ ਮੋੜ ਦਿੱਤੇ। ਮੁਹਾਲੀ, ਪਟਿਆਲਾ ਅਤੇ ਜਲੰਧਰ ਵਿਚ ਵੀ ਫ਼ਿਲਮ ਦਾ ਕੋਈ ਸ਼ੋਅ ਨਹੀਂ ਚੱਲਿਆ। ਚੰਡੀਗੜ੍ਹ ਵਿਚ ਵੀ ਫ਼ਿਲਮ ਦੇਖਣ ਲਈ ਬਹੁਤੇ ਦਰਸ਼ਕ ਨਹੀਂ ਸਨ। ਇਥੇ ਜ਼ਿਕਰਯੋਗ ਹੈ ਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫਿਕੇਸ਼ਨ ਨੇ ਸਿੱਖ ਜਥੇਬੰਦੀਆਂ ਦੇ ਇਤਰਾਜ਼ ਕੀਤੇ ਜਾਣ 'ਤੇ ਫ਼ਿਲਮ 'ਐਮਰਜੈਂਸੀ' 'ਚੋਂ ਕਾਫ਼ੀ ਸੀਨ ਹਟਾ ਦਿੱਤੇ ਸਨ।

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਫ਼ਿਲਮ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਚੇਤੇ ਰਹੇ ਕਿ ਜਦੋਂ ਦਿੱਲੀ ਵਿਚ ਕਿਸਾਨ ਅੰਦੋਲਨ ਚੱਲਿਆ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਕੰਗਨਾ ਰਣੌਤ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਨਫਰਤੀ ਤੇ ਜ਼ਹਿਰੀਲੇ ਲਕਬ ਦੇ ਚੁੱਕੀ ਹੈ ਜਿਸ ਕਰਕੇ ਕਿਸਾਨ ਵੀ ਉਨ੍ਹਾਂ ਦੀ ਫ਼ਿਲਮ ਖ਼ਿਲਾਫ਼ ਮੈਦਾਨ ਵਿਚ ਨਿਤਰੇ ਹਨ। ਜ਼ਿਕਰਯੋਗ ਹੈ ਕਿ ਇਹ ਫ਼ਿਲਮ ਜੋ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਦੇਸ਼ ਵਿਚ ਲਗਾਈ ਗਈ ਐਮਰਜੈਂਸੀ ਦੇ ਮੁੱਦੇ 'ਤੇ ਬਣਾਈ ਗਈ ਹੈ। ਐਮਰਜੈਂਸੀ' ਕੁੱਲ 146 ਮਿੰਟ ਦੀ ਸੀ। ਫ਼ਿਲਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵੀ ਜ਼ਿਕਰ ਆਉਂਦਾ ਹੈ, ਜੋ ਕਿ ਐਮਰਜੈਂਸੀ ਮੌਕੇ ਰਾਜ ਦੇ ਸਿਆਸੀ ਪਰਦੇ 'ਤੇ ਹੀ ਨਹੀਂ ਸਨ ਅਤੇ ਉਨ੍ਹਾਂ ਦਾ ਉਭਾਰ ਵੀ ਕਾਫ਼ੀ ਸਮੇਂ ਬਾਅਦ ਹੋਇਆ ਸੀ। ਇਸ ਵਿਚ ਕਰੀਬ ਪੰਜ ਮਿੰਟ ਦਾ ਸੀਨ ਪੰਜਾਬ 'ਤੇ ਫੋਕਸ ਹੈ ਜਿਸ ਵਿਚ ਸੰਤ ਭਿੰਡਰਾਂਵਾਲੇ ਨੂੰ ਫ਼ਿਰੋਜ਼ਪੁਰ ਜੇਲ੍ਹ 'ਚੋਂ ਬਾਹਰ ਆਉਣ ਅਤੇ ਇੱਕ ਥਾਂ ਸੰਜੇ ਗਾਂਧੀ ਨਾਲ ਬੈਠਾ ਦਿਖਾਇਆ ਗਿਆ ਹੈ। ਪੰਜਾਬ ਸੰਤਾਪ ਦੇ ਦੌਰ ਦਾ ਵੀ ਇੱਕ ਸੀਨ ਹੈ। ਸਿੱਖ ਚਿੰਤਕਾਂ ਮੁਤਾਬਕ ਇਸ ਫ਼ਿਲਮ ਵਿਚ ਇਤਿਹਾਸਕ ਤਥਾਂ ਨਾਲ ਖਿਲਵਾੜ ਕੀਤਾ ਗਿਆ ਹੈ ਤੇ ਸਿੱਖ ਪੰਥ ਵਿਰੁਧ ਨਫਰਤ ਫੈਲਾਈ ਗਈ ਹੈ। ਸਿੱਖ ਜਥੇਬੰਦੀਆਂ ਅਤੇ ਦੇਸ਼ ਦੀਆਂ ਕੁਝ ਪਾਰਟੀਆਂ ਵਲੋਂ ਹੋਏ ਤਿੱਖੇ ਵਿਰੋਧ ਕਾਰਨ ਇਸ ਫ਼ਿਲਮ ਨੂੰ ਸੈਂਸਰ ਬੋਰਡ ਵਲੋਂ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਅਤੇ ਸੰਤ ਭਿੰਡਰਾਂਵਾਲਿਆਂ ਸਮੇਤ ਫ਼ਿਲਮ ਵਿਚਲੇ ਕੁਝ ਹੋਰ ਦ੍ਰਿਸ਼ ਕੱਟੇ ਵੀ ਗਏ ਸਨ । ਇਸ ਦੇ ਬਾਵਜੂਦ ਸਿੱਖਾਂ ਵਲੋਂ ਵਿਰੋਧ ਜਾਰੀ ਹੈ। ਕਾਂਗਰਸ ਪਾਰਟੀ ਵਲੋਂ ਵੀ ਇਸ ਫ਼ਿਲਮ ਦਾ ਵਿਰੋਧ ਕਰਦਿਆਂ ਇਸ ਨੂੰ ਭਾਜਪਾ ਦੀ ਸਿਆਸੀ ਸਾਜ਼ਿਸ਼ ਦਾ ਹਿੱਸਾ ਦੱਸਿਆ ਗਿਆ, ਕਿਉਂਕਿ ਫ਼ਿਲਮ ਦੀ ਨਿਰਮਾਤਾ ਕੰਗਨਾ ਰਣੌਤ ਭਾਜਪਾ ਵਲੋਂ ਲੋਕ ਸਭਾ ਮੈਂਬਰ ਵੀ ਹੈ ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਫ਼ਿਲਮ 'ਤੇ ਰੋਕ ਲਗਾਏ ਜਾਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਫ਼ਿਲਮ ਵਿਚ ਪੰਜਾਬ ਅਤੇ ਸਿੱਖਾਂ ਦੀ ਬਦਨਾਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਕਿਸਾਨਾਂ ਅਤੇ ਸਿੱਖਾਂ ਦੀ ਆਲੋਚਕ ਹੈ ਜਿਸ ਕਰਕੇ ਫ਼ਿਲਮ 'ਤੇ ਪੰਜਾਬ ਸਰਕਾਰ ਪਾਬੰਦੀ ਲਗਾਵੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਸੈਂਸਰ ਬੋਰਡ ਅਤੇ ਸਰਕਾਰਾਂ ਨੂੰ ਵਿਵਾਦਤ ਫ਼ਿਲਮਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਵਿਚ ਭਾਈਚਾਰਕ ਸਾਂਝ ਨੂੰ ਸੱਟ ਮਾਰਦੀਆਂ ਹਨ।

### ਕੰਗਨਾ ਪੰਜਾਬ ਵਿਚ ਵਿਰੋਧ ਕਾਰਣ ਔਖੀ

ਅਦਾਕਾਰਾ ਕੰਗਨਾ ਰਣੌਤ ਨੇ ਪੰਜਾਬ ਵਿਚ ਫ਼ਿਲਮ ਨਾ ਲੱਗਣ 'ਤੇ ਕਿਹਾ ਹੈ ਕਿ ਸੂਬੇ ਦੇ ਕਈ ਸ਼ਹਿਰਾਂ ਤੋਂ ਰਿਪੋਰਟਾਂ ਆ ਰਹੀਆਂ ਹਨ ਕਿ ਕੁਝ ਲੋਕ 'ਐਮਰਜੈਂਸੀ' ਫ਼ਿਲਮ ਨੂੰ ਲੱਗਣ ਨਹੀਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਲਾ ਅਤੇ ਕਲਾਕਾਰ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ 'ਐਕਸ' 'ਤੇ ਲਿਖਿਆ, 'ਮੈਂ ਸਾਰੇ ਧਰਮਾਂ ਦਾ ਬਹੁਤ ਸਤਿਕਾਰ ਕਰਦੀ ਹਾਂ ਅਤੇ ਚੰਡੀਗੜ੍ਹ ਵਿਚ ਪੜ੍ਹਨ ਤੇ ਉਸ ਮਗਰੋਂ ਵੀ ਸਿੱਖ ਧਰਮ ਨੂੰ ਨੇੜਿਓਂ ਦੇਖਿਆ ਹੈ ਅਤੇ ਇਸ ਦੀ ਪਾਲਣਾ ਕੀਤੀ ਹੈ।' ਉਨ੍ਹਾਂ ਕਿਹਾ ਕਿ ਇਹ ਮੇਰੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਹੈ ਅਤੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ।

## ਕਿਸਾਨ ਅੰਦੋਲਨ ਦੌਰਾਨ ਕੰਗਨਾ ਦੀਆਂ ਕੁਝ ਘਾਤਕ ਟਿਪਣੀਆਂ

ਸਾਲ 2020 ਵਿੱਚ ਦੇਸ਼ ਭਰ ਦੇ ਕਿਸਾਨਾ ਵੱਲੋਂ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸਾਲ ਭਰ ਚੱਲੇ ਅੰਦੋਲਨ ਦੌਰਾਨ ਵੀ ਕੰਗਨਾ ਆਪਣੇ ਬਿਆਨਾਂ ਕਰਕੇ ਵਿਵਾਦਾਂ ਵਿੱਚ ਰਹੀ ਸੀ।

✪ ਸਤੰਬਰ 2020 ਵਿੱਚ ਉਨ੍ਹਾਂ ਨੇ ਮੁਜ਼ਾਹਰਾਕਾਰੀ ਕਿਸਾਨਾਂ ਬਾਰੇ ਇੱਕ ਟਵੀਟ ਵਿੱਚ ਲਿਖਿਆ ਸੀ, "ਉਹ ਲੋਕ ਜੋ ਸੀਏਏ ਬਾਰੇ ਗ਼ਲਤ ਜਾਣਕਾਰੀ ਅਤੇ ਅਫ਼ਵਾਹਾਂ ਫੈਲਾਅ ਰਹੇ ਸਨ, ਜਿਨ੍ਹਾਂ ਕਾਰਨ ਦੰਗੇ ਹੋਏ, ਉਹੀ ਲੋਕ ਹੁਣ ਕਿਸਾਨ ਬਿੱਲ ਬਾਰੇ ਗ਼ਲਤ ਜਾਣਕਾਰੀ ਫੈਲਾਅ ਰਹੇ ਹਨ। ਖੇਤੀ ਬਿੱਲ ਬਾਰੇ ਅਫਵਾਹਾਂ ਫ਼ੈਲਾਉਣ ਵਾਲੇ ਦੇਸ਼ ਵਿੱਚ ਦਹਿਸ਼ਤ ਪੈਦਾ ਕਰ ਰਹੇ ਹਨ, ਉਹ 'ਅੱਤਵਾਦੀ' ਹਨ।"

✪ ਮਾਰਚ 2023 ਵਿੱਚ ਕੰਗਨਾ ਵਲੋਂ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕੀਤੀ ਗਈ ਜਿਸ ਵਿੱਚ ਦਿਲਜੀਤ ਦੋਸਾਂਝ ਨੂੰ ਟੈਗ ਕੀਤਾ ਗਿਆ ਸੀ।ਕੰਗਨਾ ਨੇ ਕਿਹਾ ਸੀ ਕਿ ਕਈ ਪੰਜਾਬ ਸੈਲੇਬਰਿਟੀਜ਼ ਨੂੰ 'ਖ਼ਾਲਿਸਤਾਨ ਵਾਇਰਸ ਵਾਲੀ ਬਿਮਾਰੀ ਹੈ' ਤੇ ਭਾਰਤ ਸਰਕਾਰ ਵਲੋਂ ਉਨ੍ਹਾਂ ਖ਼ਿਲਾਫ ਸਖ਼ਤ ਕਾਰਵਾਈ ਕੀਤੇ ਜਾਣ ਦੀ ਗੱਲ ਆਖੀ ਸੀ।

ਇੱਕ ਹੋਰ ਪੋਸਟ ਵਿਚ ਕੰਗਨਾ ਨੇ ਲਿਖਿਆ, "ਖਾਲਿਸਤਾਨੀਆਂ ਦਾ ਸਮਰਥਨ ਕਰਨ ਵਾਲੇ ਸਾਰੇ ਯਾਦ ਰੱਖਣ, ਪੁਲਿਸ ਆ ਚੁੱਕੀ ਹੈ, ਇਹ ਉਹ ਸਮਾਂ ਨਹੀਂ ਹੈ, ਜਦੋਂ ਕੋਈ ਕੁਝ ਵੀ ਕਰਦਾ ਸੀ, ਦੇਸ਼ ਨਾਲ ਗੱਦਾਰੀ ਜਾਂ ਟੁਕੜੇ-ਟੁਕੜੇ ਕਰਨ ਦੀ ਕੋਸ਼ਿਸ਼ ਹੁਣ ਮਹਿੰਗੀ ਪਵੇਗੀ। ਭਾਰਤ ਦੇ ਨਕਸ਼ੇ ਤੋਂ ਸਿਰ ਕੱਟਣ ਦੇ ਗੰਭੀਰ ਨਤੀਜੇ ਹੋਣਗੇ।"

## -ਮਾਮਲਾ ਖਾਲਿਸਤਾਨੀਆਂ ਉਪਰ ਹਮਲਿਆਂ ਤੇ ਕਤਲਾਂ ਦੀ ਸਾਜਿਸ਼ ਦਾ-

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਨੂ ਦੇ ਕਤਲ ਦੀ ਸਾਜਿਸ਼ ਦੇ ਮਾਮਲੇ ਵਿਚ ਦੋਸ਼ੀ ਭਾਰਤੀ ਏਜੰਟ ਖਿਲਾਫ ਕਾਨੂੰਨੀ ਕਾਰਵਾਈ ਹੋ ਸਕਦੀ

### ✪ ਭਾਈ ਨਿੱਝਰ ਦੇ ਕਤਲ ਦੀ ਕਾਰਵਾਈ ਬਾਰੇ ਮੋਦੀ ਸਰਕਾਰ ਚੁਪ ਕਿਉਂ ? ✪ ਅਮਰੀਕੀ ਰਾਜਦੂਤ ਏਰਿਕ ਗਾਰਸੇਟੀ ਭਾਰਤੀ ਰਿਪੋਟ ਤੋਂ ਸੰਤੁਸ਼ਟ ✪ ਅਮਰੀਕਾ ਅਤੇ ਕੈਨੇਡਾ ਸੰਬੰਧੀ ਦੋਹਰੇ ਮਾਪਦੰਡ ਕਿਉਂ ਅਪਨਾ ਰਿਹਾ ਏ ਭਾਰਤ ?

ਕੈਨੇਡਾ ਵਿਚ ਜਦੋਂ ਖ਼ਾਲਿਸਤਾਨ ਸਮਰਥਕ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਉਪਰ ਦੋਸ਼ ਲੱਗੇ ਸਨ, ਤਾਂ ਭਾਰਤ ਸਰਕਾਰ ਨੇ ਹਮਲਾਵਰ ਤੇਵਰ ਦਿਖਾਉਂਦਿਆਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ ਅਤੇ ਉਲਟਾ ਕੈਨੇਡਾ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਸੀ, ਪਰ ਜਦੋਂ ਅਮਰੀਕਾ ਨੇ ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜਿਸ਼ ਵਿਚ ਭਾਰਤ ਦੇ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਤਾਂ ਭਾਰਤ ਸਰਕਾਰ ਨੇ ਨਵੰਬਰ 2023 ਵਿੱਚ ਜਾਂਚ ਕਮੇਟੀ ਬਣਾਈ ਸੀ ।



ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕਮੇਟੀ ਨੇ ਆਪਣੀ ਜਾਂਚ ਕੀਤੀ ਸੀ ਅਤੇ ਅਮਰੀਕੀ ਪੱਖ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲੀਡਾਂ ਦੀ ਵੀ ਜਾਂਚ ਕੀਤੀ ਗਈ ਸੀ। ਅਮਰੀਕੀ ਅਧਿਕਾਰੀਆਂ ਤੋਂ ਪੂਰਾ ਸਹਿਯੋਗ ਮਿਲਿਆ ਸੀ, ਜਿਸ ਤੋਂ ਬਾਅਦ ਵੱਖ-ਵੱਖ ਏਜੰਸੀਆਂ ਦੇ ਕਈ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਇਸ ਸਬੰਧੀ ਮਹੱਤਵਪੂਰਨ ਦਸਤਾਵੇਜ਼ਾਂ ਦੀ ਵੀ ਜਾਂਚ ਕੀਤੀ ਗਈ ਸੀ ਭਾਰਤੀਗ੍ਰਹਿ ਮੰਤਰਾਲੇ ਵੱਲੋਂ ਕਿਹਾ ਗਿਆ ਹੈ, 'ਲੰਬੀ ਜਾਂਚ ਤੋਂ ਬਾਅਦ ਕਮੇਟੀ ਨੇ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਪਿਛਲੇ ਅਪਰਾਧਿਕ ਸਬੰਧਾਂ ਅਤੇ ਪਿਛੋਕੜ ਦੀ ਜਾਂਚ ਕਰਨ ਤੋਂ ਬਾਅਦ ਕਿਸੇ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਕਾਨੂੰਨੀ ਕਾਰਵਾਈ ਜਲਦੀ ਪੂਰੀ ਕੀਤੀ ਜਾਵੇ। ਹਾਲਾਂਕਿ ਅਜੇ ਤੱਕ ਏਜੰਟ ਦਾ ਨਾਂ ਸਾਹਮਣੇ ਨਹੀਂ ਆਇਆ ਹੈ ਇੰਜ ਲਗ ਰਿਹਾ ਹੈ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨਾਲ ਬਿਹਤਰ ਸੰਬੰਧ ਬਣਾਉਣ ਲਈ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਵਿਚ ਭਾਰਤ ਦੀ ਵਿਦੇਸ਼ੀ ਖੁਫੀਆ ਏਜੰਸੀ ਰਾਅ ਨਾਲ ਜੁੜੇ ਰਹੇ ਵਿਕਾਸ ਯਾਦਵ 'ਤੇ ਕਾਰਵਾਈ ਦਾ ਫ਼ੈਸਲਾ ਹੁੰਦਾ ਦਿਖਾਈ ਦੇ ਰਿਹਾ ਹੈ।

> ਪੰਜਾਬ ਟਾਈਮਜ਼ ਅਨੁਸਾਰ ਨਿਰਪੱਖ ਹਲਕਿਆਂ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਦੀ ਕਮੇਟੀ ਦੀ ਰਿਪੋਰਟ ਨੇ ਵੀ ਅਪਰਾਧਿਕ ਮਾਮਲਾ ਚਲਾਉਣ ਦੀ ਸਿਫ਼ਾਰਸ਼ ਕੀਤੀ ਹੈ। ਇਹ ਭਾਰਤ ਤੇ ਅਮਰੀਕਾ ਦੇ ਸਬੰਧਾਂ ਦੀ ਡੂੰਘਾਈ ਵੀ ਦਰਸਾਉਂਦੀ ਹੈ ਕਿ ਭਾਰਤ ਸਰਕਾਰ ਅਮਰੀਕਾ ਦੀ ਨਰਾਜ਼ਗੀ ਝਲਣ ਨੂੰ ਤਿਆਰ ਨਹੀਂ। ਇਹ ਵੱਖਰੀ ਗੱਲ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਭਾਰਤ ਦੀ ਇਸ ਰਿਪੋਟ ਤੋਂ ਸੰਤੁਸ਼ਟ ਹੁੰਦੇ ਹਨ ਜਾਂ ਨਹੀਂ। ਸੁਆਲ ਇਹ ਹੈ ਕਿ ਪਰ ਇਸ ਰਿਪੋਟ ਤੋਂ ਖਾਲਿਸਤਾਨੀ ਧੜਿਆਂ ਦੀ ਸੰਤੁਸ਼ਟੀ ਹੋਵੇਗੀ ਜਾਂ ਨਹੀਂ ਕਾਫ਼ੀ ਹੱਦ ਤੱਕ ਇਹ ਗੱਲ ਸਹੀ ਹੈ ਕਿ ਅਮਰੀਕਾ ਦੀ ਨਿਆਂ ਪ੍ਰਣਾਲੀ ਨਿਸਬਤਨ ਆਜ਼ਾਦਾਨਾ ਰੂਪ ਵਿੱਚ ਕੰਮ ਕਰਦੀ ਹੈ, ਪਰ ਇਸ ਸਬੰਧ ਵਿੱਚ ਟਰੰਪ ਪ੍ਰਸ਼ਾਸਨ ਦੀਆਂ ਤਰਜੀਹਾਂ ਦਾ ਕੁਝ ਨਾ ਕੁਝ ਅਸਰ ਤਾਂ ਰਹੇਗਾ।

ਭਾਰਤ ਸਰਕਾਰ ਦੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਲੈ ਕੇ ਉਸ ਦੇ ਦੋਹਰੇ ਰਵੱਈਏ ਦਾ ਮਾਮਲਾ ਵੀ ਉੱਠ ਰਿਹਾ ਹੈ। ਇਹ ਸੁਆਲ ਪੁੱਛਿਆ ਜਾ ਰਿਹਾ ਹੈ ਕਿ ਕੈਨੇਡਾ ਅਤੇ ਅਮਰੀਕਾ ਦੇ ਮਾਮਲੇ 'ਚ ਭਾਰਤ ਸਰਕਾਰ ਵੱਖਰਾ-ਵੱਖਰਾ ਰੁਖ਼ ਕਿਉਂ ਅਖ਼ਤਿਆਰ ਕਰ ਰਹੀ ਹੈ। ਕੀ ਇਹ ਸਿੱਧਾ-ਸਿੱਧਾ ਅਮਰੀਕਾ ਮੂਹਰੇ ਸਮਰਪਣ ਨਹੀਂ ਹੈ ?

ਜਾਂਚ ਰਿਪੋਰਟ ਮੁਕੰਮਲ ਹੋਣ ਬਾਰੇ ਅਜਿਹੇ ਸਮੇਂ ਖੁਲਾਸਾ ਕੀਤਾ ਗਿਆ ਹੈ ਜਦੋਂ ਡੋਨਲਡ ਟਰੰਪ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਜਾ ਰਹੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨਵੀਂ ਦਿੱਲੀ ਆਏ ਸਨ ਅਤੇ ਪਿਛਲੇ ਹਫ਼ਤੇ ਵਿਦੇਸ਼ ਮਾਮਲਿਆਂ ਦੇ ਮੰਤਰੀ ਐਸ ਜੈਸ਼ੰਕਰ ਵੱਲੋਂ ਟਰੰਪ ਵੱਲੋਂ ਨਾਮਜ਼ਦ ਕੌਮੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼ ਨਾਲ ਮੁਲਾਕਾਤ ਕੀਤੀ ਗਈ ਸੀ। ਇਸ ਸਾਰੀ ਕਵਾਇਦ ਦੇ ਇਹ ਅਰਥ ਲਾਏ ਜਾ ਰਹੇ ਸਨ ਕਿ ਮੋਦੀ ਸਰਕਾਰ ਇਹ ਨਹੀਂ ਚਾਹੁੰਦੀ ਕਿ ਨਵੇਂ ਟਰੰਪ ਪ੍ਰਸ਼ਾਸਨ ਦੇ ਸੱਤਾ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਅਮਰੀਕਾ ਨਾਲ ਉਸ ਦੇ ਭਵਿੱਖੀ ਸਬੰਧਾਂ ਉੱਪਰ ਪੰਨੂ ਸਾਜਿਸ਼ ਕੇਸ ਦਾ ਪਰਛਾਵਾਂ ਪਵੇ।

ਅਮਰੀਕਾ ਵਿਚ ਸੱਤਾ ਦੀ ਤਬਦੀਲੀ ਦੇ ਨਾਲ ਹੀ ਭਾਰਤ ਵਿਚ ਅਮਰੀਕੀ ਰਾਜਦੂਤ ਏਰਿਕ ਗਾਰਸੇਟੀ ਦੀ ਵਿਦਾਈ ਹੋ ਜਾਵੇਗੀ। ਦੋ ਸਾਲਾਂ ਤੋਂ ਵੱਧ ਸਮੇਂ ਤੱਕ ਉਹ ਇਸ ਅਹੁਦੇ 'ਤੇ ਰਹੇ ਤੇ ਦੋਵਾਂ ਦੇਸ਼ਾਂ ਦੇ ਦੁਵੱਲੇ ਰਿਸ਼ਤਿਆਂ ਨੂੰ ਮਜ਼ਬੂਤੀ ਦੇਣ ਵਿਚ ਗਾਰਸੇਟੀ ਨੇ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਦਾ ਭਾਰਤੀ ਰਿਪੋਟ ਬਾਰੇ ਕਹਿਣਾ ਹੈ ਕਿ ਇਹ ਬਹੁਤ ਹੀ ਸਕਾਰਾਤਮਕ ਰਿਪੋਰਟ ਹੈ। ਭਾਰਤ ਸਰਕਾਰ ਨੇ ਜਿਹੜਾ ਵਾਅਦਾ ਕੀਤਾ ਸੀ, ਉਸ 'ਤੇ ਅਮਲ ਹੋਣਾ ਸ਼ੁਰੂ ਹੋ ਗਿਆ ਹੈ। ਇਸ ਮਾਮਲੇ ਵਿਚ ਅਸੀਂ ਮੁਲਜ਼ਮ ਦੀ ਜਵਾਬਦੇਹੀ ਠਹਿਰਾਏ ਜਾਣ ਤੇ ਵਿਵਸਥਾ ਵਿਚ ਬਦਲਾਅ ਦੀ ਮੰਗ ਕਰਦੇ ਰਹੇ ਹਾਂ ਤੇ ਇਸ ਰਿਪੋਰਟ ਵਿਚ ਵੀ ਇਹੀ ਗੱਲ ਕਹੀ ਗਈ ਹੈ।

ਅਮਰੀਕਾ ਵਿਚ ਵੀ ਇਸ ਮੁੱਦੇ 'ਤੇ ਕਾਨੂੰਨੀ ਮਾਮਲਾ ਚੱਲ ਰਿਹਾ ਹੈ। ਏਰਿਕ ਗਾਰਸੇਟੀ ਦਾ ਕਹਿਣਾ ਹੈ ਕਿ ਮੈਨੂੰ ਉਮੀਦ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਕਾਰੋਬਾਰੀ ਜੰਗ ਦੀ ਸ਼ੁਰੂਆਤ ਨਹੀਂ ਹੋਵੇਗੀ। ਦੋਵਾਂ ਦੇਸ਼ਾਂ ਵਿਚਕਾਰ ਕਾਰੋਬਾਰੀ ਮੁੱਦਿਆਂ 'ਤੇ ਜਿਹੜਾ ਵੀ ਪੇਚ ਫਸਿਆ ਸੀ, ਅਸੀਂ ਉਹ ਦੋ ਸਾਲ ਪਹਿਲਾਂ ਹੀ ਸੁਲਝਾ ਲਿਆ ਸੀ। ਅਸੀਂ ਕਾਰੋਬਾਰੀ ਰਿਸ਼ਤਿਆਂ ਨੂੰ ਅੱਗੇ ਵਧਾਉਣ ਦਾ ਮੰਚ ਤਿਆਰ ਕਰ ਦਿੱਤਾ ਹੈ ਤੇ ਹੁਣ ਸਮਾਂ ਹੈ ਕਿ ਅਸੀਂ ਇਸ ਦੀ ਪੂਰੀ ਸਮਰੱਥਾ ਦਾ ਦੋਹਨ ਕਰੀਏ।

# ਕੀ ਅਫਰੀਕਾ ਵਾਂਗ, ਭਾਰਤ ਵੀ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ ?

### ✪ ਧਰਤੀ ਦੇ ਹੇਠਾਂ ਟੁੱਟ ਕੇ ਖਿਸਕ ਰਹੀ ਹੈ ਭਾਰਤੀ ਪਲੇਟ-ਵਿਗਿਆਨੀਆਂ ਨੇ ਕੀਤਾ ਦਾਅਵਾ ✪ ਇੰਟਰਨੈਸ਼ਨਲ ਬਿਜਨਸ ਟਾਈਮਜ਼ ਯੂਕੇ ਦੀ ਰਿਪੋਟ ਵਿਚ ਹੋਇਆ ਖੁਲਾਸਾ

ਦੁਨੀਆ ਦੀਆਂ ਸਭ ਤੋਂ ਉੱਚੀਆਂ ਪਹਾੜੀ ਚੋਟੀਆਂ ਦਾ ਘਰ, ਹਿਮਾਲਿਆ ਨੇ ਹਮੇਸ਼ਾ ਭੂ-ਵਿਗਿਆਨੀਆਂ ਨੂੰ ਹੈਰਾਨ ਕੀਤਾ ਹੈ। ਪਰ ਇਸਦੀਆਂ ਅਸਮਾਨ ਛੂਹਣ ਵਾਲੀਆਂ ਚੋਟੀਆਂ ਤੋਂ ਬਹੁਤ ਹੇਠਾਂ, ਭੂਮੀਗਤ ਇੱਕ ਹਲਚਲ ਚੱਲ ਰਹੀ ਹੈ, ਜਿੱਥੇ ਭਾਰਤੀ ਅਤੇ ਯੂਰੇਸ਼ੀਅਨ ਟੈਕਟੋਨਿਕ ਪਲੇਟਾਂ ਹੌਲੀ-ਹੌਲੀ ਟਕਰਾ ਰਹੀਆਂ ਹਨ। ਦਰਅਸਲ, 60 ਮਿਲੀਅਨ ਸਾਲ ਪਹਿਲਾਂ ਸ਼ੁਰੂ ਹੋਈ ਇਸ ਭੂ-ਵਿਗਿਆਨਕ ਟੱਕਰ ਨੇ ਇਨ੍ਹਾਂ ਉੱਚੀਆਂ ਚੋਟੀਆਂ ਨੂੰ ਬਣਾਇਆ ਸੀ। ਹਾਲੀਆ ਖੋਜ ਵਿੱਚ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਭਾਰਤੀ ਪਲੇਟ ਟੁੱਟ ਰਹੀ ਹੈ। ਇਸਦਾ ਮਤਲਬ ਹੈ ਕਿ ਭਾਰਤ ਦੀ ਧਰਤੀ ਦੋ ਟੁਕੜਿਆਂ ਵਿੱਚ ਵੰਡੇ ਜਾਣ ਦੀ ਸੰਭਾਵਨਾ ਹੈ। ਅਜਿਹਾ ਪਹਿਲਾਂ ਵੀ ਅਫਰੀਕਾ ਨਾਲ ਵਾਪਰ ਚੁਕਾ ਹੈ, ਜਦੋਂ ਇਹ ਏਸ਼ੀਆ ਤੋਂ ਵੱਖ ਹੋਇਆ ਸੀ। ਇਸੇ ਸਮੇਂ ਦੌਰਾਨ, ਭਾਰਤੀ ਉਪ-ਮਹਾਂਦੀਪ ਦਾ ਇੱਕ ਹਿੱਸਾ ਏਸ਼ੀਆ ਨਾਲ ਜੁੜਿਆ ਹੋਇਆ ਸੀ।

ਯੂਰੇਸ਼ੀਅਨ ਅਤੇ ਭਾਰਤੀ ਪਲੇਟਾਂ ਦੀ ਟੱਕਰ ਦੌਰਾਨ ਵਿਗਿਆਨੀਆਂ ਨੇ ਇਸਦੇ ਵਿਵਹਾਰ 'ਤੇ ਲੰਬੇ ਸਮੇਂ ਤੋਂ ਬਹਿਸ ਕੀਤੀ ਹੈ। ਸੰਘਣੀ ਸਮੁੰਦਰੀ ਪਲੇਟਾਂ ਦੇ ਉਲਟ, ਭਾਰਤੀ ਪਲੇਟ ਵਰਗੀਆਂ ਮਹਾਂਦੀਪੀ ਪਲੇਟਾਂ ਧਰਤੀ ਦੇ ਪਰਦੇ ਵਿੱਚ ਡੁੱਬਣ ਦਾ ਵਿਰੋਧ ਕਰਦੀਆਂ ਹਨ। ਹਾਲੀਆ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਪਲੇਟ ਦੇ ਕੁਝ ਹਿੱਸੇ ਵੱਖ ਹੋ ਸਕਦੇ ਹਨ। ਇਸ ਸਿਧਾਂਤ ਨੂੰ ਭੂਚਾਲ ਦੀਆਂ ਲਹਿਰਾਂ ਅਤੇ ਤਿੱਬਤੀ ਝਰਨੇ ਤੋਂ ਮਿਲੀਆਂ ਗੈਸ ਦੇ ਨਮੂਨਿਆਂ ਦੇ ਡੇਟਾ ਤੋਂ ਸਮਰਥਨ ਮਿਲਿਆ ਹੈ।

ਹੀਲੀਅਮ ਆਈਸੋਟੋਪਸ ਨੇ ਸੰਕੇਤ ਦਿੱਤਾ ਹੈ ਕਿ ਪਲੇਟ ਦੇ ਵੱਖ ਹੋਣ ਨਾਲ ਮੈਂਟਲ ਚੱਟਾਨਾਂ ਉੱਭਰ ਰਹੀਆਂ ਹਨ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਗਰਮ ਮੈਂਟਲ ਪਦਾਰਥ ਇਸ ਅਲੱਗਤਾ ਕਾਰਣ ਬਣੇ ਖਾਲੀਪਣ ਨੂੰ ਭਰ ਸਕਦਾ ਹੈ। ਯੂਟਰੇਕਟ ਯੂਨੀਵਰਸਿਟੀ ਦੇ ਜਿਓਡਾਇਨਿਮਿਸਿਸਟ ਡੋਵ ਵੈਨ ਨੇ ਕਿਹਾ ਕਿ "ਸਾਨੂੰ ਨਹੀਂ ਪਤਾ ਸੀ ਕਿ ਮਹਾਂਦੀਪ ਇਸ ਤਰ੍ਹਾਂ ਵਿਵਹਾਰ ਕਰ ਸਕਦੇ ਹਨ। ਇਹ ਨਤੀਜੇ ਖੋਜ ਖੇਤਰ ਵਿੱਚ ਟੈਕਟੋਨਿਕ ਗਤੀਵਿਧੀ ਅਤੇ ਭੂਚਾਲ ਦੇ ਜੋਖਮਾਂ ਬਾਰੇ ਨਵੀਂ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।"

ਪੰਜਾਬ ਟਾਈਮਜ਼ ਅਨੁਸਾਰ ਭੂ-ਵਿਗਿਆਨੀਆਂ ਦਾ ਮੰਨਣਾ ਹੈ ਕਿ ਭਾਰਤੀ ਪਲੇਟ ਆਪਣੀ ਵੱਖ-ਵੱਖ ਮੋਟਾਈ ਅਤੇ ਬਣਤਰ ਦੇ ਕਾਰਨ ਕਈ ਵਾਰ ਤਰੇੜਾਂ ਪਾ ਚੁੱਕੀ ਹੈ। ਭੂਟਾਨ ਦੇ ਨੇੜੇ ਇੱਕ ਵੱਡੇ ਖੇਤਰ ਵਿੱਚ ਪਾੜ ਦੇ ਸਬੂਤ ਮਿਲੇ ਹਨ, ਜਿੱਥੇ ਮੈਂਟਲ ਚੱਟਾਨਾਂ ਸ਼ਾਇਦ ਖਾਲੀ ਜਗ੍ਹਾ ਵਿੱਚ ਵਹਿ ਰਹੀਆਂ ਹਨ। ਭੂਚਾਲ ਦੀਆਂ ਲਹਿਰਾਂ ਦੀ ਮੈਪਿੰਗ ਕਰਕੇ, ਵਿਗਿਆਨੀਆਂ ਨੇ ਸਤ੍ਹਾ ਦੇ ਹੇਠਾਂ ਵੱਖ-ਵੱਖ ਥਾਵਾਂ ਦੀ ਪਛਾਣ ਕੀਤੀ ਜੋ ਦਰਸਾਉਂਦੇ ਸਨ ਕਿ ਪਲੇਟ ਦੇ ਕੁਝ ਹਿੱਸੇ ਟੁੱਟ ਗਏ ਸਨ। ਖੋਜਕਰਤਾ ਹੁਣ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਪਲੇਟ ਫਟਣ ਨਾਲ ਇਸ ਖੇਤਰ ਵਿੱਚ ਭੂਚਾਲ ਕਿਵੇਂ ਆ ਸਕਦੇ ਹਨ ?

ਇੰਟਰਨੈਸ਼ਨਲ ਬਿਜਨਸ ਟਾਈਮਜ਼ ਯੂਕੇ ਦੀ ਰਿਪੋਟ ਕਾਰਣ ਭਾਰਤੀ ਪ੍ਰਸ਼ਾਸਨ ਵਿਚ ਹਲਚਲ ਮਚੀ ਹੋਈ ਹੈ ਕਿ ਇਸ ਸੰਭਾਵੀ ਕੁਦਰਤੀ ਆਫਤ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ ?

# ਸੈਂਟਰਲ ਜੇਲ੍ਹ ਤੋਂ ਦੋਸ਼ੀ ਚਲਾ ਰਿਹਾ ਸੀ ਡਰਗ ਦਾ ਕਾਰੋਬਾਰ !

## ✪ 5 ਕਰੋੜ ਦੀ ਹੈਰੋਇਨ ਨਾਲ ਫੜਿਆ ਗਿਆ ਭਰਾ



ਲੁਧਿਆਣਾ - ਐਂਟੀ ਨਾਰਕੋਟਿਕ ਟਾਸਕ ਫੋਰਸ ਦੀ ਲੁਧਿਆਣਾ ਯੂਨਿਟ ਨੇ ਨਸ਼ਾ ਸਮੱਗਲਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਇਕ ਨਸ਼ਾ ਸਮੱਗਲਰ ਨੂੰ 5 ਕਰੋੜ ਦੀ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਕਤ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਐਂਟੀ ਨਾਰਕੋਟਿਕ ਟਾਸਕ ਫੋਰਸ ਦੇ ਡੀ. ਐੱਸ. ਪੀ. ਅਜੇ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਕਿਸੇ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਇਕ ਨਸ਼ਾ ਸਮੱਗਲਰ ਆਪਣੇ ਘਰ ਤੋਂ ਐਕਟਿਵਾ 'ਤੇ ਮੁਹੱਲਾ ਜਨਤਾ ਨਗਰ ਵਿਖੇ ਹੈਰੋਇਨ ਸਪਲਾਈ ਕਰਨ ਲਈ ਜਾ ਰਿਹਾ ਹੈ।

ਥਾਣੇਦਾਰ ਭੁਪਿੰਦਰ ਸਿੰਘ ਦੀ ਪੁਲਸ ਟੀਮ ਨੇ ਮੁਹੱਲਾ ਜਨਤਾ ਨਗਰ ਪੁੱਜੀ ਇਸ ਦੌਰਾਨ ਇਕ ਵਿਅਕਤੀ ਆਪਣੇ ਘਰ ਤੋਂ ਐਕਟਿਵਾ 'ਤੇ ਆ ਰਿਹਾ ਸੀ, ਜਿਸ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਟੀਮ ਨੇ ਜਦੋਂ ਉਸ ਕੋਲੋਂ ਬਰਾਮਦ ਹੋਏ ਬੈਗ ਦੀ ਤਲਾਸ਼ੀ ਲਈ ਤਾਂ ਉਸ 'ਚੋਂ 1 ਕਿਲੋ 20 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਤੋਂ ਬਾਅਦ ਪੁਲਸ ਨੇ ਉਕਤ ਵਿਅਕਤੀ ਗੁਰਪ੍ਰੀਤ ਸਿੰਘ ਟੀਟੂ ਨੂੰ ਤੁਰੰਤ ਕਾਬੂ ਕਰ ਕੇ ਉਸ ਦੀ ਪਛਾਣ ਮੁਹੱਲਾ ਜਨਤਾ ਨਗਰ ਡਵੀਜ਼ਨ ਨੰ. 6 ਵਜੋਂ ਕੀਤੀ।

ਪੁਲਸ ਨੇ ਮੁਲਜ਼ਮ ਖਿਲਾਫ ਥਾਣਾ ਮੋਹਾਲੀ 'ਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ 5 ਕਰੋੜ ਰੁਪਏ ਤੋਂ ਵੱਧ ਆਂਕੀ ਜਾ ਰਹੀ ਹੈ। ਡੀ. ਐੱਸ. ਪੀ. ਅਜੇ ਕੁਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਗ੍ਰਿਫਤਾਰ ਮੁਲਜ਼ਮ ਗੁਰਪ੍ਰੀਤ ਸਿੰਘ ਅਤੇ ਉਸ ਦੇ ਭਰਾ ਸੰਦੀਪ ਸਿੰਘ ਵੱਲੋਂ ਨਸ਼ੇ ਦੀ ਸਪਲਾਈ ਨਾਲ ਬਣਾਈ ਗਈ ਪ੍ਰਾਪਰਟੀ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਉਕਤ ਬੇਨਾਮੀ ਪ੍ਰਾਪਰਟੀ ਨੂੰ ਇਸ ਕੇਸ ਨਾਲ ਅਟੈਚ ਕੀਤਾ ਜਾਵੇਗਾ।

### ਸੈਂਟਰਲ ਜੇਲ੍ਹ 'ਚ ਨਸ਼ਾ ਸਮੱਗਲਰ ਚਲਾ ਰਿਹਾ ਸੀ ਨਸ਼ੇ ਦਾ ਕਾਰੋਬਾਰ

ਐਂਟੀ ਨਾਰਕੋਟਿਕ ਟਾਸਕ ਫੋਰਸ ਦੇ ਡੀ. ਐੱਸ. ਪੀ. ਅਜੇ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਜਦ ਮੁਲਜ਼ਮ ਗੁਰਪ੍ਰੀਤ ਸਿੰਘ ਤੋਂ ਬਰਾਮਦ ਹੈਰੋਇਨ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਮੁਲਜ਼ਮ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਹੈਰੋਇਨ ਉਸ ਦੇ ਭਰਾ ਸੰਦੀਪ ਸਿੰਘ ਵੱਲੋਂ ਜੇਲ੍ਹ 'ਚ ਜਾਣ ਤੋਂ ਪਹਿਲਾਂ ਲੁਕਾ ਕੇ ਰੱਖੀ ਹੋਈ ਸੀ, ਜਿਸ ਨੂੰ ਉਹ ਸੰਦੀਪ ਸਿੰਘ ਦੇ ਕਹਿਣ ਮੁਤਾਬਕ ਅੱਗੇ ਗਾਹਕਾਂ ਨੂੰ ਸਪਲਾਈ ਕਰਦਾ ਸੀ।

ਉਨ੍ਹਾਂ ਦੱਸਿਆ ਕਿ ਸੰਦੀਪ ਸਿੰਘ ਨਸ਼ਾ ਸਮੱਗਲਿੰਗ ਦੇ ਵੱਡੇ ਮਾਮਲੇ 'ਚ ਪਿਛਲੇ ਕਈ ਸਾਲਾਂ ਤੋਂ ਸੈਂਟਰਲ ਜੇਲ ਲੁਧਿਆਣਾ 'ਚ ਬੰਦ ਹੈ, ਜੋ ਜੇਲ੍ਹ 'ਚ ਬੈਠ ਕੇ ਮੋਬਾਈਲ ਫੋਨ ਜ਼ਰੀਏ ਆਪਣੇ ਭਰਾ ਨਾਲ ਸੰਪਰਕ ਕਰ ਕੇ ਘਰ ਵਿਚ ਛੁਪਾ ਕੇ ਰੱਖੀ ਹੋਈ ਹੈ। ਹੈਰੋਇਨ ਨੂੰ ਗਾਹਕਾਂ ਤੱਕ ਆਪਣੇ ਭਰਾ ਗੁਰਪ੍ਰੀਤ ਜ਼ਰੀਏ ਭੇਜਦਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਸੰਦੀਪ ਸਿੰਘ ਨੂੰ ਐੱਨ. ਸੀ. ਬੀ. ਨੇ 2022 'ਚ ਅਕਸ਼ੇ ਛਾਬੜਾ ਦੇ ਸਾਥੀ ਦੇ ਰੂਪ 'ਚ ਕਾਬੂ ਕੀਤਾ ਗਿਆ ਸੀ, ਜਿਨ੍ਹਾਂ ਕੋਲੋਂ 20 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ।

## ਕਰਾਈਮ ਨਿਊਜ਼

### ਗੁਆਂਢ ਵਿਚ ਹੁੰਦਾ ਸੀ ਅਸ਼ਲੀਲ ਕੰਮ, ਵਿਰੋਧ ਕਰਨ ਵਾਲੇ ਬਜ਼ੁਰਗ ਦਾ ਕੀਤਾ ਕਤਲ, ਕੇਸ ਹੋਵੇਗਾ ਦਰਜ਼

ਜਲਾਲਾਬਾਦ-ਜਲਾਲਾਬਾਦ ਦੇ ਪਿੰਡ ਸ਼ੇਰ ਮੁਹੰਮਦ ਵਿਖੇ ਘਰ ਵਿਚ ਚੱਲ ਰਹੇ ਅਸ਼ਲੀਲ ਧੰਦੇ ਦਾ ਵਿਰੋਧ ਕਰਨ 'ਤੇ 70 ਸਾਲਾ ਬਜ਼ੁਰਗ ਗੁਰਨਾਮ ਸਿੰਘ ਦੀ ਜਾਨ ਚਲੀ ਗਈ। ਮ੍ਰਿਤਕ ਦੇ ਪੁੱਤਰ ਮੰਗਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਗੁਆਂਢ ਵਿਚ ਮਹਿਲਾ ਦੇ ਘਰ ਨੌਜਵਾਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ ਕਿਉਂਕਿ ਉਨ੍ਹਾਂ ਦੀ ਲੜਕੀ ਵੀ ਜਵਾਨ ਹੈ। ਇਸ ਕਰਕੇ ਉਸ ਵੱਲੋਂ ਪਿੰਡ 'ਚ ਚੱਲ ਰਹੇ ਅਸ਼ਲੀਲ ਕੰਮ ਦਾ ਵਿਰੋਧ ਕੀਤਾ ਗਿਆ ਅਤੇ ਪੁਲਸ ਵਿਚ ਸ਼ਿਕਾਇਤ ਦਰਜ ਕਰਵਾਈ ਗਈ। ਇਸ ਰੰਜਿਸ਼ ਦੇ ਚੱਲਦਿਆਂ ਉਕਤ ਲੋਕਾਂ ਨੇ ਉਨ੍ਹਾਂ ਦੇ ਘਰ 'ਤੇ ਹਮਲਾ ਕਰ ਦਿੱਤਾ।




ਮੰਗਲ ਸਿੰਘ ਦਾ ਦੋਸ਼ ਹੈ ਕਿ ਉਕਤ ਲੋਕਾਂ ਨੇ ਤਿਖੇ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕੀਤਾ, ਜਿਸ ਦੌਰਾਨ ਉਸਦੇ ਪਿਤਾ ਨੂੰ ਕਾਫੀ ਸੱਟਾਂ ਲੱਗੀਆਂ ਜਿਨ੍ਹਾਂ ਦੀ ਮੌਤ ਹੋ ਗਈ। ਥਾਣਾ ਮੁਖੀ ਦਵਿੰਦਰ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰ ਦੇ ਬਿਆਨਾਂ ਦੇ ਅਧਾਰ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

## ਪ੍ਰਵਾਸੀ ਪੰਜਾਬੀ ਵੱਲੋਂ ਚਾਕੂ ਮਾਰ ਕੇ ਔਰਤ ਦਾ ਕਤਲ

### ✪ ਪੁਲੀਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜਿਆ ਕੇਸ ਦਰਜ



ਦੀਨਾਨਗਰ-ਇਥੇ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਪਿੰਡ ਨਵਾਂ ਬਹਾਦਰ ਵਿੱਚ ਐੱਨਆਰਆਈ ਨੇ ਚਾਕੂ ਮਾਰ ਕੇ ਔਰਤ ਸ਼ਲਿੰਦਰ ਕੌਰ (48) ਦਾ ਕਤਲ ਕਰ ਦਿੱਤਾ ਹੈ। ਮ੍ਰਿਤਕਾ ਦੇ ਪਤੀ ਬਲਵਿੰਦਰ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਪਿੰਡ ਦੇ ਹੀ ਐੱਨਆਰਆਈ ਨਿਰੰਜਣ ਸਿੰਘ ਨੇ ਉਸ ਦੀ ਪਤਨੀ ਨਾਲ ਮਖੌਲ ਕੀਤਾ ਸੀ, ਜਿਸ ਦਾ ਸ਼ਲਿੰਦਰ ਕੌਰ ਨੇ ਵਿਰੋਧ ਕੀਤਾ ਸੀ। ਇਸੇ ਰੰਜਿਸ਼ ਤਹਿਤ ਨਿਰੰਜਣ ਸਿੰਘ ਨੇ ਬੀਤੀ ਰਾਤ ਨੂੰ ਉਨ੍ਹਾਂ ਨਾਲ ਝਗੜਾ ਸ਼ੁਰੂ ਕਰ ਦਿੱਤਾ ਉਨ੍ਹਾਂ ਨੂੰ ਗਾਲੀ-ਗਲੋਚ ਵੀ ਕੀਤਾ। ਜਦੋਂ ਉਸ ਦੀ ਪਤਨੀ ਹਵੇਲੀ ਤੋਂ ਬਾਹਰ ਆਈ ਤਾਂ ਮੁਲਜ਼ਮ ਨੇ ਉਸ ਨੂੰ ਚਾਕੂ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ, ਜਦੋਂ ਉਸ ਨੂੰ ਗੁਰਦਾਸਪੁਰ ਦੇ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਤਾਂ ਉਸ ਦੀ ਮੌਤ ਹੋ ਗਈ। ਦੱਸਣਯੋਗ ਹੈ ਕਿ ਮੁਲਜ਼ਮ ਐੱਨਆਰਆਈ ਨਿਰੰਜਣ ਸਿੰਘ 8 ਸਾਲਾਂ ਮਗਰੋਂ ਯੂਨਾਨ ਤੋਂ ਕੁਝ ਦਿਨ ਪਹਿਲਾਂ ਪਰਤਿਆ ਸੀ। ਪੁਲੀਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤਾ ਹੈ ਅਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਤੇ ਗ੍ਰਿਫ਼ਤਾਰੀ ਲਈ ਉਸ ਦੀ ਭਾਲ ਕੀਤੀ ਜਾ ਰਹੀ ਹੈ।

## ਵਿਦਿਆਰਥਣ ਨਾਲ ਅਸ਼ਲੀਲ ਹਰਕਤਾਂ ਕਾਰਣ ਟੀਚਰ ਖ਼ਿਲਾਫ਼ ਕੇਸ ਦਰਜ

ਮੋਗਾ-ਇਥੇ ਸਰਕਾਰੀ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਦੇ ਅਧਿਆਪਕ ਸੋਨੂੰ ਸਿੰਘ ਖ਼ਿਲਾਫ਼ ਪੀੜਤ ਵਿਦਿਆਰਥਣ ਦੀ ਮਾਂ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਹੈ। ਥਾਣਾ ਸਿਟੀ ਦੱਖਣੀ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਧਿਆਪਕ ਦਾ ਕਹਿਣਾ ਹੈ ਕਿ ਉਸ ਨੂੰ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ ਅਤੇ ਉਸ 'ਤੇ ਲੱਗੇ ਸਾਰੇ ਦੋਸ਼ ਝੂਠੇ ਅਤੇ ਬੁਨਿਆਦ ਹਨ। ਸੂਤਰਾਂ ਨੇ ਦਾਅਵਾ ਕੀਤਾ ਕਿ ਇਹ ਮਾਮਲਾ ਕਾਫ਼ੀ ਪੁਰਾਣਾ ਅਕਤੂਬਰ 2023 ਦਾ ਹੈ ਉਸ ਸਮੇਂ ਸਕੂਲ ਵਿੱਚ ਹੰਗਾਮਾ ਵੀ ਹੋਇਆ ਸੀ ਅਤੇ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। ਸਿੱਖਿਆ ਅਧਿਕਾਰੀਆਂ ਨੇ ਦੋਵਾਂ ਧਿਰਾਂ ਵਿਚਾਲੇ ਕਥਿਤ ਸਮਝੌਤਾ ਕਰਵਾ ਕੇ ਮਾਮਲਾ ਰਫ਼ਾ ਦਫ਼ਾ ਕਰ ਦਿੱਤਾ ਸੀ ਪਰ ਹੁਣ ਮਾਮਲਾ ਮੁੜ ਭਖ਼ਿਆ ਹੈ। ਪੀੜਤਾ ਨੇ ਇਨਸਾਫ਼ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਰਿੱਟ ਦਾਇਰ ਕਰ ਦਿੱਤੀ ਤਾਂ ਹਾਈ ਕੋਰਟ ਨੇ ਇਸ ਮਾਮਲੇ 'ਤੇ ਤੁਰੰਤ ਕਾਰਵਾਈ ਲਈ ਹੁਕਮ ਜਾਰੀ ਕੀਤੇ ਹਨ ਜਿਸ 'ਤੇ ਸਿਟੀ ਪੁਲੀਸ ਨੇ ਬੀਤੀ ਰਾਤ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਬੰਦੂਕ ਦੀ ਨੋਕ 'ਤੇ ਪ੍ਰਵਾਸੀ ਪੰਜਾਬੀ ਨੂੰ ਅਗਵਾ ਕਰ ਕੇ ਕੀਤੀ ਕੁੱਟਮਾਰ

### ✪ ਦੋਸ਼ੀ ਧਿਰ ਨੂੰ ਬੁਲਾਕੇ ਪੁਲਿਸ ਕਰੇਗੀ ਜਾਂਚ

ਅੰਮ੍ਰਿਤਸਰ-ਪੁਰਾਣੀ ਰੰਜਿਸ਼ ਦੇ ਚੱਲਦਿਆਂ ਮਜੀਠਾ ਰੋਡ ਥਾਣੇ ਅਧੀਨ ਪੈਂਦੇ ਮਜੀਠਾ ਰੋਡ ਇਲਾਕੇ ਵਿੱਚ ਐਨਆਰਆਈ ਅਮਨ ਸੋਢੀ ਨੂੰ ਕਾਰ ਵਿੱਚ ਸਵਾਰ ਚਾਰ ਵਿਅਕਤੀਆਂ ਨੇ ਅਗਵਾ ਕਰ ਲਿਆ ਤੇ ਉਸ ਨੂੰ ਪਿੰਡ ਫਤਿਹਗੜ੍ਹ ਸ਼ੁਕਰ ਚੱਕ ਨੇੜੇ ਲੈ ਗਏ। ਡਾਇਮੰਡ ਐਵੀਨਿਊ ਦੇ ਰਹਿਣ ਵਾਲੇ ਅਮਨ ਸੋਢੀ ਨੂੰ ਰਸਤੇ ਵਿਚ ਬੁਰੀ ਤਰ੍ਹਾਂ ਕੁੱਟਿਆ ਗਿਆ ਅਤੇ ਉਸ ਦੀ ਲੱਤ ਵਿਚ ਗੋਲੀ ਵੀ ਲੱਗੀ। ਇਸ ਤੋਂ ਬਾਅਦ ਕਾਰ ਸਵਾਰ ਉਸ ਨੂੰ ਸੜਕ 'ਤੇ ਛੱਡ ਕੇ ਭੱਜ ਗਏ। ਅਮਨ ਸੋਢੀ ਨੇ ਦੱਸਿਆ ਕਿ ਉਹ ਕੈਨੇਡਾ ਦੀ ਪੀਆਰ ਮਿਲਣ ਤੋਂ ਬਾਅਦ ਕੁਝ ਸਮਾਂ ਪਹਿਲਾਂ ਉਹ ਕੈਨੇਡਾ ਤੋਂ ਅੰਮ੍ਰਿਤਸਰ ਸਥਿਤ ਆਪਣੇ ਘਰ ਆਇਆ ਸੀ।

ਅਮਨ ਨੇ ਦੋਸ਼ ਲਾਇਆ ਕਿ ਘਟਨਾ ਦੇ ਸਮੇਂ ਉਹ ਮਜੀਠਾ ਰੋਡ 'ਤੇ ਇਕ ਸੈਲੂਨ 'ਚ ਆਪਣੇ ਵਾਲ ਕਟਵਾ ਰਿਹਾ ਸੀ। ਜਿਵੇਂ ਹੀ ਉਹ ਆਪਣੇ ਵਾਲ ਕੱਟ ਕਰਵਾ ਕੇ ਦੁਕਾਨ ਤੋਂ ਬਾਹਰ ਆਇਆ ਤਾਂ ਹਸਨਪ੍ਰੀਤ ਸਿੰਘ ਨੇ ਆਪਣੇ ਤਿੰਨ ਸਾਥੀਆਂ ਨਾਲ ਮਿਲ ਕੇ ਉਸ ਨੂੰ ਬੰਦੂਕ ਦੀ ਨੋਕ 'ਤੇ ਆਪਣੀ ਕਾਰ 'ਚ ਅਗਵਾ ਕਰ ਲਿਆ।

ਰਸਤੇ ਵਿਚ ਉਸ ਦੀ ਕੁੱਟਮਾਰ ਕੀਤੀ ਗਈ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਅਮਨ ਨੇ ਦੋਸ਼ ਲਾਇਆ ਕਿ ਸਾਰੇ ਨੌਜਵਾਨ ਉਸ ਨੂੰ ਪਿੰਡ ਫਤਿਹਗੜ੍ਹ ਸ਼ੁਕਰ ਚੱਕ ਲੈ ਗਏ। ਉਥੇ ਕੁੱਟ ਮਾਰ ਦੌਰਾਨ ਉਨ੍ਹਾਂ ਦੀ ਲੱਤ 'ਤੇ ਗੋਲੀ ਵੀ ਚਲਾਈ ਸੀ। ਪਰ ਗੋਲੀ ਉਸ ਨੂੰ ਨਹੀਂ ਲੱਗੀ। ਫਿਰ ਚਾਰੇ ਨੌਜਵਾਨ ਉਸ ਨੂੰ ਕਾਰ ਵਿੱਚ ਬਿਠਾ ਕੇ ਰਸਤੇ ਵਿਚ ਛੱਡ ਕੇ ਭੱਜ ਗਏ।

ਮਜੀਠਾ ਰੋਡ ਥਾਣੇ ਦੇ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਦੋਵੇਂ ਧਿਰਾਂ ਕੈਨੇਡਾ ਦੇ ਪੀਆਰ ਹਨ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੀ ਧਿਰ ਨੂੰ ਵੀ ਬੁਲਾਇਆ ਜਾ ਰਿਹਾ ਹੈ, ਤਾਂ ਜੋ ਸੱਚ ਸਾਹਮਣੇ ਆ ਸਕੇ।

## ਪੰਜਾਬ ਵਿਚ ਸਾਈਬਰ ਸੁਰੱਖਿਆ ਆਪ੍ਰੇਸ਼ਨ ਸੈਂਟਰ ਹੋਵੇਗਾ ਸਥਾਪਤ

ਚੰਡੀਗੜ੍ਹ-ਪੰਜਾਬ ਵਿਚ ਹੁਣ ਸਾਈਬਰ ਹਮਲਿਆਂ ਤੋਂ ਬਚਣ ਲਈ ਸਾਈਬਰ ਸੁਰੱਖਿਆ ਆਪ੍ਰੇਸ਼ਨ ਸੈਂਟਰ ਸਥਾਪਤ ਕੀਤਾ ਜਾਵੇਗਾ। ਇਸ ਬਾਬਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪ੍ਰੈਸ ਕਾਨਫਰੰਸ ਕਰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ 42 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਇਸ ਵਿੱਚ ਸਾਰੇ ਸਰਕਾਰੀ ਵਿਭਾਗਾਂ ਦੀਆਂ ਵੈੱਬਸਾਈਟਾਂ ਅਤੇ ਹੋਰ ਚੀਜ਼ਾਂ ਸ਼ਾਮਲ ਕੀਤੀਆਂ ਜਾਣਗੀਆਂ। ਇਹ ਸਿਸਟਮ ਦੁਨੀਆ ਦਾ ਸਭ ਤੋਂ ਵਧੀਆ ਸਿਸਟਮ ਹੋਵੇਗਾ।

# ‘ਪੰਜਾਬ 95’ ਸਤ ਫਰਵਰੀ ਨੂੰ ਨਹੀਂ ਹੋਵੇਗੀ ਰਿਲੀਜ਼

## ਵਿਸ਼ੇਸ਼ ਰਿਪੋਟ ✪ ਸੈਂਸਰ ਬੋਰਡ ਨੂੰ ਖਾਲੜੇ ਦਾ ਨਾਮ ਤੇ ਅਦਾਲਤੀ ਰਿਪੋਟਾਂ ਵਰਤਣ ਉਤੇ ਵੀ ਇਤਰਾਜ਼

ਦਿਲਜੀਤ ਦੋਸਾਂਝ ਦੀ ਫਿਲਮ ‘ਪੰਜਾਬ 95’ ਹੁਣ 7 ਫਰਵਰੀ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਰਿਲੀਜ਼ ਨਹੀਂ ਹੋਵੇਗੀ। ਦਿਲਜੀਤ ਨੇ ਖੁਦ ਇਹ ਜਾਣਕਾਰੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ। ਇਹ ਫਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਹੈ, ਜੋ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਤੋਂ ਸਨ। ਇਸਦੀ ਰਿਲੀਜ਼ ਨੂੰ ਲੈ ਕੇ ਭਾਰਤ ਵਿੱਚ ਪਹਿਲਾਂ ਹੀ ਵਿਵਾਦ ਚੱਲ ਰਿਹਾ ਹੈ। ਦਿਲਜੀਤ ਦੋਸਾਂਝ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਵਿੱਚ ਸਾਂਝਾ ਕੀਤਾ - ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਫਿਲਮ ‘ਪੰਜਾਬ 95’ 7 ਫਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ, ਕੁਝ ਹਾਲਾਤਾਂ ਦੇ ਕਾਰਨ ਜੋ ਸਾਡੇ ਕੰਟਰੋਲ ਤੋਂ ਬਾਹਰ ਹਨ। ਇਹ ਫਿਲਮ ਪਹਿਲਾਂ ਹੀ ਭਾਰਤ ਵਿੱਚ ਰਿਲੀਜ਼ ਨਹੀਂ ਹੋ ਰਹੀ ਸੀ।

ਪਿਛਲੇ ਹਫਤੇ ਜਦੋਂ ਦਿਲਜੀਤ ਨੇ ਪੰਜਾਬ 95 ਰਿਲੀਜ਼ ਦਾ ਟੀਜ਼ਰ ਯੂ ਟਿਊਬ ’ਤੇ ਰਿਲੀਜ਼ ਕੀਤਾ ਤਾਂ ਕੁਝ ਹੀ ਘੰਟਿਆਂ ਦੇ ਬਾਅਦ ਇਸ ਨੂੰ ਹਟਾ ਦਿੱਤਾ ਗਿਆ ਸੀ । ਸੈਂਸਰ ਬੋਰਡ ਨੇ ਫਿਲਮ ’ਤੇ 120 ਕੱਟ ਦੇ ਨਾਲ ਰਿਲੀਜ਼ ਕਰਨ ਲਈ ਨਿਰਮਾਤਾਵਾਂ ਨੂੰ ਨਿਰਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ ਫਿਲਮ ਦਾ ਨਾਂ ਸਤਲੁਜ ਰੱਖਣ ਲਈ ਵੀ ਕਿਹਾ ਸੀ। ਪਰ ਪ੍ਰੋਡੂਸਰਾਂ ਨੇ ਇਸ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਫਿਲਮ ਦੀ ਅਸਲੀ ਕਹਾਣੀ ਖਤਮ ਹੋ ਜਾਵੇਗੀ।




ਦਿਲਜੀਤ ਦੀ ਫਿਲਮ ਪੰਜਾਬ 95 ਸਭ ਤੋਂ ਵੱਡੇ ਮਨੁੱਖੀ ਅਧਿਕਾਰਾ ਦੇ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਬਣੀ ਹੈ ਜਿੰਨਾਂ ਨੇ ਪੰਜਾਬ ਵਿੱਚ 80 ਅਤੇ 90 ਦੇ ਦਹਾਕਿਆਂ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨਿਰਦੋਸ਼ ਸਿੱਖਾਂ ਦੀਆਂ ਅਵਾਜ਼ ਚੁੱਕੀ ਸੀ । ਦਿਲਜੀਤ ਫਿਲਮ ਪੰਜਾਬ 95 ਵਿੱਚ ਜਸਵੰਤ ਸਿੰਘ ਖਾਲੜਾ ਦਾ ਰੋਲ ਹੀ ਅਦਾ ਕਰ ਰਹੇ ਹਨ।

ਖਾਲੜਾ ਪਰਿਵਾਰ ਨੇ ਅਫ਼ਸੋਸ ਜਤਾਇਆ ਹੈ ਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ-ਸੈਂਸਰ ਬੋਰਡ (ਸੀਬੀਐੱਫ਼ਸੀ) ਨੇ ਫ਼ਿਲਮ ਦੇ ਕੁਝ ਹਵਾਲਿਆਂ ਉੱਤੇ ਇਤਰਾਜ਼ ਜਤਾਉਂਦਿਆਂ 120 ਕੱਟ ਲਾਉਣ ਦੀ ਮੰਗ ਕੀਤੀ ਸੀ ਜੋ ਸਾਨੂੰ ਮਨਜੂਰ ਨਹੀਂ। ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵਲੋਂ ਸਾਂਝੀ ਕੀਤੀ ਗਈ ਇਸ ਪੋਸਟ ਮੁਤਾਬਕ ਸੈਂਸਰ ਬੋਰਡ ਨੇ ਫ਼ਿਲਮ ਵਿੱਚ ਕੁਝ ਹੋਰ ਬਦਲਾਅ ਵੀ ਸੁਝਾਏ ਹਨ ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਮ ਨਾ ਵਰਤਿਆ ਜਾਵੇ, ਗੁਰਬਾਣੀ ਦਾ ਉਚਾਰਣ ਹਟਾਇਆ ਜਾਵੇ, ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਮ ਜਿੱਥੇ ਇਹ ਘਟਨਾਵਾਂ ਵਾਪਰੀਆਂ, ਹਟਾਏ ਜਾਣ।

ਪਰਿਵਾਰ ਸੈਂਸਰ ਬੋਰਡ ਵਲੋਂ ਸੁਝਾਏ ਗਏ ਬਦਲਾਵਾਂ ਨਾਲ ਸਹਿਮਤ ਨਹੀਂ ਅਤੇ ਫ਼ਿਲਮ ਜਿਸ ਤਰੀਕੇ ਨਾਲ ਬਣੀ ਹੈ ਉਸੇ ਤਰ੍ਹਾਂ ਰਿਲੀਜ਼ ਹੋਣ ਦੀ ਮੰਗ ਕਰਦਾ ਹੈ। ਪਰਮਜੀਤ ਕੌਰ ਨੇ ਕਿਹਾ ਕਿ ਸੀਬੀਐੱਫ਼ਸੀ ਵੱਲੋਂ ਫ਼ਿਲਮ ਵਿੱਚ ਜਿਹੜੇ ਬਦਲਾਅ ਕਰਨ ਲਈ ਕਿਹਾ ਗਿਆ ਹੈ, ਫ਼ਿਲਮ ਵਿੱਚ ਦਰਸਾਈਆਂ ਗਈਆਂ ਉਹ ਘਟਨਾਵਾਂ ਜਨਤਕ ਦਸਤਾਵੇਜ਼ਾਂ (ਅਖ਼ਬਾਰਾਂ ਅਤੇ ਅਦਾਲਤੀ ਰਿਕਾਰਡ) ਵਿੱਚੋਂ ਲਈਆਂ ਗਈਆਂ ਹਨ। ਉਨ੍ਹਾਂ ਨੇ ਇਨ੍ਹਾਂ ਬਦਲਾਵਾਂ ਨੂੰ, “ਭਾਰਤ ਸਰਕਾਰ ਅਤੇ ਸੈਂਸਰ ਬੋਰਡ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਕੀਤੇ ਤੱਥਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਬਦਲਣ ਦੀ ਕੋਸ਼ਿਸ਼” ਦੱਸਿਆ ਹੈ।

ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਲਾਇਆ ਸੀ ਕਿ ਫ਼ਿਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ। ਪਰਿਵਾਰ ਨੇ ਸੀਬੀਐੱਫ਼ਸੀ ਨੂੰ ਅਪੀਲ ਕੀਤੀ ਹੈ ਕਿ ਫ਼ਿਲਮ ਵਿੱਚ ਦਿਖਾਏ ਗਏ ਇਤਿਹਾਸਿਕ ਤੱਥ ਸਾਬਿਤ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਨਾ ਬਦਲਿਆ ਜਾਵੇ।

ਸਿੱਖ ਚਿੰਤਕ ਗੁਰਤੇਜ ਸਿੰਘ ਨੇ ਇਸ ਫ਼ਿਲਮ ‘ਪੰਜਾਬ 95’ ਨਾਲ ਜੁੜੇ ਵਿਵਾਦ ਬਾਰੇ ਗੱਲ ਕਰਦਿਆਂ ਕਿਹਾ ਕਿ ਸਿਆਸੀ ਅਤੇ ਇਤਿਹਾਸਕ ਵਿਸ਼ਿਆਂ ਉੱਤੇ ਬਣਨ ਵਾਲੀਆਂ ਫ਼ਿਲਮਾਂ ਬਾਰੇ ਸੈਂਸਰ ਬੋਰਡ ਦੇ ਮਾਪਦੰਡ ਵੱਖਰੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ, “ਇਹ ਫ਼ਿਲਮ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਲੜੇ ਸਿੱਖ ਕਾਰਕੁੰਨ ਜਸਵੰਤ ਸਿੰਘ ਖਾਲੜਾ ਬਾਰੇ ਹੈ ਨਾ ਕਿ ਰੋਚਿਕ ਡਰਾਮਾ ਕਿ ਇਸ ਦੇ ਤਥ ਤੇ ਮੂਲ ਬਦਲ ਦਿਤਾ ਜਾਵੇ।”

### -ਮਾਮਲਾ ਬੇਅੰਤ ਸਿੰਘ ਕਤਲ ਕਾਂਡ ਦਾ-

## ਸੁਪਰੀਮ ਕੋਰਟ ਦੀ ਹਦਾਇਤ ਭਾਈ ਰਾਜੋਆਣਾ ਦੀ ਪਟੀਸ਼ਨ ’ਤੇ ਕੇਂਦਰ 18 ਮਾਰਚ ਤੱਕ ਫ਼ੈਸਲਾ ਲਏ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਕੇਂਦਰ ਨੂੰ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਅਰਜ਼ੀ ’ਤੇ 18 ਮਾਰਚ ਤੱਕ ਫ਼ੈਸਲਾ ਲੈਣ ਲਈ ਕਿਹਾ ਹੈ। ਜਸਟਿਸ ਬੀਆਰ ਗਵਈ ਦੀ ਅਗਵਾਈ ਹੇਠਲੇ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ‘ਅਸੀਂ ਤੁਹਾਨੂੰ ਆਖਰੀ ਮੌਕੇ ਵਜੋਂ ਸਮਾਂ ਦੇ ਰਹੇ ਹਾਂ। ਤੁਸੀਂ ਜਾਂ ਤਾਂ ਕੋਈ ਫ਼ੈਸਲਾ ਲਵੋ ਨਹੀਂ ਤਾਂ ਅਸੀਂ ਗੁਣ-ਦੋਸ਼ ਦੇ ਆਧਾਰ ’ਤੇ ਸੁਣਵਾਈ ਕਰਾਂਗੇ।” ਮਹਿਤਾ ਨੇ ਕਿਹਾ ਕਿ ਇਹ ਮਾਮਲਾ ਤਤਕਾਲੀ ਮੁੱਖ ਮੰਤਰੀ ਬੇਅੰਤ ਦੀ ਹੱਤਿਆ ਨਾਲ ਜੁੜਿਆ ਹੈ। ਸੁਣਵਾਈ ਸ਼ੁਰੂ ਹੁੰਦੇ ਸਾਰ ਮਹਿਤਾ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਰਹਿਮ ਪਟੀਸ਼ਨ ਹਾਲੇ ਵਿਚਾਰ ਅਧੀਨ ਹੈ। ਉਨ੍ਹਾਂ ਬੈਂਚ ਨੂੰ ਅਪੀਲ ਕੀਤੀ ਕਿ ਫ਼ੈਸਲਾ ਲੈਣ ਲਈ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਜਾਵੇ। ਰਾਜੋਆਣਾ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦਾ ਮੁਵੱਕਿਲ ਕਰੀਬ 29 ਸਾਲ ਜੇਲ੍ਹ ਵਿਚ ਗੁਜ਼ਾਰ ਚੁੱਕਾ ਹੈ ਪਰ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਆਪਣੀ ਅਰਜ਼ੀ ਵਿਚ ਰਾਜੋਆਣਾ ਨੇ ਮੰਗ ਕੀਤੀ ਹੈ ਕਿ ਸਜ਼ਾ-ਏ-ਮੌਤ ’ਚ ਦੇਰੀ ਅਤੇ ਰਹਿਮ ਦੀ ਪਟੀਸ਼ਨ ’ਤੇ ਕੋਈ ਫ਼ੈਸਲਾ ਨਾ ਲਏ ਜਾਣ ਕਾਰਨ ਉਸ ਦੀ ਸਜ਼ਾ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ ਜਾਣ। ਅਰਜ਼ੀ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਉਮਰ ਕੈਦ ਤੋਂ ਵੀ ਵਧ ਸਮਾਂ ਜੇਲ੍ਹ ਵਿਚ ਬਿਤਾ ਚੁੱਕਾ ਹੈ, ਜਿਸ ਕਾਰਨ ਉਸ ਦੀ ਰਿਹਾਈ ਦੇ ਹੁਕਮ ਦਿੱਤੇ ਜਾਣ। ਉਧਰ ਰਾਜੋਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ, “ਇਹ ਮਾਮਲਾ ਸੀਜੇਆਈ ਐੱਸਏ ਬੋਬਡੇ ਦੇ ਸਮੇਂ ਤੋਂ ਚੱਲ ਰਿਹਾ ਹੈ। ਉਹ ਪਿਛਲੇ 15 ਸਾਲਾਂ ਤੋਂ ਮੌਤ ਦੀ ਸਜ਼ਾ ਯਾਫ਼ਤਾ ਹੈ ਅਤੇ ਉਹ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿਚ ਹੈ। ਉਸ ਨੂੰ ਹੁਣ ਰਿਹਾਅ ਕੀਤਾ ਜਾਣਾ ਚਾਹੀਦਾ ਹੈ।”

ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ ਵਿਚ ਸਿਵਲ ਸਕੱਤਰੇਤ ਦੇ ਗੇਟ ’ਤੇ ਹੋਏ ਧਮਾਕੇ ’ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀ ਮਾਰੇ ਗਏ ਸਨ।

### -ਮਾਮਲਾ ਡੇਰਾ ਪ੍ਰੇਮੀ ਕਤਲ ਕਾਂਡ ਦਾ-

## ਐੱਨਆਈਏ ਵਲੋਂ ਦਿੱਲੀ ਕੇਸ ਤਬਦੀਲ ਕਰਨ ਵਾਲੀ ਅਰਜ਼ੀ ਅਦਾਲਤ ਨੇ ਠੁਕਰਾਈ




ਫ਼ਰੀਦਕੋਟ-ਕਰੀਬ ਦੋ ਸਾਲ ਪਹਿਲਾਂ ਕੋਟਕਪੂਰਾ ਵਿੱਚ ਕਥਿਤ ਤੌਰ ’ਤੇ ਬੇਅਦਬੀ ਦੇ ਇਲਜ਼ਾਮਾਂ ਵਿੱਚ ਘਿਰੇ ਡੇਰਾ ਪ੍ਰੇਮੀ ਪ੍ਰਦੀਪ ਕਟਾਰੀਆ ਦੇ ਕਤਲ ਕਾਂਡ ਦੀ ਸੁਣਵਾਈ ਫ਼ਰੀਦਕੋਟ ਦੀ ਅਦਾਲਤ ਵਿੱਚੋਂ ਦਿੱਲੀ ਤਬਦੀਲ ਕਰਨ ਦੀ ਐੱਨਆਈਏ ਵੱਲੋਂ ਪਾਈ ਅਰਜ਼ੀ ਅਦਾਲਤ ਨੇ ਖਾਰਜ ਕਰ ਦਿੱਤੀ ਹੈ। ਪ੍ਰਦੀਪ ਕਟਾਰੀਆ ਉੱਪਰ ਕਥਿਤ ਤੌਰ ’ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਇਲਜ਼ਾਮ ਲੱਗੇ ਸਨ। ਹਥਿਆਰਬੰਦਾਂ ਨੇ ਉਸ ਨੂੰ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਕੇਸ ਵਿੱਚ ਫ਼ਰੀਦਕੋਟ ਪੁਲੀਸ ਨੇ ਹੁਣ ਤੱਕ ਨੌਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਉਨ੍ਹਾਂ ਖ਼ਿਲਾਫ਼ ਚਲਾਨ ਵੀ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ। ਇਸ ਕੇਸ ਵਿੱਚ ਕਰੀਬ ਇੱਕ ਦਰਜਨ ਗਵਾਹ ਗਵਾਹੀ ਵੀ ਦੇ ਚੁੱਕੇ ਹਨ। ਐੱਨਆਈਏ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਇਹ ਕੇਸ ਦਿੱਲੀ ਵਿੱਚ ਐੱਨਆਈਏ ਦੀ ਅਦਾਲਤ ਵਿੱਚ ਚੱਲਣਾ ਚਾਹੀਦਾ ਹੈ। ਅਦਾਲਤ ਨੇ ਇਸ ਕੇਸ ਨਾਲ ਜੁੜੀਆਂ ਸਾਰੀਆਂ ਧਿਰਾਂ ਦਾ ਪੱਖ ਜਾਣਨ ਤੋਂ ਬਾਅਦ ਐੱਨਆਈਏ ਦੀ ਅਰਜ਼ੀ ਖਾਰਜ ਕਰ ਦਿੱਤੀ।

ਨਵੇਂ ਫ਼ੌਜਦਾਰੀ ਕਾਨੂੰਨ ਮੁਤਾਬਕ ਅਦਾਲਤ ਵਿੱਚ ਚਲਾਨ ਪੇਸ਼ ਹੋਣ ਤੋਂ ਬਾਅਦ ਕੋਈ ਵੀ ਜਾਂਚ ਏਜੰਸੀ ਮੁਕੱਦਮੇ ਦੀ ਦੁਬਾਰਾ ਪੜਤਾਲ ਨਹੀਂ ਕਰ ਸਕਦੀ ਤੇ ਜੇ ਕੋਈ ਏਜੰਸੀ ਦੁਬਾਰਾ ਜਾਂਚ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਅਦਾਲਤ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ ਪਰ ਐੱਨਆਈਏ ਨੇ ਅਦਾਲਤ ਤੋਂ ਇਸ ਕੇਸ ਦੀ ਹੋਰ ਪੜਤਾਲ ਲਈ ਕੋਈ ਇਜਾਜ਼ਤ ਨਹੀਂ ਮੰਗੀ ਸੀ। ਏਜੰਸੀ ਨੇ ਸਿਰਫ਼ ਕੇਸ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਸੀ। ਇਸ ਕਤਲ ਕਾਂਡ ਵਿੱਚ ਐੱਨਆਈਏ ਨੇ ਕੋਈ ਵੱਖਰਾ ਕੇਸ ਵੀ ਦਰਜ ਨਹੀਂ ਕੀਤਾ ਬਲਕਿ ਪੁਲੀਸ ਵੱਲੋਂ ਦਰਜ ਕੀਤੇ ਕੇਸ ’ਤੇ ਹੀ ਆਪਣੇ ਪੱਧਰ ’ਤੇ ਪੜਤਾਲ ਕੀਤੀ ਸੀ।

# ਪਹਿਲੀ ਸੰਸਾਰ ਇਕੱਤਰਤਾ ਅੰਦਰ ਪੰਜਾਬ ਵਿੱਚ ਇੰਡੀਅਨ ਸੁਰੱਖਿਆ ਦਸਤਿਆਂ ਵੱਲੋਂ ਕੀਤੀਆਂ ਜਬਰੀ ਗੁੰਮਸ਼ੁਦਗੀਆਂ ਬਾਰੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਨੇ ਚੁੱਕਿਆ ਮੁੱਦਾ

## ਸਾਕਾ ਨੀਲਾ ਤਾਰਾ ਉਪਰੰਤ ਇਕ ਦਹਾਕੇ ਤਕ ਪੁਲਿਸ ਵਲੋਂ ਕਿਸੇ ਨੂੰ ਵੀ ਮਨਮਰਜੀ ਨਾਲ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣਾ ਅਤੇ ਕੀਤੇ ਗਏ ਗੈਰ-ਕਾਨੂੰਨੀ ਕਤਲਾਂ ਬਾਰੇ ਦਿੱਤੀ ਜਾਣਕਾਰੀ

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਨੇ ਜਨੇਵਾ ਵਿੱਚ ਜਬਰੀ ਗੁੰਮਸ਼ੁਦਗੀਆਂ ਬਾਰੇ ਪਹਿਲੀ ਸੰਸਾਰ ਇਕੱਤਰਤਾ (ਵਰਲਡ ਕਾਂਗਰਸ ਆਨ ਇਨਫੋਰਸਡ ਡਿਸਅਪੀਅਰੈਂਸਿਸ) ਵਿੱਚ ਹਿੱਸਾ ਲਿਆ ਜਿੱਥੇ ਉਹਨਾਂ ਨੇ ਦੁਨੀਆਂ ਭਰ ਦੇ ਨੁਮਾਇੰਦਿਆਂ, ਕੌਮਾਂਤਰੀ ਮਾਹਰਾਂ ਦੇ ਨਾਲ ਨਾਲ ਸੰਯੁਕਤ ਰਾਸ਼ਟਰ ਦੇ ਮੁੱਖ ਅਧਿਕਾਰੀਆਂ ਅਤੇ ਨੁਮਾਇੰਦਿਆਂ ਨਾਲ ਗਲਬਾਤ ਕੀਤੀ ਜਿਹੜੇ ਜਬਰੀ ਗੁੰਮਸ਼ੁਦਗੀਆਂ ਦੇ ਮਾਮਲੇ ਤੇ ਕੰਮ ਕਰਨ ਵਾਲੇ ਮਨੁੱਖੀ ਅਧਿਕਾਰ ਤੰਤਰ ਦੀ ਅਗਵਾਈ ਕਰਦੇ ਹਨ।


ਬੀਤੀ 15-16 ਜਨਵਰੀ ਨੂੰ ਜਨੇਵਾ ਵਿੱਚ ਹੋਈ ਇਹ ਇੱਕਤਰਤਾ, ਸੰਯੁਕਤ ਰਾਸ਼ਟਰ ਦੀ ਜਬਰੀ ਗੁੰਮਸ਼ੁਦਗੀਆਂ ਬਾਰੇ ਸਭਾ ਸੰਯੁਕਤ ਰਾਸ਼ਟਰ ਦਾ ਜਬਰੀ ਗੁੰਮਸ਼ੁਦਗੀਆਂ ਬਾਰੇ ਕਾਰਜਕਾਰੀ ਗੁੱਟ, ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ ਦੇ ਮੁਖੀ ਅਤੇ ਜਬਰੀ ਗੁੰਮਸ਼ੁਦਗੀਆਂ ਵਿਰੁੱਧ ਸਭਾ ਦੇ ਉੱਦਮ ਵੱਲੋਂ ਸਾਂਝੇ ਤੌਰ ਤੇ ਕਰਵਾਈ ਗਈ ਸੀ। ਇਸ ਇਕੱਠ ਵਿੱਚ ਸਿੱਖ ਨੁਮਾਇੰਦਿਆਂ ਨੇ ਪੰਜਾਬ ਵਿੱਚ ਇੰਡੀਅਨ ਸੁਰੱਖਿਆ ਦਸਤਿਆਂ ਵੱਲੋਂ ਆਜ਼ਾਦ ਖਾਲਿਸਤਾਨ ਲਈ ਰਾਜਨੀਤਿਕ ਲਾਮਬੰਦੀ ਅਤੇ ਵੱਡੀ ਹਿਮਾਇਤ ਨੂੰ ਦਬਾਉਣ ਲਈ ਕੀਤੀਆਂ ਜਬਰੀ ਗੁੰਮਸ਼ੁਦਗੀਆਂ ਦਾ ਮੁੱਦਾ ਚੁੱਕਿਆ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋਂ ਤੁਰੰਤ ਬਾਅਦ ਇੰਡੀਅਨ ਸੁਰੱਖਿਆ ਬਲਾਂ ਨੇ "ਓਪਰੇਸ਼ਨ ਵੁੱਡਰੋਜ਼" ਨਾਮੀ ਗੁਪਤ ਕਾਰਵਾਈ ਸ਼ੁਰੂ ਕੀਤੀ ਸੀ ਜਿਸ ਤਹਿਤ ਪੰਜਾਬ ਵਿੱਚੋਂ ਹਜਾਰਾਂ ਸਿੱਖ ਨੌਜਵਾਨਾਂ ਨੂੰ ਲਾਪਤਾ ਕਰ ਦਿੱਤਾ ਗਿਆ ਸੀ। ਪੰਜਾਬ ਵਿੱਚੋਂ ਸਿੱਖਾਂ ਦੇ ਨਸਲੀ ਸਫਾਏ ਲਈ ਵਰਤੀ ਗਈ ਇਹ ਨੀਤੀ ਅਗਲਾ ਤਕਰੀਬਨ ਇਕ ਦਹਾਕਾ ਜਾਰੀ ਰਹੀ ਜਿਸ ਵਿੱਚ ਕਿਸੇ ਨੂੰ ਵੀ ਮਨਮਰਜੀ ਨਾਲ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣਾ ਅਤੇ ਗੈਰ-ਕਾਨੂੰਨੀ ਕਤਲ ਸ਼ਾਮਿਲ ਸਨ । ਸਿੱਖ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਨੇ ਅਜਿਹੇ ਹਜਾਰਾਂ ਕਤਲਾਂ ਅਤੇ ਸਮੂਹਿਕ ਸੰਸਕਾਰਾਂ ਦਾ ਵੇਰਵਾ ਲੱਭਕੇ ਦਸਤਾਵੇਜ ਕੀਤਾ ਸੀ । ਆਖਰਕਾਰ ਇੰਡੀਅਨ ਨਿਜ਼ਾਮ ਦੀਆਂ ਵਧੀਕੀਆਂ ਦਾ ਦੁਨੀਆ ਸਾਹਮਣੇ ਪਰਦਾਫਾਸ਼ ਕਰਨ ਅਤੇ ਲਾਪਤਾ ਹੋਏ ਲੋਕਾਂ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਉਸ ਮਨੁਖੀ ਹੱਕਾਂ ਦੇ ਕਾਰਕੂਨ ਨੂੰ ਵੀ ਇੰਡੀਅਨ ਸੁਰੱਖਿਆ ਬਲਾਂ ਵੱਲੋਂ ਕਤਲ ਕਰਕੇ ਲਾਪਤਾ ਕਰ ਦਿੱਤਾ ਗਿਆ ਸੀ । 1849 ਵਿੱਚ ਅੰਗਰੇਜਾਂ ਵੱਲੋਂ ਸਿਰਕਾਰ-ਏ-ਖਾਲਸਾ ਤੋੜਨ ਅਤੇ ਪੰਜਾਬ ਦੇ ਬਸਤੀਕਰਨ ਤੋਂ ਲੈ ਕੇ ਹੁਣ ਤੱਕ ਗੁਰੂ ਖਾਲਸਾ ਪੰਥ ਆਪਣਾ ਸੁਤੰਤਰ ਰਾਜ ਮੁੜ ਕਾਇਮ ਕਰਨ ਅਤੇ ਅਜਾਦ ਮੁਲਕ ਖਾਲਿਸਤਾਨ ਬਣਾਉਣ ਲਈ ਲਗਾਤਾਰ ਤੱਤਪਰ ਹੈ। ਇਸਦੇ ਜਵਾਬ ਵਿੱਚ ਇੰਡੀਅਨ ਹਕੂਮਤ ਨੇ ਸਵੈ-ਨਿਰਣੇ ਦੇ ਹੱਕ ਸਬੰਧੀ ਕਿਸੇ ਵੀ ਰਾਜਨੀਤਿਕ ਹੱਲ ਲਈ ਇਨਕਾਰ ਕੀਤਾ ਹੈ ਅਤੇ ਇਸ ਇਲਾਕੇ ਉੱਤੇ ਆਪਣਾ ਰਾਜਨੀਤਿਕ ਗਲਬਾ ਕਾਇਮ ਰੱਖਣ ਲਈ ਸਿੱਖ ਰੋਹ ਨੂੰ ਹਿੰਸਕ ਢੰਗ ਨਾਲ ਕੁਚਲਣ ਲਈ ਮਾਰੂ ਤਾਕਤ ਦੀ ਵਰਤੋਂ ਕਰਦੀ ਆ ਰਹੀ ਹੈ। ਇੱਥੇ ਬੋਲਦਿਆਂ ਸਿੱਖ ਫੈਡਰੇਸ਼ਨ ਦੇ ਨੁਮਾਇੰਦੇ ਭਾਈ ਮੋਨਿੰਦਰ ਸਿੰਘ ਨੇ ਕਿਹਾ ਕਿ ਅਸੀਂ ਕੌਮਾਂਤਰੀ ਲਹਿਰਾਂ ਅਤੇ ਭਾਈਚਾਰਿਆਂ, ਖਾਸ ਤੌਰ ਤੇ ਪੂਰੇ ਦੱਖਣ ਦੇ ਲੋਕਾਂ ਜਿਹਨਾਂ ਨੇ ਕੌਮਾਂਤਰੀ ਮਨੁੱਖੀ ਅਧਿਕਾਰ ਢਾਂਚੇ ਦੀ ਰੂਪ ਰੇਖਾ ਘੜਨ ਵਿੱਚ ਯੋਗਦਾਨ ਪਾਇਆ, ਦਾ ਸਨਮਾਨ ਕਰਦਿਆਂ ਇਹ ਯਕੀਨੀ ਬਨਾਉਣ ਲਈ ਨਿਆਂ ਦੇ ਮਹੱਤਵ ਤੇ ਜ਼ੋਰ ਦਿੱਤਾ ਕਿ ਮਨੁੱਖੀ ਅਧਿਕਾਰ ਸੰਸਥਾਵਾਂ ਕੇਵਲ ਹਿੰਸਾ ਦੀਆਂ ਘਟਨਾਵਾਂ ਦੀ ਪੜਚੋਲ ਕਰਨ ਤੱਕ ਹੀ ਨਾ ਸੀਮਿਤ ਹੋਣ। ਸਗੋਂ, ਕੌਮਾਂਤਰੀ ਮੰਚਾਂ ਨੂੰ ਉਹਨਾਂ ਮੌਲਿਕ ਮੁੱਦਿਆਂ ਨੂੰ ਹੱਲ ਕਰਨ ਦੀ ਇੱਛਾ ਸ਼ਕਤੀ ਦਿਖਾਉਣੀ ਚਾਹੀਦੀ ਹੈ ਜੋ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲੀਆਂ ਹਾਲਤ ਪੈਦਾ ਕਰਦੇ ਹਨ ਕਿਉਂਕਿ ਮਨੁੱਖੀ ਅਧਿਕਾਰ ਰਾਜਨੀਤਿਕ ਸੰਘਰਸ਼ ਅਤੇ ਰਾਜਸੀ ਮੁਕਤੀ ਦੀ ਥਾਂ ਨਹੀਂ ਲੈ ਸਕਦੇ। ਸਿੱਖ ਨੁਮਾਇੰਦਿਆਂ ਨੇ ਸੰਸਾਰ ਭਰ ਦੇ, ਖਾਸ ਤੌਰ ਤੇ ਦੱਖਣੀ ਏਸ਼ੀਆ ਦੇ ਹੋਰ ਕਾਰਕੁਨਾਂ ਨਾਲ ਆਪਣੀ ਇੱਕਜੁਟਤਾ ਦਿਖਾਈ ਅਤੇ ਅੱਗੇ ਵੱਧਦਿਆਂ ਆਪਸੀ ਸਹਿਯੋਗ ਵਧਾਉਣ ਦੀ ਲੋੜ ਤੇ ਚਰਚਾ ਕੀਤੀ।

ਆਪਣੀਆਂ ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਜੋਕੇ ਸੰਸਾਰ ਦੀਆਂ ਅਸਾਵੀਆਂ ਸੰਸਥਾਵਾਂ ਤੇ ਨਿਰਭਰ ਰਹਿਣ ਦੀ ਬਜਾਏ ਸਿੱਖ ਨੁਮਾਇੰਦਿਆਂ ਨੇ ਅਸੰਤੁਲਤ ਵਿਸ਼ਵ ਪ੍ਰਬੰਧ ਨੂੰ ਚੁਣੌਤੀ ਦੇਣ ਲਈ ਦੁਨੀਆਂ ਦੇ ਮੰਚਾਂ ਦੀ ਵਰਤੋਂ, ਦੁਨੀਆਂ ਭਰ ਦੇ ਲੋਕਾਂ ਨਾਲ ਸਿੱਧੇ ਸੰਵਾਦ ਵਿੱਚ ਸ਼ਾਮਿਲ ਹੋਣ ਅਤੇ ਖਾਲਿਸਤਾਨ ਵਿੱਚ ਸੰਕਲਪਿਤ ਸਰਬਤ ਦੇ ਭਲੇ ਅਤੇ ਨਿਆਂਪੂਰਨ ਰਾਜ ਦੇ ਸਿੱਖ ਦ੍ਰਿਸ਼ਟੀਕੋਣ ਨੂੰ ਨਿਧੜਕ ਹੋ ਕੇ ਪੇਸ਼ ਕਰਨ ਤੇ ਜੋਰ ਦਿੱਤਾ ਗਿਆ ।

# ਮਨਦੀਪ ਖੁਰਮੀ ਹਿੰਮਤਪੁਰਾ ਦੇ ਲਿਖੇ ਗੀਤ "ਅੱਤ ਤੇ ਖ਼ੁਦਾ" ਨੂੰ ਲੋਕ ਅਰਪਣ ਕਰਨ ਹਿਤ ਸਮਾਗਮ

## ਧਰਮਪ੍ਰੀਤ ਦੇ ਸ਼ਾਗਿਰਦ ਜਸਟਿਨ ਸਿੱਧੂ ਤੇ ਭੰਗੜਾ ਕਿੰਗ ਲੱਖਾ ਬਰਾੜ ਨੇ ਗਾਇਆ



**ਗਲਾਸਗੋ (ਨਿਊਜ ਡੈਸਕ) ਸਕਾਟਲੈਂਡ ਵਿੱਚ ਅਦਬੀ ਸਰਗਰਮੀਆਂ ਦੀ ਲੜੀ ਤਹਿਤ ਪੰਜ ਦਰਿਆ ਯੂਕੇ ਤੇ ਸੰਸਥਾ ਇਤਿਹਾਸ ਯੂਕੇ ਵੱਲੋਂ ਸਾਂਝੇ ਤੌਰ 'ਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮਨਦੀਪ ਖੁਰਮੀ ਹਿੰਮਤਪੁਰਾ ਦੇ ਲਿਖੇ ਗੀਤ "ਅੱਤ ਤੇ ਖ਼ੁਦਾ" ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਬੋਲਦਿਆਂ ਜਿੰਦਰ ਸਿੰਘ ਚਾਹਲ, ਇਤਿਹਾਸ ਯੂਕੇ ਦੇ ਮੁੱਖ ਬੁਲਾਰੇ ਹਰਪਾਲ ਸਿੰਘ, ਸ਼ਾਇਰ ਗਿੱਲ ਦੋਦਾ, ਦਲਬਾਰਾ ਸਿੰਘ ਗਿੱਲ, ਰਾਣਾ ਦੁਸਾਂਝ, ਨਰਾਇਣ ਸਿੰਘ, ਵਿੱਕੀ ਸ਼ਰਮਾ, ਲੀਡਰ ਸਾਹਿਬ, ਬਿੱਟੂ ਗਲਾਸਗੋ ਆਦਿ ਬੁਲਾਰਿਆਂ ਨੇ ਗੀਤ "ਅੱਤ ਤੇ ਖ਼ੁਦਾ" ਦੇ ਲੋਕ ਅਰਪਣ ਹੋਣ ਦੀ ਸਾਰੀ ਟੀਮ ਨੂੰ ਵਧਾਈ ਪੇਸ਼ ਕੀਤੀ।**

ਇਸ ਸਮੇਂ ਬੋਲਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ ਉਦਾਸ ਗੀਤਾਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਮਰਹੂਮ ਗਾਇਕ ਧਰਮਪ੍ਰੀਤ ਦੇ ਸ਼ਾਗਿਰਦ ਜਸਟਿਨ ਸਿੱਧੂ ਤੇ ਭੰਗੜਾ ਕਿੰਗ ਲੱਖਾ ਬਰਾੜ ਵੱਲੋਂ ਗੀਤ ਦੇ ਬੋਲਾਂ ਨੂੰ ਜਿੰਨੀ ਖ਼ੂਬਸੂਰਤੀ ਨਾਲ ਗਾਇਆ ਹੈ, ਸਿੱਧੂ ਸਾਬ੍ਹ ਤੇ ਟਰਿਪਲ ਐੱਸ ਪ੍ਰੋਡਕਸ਼ਨ ਵੱਲੋਂ ਓਨੀ ਹੀ ਸ਼ਿੱਦਤ ਨਾਲ ਸੰਗੀਤ ਤਿਆਰ ਕੀਤਾ ਹੈ।

ਇਸ ਗੀਤ ਨੂੰ ਸੰਗੀਤ ਜਗਤ ਦੀ ਝੋਲੀ ਪਾਉਣ ਲਈ ਸਮੁੱਚੀ ਦੇਖਰੇਖ ਦੀ ਜ਼ਿੰਮੇਵਾਰੀ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਜੀ ਨੇ ਤਨਦੇਹੀ ਨਾਲ ਨਿਭਾਈ। ਗੀਤ ਦੀ ਵੀਡੀਓ ਨਿਰਦੇਸ਼ਨਾ ਲਈ ਭੁਪਿੰਦਰ ਰਾਮਾ ਤੇ ਨਿਰਮਾਤਾ ਟਿਵਾਣਾ ਪ੍ਰੋਡਕਸ਼ਨ (ਸਿਕੰਦਰ ਟਿਵਾਣਾ) ਦੇ ਕੰਮ ਦੀ ਵੀ ਹਾਜਰੀਨ ਨੇ ਖ਼ੂਬ ਤਾਰੀਫ ਕੀਤੀ। ਬੁਲਾਰਿਆਂ ਨੇ ਇਸ ਗੀਤ ਦੀ ਆਮਦ 'ਤੇ ਵਧਾਈ ਦੇਣ ਦੇ ਨਾਲ-ਨਾਲ ਅੱਗੇ ਤੋਂ ਵੀ ਅਰਥ ਭਰਪੂਰ ਗੀਤਾਂ ਦੀ ਉਮੀਦ ਪ੍ਰਗਟਾਈ।

# ਕੈਨੇਡਾ ਚ ਪੰਜਾਬੀ ਰੇਡੀਓ ਸੰਪਾਦਕ ਜੋਗਿੰਦਰ ਬਾਸੀ ਦੇ ਘਰ ਤੇ ਹਮਲਾ ਗੈਰਾਜ ਦੀ ਭੰਨਤੋੜ



**ਕੈਨੇਡਾ-ਕੈਨੇਡਾ ਵਿੱਚ ਰਹਿੰਦੇ ਭਾਰਤੀ ਮੂਲ ਦੇ ਪ੍ਰਸਿੱਧ ਪੱਤਰਕਾਰ ਜੋਗਿੰਦਰ ਬਾਸੀ ਦੇ ਘਰ ਤੇ ਸੋਮਵਾਰ ਨੂੰ ਕੁਝ ਬਦਮਾਸ਼ਾਂ ਨੇ ਹਮਲਾ ਕਰ ਦਿੱਤਾ। ਇਹ ਹਮਲਾ ਭਾਰਤੀ ਸਮੇਂ ਮੁਤਾਬਕ 20 ਜਨਵਰੀ ਨੂੰ ਹੋਇਆ। ਜੋਗਿੰਦਰ ਬਾਸੀ ਨੇ ਖੁਦ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਅਤੇ ਉਹਦਾ ਪਰਿਵਾਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਜੋਗਿੰਦਰ ਬਾਸੀ ਨੇ ਦੱਸਿਆ ਕਿ ਇਹ ਹਮਲਾ ਖਾਲਿਸਤਾਨੀ ਵੱਲੋਂ ਕੀਤਾ ਗਿਆ ਹੈ ਅਤੇ ਉਹਨੇ ਇਸ ਸਬੰਧੀ ਟੋਰਾਂਟੋ ਪੁਲਿਸ ਕੋਲ ਲਿਖਤੀ ਸ਼ਿਕਾਇਤ ਵੀ ਦਰਜ ਕਰਵਾਈ ਹੈ।**

ਜੋਗਿੰਦਰ ਬਾਸੀ ਨੂੰ ਪਹਿਲਾਂ ਵੀ ਖਾਲਿਸਤਾਨੀਆਂ ਵੱਲੋਂ ਧਮਕੀਆਂ ਮਿਲ ਚੁੱਕੀਆਂ ਹਨ। ਬਾਸੀ ਕੈਨੇਡਾ ਵਿੱਚ ਇੱਕ ਪ੍ਰਸਿੱਧ ਪੰਜਾਬੀ ਰੇਡੀਓ ਸ਼ੋਅ ਚਲਾਉਂਦੇ ਹਨ, ਜੋ ਕਿ ਪੰਜਾਬ ਅਤੇ ਕੈਨੇਡਾ ਵਿੱਚ ਕਾਫ਼ੀ ਲੋਕਪ੍ਰਿਯ ਹੈ। ਹਾਲ ਹੀ ਵਿੱਚ, ਉਸ ਨੇ ਖਾਲਿਸਤਾਨੀਆਂ ਵੱਲੋਂ ਭਾਰਤੀ ਝੰਡੇ (ਤਿਰੰਗੇ) ਦੇ ਅਪਮਾਨ ਨੂੰ ਲੈ ਕੇ ਵੀਡੀਓ ਜਾਰੀ ਕੀਤੀ ਸੀ, ਜਿਸ ਤੋਂ ਬਾਅਦ ਉਸ ਨੂੰ ਇਹ ਧਮਕੀਆਂ ਮਿਲਣ ਲੱਗੀਆਂ। ਜੋਗਿੰਦਰ ਬਾਸੀ ਨੇ ਰੇਡੀਓ ਸ਼ੋਅ ਦੌਰਾਨ ਕਿਹਾ ਕਿ ਭਾਰਤ ਤੋਂ ਆ ਕੇ ਕੈਨੇਡਾ ਵੱਸਣ ਵਾਲਿਆਂ ਲਈ ਭਾਰਤ ਉਨ੍ਹਾਂ ਦੀ ਮਾਂ ਭੂਮੀ ਹੈ ਅਤੇ ਤਿਰੰਗੇ ਦਾ ਅਪਮਾਨ ਕਰਨਾ ਆਪਣੀ ਮਾਤ ਭੂਮੀ ਦਾ ਅਪਮਾਨ ਕਰਨ ਦੇ ਬਰਾਬਰ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੋ ਲੋਕ ਤਿਰੰਗੇ ਦੀ ਬੇਅਦਬੀ ਕਰ ਰਹੇ ਹਨ, ਉਹ ਆਪਣੀ ਮਾਂ ਦੇ ਕੱਪੜੇ ਪਾੜ ਰਹੇ ਹਨ। ਦੱਸ ਦੇਈਏ ਕਿ ਜੋਗਿੰਦਰ ਬਾਸੀ ਨੂੰ ਪਹਿਲਾਂ ਵੀ ਖਾਲਿਸਤਾਨੀਆਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਭਾਰਤ ਵਿੱਚ ਉਸ ਨੂੰ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਦਿੱਤੀ ਜਾਂਦੀ ਹੈ। ਉਸ ਦੇ ਨਾਲ ਹਰ ਸਮੇਂ ਸੁਰੱਖਿਆ ਘੇਰਾ ਰਹਿੰਦਾ ਹੈ।

# ਪਾਕਿ ਵਿਚ ਪਹਿਲੀ ਵਾਰ ਸਿੱਖ ਨੂੰ ਮਿਲਿਆ ਸਿੱਖ ਮੈਰਿਜ ਸਰਟੀਫਿਕੇਟ

## ✪ ਹੁਣ ਨਵੇਂ ਵਿਆਹੇ ਸਿੱਖ ਆਸਾਨੀ ਨਾਲ ਸਿੱਖ ਮੈਰਿਜ ਸਰਟੀਫਿਕੇਟ ਹਾਸਲ ਕਰ ਸਕਣਗੇ





ਅੰਮ੍ਰਿਤਸਰ-ਪਾਕਿਸਤਾਨ 'ਚ ਪਹਿਲੀ ਵਾਰ ਕਿਸੇ ਸਿੱਖ ਨੂੰ ਆਨੰਦ ਕਾਰਜ ਐਕਟ ਵਿਚ 'ਸਿੱਖ ਮੈਰਿਜ ਸਰਟੀਫਿਕੇਟ' ਪ੍ਰਦਾਨ ਕੀਤਾ ਗਿਆ। ਖ਼ੈਬਰ ਪਖ਼ਤੂਨਖਵਾ ਸੂਬਾ ਸਰਕਾਰ ਤੋਂ ਮਾਨਤਾ ਹਾਸਲ ਇਹ ਪਹਿਲਾ ਸਰਟੀਫਿਕੇਟ ਪਿਸ਼ਾਵਰ ਸ਼ਹਿਰ ਦੇ ਨਿਵਾਸੀ ਗੁਰਪਾਲ ਸਿੰਘ ਤੇ ਉਨ੍ਹਾਂ ਦੀ ਪਤਨੀ ਹਰਮੀਤ ਕੌਰ ਨੂੰ ਨੇਬਰਹੁਡ ਕੌਂਸਲ ਟਾਊਨ ਵਨ ਦੇ ਅਧਿਕਾਰੀ ਉਬੈਦੁਰ ਰਹਿਮਾਨ ਨੇ ਸੌਂਪਿਆ।

ਇਸ ਸਰਟੀਫਿਕੇਟ 'ਤੇ ਬਾਰਕੋਡ ਵੀ ਲਾਇਆ ਗਿਆ ਹੈ। ਸਿੱਖ ਆਨੰਦ ਕਾਰਜ ਮੈਰਿਜ ਬਿੱਲ ਪਾਸ ਕਰਵਾਉਣ ਲਈ ਗੁਰਪਾਲ ਸਿੰਘ ਨੇ ਕਾਫ਼ੀ ਸੰਘਰਸ਼ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਖ਼ੈਬਰ ਪਖ਼ਤੂਨਖਵਾ ਸੂਬੇ ਦੇ ਗ੍ਰਾਮੀਣ ਵਿਕਾਸ ਵਿਭਾਗ ਨੇ ਯੂਨੀਅਨ ਕੌਂਸਲ ਨੂੰ ਸਿੱਖ ਵਿਆਹ ਲਈ ਅਧਿਕਾਰਕ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਦੀ 31 ਦਸੰਬਰ 2024 ਨੂੰ ਮਨਜ਼ੂਰੀ ਦਿੱਤੀ ਸੀ। ਉਸ ਤੋਂ ਬਾਅਦ 16 ਜਨਵਰੀ 2025 ਨੂੰ ਪਹਿਲਾ ਸਿੱਖ ਮੈਰਿਜ ਸਰਟੀਫਿਕੇਟ ਉਨ੍ਹਾਂ ਨੂੰ (ਗੁਰਪਾਲ ਸਿੰਘ ਨੂੰ) ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਨੇ ਨਵੇਂ ਵਿਆਹੇ ਸਿੱਖਾਂ ਨੂੰ ਅਜਿਹੇ ਸਰਟੀਫਿਕੇਟ ਜਾਰੀ ਕਰਨ ਤੇ ਉਨ੍ਹਾਂ 'ਤੇ ਹਸਤਾਖਰ ਕਰਨ ਲਈ ਗੁਰਪਾਲ ਸਿੰਘ ਨੂੰ ਮੈਰਿਜ ਰਜਿਸਟਰਾਰ ਦੇ ਰੂਪ 'ਚ ਨਿਯੁਕਤ ਕਰ ਦਿੱਤਾ ਹੈ। ਗੁਰਪਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ ਪਿਸ਼ਾਵਰੀ ਸਿੱਖਾਂ ਨੂੰ ਵਿਆਹ ਦੇ ਸਰਟੀਫਿਕੇਟ ਦੇ ਰੂਪ 'ਚ ਗੁਰਦੁਆਰਾ ਸਾਹਿਬਾਨ ਵੱਲੋਂ ਗੁਰਮੁਖੀ 'ਚ ਤਿਆਰ ਕੀਤਾ ਗਿਆ 'ਨਿਕਾਹਨਾਮਾ' ਦਿੱਤਾ ਜਾਂਦਾ ਸੀ ਜਿਸ ਨੂੰ ਕਾਨੂੰਨੀ ਮਾਨਤਾ ਹਾਸਲ ਨਹੀਂ ਸੀ। ਹੁਣ ਨਵੇਂ ਵਿਆਹੇ ਸਿੱਖ ਆਸਾਨੀ ਨਾਲ ਸਿੱਖ ਮੈਰਿਜ ਸਰਟੀਫਿਕੇਟ ਹਾਸਲ ਕਰ ਸਕਣਗੇ। ਗੁਰਪਾਲ ਸਿੰਘ ਨੇ ਦੱਸਿਆ ਕਿ ਖ਼ੈਬਰ 'ਚ ਸਿੱਖਾਂ ਦੀ ਜਨਸੰਖਿਆ ਛੇ ਹਜ਼ਾਰ ਤੋਂ ਵੱਧ ਹੈ। ਉਨ੍ਹਾਂ ਦੀ ਤਰਜੀਹ ਹੋਰ ਸੂਬਿਆਂ ਵਿਚ ਵੀ ਸਿੱਖ ਮੈਰਿਜ ਰਜਿਸਟ੍ਰੇਸ਼ਨ ਸਰਟੀਫਿਕੇਟ ਜਲਦ ਲਾਗੂ ਕਰਵਾਉਣ ਦੀ ਰਹੇਗੀ।

# 26 ਜਨਵਰੀ ਨੂੰ ਦੇਸ਼ ਭਰ ਵਿੱਚ ਕਿਸਾਨ ਟਰੈਕਟਰ ਮਾਰਚ ਕਰਨਗੇ



ਲੁਧਿਆਣਾ-ਕਿਸਾਨੀ ਮੰਗਾਂ ਨੂੰ ਲੈ ਕੇ ਸ਼ੰਭੂ ਬਾਰਡਰ 'ਤੇ ਪਿਛਲੇ 11 ਮਹੀਨੇ 8 ਦਿਨਾਂ ਤੋਂ ਸੰਘਰਸ਼ ਕਰ ਰਹੇ ਕਿਸਾਨ ਅੰਦੋਲਨ 2 'ਤੇ ਬੈਠੇ ਕਿਸਾਨ ਮਜ਼ਦੂਰ ਮੋਰਚਾ ਨੇ ਸ਼ੰਭੂ ਮੋਰਚਾ ਵਿਖੇ ਪ੍ਰੈਸ ਕਾਨਫਰੰਸ ਕੀਤੀ। ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਨੇ 26 ਜਨਵਰੀ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਕਰਨ ਦਾ ਐਲਾਨ ਕੀਤਾ।

ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਭਾਜਪਾ ਵਿਧਾਇਕਾਂ, ਮੰਤਰੀਆਂ ਦੇ ਘਰਾਂ ਅਤੇ ਭਾਜਪਾ ਦਫ਼ਤਰਾਂ ਅਤੇ ਵੱਡੇ ਕਾਰਪੋਰੇਟਾਂ ਦੇ ਮਾਲਾਂ ਅਤੇ ਸਾਇਲੋ ਅੱਗੇ ਮਾਰਚ ਕਰਕੇ ਟਰੈਕਟਰ ਖੜ੍ਹੇ ਹੋਣਗੇ 1.30 ਵਜੇ ਤੱਕ ਖੜੇ ਰਹਿਣਗੇ। 21 ਜਨਵਰੀ ਨੂੰ ਦਿੱਲੀ ਵੱਲ ਮਾਰਚ ਕਰਨ ਵਾਲੇ 101 ਕਿਸਾਨਾਂ ਦੇ ਚੌਥੇ ਜੱਥੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ 14 ਫਰਵਰੀ ਨੂੰ ਸੱਦੀ ਗਈ ਮੀਟਿੰਗ ਦੇ ਮੱਦੇਨਜ਼ਰ ਇਹ ਜੱਥਾ 26 ਜਨਵਰੀ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

# ਕੈਨੇਡਾ ਚ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 10 ਲੱਖ

ਟੋਰਾਂਟੋ : ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 10 ਲੱਖ ਤੋਂ ਉਤੇ ਹੋਣ ਦੇ ਬਾਵਜੂਦ ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵਿਚੋਂ 3,300 ਨੌਕਰੀਆਂ ਖਤਮ ਕਰਨ ਫੈਸਲਾ ਕੀਤਾ ਗਿਆ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇੰਮੀਗ੍ਰੇਸ਼ਨ ਦੇ ਪੱਧਰ ਵਿਚ ਆਈ ਕਮੀ ਅਤੇ ਫੰਡਾਂ ਦੀ ਘਾਟ ਦੇ ਮੱਦੇਨਜ਼ਰ ਮੁਲਾਜ਼ਮਾਂ ਦੀ ਗਿਣਤੀ ਘਟਾਈ ਜਾ ਰਹੀ ਹੈ ਅਤੇ ਇਸ ਖੱਪੇ ਨੂੰ ਆਰਜ਼ੀ ਕਾਮਿਆਂ ਰਾਹੀਂ ਪੂਰਨ ਦੇ ਯਤਨ ਕੀਤੇ ਜਾਣਗੇ। ਇੰਮੀਗ੍ਰੇਸ਼ਨ ਵਿਭਾਗ ਵੱਲੋਂ 3300 ਮੁਲਾਜ਼ਮਾਂ ਦੀ ਛਾਂਟੀ ਆਈ. ਆਰ. ਸੀ. ਸੀ. ਵੱਲੋਂ ਜਾਰੀ ਬਿਆਨ ਮੁਤਾਬਕ ਮੁਲਾਜ਼ਮਾਂ ਦੀ ਛਾਂਟੀ ਨਾਲ ਘਰੇਲੂ ਅਤੇ ਕੌਮਾਤਰੀ ਪੱਧਰ ਤੇ ਕੰਮਕਾਜ ਪ੍ਰਭਾਵਤ ਹੋਵੇਗਾ ਪਰ ਕਟੌਤੀਆਂ ਰਾਹੀਆਂ ਪ੍ਰਭਾਵਤ ਹੋਣ ਵਾਲੇ 80 ਫ਼ੀ ਸਦੀ ਕੰਮਕਾਜ ਨੂੰ ਮੌਜੂਦਾ ਸਟਾਫ਼ ਦੀ ਵਚਨਬੱਧਤਾ ਅਤੇ ਆਰਜ਼ੀ ਕਾਮਿਆਂ ਰਾਹੀਂ ਨੇਪਰੇ ਚਾੜ੍ਹਿਆ ਜਾਵੇਗਾ ਜਦਕਿ 20 ਫੀ ਸਦੀ ਕੰਮਕਾਜ ਕਾਮਿਆਂ ਦੀ ਐਡਜਸਟਮੈਂਟ ਰਾਹੀਂ ਨਿਪਟਾਉਣ ਦੇ ਯਤਨ ਕੀਤੇ ਜਾਣਗੇ। ਇਥੇ ਦਸਣਾ ਬਣਦਾ ਹੈ ਕਿ ਨਵੰਬਰ ਦੇ ਅੰਤ ਤੱਕ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਕੋਲ 22 ਲੱਖ 67 ਹਜ਼ਾਰ ਤੋਂ ਵੱਧ ਅਰਜ਼ੀਆਂ ਵਿਚਾਰ ਅਧੀਨ ਸਨ ਜਿਨ੍ਹਾਂ ਵਿਚੋਂ 12 ਲੱਖ 61 ਹਜ਼ਾਰ ਤੈਅਸ਼ੁਦਾ ਸਮਾਂ ਹੱਦ ਦੇ ਅੰਦਰ-ਅੰਦਰ ਨਿਪਟਾਏ ਜਾਣ ਦੇ ਆਸਾਰ ਹਨ ਪਰ 10 ਲੱਖ ਤੋਂ ਵੱਧ ਬੈਕਲਾਗ ਵਿਚ ਮੰਨੀਆਂ ਜਾ ਰਹੀਆਂ ਹਨ। 1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਸਟੱਡੀ ਵੀਜ਼ਾ ਦੀਆਂ 7 ਲੱਖ 87 ਹਜ਼ਾਰ ਵੀਜ਼ਾ ਅਰਜ਼ੀਆਂ ਦੀ ਪ੍ਰੋਸੈਸਿੰਗ ਕੀਤੀ ਗਈ ਅਤੇ 11 ਲੱਖ 77 ਹਜ਼ਾਰ ਵਰਕ ਪਰਮਿਟ ਅਰਜ਼ੀਆਂ ਦਾ ਨਿਪਟਾਰਾ ਵੀ ਕੀਤਾ ਗਿਆ ਹੈ। ਇੰਮੀਗ੍ਰੇਸ਼ਨ ਵਿਭਾਗ ਦੇ ਬਿਆਨ ਵਿਚ ਅੱਗੇ ਕਿਹਾ ਗਿਆ ਕਿ ਕੈਨੇਡਾ ਸਰਕਾਰ ਵੱਲੋਂ ਅਕਤੂਬਰ 2024 ਵਿਚ ਐਲਾਨੀ ਤਿੰਨ ਸਾਲਾ ਯੋਜਨਾ ਅਧੀਨ ਇੰਮੀਗ੍ਰੇਸ਼ਨ ਟੀਚਿਆਂ ਵਿਚ ਕਮੀ ਕਰਨ ਦਾ ਐਲਾਨ ਕਰ ਦਿਤਾ ਗਿਆ ਜਿਸ ਦੇ ਮੱਦੇਨਜ਼ਰ ਅਰਜ਼ੀਆਂ ਦੀ ਪ੍ਰੋਸੈਸਿੰਗ ਵਾਸਤੇ ਵੀ ਘੱਟ ਮੁਲਾਜ਼ਮਾਂ ਦੀ ਜ਼ਰੂਰਤ ਹੋਵੇਗੀ ਅਤੇ ਇਸੇ ਕਰ ਕੇ ਆਉਂਦੇ ਤਿੰਨ ਸਾਲ ਦੌਰਾਨ 3,300 ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ।

# ਟਰੰਪ ਦਾ ਵੱਡਾ ਐਕਸ਼ਨ, ਅਮਰੀਕਾ ਨੂੰ ਵਿਸ਼ਵ ਸਿਹਤ ਸੰਗਠਨ ਤੋਂ ਬਾਹਰ ਕੱਢਣ ਦੇ ਕਾਰਜਕਾਰੀ ਆਦੇਸ਼ ਤੇ ਕੀਤੇ ਦਸਤਖ਼ਤ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਸਹੁੰ ਚੁੱਕਣ ਤੋਂ ਕੁਝ ਘੰਟਿਆਂ ਬਾਅਦ ਹੀ ਵਿਸ਼ਵ ਸਿਹਤ ਸੰਗਠਨ ਤੋਂ ਅਮਰੀਕਾ ਨੂੰ ਵਾਪਸ ਲੈਣ ਦੇ ਹੁਕਮ ਤੇ ਦਸਤਖ਼ਤ ਕਰ ਦਿੱਤੇ। ਕੋਰੋਨਾ ਮਹਾਂਮਾਰੀ ਦੌਰਾਨ ਟਰੰਪ ਇਸ ਸੰਗਠਨ ਵਿਰੁਧ ਬਹੁਤ ਹਮਲਾਵਰ ਸਨ। ਵ੍ਹਾਈਟ ਹਾਊਸ ਵਿਖੇ ਹੁਕਮ ਤੇ ਦਸਤਖ਼ਤ ਕਰਦੇ ਹੋਏ, ਟਰੰਪ ਨੇ ਕਿਹਾ ਕਿ WHO ਅਮਰੀਕਾ ਪ੍ਰਤੀ ਪੱਖਪਾਤੀ ਹੈ। ਇੱਥੇ, ਚੀਨ ਨੂੰ ਮਹੱਤਵ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਨੇ ਸਾਡੇ ਨਾਲ ਧੋਖਾ ਕੀਤਾ ਹੈ।

ਇਸ ਤੋਂ ਪਹਿਲਾਂ, ਡੋਨਾਲਡ ਟਰੰਪ ਨੇ ਬੀਤੀ ਰਾਤ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਲਈ ਆਯੋਜਿਤ ਸਮਾਗਮ ਵਿੱਚ ਦੁਨੀਆਂ ਦੀਆਂ ਵੱਡੀਆਂ ਤਕਨਾਲੋਜੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਵੀ ਮੌਜੂਦ ਸਨ। ਮੈਟਾ ਦੇ ਸੀਈਓ ਮਾਰਕ ਜ਼ੁਕਰਬਰਗ ਅਤੇ ਉਨ੍ਹਾਂ ਦੀ ਪਤਨੀ ਪ੍ਰਿਸਿਲਾ ਚੈਨ, ਐਮਾਜ਼ਾਨ ਦੇ ਸੀਈਓ ਜੈਫ਼ ਬੇਜੋਸ ਅਤੇ ਉਨ੍ਹਾਂ ਦੀ ਮੰਗੇਤਰ ਲੌਰੇਨ ਸਾਂਚੇਜ਼ ਦੇ ਨਾਲ-ਨਾਲ ਗੂਗਲ ਦੇ ਸੀਈਓ ਸੁੰਦਰ ਪਿਚਾਈ ਅਤੇ ਟਰੰਪ ਦੇ ਸਭ ਤੋਂ ਨਜ਼ਦੀਕੀ ਸਲਾਹਕਾਰਾਂ ਵਿੱਚੋਂ ਇੱਕ, ਐਲੋਨ ਮਸਕ ਵੀ ਸਮਾਰੋਹ ਵਿੱਚ ਮੌਜੂਦ ਸਨ। ਇਸ ਸਮਾਰੋਹ ਵਿੱਚ ਐਪਲ ਦੇ ਸੀਈਓ ਟਿਮ ਕੁੱਕ ਅਤੇ ਟਿਕਟੌਕ ਦੇ ਸੀਈਓ ਸ਼ੌ ਜ਼ੀ ਚਿਊ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ, ਸਹੁੰ ਚੁੱਕਣ ਤੋਂ ਤੁਰਤ ਬਾਅਦ, ਟਰੰਪ ਨੇ ਪੈਰਿਸ ਜਲਵਾਯੂ ਸਮਝੌਤੇ ਤੋਂ ਅਮਰੀਕਾ ਦੇ ਪਿੱਛੇ ਹਟਣ ਦਾ ਐਲਾਨ ਕੀਤਾ ਸੀ। ਵ੍ਹਾਈਟ ਹਾਊਸ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਰਾਸ਼ਟਰਪਤੀ ਟਰੰਪ ਇੱਕ ਵਾਰ ਫਿਰ ਅਮਰੀਕਾ ਨੂੰ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਕੱਢਣ ਜਾ ਰਹੇ ਹਨ। ਟਰੰਪ ਨੇ ਸਹੁੰ ਚੁੱਕਣ ਤੋਂ ਕੁਝ ਘੰਟਿਆਂ ਬਾਅਦ ਹੀ ਕੈਪੀਟਲ ਵਨ ਅਰੇਨਾ ਵਿਖੇ ਆਪਣੇ ਪਹਿਲੇ ਕਾਰਜਕਾਰੀ ਆਦੇਸ਼ਾਂ ਤੇ ਦਸਤਖ਼ਤ ਕੀਤੇ। ਇਸ ਸਮੇਂ ਦੌਰਾਨ, ਪੈਰਿਸ ਜਲਵਾਯੂ ਸਮਝੌਤੇ ਤੋਂ ਪਿੱਛੇ ਹਟਣ ਲਈ ਇੱਕ ਕਾਰਜਕਾਰੀ ਆਦੇਸ਼ ਤੇ ਦਸਤਖ਼ਤ ਕੀਤੇ ਗਏ ਸਨ।

# ਰਾਮ ਮੰਦਰ ਦਾ ਮੁੱਦਾ ਸੰਘ ਮੁਖੀ ਭਾਗਵਤ ਨੇ ਕਿਉਂ ਮੁੜ ਚੁੱਕਿਆ?

**ਖਾਸ ਖਬਰ**

## ✪ ਮੋਦੀ ਭਾਗਵਤ ਉਪਰ ਕਿਉਂ ਪੈ ਰਹੇ ਨੇ ਭਾਰੂ? ✪ ਕੀ ਭਾਗਵਤ ਨੂੰ ਸੰਘ ਪਰਿਵਾਰ ਦੇ ਮੁਖੀ ਵਜੋਂ ਅਸਤੀਫਾ ਦੇਣਾ ਪਵੇਗਾ ✪ ਨਫ਼ਰਤੀ ਮੁਹਿੰਮ ਹੋਰ ਤਿੱਖੀ ਹੋਵੇਗੀ ਤੇ ਘੱਟ ਗਿਣਤੀਆਂ ਉੱਤੇ ਹਮਲੇ ਵਧਣਗੇ

ਅੱਧੇ-ਅਧੂਰੇ ਰਾਮ ਮੰਦਰ ਦੇ ਉਦਘਾਟਨ ਦੇ ਇਕ ਸਾਲ ਬਾਅਦ ਹੀ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੂੰ ਇਹ ਬਿਆਨ ਦੇਣ ਦੀ ਕਿਉਂ ਸੁੱਝੀ ਕਿ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਨਾਲ ਹੀ ਭਾਰਤ ਨੂੰ ਅਸਲੀ ਆਜ਼ਾਦੀ ਮਿਲੀ? ਦਰਅਸਲ, ਭਾਗਵਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਪਿਛਲੇ ਕੁਝ ਸਮੇਂ ਤੋਂ ਸੀਤਯੁੱਧ ਚੱਲ ਰਿਹਾ ਸੀ। ਭਾਗਵਤ ਦੇ ਕੁਝ ਬਿਆਨਾਂ ਨੂੰ ਮੋਦੀ ’ਤੇ ਤਿੱਖੇ ਹਮਲੇ ਮੰਨਿਆ ਜਾ ਰਿਹਾ ਸੀ। ਜਵਾਬ ਵਿਚ ਮੋਦੀ ਵਲੋਂ ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨੇ ਵੀ ਤਿੱਖੇ ਜਵਾਬੀ ਹਮਲੇ ਕਰਦਿਆਂ ਇਕ ਬਿਆਨ ਦਿੱਤਾ ਸੀ ਕਿ ਭਾਜਪਾ ਨੂੰ ਪਹਿਲਾਂ ਸੰਘ ਦੀ ਜ਼ਰੂਰਤ ਹੁੰਦੀ ਸੀ, ਪਰ ਭਾਜਪਾ ਹੁਣ ਆਤਮ-ਨਿਰਭਰ ਹੋ ਚੁੱਕੀ ਹੈ।

ਪਿਛਲੇ ਦਿਨੀਂ ਜਦੋਂ ਭਾਗਵਤ ਨੇ ਹਰ ਮਸਜਿਦ ਦੇ ਹੇਠਾਂ ਮੰਦਰ ਲੱਭਣ ਦੇ ਸਿਲਸਿਲੇ ’ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਸੀ ਕਿ ਰਾਮ ਮੰਦਰ ਨਿਰਮਾਣ ਤੋਂ ਬਾਅਦ ਕੁਝ ਲੋਕ ਅਜਿਹਾ ਮੰਨਣ ਲੱਗੇ ਹਨ ਕਿ ਉਹ ਅਜਿਹੇ ਮੁੱਦੇ ਚੁੱਕ ਕੇ ਹਿੰਦੂਆਂ ਦੇ ਨੇਤਾ ਬਣ ਜਾਣਗੇ, ਤਾਂ ਉਨ੍ਹਾਂ ਦੇ ਇਸ ਬਿਆਨ ’ਤੇ ਸੰਘ ਦੇ ਹਲਕਿਆਂ ਵਿਚ ਤਿੱਖੀ ਪ੍ਰਤੀਕਿਰਿਆ ਹੋਈ ਸੀ।

ਸੰਘ ਨਾਲ ਜੁੜੇ ਅਤੇ ਮੋਦੀ ਸਮਰਥਕ ਮੰਨੇ ਜਾਣ ਵਾਲੇ ਸਾਧੂ-ਸੰਤਾਂ ਨੇ ਭਾਗਵਤ ਦੇ ਬਿਆਨ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਉਹ ਸਾਡੇ ਮਾਰਗਦਰਸ਼ਕ ਨਹੀਂ ਹਨ। ਇੱਥੋਂ ਤੱਕ ਕਿ ਸੰਘ ਦੇ ਮੁੱਖ ਪੱਤਰ ‘ਆਰਗੇਈਨਾਜ਼ਰ’ ਨੇ ਵੀ ਭਾਗਵਤ ਦੇ ਬਿਆਨ ਨਾਲ ਅਸਹਿਮਤੀ ਪ੍ਰਗਟਾਈ ਸੀ। ਕੁਲ ਮਿਲਾ ਕੇ ਭਾਗਵਤ ਚਹੁੰਪਾਸਿਆਂ ਤੋਂ ਘਿਰ ਕੇ ਅਲੱਗ-ਥਲੱਗ ਪੈ ਗਏ ਹਨ। ਮੰਨਿਆ ਜਾਣ ਲੱਗਾ ਕਿ ਹੁਣ ਭਾਗਵਤ ਨੂੰ ਜਲਦ ਹੀ ਸਰਸੰਘ ਚਾਲਕ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ, ਪਰ ਹੁਣ ਮੰਨਿਆ ਜਾ ਰਿਹਾ ਹੈ ਕਿ ਭਾਗਵਤ ਨੇ ਰਾਮ ਮੰਦਰ ਨਿਰਮਾਣ ਨੂੰ ਅਸਲੀ ਆਜ਼ਾਦੀ ਦੱਸਣ ਵਾਲਾ ਬਿਆਨ ਦੇ ਕੇ ਮੋਦੀ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਭਾਵ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਮੋਦੀ ਦੇ ਸਾਹਮਣੇ ਸਮਰਪਣ ਕਰ ਦਿੱਤਾ ਹੈ।

### ਸੰਘ ਪਰਵਾਰ ਵੱਲੋਂ ਗੈਰ ਹਿੰਦੂ ਧਰਮਾਂ ਨੂੰ ਸਨਾਤਨ ਵਿੱਚ ਤਬਦੀਲ ਕਰਨ ਦੀ ਚਲਾਈ ਮੁਹਿੰਮ

ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਦਿਵਸ ’ਤੇ ਸੱਚੀ ਅਜ਼ਾਦੀ ਹਾਸਲ ਕੀਤੀ ਹੈ। ਉਨ੍ਹਾਂ ਮੁਤਾਬਕ ਰਾਮ ਮੰਦਰ ਨਿਰਮਾਣ ਦੇ ਦਿਨ ਨੂੰ ‘ਪ੍ਰਤਿਸ਼ਠਾ ਦੁਆਦਸੀ ਦਿਵਸ’ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਹਿੰਦੂ ਕਲੰਡਰ ਮੁਤਾਬਕ ਅਯੁੱਧਿਆ ਵਿੱਚ ਰਾਮ ਮੰਦਰ ਦਾ ਉਦਘਾਟਨ ਪਿਛਲੇ ਸਾਲ ਪੋਹ ਸੁਦੀ ਦੋ (ਦੁਆਦਸੀ) ਨੂੰ ਹੋਇਆ ਸੀ। ਇਸ ਸਾਲ ਪੋਹ ਸੁਦੀ ਦੋ 11 ਜਨਵਰੀ ਨੂੰ ਸੀ।



ਭਾਗਵਤ ਨੇ ਇਹ ਬਿਆਨ ਦੇ ਕੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸੰਘ ਲਈ ਅਜ਼ਾਦੀ ਅੰਦੋਲਨ ਦਾ ਕੋਈ ਮਹੱਤਵ ਨਹੀਂ ਹੈ। ਇਸ ਬਿਆਨ ਨਾਲ ਭਾਗਵਤ ਨੇ ਸ਼ਹੀਦੇ ਆਜ਼ਮ ਭਗਤ ਸਿੰਘ, ਅਸ਼ਫਾਕ ਉੱਲਾ ਖਾਨ ਤੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਕੀਤੇ ਗਏ ਅਹਿੰਸਾ ਅੰਦੋਲਨ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਭਾਗਵਤ ਨੇ ਕਿਹਾ ਸੀ ਕਿ ਭਾਰਤ, ਜਿਸ ਨੇ ਕਈ ਸਦੀਆਂ ਹਮਲਾਵਰਾਂ ਦਾ ਸਾਹਮਣਾ ਕੀਤਾ, ਨੇ ਅਸਲੀ ਅਜ਼ਾਦੀ ਇਸੇ ਦਿਨ ਪ੍ਰਾਪਤ ਕੀਤੀ ਸੀ। ਇਸ ਤੋਂ ਸਾਫ਼ ਹੈ ਕਿ ਆਰ ਐੱਸ ਐੱਸ ਹਮਲਾਵਰ ਸ਼ਬਦ ਮੁਗਲਾਂ ਬਾਰੇ ਵਰਤਦਾ ਹੈ, ਅੰਗਰੇਜ਼ ਉਸ ਲਈ ਹਮਲਾਵਰ ਨਹੀਂ ਹਨ।

ਇਸੇ ਕਾਰਨ ਹੀ ਸੰਘ ਨੇ ਅਜ਼ਾਦੀ ਅੰਦੋਲਨ ਨੂੰ ਕੁਚਲਣ ਲਈ ਸਮੇਂ-ਸਮੇਂ ਉੱਤੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਸ ਲਈ ਸੰਘ ਪਾਸ ਨਾ ਕੋਈ ਭਗਤ ਸਿੰਘ, ਨਾ ਗਾਂਧੀ ਤੇ ਨਾ ਸੁਭਾਸ਼ ਚੰਦਰ ਬੋਸ ਸੀ। ਉਸ ਦੀ ਵਿਰਾਸਤ ਸਿਰਫ਼ ਸਾਵਰਕਰ ਹੈ, ਜੋ ਅੰਗਰੇਜ਼ਾਂ ਤੋਂ ਮੁਆਫ਼ੀ ਮੰਗ ਕੇ ਜੇਲ੍ਹੋਂ ਬਾਹਰ ਆਇਆ ਸੀ ਤੇ ਆ ਕੇ ਜਿਨਾਹ ਦੀ ਦੋ ਕੌਮਾਂ ਦੀ ਥਿਊਰੀ ਦਾ ਸਮਰਥਨ ਕਰਕੇ ਅੰਗਰੇਜ਼ਾਂ ਦੀ ‘ਪਾੜੋ ਤੇ ਰਾਜ ਕਰੋ’ ਦੀ ਨੀਤੀ ਨੂੰ ਹੁਲਾਰਾ ਦਿੱਤਾ ਸੀ।



ਆਰ ਐੱਸ ਐੱਸ ਨੇ ਅਜ਼ਾਦੀ ਤੋਂ ਬਾਅਦ ਨਾ ਤਾਂ ਤਿਰੰਗੇ ਦਾ ਸਨਮਾਨ ਕੀਤਾ ਤੇ ਨਾ ਸੰਵਿਧਾਨ ਨੂੰ ਮਾਨਤਾ ਦਿੱਤੀ ਸੀ। ਸੰਘ ਨੇ ਆਪਣੇ ਜਨਮ ਤੋਂ ਲੈ ਕੇ 52 ਸਾਲਾਂ ਤੱਕ ਨਾਗਪੁਰ ਵਿਖੇ ਆਪਣੇ ਹੈੱਡਕੁਆਟਰ ਉੱਤੇ ਤਿਰੰਗਾ ਝੰਡਾ ਨਹੀਂ ਲਹਿਰਾਇਆ ਸੀ। ਤਿਰੰਗੇ ਦਾ ਸਨਮਾਨ ਨਾ ਕਰਨ ਦੀ ਅਲੋਚਨਾ ਤੋਂ ਬਾਅਦ ਅਗਸਤ 2002 ਵਿੱਚ ਸੰਘ ਨੇ ਆਪਣੇ ਹੈੱਡਕੁਆਟਰ ਵਿੱਚ ਤਿਰੰਗਾ ਝੰਡਾ ਲਹਿਰਾਇਆ ਸੀ। ਇਸ ਦੀ ਵੀ ਦਿਲਚਸਪ ਕਹਾਣੀ ਹੈ। 26 ਜਨਵਰੀ 2001 ਨੂੰ ਤਿੰਨ ਨੌਜਵਾਨਾਂ ਨੇ ਸੰਘ ਦੇ ਹੈੱਡਕੁਆਟਰ ਵਿੱਚ ਜਬਰੀ ਵੜ ਕੇ ਤਿਰੰਗਾ ਝੰਡਾ ਲਹਿਰਾ ਦਿੱਤਾ ਸੀ। ਸੰਘ ਵੱਲੋਂ ਇਨ੍ਹਾਂ ਤਿੰਨਾਂ ਉੱਤੇ ਐੱਫ ਆਈ ਆਰ ਕਰਾ ਦਿੱਤੀ ਗਈ ਸੀ। ਸੰਨ 2013 ਵਿੱਚ ਇਨ੍ਹਾਂ ਨੌਜਵਾਨਾਂ ਨੂੰ ਬਰੀ ਕਰ ਦਿੱਤਾ ਗਿਆ, ਕਿਉਂਕਿ ਸੰਘ ਨੇ ਮੁਕੱਦਮੇ ਦੀ ਪੈਰਵੀ ਨਹੀਂ ਕੀਤੀ ਸੀ। ਉਸ ਨੂੰ ਡਰ ਸੀ ਕਿ ਜੇਕਰ ਨੌਜਵਾਨਾਂ ਨੂੰ ਸਜ਼ਾ ਹੋ ਗਈ ਤਾਂ ਉਸ ਦੀ ਬਦਨਾਮੀ ਹੋਵੇਗੀ। ਇਸ ਦਾ ਸਿੱਟਾ ਇਹ ਨਿਕਲਿਆ ਕਿ 26 ਜਨਵਰੀ 2002 ਨੂੰ ਸੰਘ ਵੱਲੋਂ ਆਪਣੇ ਹੈੱਡਕੁਆਟਰ ਉੱਤੇ ਬਕਾਇਦਾ ਤਿਰੰਗਾ ਲਹਿਰਾਇਆ ਗਿਆ, ਜੋ ਹੁਣ ਹਰ ਸਾਲ ਲਹਿਰਾਇਆ ਜਾਂਦਾ ਹੈ।

ਸੰਘ ਦੇ ਪ੍ਰਮੁੱਖ ਅਖਬਾਰ ‘ਆਰਗੇਨਾਈਜ਼ਰ’ ਨੇ ਬਕਾਇਦਾ ਸੰਪਾਦਕੀ ਲਿਖ ਕੇ ਸੰਵਿਧਾਨ ਦਾ ਵਿਰੋਧ ਕੀਤਾ ਸੀ। ਉਸ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਹ ਸੰਵਿਧਾਨ ਨਹੀਂ ਚਾਹੀਦਾ, ਜੋ ਮਨੂੰ ਸਮ੍ਰਿਤੀ ਮੁਤਾਬਕ ਨਾ ਲਿਖਿਆ ਗਿਆ ਹੋਵੇ। ਉਸ ਨੇ ਕਿਹਾ ਸੀ ਕਿ ਭਾਰਤ ਨੂੰ ਮਨੂੰ ਸਮ੍ਰਿਤੀ ਮੁਤਾਬਕ ਚਲਾਇਆ ਜਾਣਾ ਚਾਹੀਦਾ ਹੈ। ਮੋਹਨ

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਅਸਲ ਵਿੱਚ ਭਾਗਵਤ ਦਾ ਇਹ ਸਾਰਾ ਭਾਸ਼ਣ ਸੰਘ ਦੇ ਅਗਲੇ ਏਜੰਡੇ ਨੂੰ ਸਾਹਮਣੇ ਲਿਆਉਂਦਾ ਹੈ ਜੋ ਮੋਦੀ ਦੀ ਹਿੰਦੂਤਵੀ ਰਾਜਨੀਤੀ ਨੂੰ ਪ੍ਰਮੋਟ ਕਰਦਾ ਹੈ। ਭਾਗਵਤ ਦੇ ਇਸ ਬਿਆਨ ਤੋਂ ਬਾਅਦ ਬਾਕੀ ਧਰਮਾਂ ਪ੍ਰਤੀ ਨਫ਼ਰਤੀ ਮੁਹਿੰਮ ਹੋਰ ਤਿੱਖੀ ਹੋਵੇਗੀ ਤੇ ਘੱਟ ਗਿਣਤੀਆਂ ਉੱਤੇ ਹਮਲੇ ਵਧਣਗੇ।**

ਭਾਗਵਤ ਸਮੇਂ-ਸਮੇਂ ਉਤੇ ਐੱਸ ਸੀ-ਐੱਸ ਟੀ ਰਾਖਵੇਂਕਰਨ ਦਾ ਵੀ ਵਿਰੋਧ ਕਰਦੇ ਰਹਿੰਦੇ ਹਨ, ਪਰ ਜਦੋਂ ਜਨਤਕ ਵਿਰੋਧ ਹੁੰਦਾ ਹੈ ਤਾਂ ਬਿਆਨ ਵਾਪਸ ਲੈ ਲੈਂਦੇ ਹਨ।

ਮੋਹਨ ਭਾਗਵਤ ਆਪਣੇ ਬਿਆਨ ਨੂੰ ਆਸਥਾ ਦਾ ਤੜਕਾ ਲਾਉਣਾ ਵੀ ਨਹੀਂ ਭੁੱਲੇ। ਇਥੇ ਬੱਸ ਨਹੀਂ, ਸੰਘ ਮੁਖੀ ਮੋਹਨ ਭਾਗਵਤ ਦੇ 13 ਜਨਵਰੀ ਨੂੰ ਇੰਦੌਰ ਵਿੱਚ ਇੱਕ ਪ੍ਰੋਗਰਾਮ ਵਿੱਚ ਦਿੱਤੇ ਅਜ਼ਾਦੀ ਵਾਲੇ ਭਾਸ਼ਣ ਦਾ ਹੁਣ ਦੂਜਾ ਹਿੱਸਾ ਵੀ ਸਾਹਮਣੇ ਆ ਗਿਆ ਹੈ। ਇਸ ਵਿੱਚ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਦੇ ਵੇਲੇ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਇੱਕ ਮੁਲਾਕਾਤ ਦੌਰਾਨ ਸੰਘ ਵੱਲੋਂ ਚਲਾਈ ਜਾਂਦੀ ‘ਘਰ ਵਾਪਸੀ’ ਦੀ ਮੁਹਿੰਮ ਦੀ ਸ਼ਲਾਘਾ ਕੀਤੀ ਸੀ। ‘ਘਰ ਵਾਪਸੀ’ ਸੰਘ ਪਰਿਵਾਰ ਵੱਲੋਂ ਚਲਾਇਆ ਜਾਂਦਾ ਇੱਕ ਪ੍ਰੋਗਰਾਮ ਹੈ, ਜਿਸ ਰਾਹੀਂ ਮੁਸਲਿਮ, ਇਸਾਈ ਤੇ ਹੋਰ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਹਿੰਦੂ ਧਰਮ ਵਿੱਚ ਤਬਦੀਲ ਕੀਤਾ ਜਾਂਦਾ ਹੈ। ਸੰਘ ਮੰਨਦਾ ਹੈ ਕਿ ਇਹ ਸਾਰੇ ਮੂਲ ਰੂਪ ਵਿੱਚ ਹਿੰਦੂ ਸਨ ਤੇ ਇਨ੍ਹਾਂ ਨੂੰ ਮੁੜ ਹਿੰਦੂ ਧਰਮ ਵਿੱਚ ਲਿਆਉਣਾ ‘ਘਰ ਵਾਪਸੀ’ ਹੈ।

ਸਚਾਈ ਇਹ ਹੈ ਕਿ ਭਾਗਵਤ ਲਈ ਰਾਮ ਮੰਦਰ ਹੀ ਭਾਰਤ ਹੈ। “ਇਸ ਭਾਰਤ ਦੇ ਨਾਗਰਿਕ ਉਹ ਲੋਕ ਹਨ, ਜਿਹੜੇ ਰਾਮ ਮੰਦਰ ਵਿਚ ਆਸਥਾ ਰੱਖਦੇ ਹਨ। ਇਹ ਕਹਿ ਕੇ ਉਨ੍ਹਾਂ ਇਸਾਈਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਪਾਰਸੀਆਂ ਤੇ ਸਿੱਖਾਂ ਨੂੰ ਭਾਰਤ ਦੇ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਭਾਗਵਤ ਦੇ ਇਸ ਦੇਸ਼ ਵਿੱਚ ਨਾ ਸਤਿਗੁਰੂ ਗੁਰੂ ਨਾਨਕ ਲਈ ਕੋਈ ਥਾਂ ਹੈ, ਨਾ ਸੰਤ ਰਵਿਦਾਸ ਲਈ ਤੇ ਨਾ ਸੰਤ ਕਬੀਰ ਲਈ, ਕਿਉਂਕਿ ਉਨ੍ਹਾਂ ਦੀ ਕਿਸੇ ਮੰਦਰ ਵਿੱਚ ਆਸਥਾ ਨਹੀਂ ਸੀ। ਉਨ੍ਹਾਂ ਦਾ ਰਾਮ ਤਾਂ ਕਣ-ਕਣ ਵਿੱਚ ਵਸਦਾ ਸੀ। ਭਾਗਵਤ ਨੇ ਇਸ ਬਿਆਨ ਰਾਹੀਂ ਭਾਰਤ ਦੇ ਸੰਵਿਧਾਨ ਨੂੰ ਵੀ ਨਕਾਰਿਆ ਹੈ, ਜਿਹੜਾ ਭਾਰਤ ਵਿੱਚ ਜੰਮੇ ਹਰ ਵਿਅਕਤੀ ਨੂੰ ਅਜ਼ਾਦ ਮੰਨਦਾ ਹੈ ਤੇ ਉਸ ਨੂੰ ਆਪਣੀ ਆਸਥਾ ਮੁਤਾਬਕ ਜ਼ਿੰਦਗੀ ਜੀਣ ਦਾ ਅਧਿਕਾਰ ਦਿੰਦਾ ਹੈ।

# ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਮਾਮਲੇ 'ਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਫੈਸਲਾ ਲੈਣ ਲਈ ਦਿੱਤੀ ਆਖ਼ਿਰੀ ਚੇਤਾਵਨੀ, 18 ਮਾਰਚ ਤਕ ਦਾ ਦਿੱਤਾ ਸਮਾਂ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)- ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਨਾਮਜਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਕੇਂਦਰ ਸਰਕਾਰ ਨੂੰ 18 ਮਾਰਚ ਤੱਕ ਫੈਸਲਾ ਲੈਣ ਲਈ ਕਿਹਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਕੇਂਦਰ ਸਰਕਾਰ ਨੂੰ ਆਖਰੀ ਮੌਕਾ ਦੇ ਰਹੀ ਹੈ। ਜਾਂ ਤਾਂ ਸਰਕਾਰ ਇਸ ਦੌਰਾਨ ਕੋਈ ਫੈਸਲਾ ਲੈ ਲਵੇ, ਨਹੀਂ ਤਾਂ ਅਦਾਲਤ ਖੁਦ ਇਸ ਪਟੀਸ਼ਨ 'ਤੇ ਮੈਰਿਟ 'ਤੇ ਸੁਣਵਾਈ ਕਰੇਗੀ। ਭਾਈ ਰਾਜੋਆਣਾ ਕਰੀਬ 29 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਪਿਛਲੇ 12-15 ਸਾਲਾਂ ਤੋਂ ਲਮਕਦੀ ਪਈ ਹੈ। ਉਨ੍ਹਾਂ ਨੇ ਰਹਿਮ ਦੀ ਅਪੀਲ ਦੇ ਨਿਪਟਾਰੇ ਵਿੱਚ ਦੇਰੀ ਦਾ ਹਵਾਲਾ ਦਿੰਦੇ ਹੋਏ ਰਿਹਾਈ ਦੀ ਮੰਗ ਕੀਤੀ ਹੈ।



ਅਦਾਲਤ ਅੰਦਰ ਕੇਂਦਰ ਦੀ ਤਰਫੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਹ ਇੱਕ ਰਾਜ ਦੇ ਮੁੱਖ ਮੰਤਰੀ ਅਤੇ 16 ਲੋਕਾਂ ਦੇ ਕਤਲ ਦਾ ਗੰਭੀਰ ਮਾਮਲਾ ਹੈ। ਸਰਕਾਰ ਇਸ 'ਤੇ ਵਿਚਾਰ ਕਰ ਰਹੀ ਹੈ। ਤੁਸ਼ਾਰ ਮਹਿਤਾ ਨੇ ਅਦਾਲਤ ਤੋਂ 6 ਹਫ਼ਤਿਆਂ ਦਾ ਹੋਰ ਸਮਾਂ ਮੰਗਿਆ। ਭਾਈ ਰਾਜੋਆਣਾ ਵੱਲੋਂ ਪੇਸ਼ ਹੋਏ ਵਕੀਲ ਮੁਕੁਲ ਰੋਹਤਗੀ ਨੇ ਦਲੀਲ ਦਿੱਤੀ ਕਿ ਹੁਣ ਸਰਕਾਰ ਦੇ ਜਵਾਬ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਅਦਾਲਤ ਨੇ ਇਸ ਦੇ ਲਈ ਸਰਕਾਰ ਨੂੰ ਪਹਿਲਾਂ ਹੀ ਕਾਫੀ ਸਮਾਂ ਦਿੱਤਾ ਹੈ ਅਤੇ ਭਾਈ ਰਾਜੋਆਣਾ ਕਰੀਬ 29 ਸਾਲਾਂ ਤੋਂ ਜੇਲ੍ਹ ਵਿੱਚ ਹਨ, ਜਿਸ ਦੇ ਨਿਪਟਾਰੇ ਵਿੱਚ ਹੋਈ ਦੇਰੀ ਦੇ ਆਧਾਰ 'ਤੇ ਉਨ੍ਹਾਂ ਦੀ ਫਾਂਸੀ ਦਾ ਮਾਮਲਾ 15 ਸਾਲਾਂ ਤੋਂ ਲਟਕਿਆ ਹੋਇਆ ਹੈ, ਉਨ੍ਹਾਂ ਅਦਾਲਤ ਨੂੰ ਦਸਿਆ ਕਿ ਰਹਿਮ ਦੀ ਅਪੀਲ 'ਤੇ ਸੁਪਰੀਮ ਕੋਰਟ ਨੇ ਭਾਈ ਦਵਿੰਦਰ ਸਿੰਘ ਭੁੱਲਰ ਦੀ ਸਜ਼ਾ ਨੂੰ ਵੀ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਹੈ।

ਜਿਕਰਯੋਗ ਹੈ ਕਿ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਨੂੰ 1995 ਵਿੱਚ ਵਿਸ਼ੇਸ਼ ਅਦਾਲਤ ਨੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਇਸ ਤੋਂ ਬਾਅਦ ਹਾਈਕੋਰਟ ਨੇ ਵੀ ਮੌਤ ਦੀ ਸਜ਼ਾ ਨੂੰ ਮਨਜ਼ੂਰੀ ਦਿੱਤੀ ਸੀ। ਭਾਈ ਰਾਜੋਆਣਾ ਨੇ ਦੋਸ਼ੀ ਠਹਿਰਾਏ ਜਾਣ ਜਾਂ ਫਾਂਸੀ ਦੀ ਸਜ਼ਾ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਨਹੀਂ ਦਿੱਤੀ ਸੀ।

ਐਸਜੀਪੀਸੀ ਨੇ 31 ਮਾਰਚ 2012 ਨੂੰ ਭਾਈ ਰਾਜੋਆਣਾ ਨੂੰ ਜਦੋਂ ਫਾਂਸੀ ਦਿੱਤੀ ਜਾਣੀ ਸੀ, ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕਰਨ ਨਾਲ 28 ਮਾਰਚ ਨੂੰ ਤਤਕਾਲੀ ਕਾਂਗਰਸ ਸਰਕਾਰ ਨੇ ਉਨ੍ਹਾਂ ਦੀ ਮੌਤ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਸੀ, ਇਸ ਦੌਰਾਨ ਰਾਸ਼ਟਰਪਤੀ ਨੇ ਰਹਿਮ ਦੀ ਅਪੀਲ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਸੀ। ਉਦੋਂ ਤੋਂ ਇਹ ਰਹਿਮ ਦੀ ਪਟੀਸ਼ਨ ਸਰਕਾਰ ਕੋਲ ਪੈਂਡਿੰਗ ਹੈ, ਇਸ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

## ਐਡਵੋਕੇਟ ਧਾਮੀ ਨੇ ਭਾਈ ਅਜਨਾਲਾ ਵੱਲੋਂ ਜਥੇਦਾਰ ਸਾਹਿਬਾਨ ਵਿਰੁੱਧ ਬਿਆਨਬਾਜ਼ੀ ਦੀ ਕੀਤੀ ਨਿਖੇਧੀ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਅਮਰੀਕ ਸਿੰਘ ਅਜਨਾਲਾ ਵੱਲੋਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੇ ਪੁਤਲੇ ਸਾੜਨ ਅਤੇ ਉਨ੍ਹਾਂ ਵਿਰੁੱਧ ਬਿਆਨਬਾਜ਼ੀ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਪ੍ਰਤੀ ਗਲਤ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਾ ਚਾਹੀਦਾ ਹੈ। ਇਹ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਕੌਮ ਦੇ ਸਰਵਉੱਚ ਅਸਥਾਨ ਅਤੇ ਕੌਮ ਦੀਆਂ ਸਨਮਾਨਿਤ ਸ਼ਖ਼ਸੀਅਤਾਂ ਦਾ ਕੋਈ ਨਿਰਾਦਰ ਕਰੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਆਮ ਚੋਣਾਂ ਦੇ ਆਏ ਨਤੀਜਿਆਂ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਤੀਜੇ ਸਰਕਾਰਾਂ ਦੇ ਹੱਥਾਂ ਵਿਚ ਖੇਡ ਰਹੇ ਲੋਕਾਂ ਨੂੰ ਸੰਗਤ ਵੱਲੋਂ ਦਿਖਾਇਆ ਗਿਆ ਸ਼ੀਸ਼ਾ ਹੈ। ਉਨ੍ਹਾਂ ਆਖਿਆ ਕਿ ਸ. ਬਲਜੀਤ ਸਿੰਘ ਦਾਦੂਵਾਲ ਸਮੇਤ ਸਰਕਾਰੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੂੰ ਸੰਗਤ ਵੱਲੋਂ ਨਕਾਰਿਆ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਦੇ ਸਿੱਖ ਕਦੇ ਵੀ ਗੁਰਧਾਮਾਂ ਦੇ ਪ੍ਰਬੰਧ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਵੱਖਰੀ ਹਰਿਆਣਾ ਕਮੇਟੀ ਦੇ ਹੱਕ ਵਿਚ ਨਹੀਂ ਹੈ, ਪਰੰਤੂ ਫਿਰ ਵੀ ਸੰਗਤ ਨੇ ਜਿਨ੍ਹਾਂ ਨੂੰ ਮੈਂਬਰ ਚੁਣਿਆ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਿੱਖ ਸਿਧਾਂਤਾਂ, ਪੰਥਕ ਮਾਨਤਾਵਾਂ ਅਤੇ ਗੁਰਦੁਆਰਾ ਪ੍ਰਬੰਧ ਦੀ ਪੰਥਕ ਭਾਵਨਾਵਾਂ ਅਨੁਸਾਰ ਸੇਵਾ ਸੰਭਾਲ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਹੋਣ।

# ਸਿੱਖਾਂ ਖਿਲਾਫ ਨਫਰਤੀ ਪ੍ਰਚਾਰ ਕਰਣ ਵਾਲੇ ਕੈਨੇਡੀਅਨ ਐਮਪੀ ਚੰਦਰ ਆਰੀਆ ਦਾ ਵੈਨਕੂਵਰ ਵਿਖੇ ਭਾਰਤੀ ਅੰਬੈਸੀ ਮੂਹਰੇ ਜੋਰਦਾਰ ਵਿਰੋਧ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)- ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਜਿੰਨਾਂ ਨੂੰ 18 ਜੂਨ 2023 ਨੂੰ ਗੁਰੂ ਘਰ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ, ਉਹਨਾਂ ਦੀ ਯਾਦ ਵਿੱਚ ਭਾਰਤੀ ਅੰਬੈਸੀ ਵੈਨਕੂਵਰ ਮੂਹਰੇ ਹਰ ਮਹੀਨੇ ਕਿਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਬੀਤੇ ਇਕ ਦਿਨ ਪਹਿਲਾਂ ਸੈਂਕੜੇ ਸੰਗਤਾਂ ਨੇ ਭਾਗ ਲਿਆ ਅਤੇ ਭਾਰਤੀ ਹਕੂਮਤ ਦੇ ਖਿਲਾਫ ਜੰਮ ਕੇ ਨਾਅਰੇਬਾਜੀ ਕਰਣ ਦੇ ਨਾਲ ਆਪਣਾ ਰੋਸ ਵਿਖਾਇਆ।

ਭਾਈ ਨਰਿੰਦਰ ਸਿੰਘ ਖਾਲਸਾ ਵਲੋਂ ਭੇਜੀ ਗਈ ਰਿਪੋਰਟ ਮੁਤਾਬਿਕ ਕੈਨੇਡਾ ਦਾ ਐਮਪੀ ਚੰਦਰ ਆਰੀਆ ਜੋ ਕਿ ਹਿੰਦ ਦੀ ਸ਼ਹਿ ਤੇ ਕੈਨੇਡਾ ਵਿੱਚ ਭਾਰਤੀ ਦਖਲਅੰਦਾਜ਼ੀ ਨੂੰ ਅੰਜਾਮ ਦਿੰਦਾ ਹੈ, ਉਸਦਾ ਵਿਰੋਧ ਕੀਤਾ ਗਿਆ ਅਤੇ ਉਸਦਾ ਪੁਤਲਾ ਬਣਾਕੇ ਓਸ ਨੂੰ ਬੇਇੱਜਤ ਕਰਣ ਦੇ ਨਾਲ ਆਰੀਆ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਉਹ ਸਿੱਖਾਂ ਵਿਰੁੱਧ ਨਫਰਤੀ ਪ੍ਰਚਾਰ ਤੋਂ ਬਾਜ਼ ਨਹੀਂ ਆਇਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਨੂੰ ਕਟਹਿਰੇ ਵਿੱਚ ਖੜਾ ਕੀਤਾ ਜਾਵੇਗਾ।



ਇਸ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਤੋ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖ਼ਾਲਸਾ, ਅਵਤਾਰ ਸਿੰਘ ਖਹਿਰਾ, ਗੁਰਮੀਤ ਸਿੰਘ ਗਿੱਲ ਵੱਲੋਂ ਜਿੱਥੇ ਭਾਰਤੀ ਸਰਕਾਰ ਵਲੋਂ ਸਿੱਖਾਂ ਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਦਸਿਆ ਗਿਆ ਉਥੇ ਹੀ 26 ਜਨਵਰੀ ਨੂੰ ਭਾਰਤੀ ਗਣਤੰਤਰ ਦਿਵਸ ਅਤੇ ਭਾਰਤੀ ਸਵਿੰਧਾਨ ਦੇ ਵਿਰੋਧ ਵਿੱਚ ਸੰਗਤ ਨੂੰ ਭਾਰੀ ਗਿਣਤੀ ਵਿੱਚ ਭਾਰਤੀ ਅੰਬੈਸੀ ਵੈਨਕੂਵਰ ਵਿਖੇ ਪਹੁੰਚਣ ਦੀ ਅਪੀਲ ਵੀ ਕੀਤੀ ਗਈ ਹੈ। ਉਨ੍ਹਾਂ ਦਸਿਆ ਕਿ ਭਾਰਤੀ ਏਜੰਟ ਇਹਨਾਂ ਮੁਜ਼ਾਹਰਿਆਂ ਨੂੰ ਬੰਦ ਕਰਵਾਉਣਾ ਚਾਹੁੰਦੇ ਹਨ ਪਰ ਇਹ ਓਹਦੋਂ ਤੱਕ ਬੰਦ ਨਹੀਂ ਹੋਣਗੇ ਜਦੋਂ ਤੱਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ ਜਾਂਦਾ। ਅਮਰੀਕਾ ਦੇ ਐਲ.ਏ. ਅੰਦਰ 23 ਮਾਰਚ 2025 ਵਿੱਚ ਹੋਣ ਵਾਲੇ ਰੈਫਰੰਡਮ ਵਿੱਚ ਵੀ ਸਰੀ ਕੈਨੇਡਾ ਦੀ ਸਿੱਖ ਸੰਗਤ ਅਤੇ ਕੌਮੀ ਘਰ ਦੇ ਚਾਹਵਾਨਾਂ ਨੂੰ ਵੱਧ ਤੋਂ ਵੱਧ ਉਥੇ ਪਹੁੰਚਣ ਦੀ ਵੀ ਅਪੀਲ ਕੀਤੀ ਗਈ ਤਾਂ ਜੋ ਸਭ ਵਿੱਚ ਉਤਸ਼ਾਹ ਪੈਦਾ ਹੋਵੇ ਅਤੇ ਇੱਕ ਮਿਸਾਲ ਕਾਇਮ ਹੋਵੇ।

ਇਸ ਮੌਕੇ ਤੇ ਭਾਈ ਮਨਜਿੰਦਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਐਬਟਸਫੋਰਡ, ਹਰਪਾਲ ਸਿੰਘ ਬੁੱਟਰ, ਸਿੱਖਸ ਫਾਰ ਜਸਟਿਸ ਤੋਂ ਬਾਬਾ ਰਣਜੀਤ ਸਿੰਘ ਸਮੇਤ ਵਡੀ ਗਿਣਤੀ ਅੰਦਰ ਸੰਗਤ ਸ਼ਾਮਲ ਹੋਈ ਸੀ।

# ਅਖੌਤੀ ਸੰਤ ਰਾਮਪਾਲ ਦੇ ਡੇਰੇ ਵਲੋਂ ਗੁਰੂ ਨਾਨਕ ਸਾਹਿਬ ਬਾਰੇ ਵਿਵਾਦਤ ਪ੍ਰਚਾਰ ਕਰਕੇ ਦੇਸ਼ ਵਿੱਚ ਫ਼ਿਰਕੂ ਤਣਾਅ ਫੈਲਾਣ ਦੀ ਕੋਸ਼ਿਸ਼: ਪਰਮਜੀਤ ਸਿੰਘ ਵੀਰਜੀ

## ਜੱਥੇਦਾਰ ਅਕਾਲ ਤਖਤ ਸਾਹਿਬ ਅਤੇ ਸਿੱਖ ਜੱਥੇਬੰਦੀਆਂ ਇਸ ਉਪਰ ਤੁਰੰਤ ਰੋਕ ਲਗਾਉਣ ਦਾ ਕਰਨ ਉਪਰਾਲਾ

ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਧਰਮ ਤਾਂ ਦੁਨੀਆਂ ਵਿਚ ਹੋਰ ਵੀ ਬਥੇਰੇ ਹਨ ਅਤੇ ਧਰਮ ਸਥਾਨ ਵੀ ਬੇਸ਼ੁਮਾਰ ਹਨ ਪਰ ਜਿੰਨੀਆਂ ਬੇਹੂਦਾ ਤੇ ਘਿਨਾਉਣੀਆਂ ਖ਼ਬਰਾਂ ਸਿੱਖ ਪੰਥ ਨੂੰ ਵੰਗਾਰ ਪਾਉਣ ਲਈ ਪੜ੍ਹਨ ਨੂੰ ਮਿਲਦੀਆਂ ਹਨ, ਉਸ ਦਾ ਕੋਈ ਸ਼ੁਮਾਰ ਨਹੀਂ। ਕਿਸੇ ਦਿਨ ਖ਼ਬਰ ਪੜ੍ਹਨ ਨੂੰ ਮਿਲਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਹੈ। ਅਗਲੇ ਦਿਨ ਖ਼ਬਰ ਆਉਂਦੀ ਹੈ ਕਿ ਫਲਾਣੇ ਬੰਦੇ ਨੇ ਸਿੱਖ ਪੰਥ ਵਿਰੁੱਧ ਗਲਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ । ਇਸੇ ਕੜੀ ਅੰਦਰ ਅਖੌਤੀ ਸੰਤ ਰਾਮ-ਪਾਲ ਜੋ ਕਿ ਚਾਰ ਔਰਤਾਂ ਅਤੇ ਇੱਕ ਬੱਚੇ ਦੀ ਹੱਤਿਆ ਅਤੇ ਹੋਰ ਕਈ ਮਾਮਲੇਆਂ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ ਦੇ ਡੇਰੇ ਵਲੋਂ ਭਗਤ ਕਬੀਰ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਦਸਦਿਆਂ ਗਲਤ ਪ੍ਰਚਾਰ ਕਰਣਾ ਸ਼ੁਰੂ ਕੀਤਾ ਹੋਇਆ ਹੈ ਜਿਸ ਨਾਲ ਪੰਥ ਦੀਆਂ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ । ਅਖੌਤੀ ਸੰਤ ਰਾਮਪਾਲ ਦਾ ਡੇਰਾ ਇਕ ਲੁਕਵੀ ਸਾਜ਼ਿਸ਼ ਤਹਿਤ ਜਾਣਬੁਝ ਕੇ ਦੇਸ਼ ਦੇ ਮਾਹੌਲ ਨੂੰ ਲੰਬੂ ਲਾਉਣ ਦੀ ਘਿਣਾਉਣੀ ਚਾਲ ਚਲ ਰਿਹਾ ਹੈ । ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ ਭਗਤ ਕਬੀਰ ਜੀ ਜੋ ਕਿ ਗੁਰੂ ਨਾਨਕ ਸਾਹਿਬ ਤੋਂ ਬਹੁਤ ਪਹਿਲਾਂ ਹੋਏ ਸਨ ਓਹ ਭਗਤ ਹਨ ਸਤਿਕਾਰ ਯੋਗ ਹਨ ਪਰ ਕਦਾਚਿੱਤ ਗੁਰੂ ਨਾਨਕ ਸਾਹਿਬ ਜੀ ਦੇ




ਗੁਰੂ ਨਹੀਂ ਸਨ । ਗੁਰੂ ਨਾਨਕ ਸਾਹਿਬ ਜੀ ਨੇ ਆਪ ਗੁਰਬਾਣੀ ਵਿਚ ਜਦੋ ਜੋਗੀ ਗੁਰੂ ਸਾਹਿਬ ਨੂੰ ਪੁੱਛਦੇ ਸਨ ਕਿ ਤੁਹਾਡਾ ਗੁਰੂ ਕੌਣ ਹੈ "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ ਤੇਰਾ ਕੌਣ ਗੁਰੂ ਹੈ, ਜਿਸ ਦਾ ਤੂੰ ਚੇਲਾ ਹੈਂ.?" ਬਾਰੇ ਪ੍ਰਮਾਣ ਦੇਂਦਿਆ ਕਹਿੰਦੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ।" (ਅੰਗ 942-43) ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਸਮੁੱਚੀ ਹੀ ਬਾਣੀ ਮਨੁੱਖਤਾ ਦੀ ਗੁਰੂ ਹੈ, ਜਿਸ ਦੀ ਤਸਦੀਕ ਗੁਰਬਾਣੀ ਨੇ ਵੀ ਕੀਤੀ ਹੈ:- ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥5॥' (ਨਟ ਮ: 4, ਪੰਨਾ 982) ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਨੰਦ ਲਾਲ ਸਿੰਘ ਜੀ 'ਰਹਿਤਨਾਮਾ ਪ੍ਰਸ਼ਨ ਉੱਤਰ' ਵਿੱਚ ਗੁਰੂ ਦੇ ਤਿੰਨ ਰੂਪਾਂ ਦਾ ਵਰਨਣ ਇਸ ਤਰ੍ਹਾਂ ਕਰ ਰਹੇ ਹਨ:- 'ਤੀਨ ਰੂਪ ਹੈਂ ਮੋਹ ਕੇ ਸੁਨਹੁ ਨੰਦ! ਚਿੱਤ ਲਾਇ॥ ਨਿਰਗੁਣ, ਸਰਗੁਣ, ਗੁਰ ਸ਼ਬਦ ਕਹਹੁ ਤੋਹਿ ਸਮਝਾਇ॥6॥"

ਗੁਰੂਬਾਣੀ ਰਿਸਰਚ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਮੁੱਖੀ ਭਾਈ ਪਰਮਜੀਤ ਸਿੰਘ ਵੀਰ ਜੀ ਨੇ ਜੱਥੇਦਾਰ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਕਮੇਟੀ, ਸੰਤ ਸਮਾਜ਼, ਨਿਹੰਗ ਜੱਥੇਬੰਦੀਆਂ, ਸਮੂਹ ਫੈਡਰੇਸ਼ਨਾਂ ਨੇ ਨਾਲ ਰਾਜਸੀ ਅਤੇ ਧਾਰਮਿਕ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਾਮਪਾਲ ਦੇ ਡੇਰੇ ਵਲੋਂ ਸਿੱਖ ਪੰਥ ਖਿਲਾਫ ਸ਼ੁਰੂ ਕੀਤੇ ਗਏ ਵਿਵਾਦਿਤ ਪ੍ਰਚਾਰ ਨੂੰ ਨਾਸੂਰ ਬਣਨ ਤੋਂ ਪਹਿਲਾਂ ਹੀ ਨੱਥ ਪਾਈ ਜਾਏ ਜਿਸ ਨਾਲ ਪੰਥ ਨੂੰ ਸੜਕਾਂ ਤੇ ਆਣ ਲਈ ਮਜਬੂਰ ਨਾ ਹੋਣਾ ਪਵੇ ।

## ਇਜ਼ਰਾਈਲ ਸਰਕਾਰ ਨੇ ਹਮਾਸ ਨਾਲ ਜੰਗਬੰਦੀ ਸਮਝੌਤੇ ਨੂੰ ਮਨਜ਼ੂਰੀ ਦਿੱਤੀ

ਹਮਾਸ-ਇਜ਼ਰਾਈਲ ਜੰਗਬੰਦੀ ਸਮਝੌਤਾ ਬੁੱਧਵਾਰ ਨੂੰ ਕਤਰ ਅਤੇ ਅਮਰੀਕਾ ਦੁਆਰਾ ਵਿਚੋਲਗੀ ਕੀਤਾ ਗਿਆ ਸੀ, ਹਾਲਾਂਕਿ, ਇੱਕ ਦਿਨ ਤੋਂ ਵੱਧ ਸਮੇਂ ਲਈ ਅੜਿੱਕਾ ਰਿਹਾ ਕਿਉਂਕਿ ਨੇਤਨਯਾਹੂ ਨੇ ਕਿਹਾ ਕਿ ਆਖਰੀ ਸਮੇਂ ਦੀਆਂ ਰੁਕਾਵਟਾਂ ਸਨ। ਗਾਜ਼ਾ ਵਿੱਚ 15 ਮਹੀਨਿਆਂ ਤੋਂ ਚੱਲੀ ਜੰਗ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਿੱਚ, ਇਜ਼ਰਾਈਲ ਦੀ ਸਰਕਾਰ ਨੇ ਸ਼ਨੀਵਾਰ ਨੂੰ ਹਮਾਸ ਨਾਲ ਜੰਗਬੰਦੀ ਸਮਝੌਤੇ ਨੂੰ ਮਨਜ਼ੂਰੀ ਦਿੱਤੀ , ਜੋ ਕਿ ਐਤਵਾਰ, 19 ਜਨਵਰੀ ਤੋਂ ਲਾਗੂ ਹੋਵੇਗਾ ਅਤੇ ਇਸ ਵਿੱਚ ਬੰਧਕ ਐਕਸਚੇਂਜ ਦੀ ਇੱਕ ਲੜੀ ਸ਼ਾਮਲ ਹੈ। ਸ਼ਨੀਵਾਰ ਨੂੰ ਛੇ ਘੰਟੇ ਤੋਂ ਵੱਧ ਵਿਚਾਰ-ਵਟਾਂਦਰੇ ਤੋਂ ਬਾਅਦ, ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਨੇ ਪੁਸ਼ਟੀ ਕੀਤੀ ਕਿ ਇਜ਼ਰਾਈਲੀ ਕੈਬਨਿਟ ਨੇ ਸਮਝੌਤੇ ਨੂੰ ਹਰੀ ਝੰਡੀ ਦੇ ਦਿੱਤੀ ਹੈ ਜਿਸ ਵਿੱਚ ਛੇ ਹਫ਼ਤਿਆਂ ਦੀ ਜੰਗਬੰਦੀ ਦੀ ਮੰਗ ਕੀਤੀ ਗਈ ਹੈ, ਬੰਧਕਾਂ ਅਤੇ ਕੈਦੀਆਂ ਨੂੰ ਰਿਹਾਅ ਕਰਨ ਦੇ ਉਦੇਸ਼ ਨਾਲ ਤਿੰਨ-ਪੜਾਅ ਦੀ ਯੋਜਨਾ ਦਾ ਇੱਕ ਮੁੱਖ ਹਿੱਸਾ।

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................
ADDRESS......................................................................
..............................................POST CODE...........................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕੁੰਭ ਵਿਚ ਵੀ ਮੰਦਰ-ਮਸਜਿਦ ਦਾ ਰੌਲਾ

## ✪ ਭਗਵੀਆਂ ਤਾਕਤਾਂ ਮਸਜਿਦਾਂ ਉਪਰ ਕਬਜ਼ੇ ਲਈ ਹਿੰਦੂ ਭਾਈਚਾਰੇ ਨੂੰ ਭੜਕਾਉਣ ਲੱਗੀਆਂ

ਪ੍ਰਯਾਗਰਾਜ ਵਿੱਚ ਚੱਲ ਰਹੇ ਕੁੰਭ ਮੇਲੇ ਵਿਚ ਗਿਆਨਵਾਪੀ ਮਸਜਿਦ ਨੂੰ ਮੰਦਰ ਵਜੋਂ ਦਰਸਾਉਦੇ ਮਾਡਲ ਦੀ ਨੁਮਾਇਸ਼ ਵੀ ਲਾਈ ਗਈ ਹੈ। ਇਸ ਤਰ੍ਹਾਂ ਹਿੰਦੂਤਵੀ ਤਾਕਤਾਂ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਕੁੰਭ ਮੇਲੇ ਨੂੰ ਵੀ ਵਰਤ ਰਹੀਆਂ ਹਨ। ਗਿਆਨਵਾਪੀ, ਜਿਸ ਦੀ ਵਾਰਾਨਸੀ ਦੇ ਕਾਸ਼ੀ ਵਿਸ਼ਵਨਾਥ ਮੰਦਰ ਨਾਲ ਕੰਧ ਸਾਂਝੀ ਹੈ, ਦਰਜਨਾਂ ਇਸਲਾਮੀ ਢਾਂਚਿਆਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਬਾਰੇ ਅਦਾਲਤਾਂ ਵਿਚ ਇਸ ਦਾਅਵੇ ਨਾਲ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ ਕਿ ਇਹ ਮੰਦਰ ਢਾਹ ਕੇ ਉਸਾਰੇ ਗਏ। ਵਾਰਾਨਸੀ ਦੇ ਸੁਮੇਰੂ ਮੱਠ ਦੇ ਮਹੰਤ ਸਵਾਮੀ ਨਰਿੰਦਰਾਨੰਦ ਸਰਸਵਸਤੀ ਨੇ ਬੀਤੇ ਦਿਨੀਂ ਨੁਮਾਇਸ਼ ਦਾ ਉਦਘਾਟਨ ਕੀਤਾ, ਜਿਸ ਵਿਚ ਗਿਆਨਵਾਪੀ ਦਾ ਮਾਡਲ ਦਿਖਾਇਆ ਗਿਆ ਹੈ, ਜਿਸ ਦਾ ਉੱਪਰਲਾ ਅੱਧ ਮੰਦਰ ਵਜੋਂ ਡਿਜ਼ਾਈਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨੁਮਾਇਸ਼ ਵਿੱਚ 120 ਤਸਵੀਰਾਂ ਵੀ ਪ੍ਰਦਰਸ਼ਤ ਕੀਤੀਆਂ ਗਈਆਂ ਹਨ, ਜਿਹੜੀਆਂ ਮਸਜਿਦ ਦੇ ਹਿੱਸੇ ਵਿਚ ਹਿੰਦੂ ਪ੍ਰਤੀਕਾਂ ਨੂੰ ਦਰਸਾਉਦੀਆਂ ਹਨ।

ਸਥਾਨਕ ਅਦਾਲਤ ਦੇ ਹੁਕਮ 'ਤੇ 2023 ਵਿੱਚ ਗਿਆਨਵਾਪੀ ਦਾ ਸਰਵੇ ਕੀਤਾ ਗਿਆ ਸੀ ਤੇ ਉਸ ਦੀ ਰਿਪੋਰਟ ਅਦਾਲਤ ਨੂੰ ਸੀਲਬੰਦ ਲਿਫਾਫੇ ਵਿਚ ਪੇਸ਼ ਕੀਤੀ ਗਈ ਸੀ, ਫਿਰ ਵੀ ਸਰਵੇਖਣ ਦੌਰਾਨ ਲਈਆਂ ਤਸਵੀਰਾਂ ਜੱਗ-ਜ਼ਾਹਰ ਹੋ ਗਈਆਂ ਹਨ। ਨੁਮਾਇਸ਼ ਦੇ ਜਥੇਬੰਦਕਾਂ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਉਤਸ਼ਾਹੀ ਫੋਟੋਗ੍ਰਾਫਰਾਂ ਨੇ ਲਈਆਂ ਸਨ ਤੇ ਇਹ ਅਦਾਲਤੀ ਕਾਰਵਾਈ ਦਾ ਹਿੱਸਾ ਨਹੀਂ ਹਨ। ਮਹੰਤ ਨੇ ਨੁਮਾਇਸ਼ ਦੇ ਉਦਘਾਟਨ ਵੇਲੇ ਕਿਹਾ ਸੀ ਕਿ ਉਹ ਗਿਆਨਵਾਪੀ ਨੂੰ ਸੰਵਿਧਾਨਕ ਢੰਗ-ਤਰੀਕੇ ਨਾਲ ਮੁਕਤ ਕਰਾਉਣਾ ਚਾਹੁੰਦੇ ਹਨ ਤੇ ਸਾਰੇ ਸਨਾਤਨੀ ਲੋਕਾਂ ਨੂੰ ਇਸ ਮਿਸ਼ਨ ਦੀ ਪ੍ਰਾਪਤੀ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਨੁਮਾਇਸ਼ ਵਾਰਾਨਸੀ ਦੀ ਜਥੇਬੰਦੀ ਸ੍ਰੀ ਆਦਿ ਮਹਾਂਦੇਵ ਕਾਸ਼ੀ ਧਰਮਾਲਿਆ ਮੁਕਤੀ ਨਿਆਸ ਨੇ ਲਾਈ ਹੈ, ਜਿਹੜੀ ਗੈਰ-ਹਿੰਦੂਆਂ ਦੇ ਕਥਿਤ ਕਬਜ਼ੇ ਵਾਲੇ ਸਾਰੇ ਮੰਦਰ ਮੁਕਤ ਕਰਾਉਣ ਲਈ ਪ੍ਰਣਾਈ ਹੋਈ ਹੈ।




ਗਿਆਨਵਾਪੀ ਕੇਸ ਦੀ ਸੁਣਵਾਈ ਹੇਠਲੀ ਅਦਾਲਤ ਦੇ ਨਾਲ-ਨਾਲ ਅਲਾਹਾਬਾਦ ਹਾਈ ਕੋਰਟ ਵਿੱਚ ਵੀ ਚੱਲ ਰਹੀ ਹੈ। ਹਿੰਦੂ ਪਟੀਸ਼ਨਰਾਂ ਦਾ ਦਾਅਵਾ ਹੈ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਅਸਲੀ ਕਾਸ਼ੀ ਵਿਸ਼ਵਨਾਥ ਮੰਦਰ ਦਾ ਇੱਕ ਹਿੱਸਾ ਢਾਹ ਕੇ ਉੱਥੇ ਗਿਆਨਵਾਪੀ ਮਸਜਿਦ ਬਣਵਾਈ ਸੀ। 2023 ਦੇ ਸਰਵੇ ਦੇ ਬਾਅਦ ਵਾਰਾਨਸੀ ਦੀ ਅਦਾਲਤ ਨੇ ਪਿਛਲੇ ਸਾਲ ਮਸਜਿਦ ਦੀ ਬੇਸਮੈਂਟ ਹਿੰਦੂਆਂ ਨੂੰ ਮੂਰਤੀਆਂ ਦੀ ਪੂਜਾ ਕਰਨ ਲਈ ਦੇ ਦਿੱਤੀ ਸੀ, ਜਿਹੜੀ ਕਿ ਕਥਿਤ ਤੌਰ 'ਤੇ ਕਈ ਵਰ੍ਹਿਆਂ ਤੋਂ ਤਾਲਾਬੰਦ ਸੀ। ਮੁਸਲਮ ਅਜੇ ਵੀ ਗਰਾਊਂਡ ਫਲੋਰ 'ਤੇ ਨਮਾਜ਼ ਪੜ੍ਹਦੇ ਹਨ।

ਮਸਜਿਦ ਕਮੇਟੀ ਨੇ ਵਾਰਾਨਸੀ ਅਦਾਲਤ ਦੇ ਫੈਸਲੇ ਖਿਲਾਫ ਇਸ ਦਲੀਲ ਨਾਲ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਹੋਈ ਹੈ ਕਿ ਸੰਸਦ 1991 ਵਿਚ ਕਾਨੂੰਨ ਪਾਸ ਕਰ ਚੁੱਕੀ ਹੈ ਕਿ ਰਾਮ ਜਨਮ ਭੂਮੀ-ਬਾਬਰੀ ਮਸਜਿਦ ਨੂੰ ਛੱਡ ਕੇ ਕਿਸੇ ਧਾਰਮਿਕ ਢਾਂਚੇ ਨੂੰ ਕਿਸੇ ਹੋਰ ਧਰਮ ਦੇ ਢਾਂਚੇ ਵਿੱਚ ਨਹੀਂ ਬਦਲਿਆ ਜਾ ਸਕਦਾ। ਸੁਪਰੀਮ ਕੋਰਟ ਇਸ ਵੇਲੇ 1991 ਦੇ ਪੂਜਾ ਸਥਲ (ਵਿਸ਼ੇਸ਼ ਵਿਵਸਥਾ) ਕਾਨੂੰਨ ਦੀ ਸੰਵਿਧਾਨਕ ਹੋਂਦ ਨੂੰ ਚੈਲਿੰਜ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਹਿੰਦੂਤਵੀ ਤਾਕਤਾਂ ਇਸ ਕਾਨੂੰਨ ਨੂੰ ਮੰਨਣ ਨੂੰ ਤਿਆਰ ਨਹੀਂ ਕਿ ਰਾਮ ਜਨਮ ਭੂਮੀ ਨੂੰ ਛੱਡ ਕੇ 1947 ਤੋਂ ਪਹਿਲਾਂ ਉਸਰੇ ਧਾਰਮਕ ਢਾਂਚੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਹੋ ਸਕਦੀ। ਇਹ ਭਗਵੀਆਂ ਤਾਕਤਾਂ ਆਏ ਦਿਨ ਮਸਜਿਦਾਂ ਹੇਠੋਂ ਮੰਦਰ ਲੱਭ ਰਹੀਆਂ ਹਨ ਤੇ ਇਨ੍ਹਾਂ 'ਤੇ ਕਬਜ਼ੇ ਲਈ ਹਿੰਦੂਆਂ ਦੇ ਜਜ਼ਬਾਤ ਭੜਕਾ ਰਹੀਆਂ ਹਨ। ਕੁੰਭ, ਜਿੱਥੇ ਕਰੋੜਾਂ ਲੋਕ ਇਸ਼ਨਾਨ ਕਰਨ ਪੁੱਜ ਰਹੇ ਹਨ, ਦੀ ਨੁਮਾਇਸ਼ ਵੀ ਇਸੇ ਵੱਡੇ ਹਿੰਦੂਤਵੀ ਏਜੰਡੇ ਦਾ ਹਿੱਸਾ ਹੈ।

# ਡਾਕਟਰ ਬੀਬੀ ਨਾਲ ਬਲਾਤਕਾਰ ਦੇ ਮਾਮਲੇ ਵਿਚ ਸੰਜੇ ਰਾਏ ਨੂੰ ਉਮਰ ਕੈਦ

## ✪ ਅਦਾਲਤ ਵਲੋਂ ਪੀੜਤ ਪਰਿਵਾਰ ਨੂੰ 17 ਲੱਖ ਰੁਪਏ ਦਾ ਮੁਆਵਜ਼ਾ ਦੇਵੋ



ਕੋਲਕਤਾ-ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ-ਹਸਪਤਾਲ ਵਿੱਚ 8-9 ਅਗਸਤ ਦੀ ਰਾਤ ਨੂੰ ਇੱਕ ਸਿਖਿਆਰਥੀ ਡਾਕਟਰ ਨਾਲ ਬਲਾਤਕਾਰ ਅਤੇ ਕਤਲ ਕਰਨ ਦੇ ਦੋਸ਼ੀ ਪਾਏ ਗਏ ਸੰਜੇ ਰਾਏ ਨੂੰ ਉਮਰ ਕੈਦ (ਮੌਤ ਤੱਕ ਕੈਦ) ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਪੱਛਮੀ ਬੰਗਾਲ ਸਰਕਾਰ ਨੂੰ ਪੀੜਤ ਪਰਿਵਾਰ ਨੂੰ 17 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ। ਹਾਲਾਂਕਿ ਪਰਿਵਾਰ ਨੇ ਇਸਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸੀਬੀਆਈ ਅਤੇ ਪੀੜਤ ਪਰਿਵਾਰ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ ਸੰਜੇ ਦੇ ਪਰਿਵਾਰ ਨੇ ਕਿਹਾ - ਭਾਵੇਂ ਉਸਨੂੰ ਫਾਂਸੀ ਦੇ ਦਿੱਤੀ ਜਾਵੇ। ਅਸੀਂ ਫੈਸਲੇ ਵਿਰੁੱਧ ਅਪੀਲ ਨਹੀਂ ਕਰਾਂਗੇ। ਸੰਜੇ ਦੀ ਮਾਂ ਨੇ ਕਿਹਾ ਕਿ ਮੈਂ ਉਸ ਕੁੜੀ ਦੇ ਮਾਪਿਆਂ ਦਾ ਦਰਦ ਸਮਝਦੀ ਹਾਂ, ਮੇਰੀਆਂ ਵੀ ਧੀਆਂ ਹਨ।

# ਕਿਸਾਨ ਦੇ ਖੇਤ ਵਿਚ 2-ਢਾਈ ਕਿੱਲੋ ਤੱਕ ਦੇ ਸ਼ਲਗਮ ਉੱਗੇ



ਮਾਨਸਾ-ਮਾਨਸਾ ਦੇ ਪਿੰਡ ਛਾਪਿਆਂਵਾਲੀ ਦੇ ਕਿਸਾਨ ਸਤਵੀਰ ਸਿੰਘ ਦੇ ਖੇਤ ਵਿੱਚ ਕਿੱਲੋ ਤੋਂ ਲੈ ਕੇ 2-ਢਾਈ ਕਿੱਲੋ ਤੱਕ ਦੇ ਸ਼ਲਗਮ ਉੱਗੇ ਹਨ ਜਿਸਨੂੰ ਦੇਖਕੇ ਪਿੰਡ ਵਾਸੀ ਤਾਂ ਕੀ ਆਸ-ਪਾਸ ਜਿਹਨੂੰ ਵੀ ਪਤਾ ਲੱਗਦਾ ਹੈ ਹਰ ਕੋਈ ਹੈਰਾਨ ਹੈ, ਸਤਵੀਰ ਸਿੰਘ ਦੇ ਦੱਸਣ ਮੁਤਾਬਕ ਉਸਨੇ ਨੇ 1 ਕਨਾਲ ਜ਼ਮੀਨਵਿਚ ਬਰਸੀਨ ਯਾਨਿ ਹਰਾ ਚਰਾ ਦੇ ਖੇਤ ਵਿੱਚ ਨਾਲ ਹੀ ਸ਼ਲਗਮ ਬੀਜ ਦਿੱਤੇ ਸਨ, ਤੇ ਸ਼ਲਗਮ ਦਾ ਬੀ ਉਨ੍ਹਾਂ ਨੇ ਬਠਿੰਡਾ ਵਿਚ ਕੁਝ ਸਮਾਂ ਪਹਿਲਾਂ ਲੱਗੇ ਖੇਤਬਾੜੀ ਮੇਲੇ ਵਿਚੋਂ ਲਿਆਂਦੇ ਸਨ, ਸ਼ਲਗਮਾਂ ਦਾ ਆਕਾਰ ਦੇਖ ਕੇ ਖੁਦ ਕਿਸਾਨ ਪਰਿਵਾਰ ਵੀ ਹੈਰਾਨ ਹੈ, ਨੌਜਵਾਨ ਕਿਸਾਨ ਸਤਵੀਰ ਸਿੰਘ ਨੇ ਦੱਸਿਆ ਕਿ ਜੋ ਵੀ ਕੋਈ ਇਸ ਬਾਰੇ ਸੁਣਦਾ ਹੈ ਉਸਨੂੰ ਫੋਨ ਕਰਕੇ ਪੁੱਛ ਰਿਹਾ ਹੈ ਕਿ ਇਹ ਕਿਵੇਂ ਹੋਇਆ, ਪਰ ਕੁਦਰਤ ਦੀ ਇਸ ਨਿਆਮਤ ਦਾ ਉਨ੍ਹਾਂ ਨੂੰ ਵੀ ਪਤਾ ਨਹੀਂ ਲੱਗ ਰਿਹਾ ਹਾਲਾਂਕਿ ਉਨ੍ਹਾਂ ਨੇ ਐਤਕੀਂ ਖੇਤ ਨੂੰ ਪਾਣੀ ਵੀ ਘੱਟ ਲਾਇਆ ਸੀ।

# ਫਾਜ਼ਿਲਕਾ ਦੇ ਪਿੰਡ ਵਿਚ ਗਰਭਵਤੀ ਔਰਤ ਨਾਲ ਗੁੰਡਾਗਰਦੀ

## ✪ ਪੇਟ ਵਿਚ ਲੱਤਾਂ ਮਾਰ ਕੇ ਅਣਜੰਮੇ ਬੱਚੇ ਦੀ ਹੱਤਿਆ, ਤਿੰਨ ਖਿਲਾਫ ਕੇਸ ਦਰਜ

ਫਾਜ਼ਿਲਕਾ-ਤਿੰਨ ਵਿਅਕਤੀਆਂ ਵੱਲੋਂ ਫਾਜ਼ਿਲਕਾ ਵਿਖੇ ਗਰਭਵਤੀ ਔਰਤ ਦੇ ਪੇਟ ਵਿੱਚ ਲੱਤਾਂ ਮਾਰ ਕੇ ਅਣਜੰਮੇ ਬੱਚੇ ਦੀ ਹੱਤਿਆ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਫਾਜ਼ਿਲਕਾ ਦੇ ਨਾਲ ਲਗਦੇ ਪਿੰਡ ਕੰਧਵਾਲਾ ਹਾਜਰ ਖਾਂ ਦੀ ਹੈ। ਪੁਲਿਸ ਅਨੁਸਾਰ 9 ਮਹੀਨਿਆਂ ਦੀ ਗਰਭਵਤੀ ਵੀਰਪਾਲ ਕੌਰ ਦੇ ਪਰਿਵਾਰ ਨੇ ਸਰਪੰਚ ਚੋਣਾਂ ਵਿੱਚ ਇੱਕ ਧਿਰ ਦਾ ਸਾਥ ਦਿੱਤਾ ਸੀ, ਇਸੇ ਰੰਜਿਸ਼ ਕਾਰਨ ਬੀਤੇ ਦਿਨੀਂ ਵਿਰੋਧੀ ਧਿਰ ਦੇ ਪ੍ਰਗਟ ਸਿੰਘ, ਬੋਹੜ ਸਿੰਘ ਅਤੇ ਗੋਰਾ ਸਿੰਘ ਉਨ੍ਹਾਂ ਦੇ ਘਰ ਵਿੱਚ ਦਾਖ਼ਲ ਹੋ ਗਏ ਅਤੇ ਉਸ 'ਤੇ ਹਮਲਾ ਕੀਤਾ।



ਪਹਿਲਾਂ ਉਨ੍ਹਾਂ ਨੇ ਵੀਰਪਾਲ ਦੇ ਪਿਤਾ ਬਲਕਾਰ ਸਿੰਘ, ਚਾਚਾ ਜਸਵੰਤ ਸਿੰਘ ਅਤੇ ਪਤੀ ਮਨਪ੍ਰੀਤ ਸਿੰਘ ਨੂੰ ਡੰਡਿਆਂ ਨਾਲ ਕੁੱਟਿਆ। ਜਦੋਂ ਵੀਰਪਾਲ ਕੌਰ ਨੇ ਆਪਣੇ ਪਰਿਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਗਰਭਵਤੀ ਹੋਣ ਦੇ ਬਾਵਜੂਦ ਉਸ ਦੇ ਪੇਟ ਵਿੱਚ ਲੱਤਾਂ ਮਾਰੀਆਂ ਅਤੇ ਡੰਡਿਆਂ ਨਾਲ ਵਾਰ ਕੀਤਾ। ਜ਼ਖ਼ਮੀ ਪਰਿਵਾਰ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਵੀਰਪਾਲ ਨੂੰ ਅਬੋਹਰ ਦੇ ਸਰਕਾਰੀ ਹਸਪਤਾਲ ਅਤੇ ਬਾਕੀ ਜ਼ਖ਼ਮੀਆਂ ਨੂੰ ਫਾਜ਼ਿਲਕਾ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਕਰੀਬ 23 ਦਿਨਾਂ ਬਾਅਦ ਜਦੋਂ ਵੀਰਪਾਲ ਦੀ ਡਿਲੀਵਰੀ ਹੋਈ ਤਾਂ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਅਰਨੀਵਾਲਾ ਪੁਲਿਸ ਨੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

ਬੀਤੀ ਰਾਤ ਜਦੋਂ ਅਬੋਹਰ ਦੇ ਹਸਪਤਾਲ ਵਿੱਚ ਵੀਰਪਾਲ ਕੌਰ ਦੀ ਡਿਲੀਵਰੀ ਹੋਈ ਤਾਂ ਇੱਕ ਮ੍ਰਿਤਕ ਬੱਚੇ ਨੇ ਜਨਮ ਲਿਆ। ਜਿਸ 'ਤੇ ਥਾਣਾ ਅਰਨੀਵਾਲਾ ਦੀ ਪੁਲਿਸ ਨੇ ਵੀਰਪਾਲ ਕੌਰ ਦੇ ਬਿਆਨਾਂ 'ਤੇ ਉਕਤ ਪ੍ਰਗਟ ਸਿੰਘ, ਬੋਹੜਾ ਸਿੰਘ ਅਤੇ ਗੋਰਾ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਏਐਸਆਈ ਬੂਟਾ ਸਿੰਘ ਨੇ ਮ੍ਰਿਤਕ ਬੱਚੇ ਦੀ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਭਾਜਪਾ ਨੂੰ ਸਭ ਪਾਰਟੀਆਂ ਤੋਂ ਵੱਧ ਚੰਦਾ ਮਿਲਿਆ

## ✪ ਚੋਣ ਬਾਂਡ ਬੰਦ ਹੋਣ ਦੇ ਬਾਵਜੂਦ ਭਾਜਪਾ ਨੂੰ ਅਜੇ ਵੀ ਸਭ ਤੋਂ ਵੱਧ ਮਿਲ ਰਿਹਾ ਚੰਦਾ



ਦਿੱਲੀ-ਇਲੈਕਟੋਰਲ ਬਾਂਡ ਨੂੰ ਭਲੇ ਹੀ ਬੰਦ ਕਰ ਦਿੱਤਾ ਗਿਆ ਹੈ, ਪਰ ਚੋਣ ਚੰਦੇ ਵਿੱਚ ਪੈਸੇ ਦੀ ਵਰਖਾ ਜਾਰੀ ਹੈ। ਪਹਿਲਾਂ ਚੋਣ ਬਾਂਡਾਂ ਵਿੱਚ ਕਰੋੜਾਂ ਰੁਪਏ ਆਉਂਦੇ ਸਨ ਤੇ ਹੁਣ ਇਲੈਕਟੋਰਲ ਟਰੱਸਟ ਵਿਚ। ਚੋਣ ਬਾਂਡ ਬੰਦ ਹੋਣ ਤੋਂ ਪਹਿਲਾਂ ਸਾਢੇ 10 ਮਹੀਨਿਆਂ ਵਿਚ ਇਲੈਕਟੋਰਲ ਟਰੱਸਟ ਰਾਹੀਂ ਜਿੰਨੇ ਚੰਦੇ ਮਿਲੇ ਸਨ, ਉਸ ਤੋਂ ਕਰੀਬ ਤਿੰਨ ਗੁਣਾ ਚੰਦਾ ਬਾਂਡ ਬੰਦ ਹੋਣ ਦੇ ਡੇਢ ਮਹੀਨੇ ਵਿੱਚ ਟਰੱਸਟ ਰਾਹੀਂ ਮਿਲਿਆ। ਇਲੈਕਟੋਰਲ ਟਰੱਸਟ ਰਾਹੀਂ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲੇ ਪਰੂਡੈਂਟ ਇਲੈਕਟੋਰਲ ਟਰੱਸਟ ਨੂੰ 2023-24 ਵਿੱਚ ਕੁਲ 1075.7 ਕਰੋੜ ਰੁਪਏ ਚੰਦੇ ਦੇ ਰੂਪ ਵਿਚ ਮਿਲੇ। ਇਸ ਦਾ ਤਿੰਨ-ਚੁਥਾਈ ਹਿੱਸਾ 16 ਫਰਵਰੀ ਤੋਂ 31 ਮਾਰਚ 2024 ਤੱਕ ਆਇਆ, ਜਦਕਿ ਇੱਕ ਅਪ੍ਰੈਲ 2023 ਤੋਂ 15 ਫਰਵਰੀ 2024 ਤੱਕ 278.6 ਕਰੋੜ ਰੁਪਏ ਦਾ ਚੰਦਾ ਮਿਲਿਆ ਸੀ। ਨਵੀਂ ਰਿਪੋਰਟ ਮੁਤਾਬਕ ਕਰੀਬ 70 ਫੀਸਦੀ ਹਿੱਸਾ 15 ਬਿਜ਼ਨਸ ਗਰੁੱਪਾਂ ਦਾ ਰਿਹਾ। ਸਭ ਤੋਂ ਵੱਧ ਚੰਦਾ ਆਰਸੇਲਰ ਮਿੱਤਲ ਨਿਪੋਨ ਸਟੀਲ ਇੰਡੀਆ ਤੇ ਡੀ ਐੱਲ ਐੱਫ ਨੇ 100-100 ਕਰੋੜ ਰੁਪਏ ਦਿੱਤਾ।

ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਚੰਦਿਆਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਯੂ ਪੀ ਏ ਸਰਕਾਰ ਨੇ 31 ਜਨਵਰੀ 2013 ਨੂੰ ਇਲੈਕਟੋਰਲ ਟਰੱਸਟ ਸਕੀਮ ਨੋਟੀਫਾਈ ਕੀਤੀ ਸੀ। ਕੋਈ ਵੀ ਰਜਿਸਟਰਡ ਕੰਪਨੀ ਇਲੈਕਟੋਰਲ ਟਰੱਸਟ ਬਣਾ ਸਕਦੀ ਹੈ ਤੇ ਇਸ ਵਿੱਚ ਵੱਖ-ਵੱਖ ਕੰਪਨੀਆਂ ਚੰਦੇ ਦਿੰਦੀਆਂ ਹਨ। ਚੰਦੇ ਦਾ 95 ਫੀਸਦੀ ਹਿੱਸਾ ਰਜਿਸਟਰਡ ਸਿਆਸੀ ਪਾਰਟੀਆਂ ਨੂੰ ਦੇਣਾ ਹੁੰਦਾ ਹੈ। ਸੁਪਰੀਮ ਕੋਰਟ ਨੇ ਪਿਛਲੇ ਸਾਲ 15 ਫਰਵਰੀ ਨੂੰ ਚੋਣ ਬਾਂਡ ਯੋਜਨਾ-2018 ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਸੀ ਕਿ ਇਹ ਸੂਚਨਾ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ। ਚੋਣ ਬਾਂਡ ਯੋਜਨਾ ਵਿੱਚ ਚੰਦਾ ਦੇਣ ਵਾਲਿਆਂ ਨੂੰ ਗੁਮਨਾਮ ਰਹਿਣ ਦੀ ਛੋਟ ਸੀ। ਇਸ ਬਾਂਡ ਨਾਲ ਸਿਆਸੀ ਪਾਰਟੀਆਂ ਨੂੰ ਗੁਮਨਾਮ ਫੰਡਿੰਗ ਕੀਤੀ ਜਾ ਰਹੀ ਸੀ। ਕੰਪਨੀਜ਼ ਐਕਟ ਦੀ ਧਾਰਾ 182 ਤਹਿਤ ਇਹ ਵਿਵਸਥਾ ਕੀਤੀ ਗਈ ਸੀ ਕਿ ਕੋਈ ਕੰਪਨੀ ਆਪਣੇ ਸਾਲਾਨਾ ਮੁਨਾਫੇ ਦੇ 7.5 ਫੀਸਦੀ ਤੋਂ ਵੱਧ ਦਾ ਚੰਦਾ ਨਹੀਂ ਦੇ ਸਕਦੀ, ਪਰ ਚੋਣ ਬਾਂਡ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਸੀ। ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਨੂੰ ਰੱਦ ਕਰਦਿਆਂ ਭਾਰਤੀ ਸਟੇਟ ਬੈਂਕ ਨੂੰ ਹਦਾਇਤ ਕੀਤੀ ਸੀ ਕਿ ਉਹ ਚੋਣ ਕਮਿਸ਼ਨ ਨੂੰ ਡਾਟਾ ਦੇਵੇ ਕਿ ਕਿਸ ਨੇ ਕਿੰਨੇ ਦੇ ਚੋਣ ਬਾਂਡ ਕਿਸ ਪਾਰਟੀ ਲਈ ਖਰੀਦੇ। ਸਿਆਸੀ ਪਾਰਟੀਆਂ ਨੇ 2018 ਤੋਂ ਲਾਗੂ ਯੋਜਨਾ ਰਾਹੀਂ 16518 ਕਰੋੜ ਰੁਪਏ ਹਾਸਲ ਕੀਤੇ ਸਨ। ਲਗਭਗ 94 ਫੀਸਦੀ ਬਾਂਡਾਂ ਦੀ ਫੇਸ ਵੈਲਿਊ ਇੱਕ ਕਰੋੜ ਰੁਪਏ ਸੀ।

ਪਿਛਲੇ ਵਿੱਤੀ ਸਾਲ ਦੀ ਪਰੂਡੈਂਟ ਇਲੈਕਟੋਰਲ ਟਰੱਸਟ ਦੀ ਚੰਦੇ ਦੀ ਰਿਪੋਰਟ ਚੋਣ ਕਮਿਸ਼ਨ ਨੇ ਆਪਣੀ ਵੈੱਬਸਾਈਟ 'ਤੇ ਪਾਈ ਹੈ, ਜਿਸ ਦੇ ਮੁਤਾਬਕ ਸਿਆਸੀ ਪਾਰਟੀਆਂ ਲਈ 2023-24 ਵਿੱਚ 1075.7 ਕਰੋੜ ਰੁਪਏ ਦੇ ਚੰਦੇ ਮਿਲੇ, ਜਦਕਿ 2022-23 ਵਿੱਚ 363 ਕਰੋੜ ਰੁਪਏ ਮਿਲੇ ਸਨ। ਚੰਦਾ ਦੇਣ ਵਾਲਿਆਂ ਦੀ ਗਿਣਤੀ ਵਧ ਕੇ 83 ਹੋ ਗਈ, ਜਦਕਿ ਉਸ ਤੋਂ ਪਹਿਲਾਂ 22 ਸੀ। ਹਾਲਾਂਕਿ ਆਮ ਚੋਣਾਂ ਤੋਂ ਪਹਿਲਾਂ ਸਿਆਸੀ ਚੰਦੇ ਵਿੱਚ ਵਾਧਾ ਕੋਈ ਅਸਾਧਾਰਨ ਗੱਲ ਨਹੀਂ, ਪਰ ਦਿਲਚਸਪ ਗੱਲ ਇਹ ਹੈ ਕਿ ਇੱਕ ਅਪ੍ਰੈਲ 2023 ਤੋਂ 15 ਫਰਵਰੀ 2024 ਤੱਕ 278.6 ਕਰੋੜ ਰੁਪਏ ਦਾ ਚੰਦਾ ਆਇਆ ਸੀ, ਜਦਕਿ 16 ਫਰਵਰੀ 2024 ਤੋਂ 31 ਮਾਰਚ 2024 ਤੱਕ ਇਹ ਵਧ ਕੇ 797.1 ਕਰੋੜ ਰੁਪਏ ਹੋ ਗਿਆ। ਇਲੈਕਟੋਰਲ ਟਰੱਸਟਾਂ ਨੂੰ ਚੰਦਾ ਦੇਣ ਵਾਲੇ ਦੇ ਨਾਂਅ ਦੇ ਨਾਲ ਮਿਲੇ ਹਰੇਕ ਚੰਦੇ ਦਾ ਐਲਾਨ ਕਰਨਾ ਹੁੰਦਾ ਹੈ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਦਾ ਨਾਂਅ ਦੱਸਣਾ ਹੁੰਦਾ ਹੈ, ਹਾਲਾਂਕਿ ਇਹ ਨਹੀਂ ਦੱਸਿਆ ਜਾਂਦਾ ਕਿ ਕਿਸ ਕਾਰਪੋਰੇਟ ਨੇ ਕਿੰਨਾ ਚੰਦਾ ਦਿੱਤਾ।

ਚੋਣ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਸਿਰਫ ਪੰਜ ਟਰੱਸਟਾਂ ਨੇ ਚੰਦੇ ਦਾ ਐਲਾਨ ਕੀਤਾ ਹੈਪਰੂਡੈਂਟ (1075.7 ਕਰੋੜ), ਟਰਾਂਇਫ ਇਲੈਕਟੋਰਲ ਟਰੱਸਟ (132.5 ਕਰੋੜ), ਜੈ ਭਾਰਤ ਇਲੈਕਟੋਰਲ ਟਰੱਸਟ (9 ਕਰੋੜ), ਪਰਿਵਰਤਨ ਇਲੈਕਟੋਰਲ ਟਰੱਸਟ (ਇੱਕ ਕਰੋੜ) ਤੇ ਆਈਂਜ਼ੀਗਰਟਿੰਗ ਇਲੈਕਟੋਰਲ ਟਰੱਸਟ (17.2 ਲੱਖ ਰੁਪਏ)।

ਰਿਪੋਰਟ ਮੁਤਾਬਕ ਪਰੂਡੈਂਟ ਟਰੱਸਟ ਨੂੰ ਮਿਲੇ 1075.7 ਕਰੋੜ ਰੁਪਏ ਦੇ ਚੰਦੇ ਨੂੰ ਛੇ ਪਾਰਟੀਆਂ ਵਿੱਚ ਵੰਡਿਆ ਗਿਆ। ਸਭ ਤੋਂ ਵੱਧ 723.8 ਕਰੋੜ ਰੁਪਏ ਭਾਜਪਾ, 156.4 ਕਰੋੜ ਕਾਂਗਰਸ, 85 ਕਰੋੜ ਬੀ ਆਰ ਐੱਸ, 72.5 ਕਰੋੜ ਵਾਈ ਐੱਸ ਆਰ ਕਾਂਗਰਸ ਪਾਰਟੀ, 33 ਕਰੋੜ ਤੇਲਗੂ ਦੇਸਮ ਪਾਰਟੀ ਤੇ ਪੰਜ ਕਰੋੜ ਰੁਪਏ ਜਨਸੈਨਾ ਪਾਰਟੀ ਨੂੰ ਮਿਲੇ। ਟਰਾਂਇਫ ਨੇ ਭਾਜਪਾ ਨੂੰ 127.5 ਕਰੋੜ ਤੇ ਡੀ ਐੱਮ ਕੇ ਨੂੰ ਪੰਜ ਕਰੋੜ ਦਿੱਤੇ। ਜੈਭਾਰਤ ਟਰੱਸਟ ਨੇ ਭਾਜਪਾ ਨੂੰ ਪੰਜ ਕਰੋੜ, ਡੀ ਐੱਮ ਕੇ ਨੂੰ ਤਿੰਨ ਕਰੋੜ ਤੇ ਅੰਨਾ ਡੀ ਐੱਮ ਕੇ ਨੂੰ ਇੱਕ ਕਰੋੜ ਰੁਪਏ ਚੰਦਾ ਦਿੱਤਾ। ਆਈਂਜ਼ੀਗਰਟਿੰਗ ਦਾ ਪੂਰਾ ਪੈਸਾ ਭਾਜਪਾ ਨੂੰ ਗਿਆ। ਦਿਲਚਸਪ ਗੱਲ ਹੈ ਕਿ ਪਰਿਵਰਤਨ ਟਰੱਸਟ ਨੇ ਆਪਣੇ ਦਾਨੀਆਂ ਦੀ ਪਛਾਣ ਨਹੀਂ ਦੱਸੀ। ਭਾਵੇਂ ਚੋਣ ਬਾਂਡ ਬੰਦ ਹੋ ਗਏ ਹਨ, ਪਰ ਭਾਜਪਾ ਨੂੰ ਅਜੇ ਵੀ ਸਭ ਤੋਂ ਵੱਧ ਚੰਦਾ ਮਿਲ ਰਿਹਾ।

## ਨਾਬਾਲਗ ਲੜਕੀ ਨੂੰ ਨਸ਼ੀਲੀ ਚੀਜ਼ ਸੁੰਘਾ ਕੇ ਤਿੰਨ ਨਾਬਾਲਗ ਨੌਜਵਾਨਾਂ ਵੱਲੋਂ ਬਲਾਤਕਾਰ


### ✪ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਕਾਰਵਾਈ ਜਾਰੀ

ਸਮਾਣਾ-ਨਜ਼ਦੀਕੀ ਪਿੰਡ ਨਿਵਾਸੀ ਇੱਕ ਨਾਬਾਲਗ ਲੜਕੀ ਦੇ ਨਾਲ ਤਿੰਨ ਨਬਾਲਗ ਨੌਜਵਾਨਾਂ ਵੱਲੋਂ ਸਮੂਹਿਕ ਜਬਰ ਜਨਾਹ ਦੀ ਘਟਨਾ ਨੂੰ ਅੰਜਾਮ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸਦਰ ਥਾਣਾ ਮੁਖੀ ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਪੀੜਤ ਲੜਕੀ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਬੀਤੇ ਦਿਨੀਂ ਜਦੋਂ ਉਹ ਆਪਣੇ ਘਰ ਤੋਂ ਕਿਸੇ ਕੰਮ ਲਈ ਬਾਹਰ ਆਈ ਤਾਂ ਉਕਤ ਨੌਜਵਾਨ ਉਸ ਨੂੰ ਕੋਈ ਨਸ਼ੀਲੀ ਚੀਜ਼ ਸੁੰਘਾ ਕੇ ਕਿਸੇ ਸੁੰਨਸਾਨ ਥਾਂ 'ਤੇ ਲੈ ਗਏ ਅਤੇ ਉਸ ਨਾਲ ਗੈਂਗ ਰੇਪ ਕੀਤਾ। ਪੁਲਿਸ ਅਧਿਕਾਰੀ ਅਨੁਸਾਰ ਕੁਝ ਸਮੇਂ ਤੱਕ ਲੜਕੀ ਦੇ ਘਰ ਨਾ ਪਹੁੰਚਣ 'ਤੇ ਉਸ ਦੇ ਪਰਿਵਾਰ ਵੱਲੋਂ ਉਸ ਦੀ ਭਾਲ ਕੀਤੀ ਗਈ। ਇਸ ਦੌਰਾਨ ਸ਼ਾਮ ਨੂੰ ਕਿਸੇ ਸੁੰਨਸਾਨ ਥਾਂ ਤੋਂ ਲੜਕੀ ਨੂੰ ਬਰਾਮਦ ਕਰ ਕੇ ਘਰ ਲਿਆਂਦਾ ਗਿਆ। ਜਦੋਂ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਨੌਜਵਾਨ ਫਰਾਰ ਹੋ ਗਏ। ਮਾਮਲੇ ਦੀ ਨੋਡਲ ਅਧਿਕਾਰੀ ਸਬ ਇੰਸਪੈਕਟਰ ਸੰਦੀਪ ਕੌਰ ਨੇ ਦੱਸਿਆ ਕਿ ਪੀੜਤ ਲੜਕੀ ਦੀ ਮੈਡੀਕਲ ਜਾਂਚ ਕਰਵਾਈ ਗਈ ਹੈ ਤੇ ਸਵੈਪ ਜਾਂਚ ਲਈ ਲੈਬ 'ਚ ਭੇਜੇ ਜਾ ਰਹੇ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਵਿੱਚ ਅਰਸ਼ਦੀਪ ਸਿੰਘ, ਦਿਲਪ੍ਰੀਤ ਸਿੰਘ, ਅਰਮਾਨ ਦੇ ਖ਼ਿਲਾਫ਼ ਅਧੀਨ ਧਾਰਾ 70(2) ਬੀ. ਐਨ. ਐਸ ਪਾਸਕੋ ਐਕਟ ਦੀ ਧਾਰਾਵਾਂ ਤਹਿਤ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਕਾਰਵਾਈ ਜਾਰੀ ਹੈ।

## ਲੰਡਾ ਤੇ ਜੈਸਲ ਗਰੋਹ ਦੇ ਦੋ ਗੈਂਗਸਟਰ ਨਾਜਾਇਜ਼ ਅਸਲੇ ਸਣੇ ਪੁਲਿਸ ਨੇ ਫੜੇ

### ✪ ਅਦਾਲਤ ਨੇ ਮੁਲਜ਼ਮਾਂ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜਿਆ, ਤੀਜਾ ਸਾਥੀ ਫ਼ਰਾਰ

ਐੱਸਏਐੱਸ ਨਗਰ (ਮੁਹਾਲੀ)-ਮੁਹਾਲੀ ਪੁਲੀਸ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲੁੱਟਾਂ-ਖੋਹਾਂ ਅਤੇ ਫਿਰੌਤੀ ਮੰਗਣ ਵਾਲੇ ਗੈਂਗਸਟਰ ਲਖਵੀਰ ਸਿੰਘ ਲੰਡਾ ਅਤੇ ਗੁਰਦੇਵ ਸਿੰਘ ਉਰਫ਼ ਜੱਸਲ ਉਰਫ਼ ਜੈਸਲ ਦੇ ਦੋ ਕਾਰਕੁਨਾਂ ਨੂੰ ਨਾਜਾਇਜ਼ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅਵਤਾਰ ਸਿੰਘ ਉਰਫ਼ ਵਿੱਕੀ ਅਤੇ ਅਮਰਵੀਰ ਸਿੰਘ ਦੋਵੇਂ ਵਾਸੀ ਪੱਤੀ ਗੁਰਮੁੱਖਾਂ ਦੀ ਪਿੰਡ ਖਡੂਰ ਸਾਹਿਬ (ਤਰਨ ਤਾਰਨ) ਵਜੋਂ ਹੋਈ ਹੈ। ਇਨ੍ਹਾਂ ਦਾ ਤੀਜਾ ਸਾਥੀ ਅਨਮੋਲ ਸਿੰਘ ਮੌਲਾ ਵਾਸੀ ਪਿੰਡ ਵੜਿੰਗ ਸੂਬਾ ਸਿੰਘ (ਤਰਨ ਤਾਰਨ) ਫ਼ਰਾਰ ਦੱਸਿਆ ਜਾ ਰਿਹਾ ਹੈ। ਇਨ੍ਹਾਂ ਖ਼ਿਲਾਫ਼ ਆਈਟੀ ਸਿਟੀ ਥਾਣਾ ਵਿੱਚ ਕੇਸ ਦਰਜ ਕੀਤਾ ਗਿਆ ਹੈ। ਐੱਸਐੱਸਪੀ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ 32 ਬੋਰ ਦੇ ਤਿੰਨ ਪਿਸਤੌਲ ਤੇ ਦੋ ਕਾਰਤੂਸ, 32 ਬੋਰ ਦਾ ਦੇਸੀ ਪਿਸਤੌਲ ਤੇ ਦੋ ਕਾਰਤੂਸ, 315 ਬੋਰ ਦੀ ਦੇਸੀ ਪਿਸਤੌਲ ਤੇ ਦੋ ਕਾਰਤੂਸ ਅਤੇ ਲੁਧਿਆਣਾ ਤੋਂ ਖੋਹੀ ਬਰੀਜ਼ਾ ਕਾਰ ਬਰਾਮਦ ਕੀਤੀ ਗਈ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ।



# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਸਤਿਗੁਰੂ ਦੇ ਮਿਲਿਆਂ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਤੇ ਹਰੀ ਨਾਮ ਨੂੰ ਹਿਰਦੇ ‘ਚ ਸੰਭਾਲਣਾ ਚਾਹੀਦਾ ਹੈ । “ਸਤਿਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥3॥ ਅੰਗ 32”। ਜਿਸ ਸਦਕਾ ਆਦਮੀ ਸੁਖ(ਦਾਤੇ) ‘ਚ ਸਮਾ ਜਾਂਦਾ ਹੈ । “ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥2॥ ਅੰਗ 645”। ਪੂਰੇ ਭਾਗਾਂ ਨਾਲ਼ ਸਤਿਗੁਰੂ ਮਿਲਦਾ ਹੈ, ਜਿਸ ਸਦਕਾ ਸੁਖਾਂ ਦੇ ਦਾਤੇ ਪ੍ਰੀਤਮ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਨਾਮ ਮਨ ਵਿਚ ਵਸ ਜਾਂਦਾ ਹੈ ਤੇ ਸਦਾ ਥਿਰ ਪ੍ਰਭੂ ‘ਚ ਲੀਨਤਾ ਹੋ ਜਾਂਦੀ ਹੈ । “ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥3॥ ਅੰਗ 38” । ਅਤੇ “ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ ਅੰਗ 85” ।

ਵੱਡੇ ਭਾਗਾਂ ਤੇ ਸੰਜੋਗਾਂ ਨਾਲ਼ ਸਤਿਗੁਰੂ ਮਿਲਦਾ ਹੈ । ਜਿਸ ਕਰਕੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸ ਜਾਂਦਾ ਹੈ ਤੇ ਹਰ ਰੋਜ਼ ਪ੍ਰਭੂ ਦੇ ਨਾਮ ਦਾ ਰਸ/ਆਨੰਦ ਮਾਣੀਦਾ ਹੈ। “ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿਰਸ ਭੋਗ ॥1॥ ਅੰਗ 162” । ਵੱਡੇ ਭਾਗਾਂ ਨਾਲ਼ ਸਤਿਗੁਰੂ ਮਿਲਦਾ ਹੈ ਜੋ ਕਿ ਮੂੰਹ ਵਿਚ ਅੰਮ੍ਰਿਤ ਨਾਮ ਪਾਉਂਦਾ ਹੈ ॥ “ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥ ਅੰਗ 163” । ਹੇ ਨਾਨਕ ! ਉਸੇ ਪ੍ਰਭੂ ਦੇ ਗੁਣ (ਗਾਇਨ), ਪ੍ਰਭੂ ਦੀ ਪੂਜਾ, ਗਿਆਨ ਤੇ ਧਿਆਨ, ਆਦਿਕ ਸਾਰੀ ਮਿਹਨਤ (ਉਸਦੀ ਸਫਲ ਹੁੰਦੀ ਹੈ) ਜਿਸ ਨੂੰ ਕਿਰਪਾ ਕਰ ਕੇ ਦਿਆਲੂ ਸਤਿਗੁਰੂ ਮਿਲਦਾ ਹੈ । “ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥4॥ ਅੰਗ 187” । ਜਿਸਦੇ ਪੂਰਬਲੇ ਕਰਮਾਂ ਦਾ ਲੇਖ ਲਿਖਿਆ ਹੁੰਦਾ ਹੈ, ਉਸਨੂੰ ਆ ਕੇ ਸਤਿਗੁਰੂ ਮਿਲ ਪੈਂਦਾ ਹੈ। “ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ ਅੰਗ 303” ।

ਸਤਿਗੁਰੂ ਦੇ ਮਿਲਣ ਨਾਲ਼ ਮਨੁੱਖ ਦਾ ਹਿਰਦਾ ਸਦਾ ਪਰਮਾਤਮਾ ਦੇ ਡਰ-ਅਦਬ ਵਿਚ ਰਚਿਆ ਰਹਿੰਦਾ ਹੈ, ਜਿਸ ਨਾਲ਼ ਪਰਮਾਤਮਾ ਆਪ ਮਨੁੱਖ ਦੇ ਮਨ ਵਿਚ ਆ ਵਸਦਾ ਹੈ । “ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥1॥ ਅੰਗ 33”। ਕਿਉਂਕਿ, ਪ੍ਰਭੂ ਦੇ ਡਰ ਤੋਂ ਬਿਨਾ ਉਸ ਦੀ ਭਗਤੀ ਨਹੀਂ ਹੋ ਸਕਦੀ ਤੇ ਉਸ ਦੇ ਨਾਮ ਵਿਚ ਪਿਆਰ ਨਹੀਂ ਪੈਂਦਾ । ਸਤਿਗੁਰੂ ਨੂੰ ਮਿਲਣ ਨਾਲ਼ ਇਹ ਡਰ ਪੈਦਾ ਹੁੰਦਾ ਹੈ, ਜਿਸ ਰਾਹੀਂ ਤੇ ਨਾਮ ਦੇ ਪਿਆਰ ਨਾਲ਼ (ਭਗਤੀ ਦਾ) ਰੰਗ ਸਵਾਰਿਆ ਜਾਂਦਾ ਹੈ । “ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥ ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥ ਅੰਗ 788”।

ਗੁਰੂ ਤੋਂ ਬਿਨਾ ਕੋਈ ਵੀ ਪ੍ਰਭੂ ਰੰਗ (ਪਿਆਰ) ਵਿਚ ਰੰਗਿਆ ਨਹੀਂ ਜਾਂਦਾ, ਗੁਰੂ ਨੂੰ ਮਿਲਕੇ ਹੀ ਇਹ ਰੰਗ ਚੜ੍ਹਦਾ ਹੈ । “ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਅੰਗ 427”।

ਸਤਿਗੁਰੂ ਦੇ ਮਿਲਾਪ ਨਾਲ਼ ਮਾਇਆ ਦੇ ਤਿੰਨ ਗੁਣਾਂ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਚੌਥੇ ਪਦ ‘ਚ (ਮਾਇਆ ਤੋਂ) ਮੁਕਤੀ ਦਾ ਦੁਆਰ ਮਿਲ ਜਾਂਦਾ ਹੈ । “ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥2॥ ਅੰਗ 33”। ਸਤਿਗੁਰੂ ਦੇ ਮਿਲਣ ਨਾਲ਼ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ । “ਸਤਿਗੁਰੁ ਮਿਲੈ ਤਾ ਤਤੁ ਪਾਏ ॥ ਅੰਗ 116” ।

ਸਤਿਗੁਰੂ ਦੇ ਮਿਲਣ ਨਾਲ਼ ਮਨੁੱਖ ਆਉਣ ਜਾਣ ਦੇ ਗੇੜ ‘ਚ ਨਹੀਂ ਪੈਂਦਾ ਤੇ ਜਨਮ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ । ਪੂਰੇ (ਅਭੁੱਲ) ਗੁਰੂ ਦੇ ਸ਼ਬਦ ਰਾਹੀਂ ਸਾਰੀ ਸੋਝੀ ਆ ਜਾਂਦੀ ਹੈ ਤੇ ਉਹ ਪਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ; ਭਾਵ ਆਪਾ ਭਾਵ ਮਿਟਾ ਲੈਂਦਾ ਹੈ । “ਸਤਿਗੁਰਿ ਮਿਲੀਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ ॥ ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ ॥1॥ ਅੰਗ 69”। ਸਾਧਸੰਗਤ ਵਿਚ ਹਰੀ ਨਾਮ ਰਸ ਦੀ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਨੂੰ ਮਿਲਣ ਨਾਲ਼ ਜਮ ਦਾ ਡਰ ਦੂਰ ਹੋ ਜਾਂਦਾ ਹੈ । “ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ ਅੰਗ 598”।

ਸਤਿਗੁਰੂ ਨੂੰ ਮਿਲ ਕੇ ਜਿਸ ਨੇ ਆਪਣੇ ਅੰਦਰੋਂ ਅਹੰਕਾਰ ਦੂਰ ਕਰ ਲਿਆ, ਉਸ ਨੇ ਪਰਮਾਤਮਾ ਦਾ ਨਾਮ-ਰਸ ਪ੍ਰਾਪਤ ਕਰ ਲਿਆ । ਉਸ ਦੇ ਅੰਦਰੋਂ ਭੈੜੀ ਮਤਿ ਦਾ ਦੁੱਖ ਕੱਟਿਆ ਜਾਂਦਾ ਹੈ ਤੇ ਉਸ ਦੇ ਮੱਥੇ ਉੱਤੇ ਭਾਗ ਜਾਗ ਪੈਂਦਾ ਹੈ । “ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥ ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥11॥ ਅੰਗ 72”।

ਸਤਿਗੁਰੂ ਨੂੰ ਮਿਲਣ ਤੇ ਸਤਿਗੁਰੂ ਆਪਣੇ ਸਿੱਖ ਨੂੰ ਮੌਤ ਦਿਖਾਲ ਦਿੰਦਾ ਹੈ ਤੇ ਮੌਤ ਨੂੰ ਹਮੇਸ਼ਾ ਯਾਦ ਰੱਖ ਕੇ ਸਿੱਖ ਦੇ ਅੰਦਰ ਪ੍ਰਭੂ ਦੇ ਪ੍ਰੇਮ ਦਾ ਰਸ ਬਣਿਆ ਰਹਿੰਦਾ ਹੈ । ਹੰਕਾਰ ਦੂਰ ਕਰਕੇ ਉਹ ਸਿੱਖ ਦਸਮ ਦੁਆਰ ਦੀ ਪ੍ਰਾਪਤੀ ਕਰ ਲੈਂਦਾ ਹੈ ॥ “ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ ॥1॥ ਅੰਗ 153”।

ਜੇ ਸਤਿਗੁਰੂ ਮਿਲ ਪਏ, ਤਾਂ ਮਨੁੱਖ ਦੀ ਦੁਬਿਧਾ ਦੂਰ ਹੋ ਜਾਂਦੀ ਹੈ । ਹਿਰਦੇ ਦਾ ਕੌਲ-ਫੁੱਲ ਖਿੜ ਕੇ ਉਸ ਦਾ ਮਨ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ । ਮਨ ਨੂੰ ਮਾਰ ਕੇ ਉਹ ਜਿਉਂਦੇ ਜੀ ਮਰਿਆ ਰਹਿੰਦਾ ਹੈ ਤੇ ਪਰਮਾਤਮਾ ਦੇ ਨਾਮ ਦਾ ਮਹਾ ਰਸ (ਆਨੰਦ) ਪ੍ਰਤੱਖ ਤੌਰ ਤੇ ਅਨੁਭਵ ਕਰਦਾ ਹੈ । “ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥2॥ ਅੰਗ 153”।

ਬਾਕੀ ਅਗਲੇ ਹਫ਼ਤੇ

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ


**ਆਪਣੇ ਇਸ਼ਤਿਹਾਰਾਂ ਰਾਹੀਂ ਪੇਪਰ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਪੜ੍ਹਨ ਲਈ ਮਿਲਿਆ ਕਰੇਗਾ**

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਪਹਿਲੇ ਭਾਗ ਤੋਂ ਸਬਕ ਸ਼ੁਰੂ ਕਰ ਰਹੇ ਹਾਂ।**


**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਪਹਿਲਾਂ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਦਿਓ ...**




**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

ਕਿਸ਼ਤ-8

# ਗੰਧਲੇ ਰਿਸ਼ਤੇ

**ਅੱਜ ਤੱਕ ਦੁੱਖ ਤਾਂ ਇਹੀ ਹੈ ਕਿ ਮੈਨੂੰ ਹਮੇਸ਼ਾ ਮੇਰੇ ਆਪਣਿਆਂ ਨੇ ਹੀ ਮੋਲਿਸਟ ਕੀਤਾ ਜੋ ਮੇਰੇ ਆਪਣੇ ਸਨ ਬਹੁਤ ਨੇੜੇ ਸਨ । ਜੇ ਓਪਰੇ ਇਹੋ ਜਿਹੀਆਂ ਹਰਕਤਾਂ ਕਰਦੇ ਤਾਂ ਮੈਨੂੰ ਓਨਾ ਦੁੱਖ ਨਹੀਂ ਹੋਣਾ ਸੀ ਜਿੰਨਾਂ ਹੁਣ ਹੈ, ਇਹ ਸਾਰੀਆਂ ਗਿੱਧਾਂ ਆਪਣੀਆਂ ਹੀ ਸਨ ਜੋ ਆਪਣਿਆਂ ਦਾ ਹੀ ਮਾਸ ਨੋਚਣ ਲਈ ਤਿਆਰ ਸਨ। ਧੀ ਚਾਹੇ ਚਾਲ੍ਹੀ ਵਰ੍ਹੇ ਪਹਿਲਾਂ ਦੀ ਹੋਵੇ ਚਾਹੇ ਅੱਜ ਦੀ, ਉਹ ਆਪਣੇ ਹੀ ਘਰ ਆਪਣਿਆਂ 'ਚ ਹੀ ਬਹੁਤੀ ਵਾਰ ਸੇਫ ਨਹੀਂ ਹੁੰਦੀ। ਤੇ ਜੇ ਉਹ ਆਵਾਜ਼ ਉਠਾ ਦੇਵੇ ਤਾਂ ਉਸ ਦੀ ਸੁਣਦਾ ਕੌਣ ਹੈ। ਖੁੱਦ ਔਰਤਾਂ ਨੂੰ ਹੀ ਬਹੁਤੀ ਵਾਰ ਆਖਦਿਆਂ ਸੁਣਿਆਂ ਹੈ, ''ਇਹਨੇ ਹੀ ਕੁੱਝ ਕੀਤਾ ਹੋਣਾ ਇਹਦੇ ਲੱਛਣ ਸ਼ੁਰੂ ਤੋਂ ਹੀ ਨਹੀਂ ਚੰਗੇ ਸੀ।'**




''ਪਹਿਲਾਂ ਤਾਂ ਤੁਸੀਂ ਆਪਣੇ-ਆਪ ਨੂੰ ਬਜ਼ੁਰਗ ਨਾ ਕਹੋ, ਤੁਸੀਂ ਤਾਂ ਹਾਲੇ ਵੀ ਪੰਛੀ ਉਡਾਉਂਦੇ ਹੋ। ''ਮੈ ਮਸ਼ਖਰੀ ਕਰਦਿਆਂ ਆਖਿਆ।

ਮੇਰੀ ਗੱਲ ਸੁਣ ਉਹ ਇੱਕ ਵਾਰ ਫਿਰ ਹੱਸ ਪਈ ।

''ਇਹ ਸਾਰੇ ਉਹ ਮੁੱਲਖ ਹਨ ਜਿੱਥੇ ਮੈਂ ਤੇ ਤਾਜ ਛੁੱਟੀਆਂ ਵਿੱਚ ਇੱਕਠੇ ਜਾਂਦੇ ਹਾਂ, ਤਾਜ ਨੂੰ ਬਹੁਤ ਸ਼ੌਕ ਹੈ ਇਨ੍ਹਾਂ ਦਾ। ਉਹ ਅਕਸਰ ਕਹਿੰਦਾ ਹੈ ਕਿ ਇਹ ਯਾਦਗਾਰ ਹੈ ਕਿ ਆਪਾਂ ਇੱਥੇ ਇੱਥੇ ਕਦੇ ਗਏ ਸੀ ਮਾਂ।''

''ਹੁਣ ਤੱਕ ਤੁਸੀਂ ਕੁੱਲ ਕਿੰਨੇ ਦੇਸ਼ਾਂ 'ਚ ਜਾ ਆਏ ਹੋ ਕੈਲਾਸ਼ ਜੀ, ਮੈਂ ਚਾਹ ਦਾ ਪਤੀਲਾ ਧੋਂਦਿਆਂ ਪੁੱਛਿਆ ।''

ਬੀਰਾਂ... ਕੋਈ ਤਕਰੀਬਨ ਪੱਚੀ ਤੋਂ ਉੱਪਰ ਵੱਖ-ਵੱਖ ਦੇਸ਼ ਘੁੰਮ ਲਏ ਹਨ ਅਸੀ ਮਾਂ ਪੁੱਤ ਨੇ।''

''ਵਾਓ ਦੈਟਸ ਰਿਇਲੀ ਗੁੱਡ ਕੈਲਾਸ਼ ਜੀ।''

ਮੈ ਚਾਹ ਦੇ ਕੱਪ ਲੈ ਕੇ ਵਾਪਸ ਸਿੰਟਿੰਗ ਰੂਮ 'ਚ ਆ ਗਈ, ਆਉਣ ਲੱਗਿਆਂ ਸਾਰੀ ਕਿਚਨ ਅਗੇਨ ਟਾਇਡੀ ਕਰ ਕੇ ਆਈ। ਮੈਂ ਆਪਣੇ ਮਗਰ ਕੁਝ ਵੀ ਖਲਾਰਾਂ ਨਹੀਂ ਛੱਡਣਾ ਚਾਹੁੰਦੀ ਸੀ।

''ਤੁਹਾਡਾ ਪੰਸਦੀਦਾ ਦੇਸ਼ ਕਿਹੜਾ ਹੈ?'' ਮੈ ਸੋਫੇ 'ਤੇ ਠੀਕ ਹੋ ਕੇ ਬਹਿੰਦਿਆਂ ਕੈਲਾਸ਼ ਕੋਲੋਂ ਪੁੱਛਿਆ।

''ਮੇਰੇ ਪੰਸਦੀਦਾ ਦਾ ਮੁਲਕ, ਉਹ ਜਿੱਥੇ ਮੈਨੂੰ ਸਭ ਤੋ ਵੱਧ ਜਾ ਕੇ ਸਕੂਨ ਮਿਲਦਾ ਹੈ, ਲੈਜ਼ਰੋਟੀ।''

'' ਉਹ, ਹਾਂ ਮੈ ਸੁਣਿਆ ਹੈ ਉਸ ਬਾਰੇ ਪਰ ਹਾਲੇ ਗਈ ਨਹੀਂ। ਕਦੀ ਜਾਣ ਦਾ ਮੌਕਾ ਮਿਲਿਆ ਤਾਂ ਜ਼ਰੂਰ ਜਾਵਾਂਗੀ।''

''ਹਾਂ ਜਰੂਰ ਜਾ ਕੇ ਆਈ ਬਹੁਤ ਸੋਹਣਾ ਆਈਲੈਂਡ ਹੈ ਇਹ। ਸਪੇਨ ਦਾ ਕਨੇਰੀ ਆਈਲੈਂਡ ਹੈ ਇਹ ਬੀਰਾ, ਅਗਰ ਕਿਸੇ ਨੇ ਸਕੂਨ ਲੈਣ ਜਾਣਾ ਹੋਵੇ ਤਾਂ ਇਸ ਤੋਂ ਸੋਹਣੀ ਕੋਈ ਜਗ੍ਹਾ ਨਹੀਂ, ਮੈ ਹਰ ਸਾਲ ਦੋ ਵਾਰ ਜਾਂਦੀ ਹੀ ਇੱਥੇ।''

''ਚਾਹ ਤੂੰ ਮੇਰੀ ਮਾਂ ਦੇ ਹੱਥਾਂ ਦੀ ਚਾਹ ਵਰਗੀ ਹੀ ਬਣਾਈ, ਬਹੁਤ ਟੇਸਟੀ ਹੈ।'' ਚਾਹ ਦਾ ਘੁੱਟ ਭਰਦਿਆਂ ਉਸ ਨੇ ਆਖਿਆ।

ਸ਼ੁਕਰੀਆਂ ਕੈਲਾਸ਼ ਜੀ.... ਮੇਰੀ ਖੁਸ਼ਕਿਸਮਤੀ ਤੁਹਾਨੂੰ ਮੇਰੀ ਬਣਾਈ ਚਾਹ ਪੰਸਦ ਆਈ।

ਚਾਹ ਪੀਂਦਿਆਂ ਅਸੀਂ ਕਾਫੀ ਦੇਰ ਇੱਧਰ-ਉੱਧਰ ਦੀਆਂ ਗੱਲਾਂ ਵੀ ਕੀਤੀਆਂ। ਉਹ ਮੇਰੇ ਨਾਲ ਕਾਫੀ ਘੁੱਲ-ਮਿਲ ਗਏ ਸਨ ਅਤੇ ਮੈਨੂੰ ਵੀ ਕੋਈ ਓਪਰਾਪਣ ਮਹਿਸੂਸ ਨਹੀਂ ਹੋ ਰਿਹਾ ਸੀ, ਮੇਰੀ ਜ਼ਿੰਦਗੀ ਦੀ ਸ਼ਾਇਦ ਇਹ ਪਹਿਲੀ ਰਾਤ ਹੋਵੇਗੀ ਜਦ ਮੈਂ ਘਰ ਤੋਂ ਬਾਹਰ ਇਸ ਤਰ੍ਹਾਂ ਕਿਸੇ ਅਜ਼ਨਬੀ ਦੇ ਘਰ ਰਹੀ ਹੋਵਾਂਗੀ ਉਹ ਵੀ ਪਹਿਲੀ ਮੁਲਾਕਾਤ ਵਿੱਚ ਹੀ। ਪਰ ਅਜੀਬ ਜਿਹਾ ਸਕੂਨ ਸੀ ਇਸ ਘਰ ਅੰਦਰ। ਜੇ ਕੈਲਾਸ਼ ਨਾ ਵੀ ਕੋਈ ਗਲ ਕਰਦੀ ਤਾਂ ਵੀ ਮੈਨੂੰ ਲੱਗਦਾ ਕਿ ਕੋਈ ਸੋਹਣੀਆਂ ਬਾਤਾਂ ਪਾ ਰਿਹਾ ਹੈ ਤੇ ਉਸ ਘਰ ਦੇ ਅੰਦਰ ਪਈਆਂ ਕਿਤਾਬਾਂ ਹੁੰਗਾਰੇ ਭਰ ਰਹੀਆਂ ਹਨ।

ਖੈਰ ਸਾਡੀ ਦੋਹਾਂ ਦੀ ਚਾਹ ਖਤਮ ਹੋ ਗਈ ਸੀ, ਮੈਂ ਉਸੇ ਵੇਲੇ ਕੱਪ ਧੋ ਕੇ ਵਾਪਸ ਰੱਖ ਆਈ ਤੇ ਦੁਬਾਰਾ ਕੰਬਲ ਵਿੱਚ ਲੁੱਕ ਕੇ ਬਹਿ ਗਈ ਤੇ ਅਗਾਂਹ ਦੀ ਗੱਲ ਛੇੜੀ ।

''ਅੱਛਾ ਕੈਲਾਸ਼ ਜੀ ਮੱਖਣ ਵੀਰ ਵਾਲੀ ਘਟਨਾ ਤੋਂ ਬਾਅਦ ਸਭ ਠੀਕ ਰਿਹਾ ਤੁਹਾਡੀ ਜ਼ਿੰਦਗੀ ਵਿੱਚ?''

''ਹਾਂ ਸਵਾਹ ਠੀਕ ਰਿਹਾ ਜ਼ਿੰਦਗੀ 'ਚ। ਇੱਦਾਂ ਲੱਗਦਾ ਜ਼ਿੱਦਾ ਰੱਬ ਨੇ ਮੈਨੂੰ ਆਪ ਬਣਾ ਕੇ ਹੀ ਇਹਨਾਂ ਭੇੜੀਆਂ ਜੋਗੀ ਭੇਜਿਆ ਸੀ ਇਹ ਤਾਂ ਮੇਰੀ ਕਿਸਮਤ ਹੀ ਸੀ ਕਿ ਮੈ ਹਰ ਵਾਰ ਬੱਚ ਜਾਂਦੀ।''

''ਹਾਏ ਰੱਬਾ...! ''ਫਿਰ ਦੁਬਾਰਾ ਤੁਹ-ਡੇ ਨਾਲ ਕਿਸੇ ਨੇ ਕੁੱਝ ਇਹੋ ਜਿਹੀ ਹਰਕਤ ਕੀਤੀ?''

''ਕਿਸੇ ਨੇ ਨਾ ਕਹਿ ਬੀਰਾ.... ਮੇਰੇ ਆਪਣਿਆ ਨੇ ਕਹਿ। ਅੱਜ ਤੱਕ ਦੁੱਖ ਤਾਂ ਇਹੀ ਹੈ ਕਿ ਮੈਨੂੰ ਹਮੇਸ਼ਾ ਮੇਰੇ ਆਪਣਿਆਂ ਨੇ ਹੀ ਮੋਲਿਸਟ ਕੀਤਾ ਜੋ ਮੇਰੇ ਆਪਣੇ ਸਨ ਬਹੁਤ ਨੇੜੇ ਸਨ । ਜੇ ਓਪਰੇ ਇਹੋ ਜਿਹੀਆਂ ਹਰਕਤਾਂ ਕਰਦੇ ਤਾਂ ਮੈਨੂੰ ਓਨਾ ਦੁੱਖ ਨਹੀਂ ਹੋਣਾ ਸੀ ਜਿੰਨਾਂ ਹੁਣ ਹੈ, ਇਹ ਸਾਰੀਆਂ ਗਿੱਧਾਂ ਆਪਣੀਆਂ ਹੀ ਸਨ ਜੋ ਆਪਣਿਆਂ ਦਾ ਹੀ ਮਾਸ ਨੋਚਣ ਲਈ ਤਿਆਰ ਸਨ। ਧੀ ਚਾਹੇ ਚਾਲ੍ਹੀ ਵਰ੍ਹੇ ਪਹਿਲਾਂ ਦੀ ਹੋਵੇ ਚਾਹੇ ਅੱਜ ਦੀ, ਉਹ ਆਪਣੇ ਹੀ ਘਰ ਆਪਣਿਆਂ 'ਚ ਹੀ ਬਹੁਤੀ ਵਾਰ ਸੇਫ ਨਹੀਂ ਹੁੰਦੀ। ਤੇ ਜੇ ਉਹ ਆਵਾਜ਼ ਉਠਾ ਦੇਵੇ ਤਾਂ ਉਸ ਦੀ ਸੁਣਦਾ ਕੌਣ ਹੈ। ਖੁੱਦ ਔਰਤਾਂ ਨੂੰ ਹੀ ਬਹੁਤੀ ਵਾਰ ਆਖਦਿਆਂ ਸੁਣਿਆਂ ਹੈ, ''ਇਹਨੇ ਹੀ ਕੁੱਝ ਕੀਤਾ ਹੋਣਾ ਇਹਦੇ ਲੱਛਣ ਸ਼ੁਰੂ ਤੋਂ ਹੀ ਨਹੀਂ ਚੰਗੇ ਸੀ।''

ਬੀਰਾਂ ਇਹ ਕੋਈ ਬਾਹਰਲੇ ਨਹੀਂ ਹੁੰਦੇ ਆਪਣੇ ਪਰਿਵਾਰ ਦੇ ਜੀਆਂ ਵਿੱਚੋਂ ਹੀ ਹੁੰਦੇ ਹਨ ਜੋ ਤੁਹਾਡੀ ਗਲਤੀ ਨਾ ਹੋਣ 'ਤੇ ਵੀ ਤੁਹਾਡਾ ਕਰੈਕਟਰ ਐਸੀਨੇਸ਼ਨ ਕਰਨ ਲਈ ਤਿਆਰ ਬੈਠੇ ਹੁੰਦੇ ਹਨ, ਤੇ ਤੁਹਾਡੀ ਗਲਤੀ ਪਤਾ ਕੀ ਹੁੰਦੀ ਆ ਬਸ ਇਹ ਕੀ ਤੂੰ ਧੀ ਬਣ ਕੇ ਪੈਦਾ ਹੋਈ ਹੈ, ਇੱਕ ਔਰਤ ਹੈ ਬਸ।''

''ਇੰਨਾਂ ਆਖ ਕੇ ਉਹ ਰਸੋਈ ਵੱਲ ਚੱਲੇ ਗਈ। ਮੈਂ ਸੋਚਿਆ ਕਿ ਸ਼ਾਇਦ ਟਾਇਲਟ ਗਏ ਹੋਣਗੇ। ਕੁੱਝ ਸਮੇਂ ਬਾਅਦ ਵਾਪਸ ਆਈ ਤਾਂ ਕੌਲੀ ਵਿੱਚ ਭੁੱਜੇ ਹੋਏ ਡ੍ਰਾਈ ਫਰੂਟ ਤੇ ਹੋਰ ਛੋਟੇ ਮੋਟੇ ਸਨੈਕਸ ਲੈ ਕੇ ਆਈ।

''ਲੈ ਫੜ ਕੁਝ ਖਾ ਲੈ.... ਤੂੰ ਵੀ ਸੋਚਦੀ ਹੋਣੀ ਕਿੱਥੇ ਅੱਜ ਇਸ ਅੱਧਖੜ ਆਂਟੀ ਦੇ ਵੱਸ ਪੈ ਗਈ। ਆਪਣੇ ਰੋਣੇ ਨਹੀਂ ਮੁੱਕਦੇ ਇਸ ਦੇ। ਪਤਾ ਨਹੀਂ ਹਾਲੇ ਹੋਰ ਕਿੰਨੇ ਕਾਂਡ ਸੁਣਾਏਗੀ।''

ਬੀਰਾ ਹਰ ਇੱਕ ਨਾਲ ਦਿਲ ਦਾ ਦਰਦ ਨਹੀ ਫੋਲਿਆ ਜਾਂਦਾ। ਲੋਕ ਤੁਹਾਡਾ ਦਰਦ ਨਹੀ ਸਮਝਦੇ। ਹਰ ਕਿਸੇ ਨੂੰ ਆਪਣੀ ਪੀੜ੍ਹ ਜ਼ਿਆਦਾ ਮਹਿਸੂਸ ਹੁੰਦੀ ਹੈ, ਤੇ ਦੂਜੇ ਦੀ ਪੀੜ੍ਹ ਬਸ ਇੱਕ ਸੈਡ ਸਟੋਰੀ... ਜਿਸ ਨੂੰ ਸੁਣਨਾ ਤਾਂ ਹਰ ਕੋਈ ਚਾਹੁੰਦਾ ਹੈ ਪਰ ਸਮਝਦਾ ਨਹੀਂ ਤੇ ਅਗਾਂਹ ਦੋ-ਚਾਰ ਗੱਲਾਂ ਹੋਰ ਜੋੜ ਕੇ ਕਿਸੇ ਹੋਰ ਨੂੰ ਸੁਣਾ ਦਿਓ। ਮੈਂ ਜ਼ਿੰਦਗੀ ਵਿੱਚ ਇੰਨਾਂ ਕੁੱਝ ਦੇਖ ਲਿਆ ਬੀਰਾ ਕਿ ਕਿਸੇ 'ਤੇ ਯਕੀਨ ਕਰਨ ਦਾ ਮਨ ਹੀ ਨਹੀਂ ਕਰਦਾ। ਆਹ ਤਾਂ ਪਤਾ ਨਹੀ ਅੱਜ ਮੇਰਾ ਮਨ ਕਿਵੇਂ ਤੇਰੇ 'ਤੇ ਵਿਸ਼ਵਾਸ ਕਰ ਗਿਆ ਜੋ ਮੈਂ ਆਪਣਾ ਮਨ ਤੇਰੇ ਅੱਗੇ ਖੋਲ ਤਾਂ। ਤੇ ਤੂੰ ਅੱਜ ਫਸ ਗਈ ਇਸ ਆਂਟੀ ਦੇ ਚੱਕਰ 'ਚ।

''ਨਹੀਂ-ਨਹੀਂ ਇਸ ਤਰ੍ਹਾਂ ਨਹੀਂ ਹੈ ਸਗੋਂ ਤੁਹਾਡੀ ਡਾਇਰੀ ਪੜ੍ਹਨ ਤੋਂ ਬਾਅਦ ਤਾਂ ਮੈ ਖੁੱਦ ਤੁਹਾਡੇ ਨਾਲ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੀ ਸੀ।''

''ਠੀਕ ਹੈ, ਲੈ ਇੱਕ ਵੱਜ ਗਿਆ ਸਮੇਂ ਦਾ ਪਤਾ ਹੀ ਨਹੀਂ ਚੱਲਿਆ। ਤੂੰ ਸਵੇਰੇ ਕੰਮ 'ਤੇ ਵੀ ਜਾਣਾ ਹੋਵੇਗਾ ਜੇ ਸੌਣਾ ਚਾਹੁੰਦੀ ਹੈ ਤਾਂ ਉੱਪਰ ਜਾ ਕੇ ਸੌਂ ਸਕਦੀ ਹੈ ਮੈਨੂੰ ਮਾਇੰਡ ਨਹੀਂ।''

ਇੱਕ ਵਾਰ ਫਿਰ ਉਸ ਨੇ ਮੈਨੂੰ ਸੌਣ ਦੀ ਆਫਰ ਦਿੱਤੀ, ਸ਼ਾਇਦ ਉਸ ਨੂੰ ਮੇਰੇ ਸਵੇਰੇ ਕੰਮ 'ਤੇ ਜਾਣ ਦੀ ਚਿੰਤਾ ਸੀ । ਪਰ ਮੇਰਾ ਮਨ ਉਸ ਦੀਆਂ ਗੱਲਾਂ ਸੁਣਨ ਦਾ ਉਸ ਦੇ ਦਰਦ ਸਾਂਝੇ ਕਰਨ ਦਾ ਸੀ। ਪਤਾ ਨਹੀਂ ਜ਼ਿੰਦਗੀ 'ਚ ਫਿਰ ਕਦੀ ਇਹ ਇਸ ਰਾਤ ਵਾਲਾ ਮੌਕਾ ਮਿਲਣਾ ਸੀ ਜਾਂ ਨਹੀਂ।

''ਨਹੀਂ ਨਹੀਂ ਮੈਂ ਬਿਲਕੁੱਲ ਠੀਕ ਹਾਂ ਨਾਲੇ ਆਹ ਤੁਹਾਡੇ ਸਨੈਕਸ ਹਨ ਉਹ ਖਾਂਦੇ ਹਾਂ ਤੇ ਜੇ ਫਿਰ ਵੀ ਨੀਂਦ ਆਈ ਤਾਂ ਤੁਹ-ਡੇ ਹੱਥਾਂ ਦੀ ਬਣਾਈ ਸਵਾਦ ਕੌਫੀ ਮੰਗ ਲਵਾਂਗੀ ਫਿਰ ਕਿੱਥੋਂ ਨੀਂਦ ਆਉਣੀ।''

ਮੇਰੀ ਗੱਲ ਸੁਣ ਕੇ ਉਹ ਹੱਸ ਪਈ....ਇੰਝ ਲੱਗਾ ਜਿਵੇਂ ਅੱਜ ਵਰ੍ਹਿਆਂ ਬਾਅਦ ਉਹ ਹੱਸੀ ਹੋਵੇ। ਮੈਂ ਉਸ ਦੇ ਚਿਹਰੇ ਵੱਲ ਵੇਖੀ ਜਾ ਰਹੀ ਸੀ। ਕਿਸੇ ਰਾਂਝੇ ਦੀ ਹੀਰ ਨਾਲੋਂ ਵੱਧ ਸੋਹਣੀ ਸੀ। ਚਾਲੀ ਵਰ੍ਹੇ ਟੱਪਣ ਤੋਂ ਬਾਅਦ ਵੀ ਉਸ ਦੀ ਖ਼ੂਬਸੂਰਤੀ 'ਚ ਮਾੜਾ ਫਰਕ ਨਹੀਂ ਸੀ। ਇੱਕ ਦਮ ਫਿੱਟ ਸਰੀਰ ਮਾੜਾ ਮੋਟਾਪਾ ਨਹੀਂ ਸਰੀਰ ਤੇ। ਨਾ ਮੂੰਹ ਤੇ ਕੋਈ ਝੁੱਰੜੀ। ਇੱਕ ਦਮ ਨਵੀਂ ਨਕੋਰ ਸੱਜ-ਵਿਆਹੀ ਵਰਗੀ ਲਿਸ਼ਕਦਾ ਰੂਪ। ਉਸ ਦੇ ਚਿਹਰੇ ਤੋਂ ਨਜ਼ਰ ਹਟਾਉਣ ਨੂੰ ਮਨ ਹੀ ਨਹੀਂ ਕਰਦਾ ਸੀ, ਗੱਲ ਵੀ ਕਰਦੀ ਤਾਂ ਇੰਨੀ ਸਹਿਜਤਾ ਨਾਲ ਕਿ ਜਿਵੇਂ ਬੋਲਦੀ ਨਹੀਂ ਕੋਈ ਜਾਦੂ ਬਿਖੇਰਦੀ ਹੋਵੇ। ਸੱਚੀ ਮੈਂ ਜਿੰਨੀ ਸਿਫਤ ਕਰਾਂ ਓਨੀ ਸੋਹਣੀ ਸੀ ਉਹ। ਹਾਏ ਇੰਨੇ ਵਧੀਆ ਇਨਸਾਨ ਨਾਲ ਵੀ ਇੰਨਾਂ ਕੁੱਝ ਹੋ ਸਕਦਾ ਹੈ, ਮੈਂ ਸੋਚ-ਸੋਚ ਹੈਰਾਨ ਹੋ ਰਹੀ ਸਾਂ। ਮੈਂ ਉਸ ਦੀਆਂ ਬਹੁਤ ਲਿੱਖਤਾਂ ਪੜ੍ਹੀਆਂ ਸਨ ਅਤੇ ਅੱਜ ਉਸ ਨੂੰ ਪਰਸਨਲੀ ਮਿਲੀ ਸੀ ਉਹ ਬਹੁਤ ਹੀ ਵਧੀਆ ਲੇਖਕਾ ਸੀ ਅਤੇ ਚੰਗੇ ਸੁਭਾਅ ਦੀ ਵੀ ।

''ਅਗਾਂਹ ਫਿਰ ਕੀ ਹੋਇਆ ਤੁਹਾਡੀ ਜ਼ਿੰਦਗੀ 'ਚ?''

ਮੈ ਅਗਾਂਹ ਗੱਲ ਤੋਰ ਲਈ ।

''ਅਗਾਂਹ!''

ਅਗਾਂਹ ਕੀ ਹੋਇਆ ਆਖ ਕੇ ਉਹ ਕਿੰਨੀ ਦੇਰ ਚੁੱਪ ਰਹੀ। ਫਿਰ ਆਪੇ ਬੋਲਣ ਲੱਗ ਗਈ। ''ਮੈ ਸੋਲਾਂ ਵਰ੍ਹਿਆਂ ਦੀ ਹੋ ਗਈ ਸੀ। ਕਾਲਜ ਜਾਣ ਲੱਗ ਗਈ ਸੀ। ਮਾਂ ਦਾ ਲਾਣਾ ਬੜਾ ਵੱਡਾ ਸੀ ਅਕਸਰ ਕਿਸੇ ਨਾ ਕਿਸੇ ਦਾ ਵਿਆਹ, ਕੁੜਮਾਈ ਆਇਆ ਹੀ ਰਹਿੰਦਾ। ਮੈਂ ਕਦੇ ਮਾਂ ਨਾਲ ਨਾ ਜਾਂਦੀ ਕਿਉਂਕਿ ਮੈਨੂੰ ਇਹ ਸਭ ਸ਼ੋਰ-ਸ਼ਰਾਬਾ ਹੀ ਲੱਗਦਾ ਸੀ ।ਪਰ ਹੁਣ ਮਾਂ ਮੈਨੂੰ ਜ਼ਬਰਦਸਤੀ ਨਾਲ ਲੈ ਕੇ ਤੁਰਦੀ । ਉਹ ਸੋਚਦੇ ਕਿ ਲੋਕਾਂ ਦੇ ਵਿਆਹ ਦੇਖਗੀ ਤਾਂ ਦੀਨ-ਦੁਨੀਆਂ ਦਾ ਪਤਾ ਲੱਗੇਗਾ ।

ਚਲਦਾ....

# ਢਾਡੀ ਕਲਾ ਦਾ ਬਹੁਮੁੱਲਾ ਹੀਰਾ – ਗਿਆਨੀ ਦਇਆ ਸਿੰਘ ਦਿਲਬਰ

(26 ਜਨਵਰੀ ਲਈ) ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਢਾਡੀ ਕਲਾ ਪੰਜਾਬ ਦੇ ਲੋਕ-ਸੰਗੀਤ ਦਾ ਇਕ ਅਹਿਮ ਅੰਗ ਹੀ ਨਹੀਂ, ਸਗੋਂ ਪੰਜਾਬ ਦੀ ਧਰਤੀ ਦਾ ਕੀਮਤੀ ਵਿਰਸਾ ਵੀ ਹੈ। ਪੰਜਾਬ ਦੇ ਆਮ ਪੇਂਡੂ ਇਲਾਕੇ ਦੇ ਲੋਕਾਂ ਵਿੱਚ ਪੰਜਾਬ ਦੇ ਇਤਿਹਾਸ ਦਾ ਸੰਚਾਰ ਕਰਨ ਲਈ ਇਸ ਢਾਡੀ ਕਲਾ ਦਾ ਵੱਡਾ ਯੋਗਦਾਨ ਹੈ। ਵੀਹਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਇਸ ਕਲਾ ਨੂੰ ਸੰਭਾਲਣ ਲਈ ਜਿਹੜਾ ਯੋਗਦਾਨ ਮਰਹੂਮ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਨੇ ਪਾਇਆ, ਉਸ ਦਾ ਜ਼ਿਕਰ ਸ਼ਬਦਾਂ ਦਾ ਮੁਹਤਾਜ ਨਹੀਂ। ਗਿਆਨੀ ਦਇਆ ਸਿੰਘ ਦਿਲਬਰ ਇਕੋ ਸਮੇਂ ਅਨੇਕਾਂ ਗੁਣਾਂ ਨੂੰ ਲੈ ਕੇ ਇਸ ਸਾਂਝੇ ਪੰਜਾਬ ਦੀ ਧਰਤੀ 'ਤੇ ਜਨਮਿਆ। ਦਿਲਬਰ ਜਿਥੇ ਗੁਰਮਤਿ ਸਿਧਾਂਤਾਂ ਦਾ ਵਿਦਵਾਨ ਸੀ, ਉਥੇ ਨਿਧੜਕ ਵਕਤਾ, ਕਲਮ ਦਾ ਧਨੀ, ਢਾਡੀ ਕਲਾ ਦਾ ਬੇਤਾਜ ਬਾਦਸ਼ਾਹ ਅਤੇ ਪੰਥਕ ਸਟੇਜਾਂ ਦਾ ਸ਼ਿੰਗਾਰ ਸੀ। ਉਹ ਸ਼ਬਦਾਂ ਦਾ ਜਾਦੂਗਰ ਸੀ। ਘੰਟਿਆਂ ਬੱਧੀ ਸੰਗਤ ਮੰਤਰ ਮੁਗਧ ਹੋ ਕੇ ਬੈਠੀਆਂ ਜੈਕਾਰੇ ਗੁੰਜਾਉਂਦੀਆਂ ਆਪਾ ਭੁੱਲ ਕੇ ਉਸ ਨੂੰ ਭਰਪੂਰ ਦਾਦ ਦਿੰਦੀਆਂ ਸਨ।

ਢਾਡੀ ਦਇਆ ਸਿੰਘ ਦਿਲਬਰ ਦਾ ਜਨਮ 9 ਨਵੰਬਰ, 1930 ਨੂੰ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਸਹਾਰੀ ਵਿਖੇ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਹੋਇਆ। 17 ਕੁ ਵਰ੍ਹਿਆਂ ਦੀ ਉਮਰ ਵਿੱਚ ਦਿਲਬਰ ਆਪਣੇ ਮਾਤਾ ਪਿਤਾ ਨਾਲ ਦੇਸ਼ ਦੀ ਵੰਡ ਨਾਲ ਦੁੱਖਾਂ ਤਕਲੀਫਾਂ ਦਾ ਝੰਬਿਆ, ਬਾਕੀ ਰਿਫੂਜੀਆਂ ਵਾਂਗ ਉਜਾੜੇ ਦੀ ਪੀੜ੍ਹਾ ਨੂੰ ਹੰਢਾਉਂਦਿਆਂ ਮੌਜੂਦਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਨੇੜੇ ਪਿੰਡ ਸਲੋਅ ਪਹੁੰਚ ਗਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਮਰਹੂਮ ਲੇਖਕ ਅਤੇ ਢਾਡੀ ਕਲਾ ਦੇ ਧਰੂ-ਤਾਰੇ ਗਿਆਨੀ ਸੋਹਣ ਸਿੰਘ ਸੀਤਲ ਨੂੰ ਪੰਥਕ ਸਟੇਜਾਂ ਤੋਂ ਬੋਲਦਿਆਂ ਸੁਣ ਕੇ ਅੰਤਰ ਆਤਮਾ ਤੋਂ ਢਾਡੀ ਬਣਨ ਦਾ ਨਿਰਣਾ ਲੈ ਚੁੱਕਾ ਸੀ। ਕਵੀਸ਼ਰੀ ਲਈ ਸ. ਕਰਤਾਰ ਸਿੰਘ ਬੀਰਮਪੁਰ ਨੂੰ ਆਪਣਾ ਉਸਤਾਦ ਧਾਰਿਆ। ਚੜ੍ਹਦੇ ਪੰਜਾਬ ਵਿੱਚ ਆ ਕੇ ਢਾਡੀ ਜਥਾ ਬਣਾਇਆ। ਕਲਮ ਦਾਰ ਵਜੋਂ ਅਤੇ ਇਕ ਸਫਲ ਕਵੀ ਵਜੋਂ ਬੀਰ ਰਸੀ ਵਾਰਾਂ ਦੀ ਰਚਨਾ ਕਰਕੇ ਵਾਰ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ।



ਲਗਪਗ 20 ਪੁਸਤਕਾਂ ਢਾਡੀ ਕਲਾ ਦੇ ਚਹੇਤੇ ਪਾਠਕਾਂ ਦੀ ਝੋਲੀ ਵਿੱਚ ਪਾਈਆਂ। ਜਦੋਂ ਸੀ. ਡੀ., ਵੀ. ਸੀ. ਡੀ. ਦਾ ਸਮਾਂ ਆਇਆ ਤਾਂ ਦਿਲਬਰ ਨੇ 50 ਤੋਂ 60 ਤੱਕ ਵੱਖ-ਵੱਖ ਐਲਬਮਾਂ ਵੱਖਰੀਆਂ-ਵੱਖਰੀਆਂ ਕੰਪਨੀਆਂ ਤੋਂ ਰਿਕਾਰਡ ਕਰਵਾ ਕੇ ਦੇਸ਼-ਵਿਦੇਸ਼ ਦੇ ਢਾਡੀ ਕਲਾ ਦੇ ਸਰੋਤਿਆਂ ਦੀ ਵਾਹ-ਵਾਹ ਖੱਟੀ।

ਦੇਸ਼-ਵਿਦੇਸ਼ ਦੀਆਂ ਨਾਮਵਰ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਤੋਂ ਸੈਂਕੜੇ ਮਾਣ-ਸਨਮਾਨ ਪ੍ਰਾਪਤ ਕੀਤੇ। 1979 ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੋਨੇ ਦੇ ਢਾਈ ਤੋਲੇ ਦੇ ਮੈਡਲ, ਦੁਸ਼ਾਲੇ ਅਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ। 1994 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਢਾਡੀ ਪੁਰਸਕਾਰ ਮਿਲਿਆ। ਪ੍ਰੋਫੈਸਰ ਮੋਹਨ ਸਿੰਘ ਮੇਲੇ ਅਤੇ ਸ਼ੌਕੀ ਮੇਲੇ 'ਤੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚਾਰ ਸੌ ਸਾਲਾ ਯਾਦਗਾਰੀ ਸਥਾਪਨਾ ਸਮਾਗਮਾਂ ਸਮੇਂ ਪੰਜਾਬ ਸਰਕਾਰ ਵੱਲੋਂ ਮਿਲਿਆ ਵਿਸ਼ੇਸ਼ ਸਨਮਾਨ ਵੀ ਦਿਲਬਰ ਦੀ ਵਿਸ਼ੇਸ਼ ਪ੍ਰਾਪਤੀ ਸੀ।

26 ਜਨਵਰੀ, 2006 ਨੂੰ ਜਦੋਂ ਸਮੁੱਚਾ ਦੇਸ਼ ਗਣਤੰਤਰ ਦਿਵਸ ਦੀ ਵਰ੍ਹੇਗੰਢ ਮਨਾਉਣ ਵਿੱਚ ਮਸ਼ਰੂਫ਼ ਸੀ, ਉਸੇ ਦਿਨ ਕੌਮ ਦਾ ਇਹ ਹੀਰਾ ਪੁੱਤਰ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਗੁਰੂ ਦੀ ਗੋਦ ਵਿੱਚ ਬਿਰਾਜ ਰਿਹਾ ਸੀ। ਅੱਜ ਢਾਡੀ ਕਲਾ ਦੇ ਇਸ ਬੇਸ਼ਕੀਮਤੀ ਹੀਰੇ ਗਿਆਨੀ ਦਇਆ ਸਿੰਘ ਦਿਲਬਰ ਨੂੰ ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸੰਗਤ ਅਤੇ ਢਾਡੀ ਕਲਾ ਦੇ ਪ੍ਰਸ਼ੰਸਕ, ਗਹਿਰ-ਗੰਭੀਰ ਸਰੋਤੇ ਹਿਰਦੇ ਦੀਆਂ ਡੂੰਘਾਈਆਂ ਤੋਂ ਯਾਦ ਕਰ ਰਹੇ ਹਨ। ਅਜਿਹੇ ਗੁਣੀ ਇਨਸਾਨਾਂ ਦੀ ਘਾਟ ਕੌਮਾਂ ਦਾ ਨਾ-ਪੂਰਿਆ ਜਾਣ ਵਾਲਾ ਘਾਟਾ ਹੁੰਦਾ ਹੈ। ਅੱਜ ਦਿਲਬਰ ਦਾ ਯੋਗ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ ਪਿਤਾ ਪੁਰਖੀ ਵਿਰਾਸਤ ਨੂੰ ਸੰਭਾਲਣ ਲਈ ਲਗਾਤਾਰ ਯਤਨਸ਼ੀਲ ਹੈ।

# ਲਾਸ ਏਂਜਲਸ ਅੱਗ ਵਿਭਾਗ ਵਿਚ ਸਟਾਫ ਦੀ ਘਾਟ ਕਾਰਨ ਵੀ ਅੱਗ ਬੁਝਾਉਣ ਦੇ ਯਤਨ ਨਹੀਂ ਸਾਬਤ ਹੋ ਰਹੇ ਕਾਰਗਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਲਾਸ ਏਂਜਲਸ ਕਾਊਂਟੀ, ਕੈਲੀਫੋਰਨੀਆ, ਦੇ ਜੰਗਲਾਂ ਨੂੰ ਲੱਗੀ ਅੱਗ ਨੂੰ ਹਫਤਾ ਹੋਣ ਵਾਲਾ ਹੈ ਪਰੰਤੂ ਅਜੇ ਤੱਕ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ਾਂ ਨਾ ਕਾਫੀ ਸਾਬਤ ਹੋ ਰਹੀਆਂ ਹਨ। ਹੁਣ ਤੱਕ ਦੋ ਦਰਜਨ ਤੋਂ ਵਧ ਲੋਕ ਅੱਗ ਵਿਚ ਸੜ ਕੇ ਮਾਰੇ ਜਾ ਚੁੱਕੇ ਹਨ ਤੇ 40000 ਤੋਂ ਵਧ ਜੰਗਲ ਸੜ ਗਏ ਹਨ। ਇਸ ਤੋਂ ਇਲਾਵਾ 12000 ਤੋਂ ਵਧ ਇਮਾਰਤਾ ਅੱਗ ਦੀ ਭੇਟ ਹੋ ਚੁੱਕੀਆ ਹਨ। ਇਨਾਂ ਵਿਚ ਘਰ, ਸਕੂਲ ਤੇ ਕਾਰੋਬਾਰੀ ਇਮਾਰਤਾਂ ਸ਼ਾਮਿਲ ਹਨ। ਅੱਗ ਉਪਰ ਕਾਬੂ ਨਾ ਪਾ ਸਕਣ ਦੇ ਹੋਰ ਕਾਰਨਾਂ ਤੋਂ ਇਲਾਵਾ ਇਕ ਮੁੱਖ ਕਾਰਨ ਲਾਸ ਏਂਜਲਸ ਅੱਗ ਵਿਭਾਗ (ਐਲ ਏ ਐਫ ਡੀ) ਵਿਚ ਸਟਾਫ ਦੀ ਘਾਟ ਹੋਣਾ ਵੀ ਇਕ ਕਾਰਨ ਹੈ। ਅੱਗ ਲੱਗਣ ਤੋਂ ਇਕ ਮਹੀਨੇ ਦੇ ਵੀ ਘੱਟ ਸਮੇਂ ਤੋਂ ਪਹਿਲਾਂ ਸਿਟੀ ਹਾਲ ਵਿਚ ਇਕੱਠੇ ਹੋਏ ਲੱਬੇ ਸਮੇ ਤੋਂ ਕੰਮ ਕਰਦੇ ਆ ਰਹੇ ਅੱਗ ਬੁਝਾਉਣ ਵਾਲੇ ਸਟਾਫ ਨੇ ਸਾਧਨਾਂ ਦੀ ਘਾਟ ਦਾ ਮੁੱਦਾ ਉਠਾਇਆ ਸੀ ਤੇ ਕਿਹਾ ਸੀ ਕਿ ਲੱਖਾ ਡਾਲਰਾਂ ਦੀ ਕੀਮਤ ਵਾਲੇ ਅੱਗ ਬਝਾਉਣ ਵਾਲੇ ਟਰੱਕ ਮਕੈਨਿਕਾ ਦੀ ਘਾਟ ਕਾਰਨ ਚਿੱਟਾ ਹਾਥੀ ਬਣ ਗਏ ਹਨ। ਬਜਟ ਦੀ ਘਾਟ ਕਾਰਨ ਮਕੈਨਿਕਾ ਦੀ ਗਿਣਤੀ ਸੁੰਗੜ ਗਈ ਹੈ। ਸ਼ਹਿਰ ਦੇ ਅੱਗ ਵਿਭਾਗ ਦੀ ਯੂਨੀਅਨ ਦੇ ਪ੍ਰਧਾਨ ਫਰੇਡੀ ਐਸਕੋਬਰ ਨੇ ਕਿਹਾ ਸੀ ਕਿ "ਮੈਂ ਉਹ ਕਹਿਣ ਜਾ ਰਿਹਾ ਹਾਂ ਜੋ ਲੋਕ ਨਹੀਂ ਕਹਿ ਸਕਦੇ। ਜੇਕਰ ਅਸੀ ਇਕ ਅਸਾਮੀ ਘਟਾਉਂਦੇ ਹਾਂ, ਇਕ ਸਟੇਸ਼ਨ ਬੰਦ ਕਰਦੇ ਹਾਂ ਤਾਂ ਲਾਸ ਏਂਜਲਸ ਵਾਸੀਆਂ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ ਤੇ ਕੋਈ ਮਾਰਿਆ ਜਾਵੇਗਾ।" ਜੇਕਰ ਦੂਸਰੇ ਸ਼ਹਿਰਾਂ ਨਾਲ ਤੁਲਨਾ ਕਰੀਏ ਤਾਂ ਯੂਨੀਅਨ ਦੁਆਰਾ ਉਠਾਇਆ ਗਿਆ ਮੁੱਦਾ ਠੀਕ ਲੱਗਦਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਅਮਰੀਕਾ ਦੇ 10 ਵੱਡੇ ਸ਼ਹਿਰਾਂ ਦੀ ਤੁਲਨਾ ਵਿਚ ਲਾਸ ਏਂਜਲਸ ਫਾਇਰ ਵਿਭਾਗ (ਐਲ ਏ ਐਫ ਡੀ) ਵਿਚ ਸਟਾਫ ਘੱਟ ਹੈ ਜਿਸ ਕਾਰਨ ਰੋਜਾਨਾ ਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਤੇ ਵੱਡੀ ਪੱਧਰ 'ਤੇ ਲੱਗ ਰਹੀਆਂ ਅੱਗਾ ਦੀਆਂ ਘਟਨਾਵਾਂ ਨਾਲ ਨਜਿਠਣ ਵਿਚ ਮੁਸ਼ਕਿਲ ਆ ਰਹੀ ਹੈ। ਅਮਰੀਕਾ ਦੇ ਅੱਗ ਨਾਲ ਪ੍ਰਭਾਵਿਤ ਹੋਣ ਵਾਲੇ ਖਤਰਨਾਕ ਖੇਤਰਾਂ ਵਿਚ ਲਾਸ ਏਂਜਲਸ ਸ਼ਾਮਿਲ ਹੋਣ ਦੇ ਬਾਵਜੂਦ ਐਲ ਏ ਐਫ ਡੀ ਕੋਲ 1000 ਵਾਸੀਆਂ ਪਿੱਛੇ ਇਕ ਮੁਲਾਜਮ (ਫਾਇਰਫਾਈਟਰ) ਹੈ। ਸ਼ਿਕਾਗੋ, ਡਲਾਸ ਤੇ ਹਿਊਸਟਨ ਵਰਗੇ ਦੂਸਰੇ ਸ਼ਹਿਰਾਂ ਵਿਚ ਏਨੇ ਹੀ ਵਾਸੀਆਂ ਲਈ ਤਕਰੀਬਨ 2 ਮੁਲਾਜਮ ਹਨ। ਵੱਡੇ ਸ਼ਹਿਰਾਂ ਵਿਚ ਕੇਵਲ ਸੈਨ ਡਇਏਗੋ ਹੀ ਇਕ ਅਜਿਹਾ ਸ਼ਹਿਰ ਹੈ ਜਿਸ ਕੋਲ ਪ੍ਰਤੀ ਵਿਅਕਤੀ ਘੱਟ ਮੁਲਾਜ਼ਮ ਹਨ। ਸੈਨ ਫਰਾਂਸਿਸਕੋ ਕੋਲ 15 ਲੱਖ ਵਸੋਂ ਲਈ 1800 ਮੁਲਾਜ਼ਮ ਹਨ ਜਦ ਕਿ ਲਾਸ ਏਂਜਲਸ ਦੀ 40 ਲੱਖ ਆਬਾਦੀ ਲਈ 3500 ਮਲਾਜ਼ਮ ਨਿਸ਼ਚਤ ਕੀਤੇ ਗਏ ਹਨ। ਹਾਲਾਂ ਕਿ ਮਾਹਿਰ ਮੰਨਦੇ ਹਨ ਕਿ ਏਨੀ ਵੱਡੀ ਪੱਧਰ ਉਪਰ ਲਗੀ ਅੱਗ 'ਤੇ ਵਿਸ਼ਵ ਦਾ ਕੋਈ ਵੀ ਅੱਗ ਬੁਝਾਊ ਵਿਭਾਗ ਆਸਾਨੀ ਨਾਲ ਸਾਹਮਣਾ ਨਹੀਂ ਕਰ ਸਕਦਾ ਪਰੰਤੂ ਐਲ ਏ ਐਫ ਡੀ ਵਿਚ ਮੁਲਾਜਮਾਂ ਦੀ ਘਾਟ ਦਾ ਹੋਣਾ ਆਪਣੇ ਆਪ ਵਿਚ ਇਕ ਵੱਡਾ ਮੁੱਦਾ ਹੈ।

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕਰੌਲੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ**

ਕੰਮ – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਲੰਗਰ ਬਣਾਉਣ ਤੇ ਵਰਤਾਉਣ ਦੀ ਸੇਵਾ, ਗੁਰ-ਦੁਆਰੇ ਦੀ ਰਾਖੀ ਆਦਿ ਕਰਨੀ।
ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ। ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ।
ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ।
ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ
**7 ਫਰਵਰੀ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।**

**VACANCY for Tier-5 Religious Worker**

***1 Religious Worker Required:*** Role includes reciting from Guru Granth Sahib Ji. Perform Keertan (Singing Hymns), must be able to prepare and serve Langar, assisting the granthi at weddings, funerals etc..
***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.
***Pay and Conditions:*** Required to be residing within the Gurdwara. Work 25 hours per week, pay is national living wage and Statuary holiday pay.
***Closing Date 7th FEBRUARY 2025***

PLEASE APPLY TO ADDRESS BELOW OR CONTACT
J.S. BAJWA - Tel: +447976436245 WhatsApp only
Email: info@crawleygurdwara.org.uk
**SIRI GURU SINGH SABHA**
IFIELD GREEN CRAWLEY RH11 0NU

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੁ ਅੰਗਦ ਗੁਰ ਅੰਗੁ ਤੇ



ਗੁਰੂ ਸਾਹਿਬ ਜੀ ਦੇ ਹੁਕਮ ਮੁਤਾਬਕ ਜਿੱਥੇ ਖਡੂਰ ਵਿਖੇ ਗੁਰੂ ਅੰਗਦ ਸਾਹਿਬ ਜੀ ਛੇ ਮਹੀਨੇ ਅਲੋਪ ਰਹੇ ਓਥੇ ਅੱਜ ਕਲ੍ਹ ਗੁਰਦੁਆਰਾ ਮਾਈ ਭਿਰਾਈ ਜੀ ਸ਼ਸ਼ੋਭਤ ਹੈ ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ 17

ਗੁਰੂ ਅੰਗਦ ਸਾਹਿਬ ਜੀ ਨੇ ਜਾਨਣਾ ਚਾਹਿਆ ਤਾਂ ਭਾਈ ਜੀ ਨੇ ਕਿਹਾ,

'ਉਹ ਪਹਿਲਾਂ ਤਾਂ ਨਾ ਆਏ ਫਿਰ ਜਦੋਂ ਆਏ ਤਾਂ ਕਹਿਣ ਲਗੇ ਕਿ ਤੁਸੀਂ ਆਪਣੀ ਗੱਦੀ ਜੋ ਸਾਡਾ ਅਧਿਕਾਰ ਸੀ, ਉਹ ਵੀ ਅਤੇ ਬਾਣੀ ਦੀ ਪੋਥੀ ਵੀ ਤਾਂ ਲਹਿਣੇ ਨੂੰ ਦੇ ਦਿੱਤੀਆਂ, ਸਾਡਾ ਕੀਹ ਹੋਵੇਗਾ'? ਤਾਂ ਗੁਰੂ-ਬਾਬਾ ਜੀ ਨੇ ਕਿਹਾ,

'ਤੁਸੀਂ ਫ਼ਿਕਰ ਨ ਕਰੋ। ਅਸੀਂ ਲਹਿਣਾ ਜੀ ਨੂੰ ਆਪਣੀ ਥਾਂ 'ਤੇ ਬਿਠਾਉਣ ਸਮੇਂ ਸਿਰਫ਼ ਬਾਣੀ ਦੀ ਪੋਥੀ ਦਿੱਤੀ ਹੈ ਜਿਸ ਦਾ ਉਹ ਧੁਰੋਂ ਹੀ ਅਧਿਕਾਰੀ ਸੀ, ਤੁਸੀਂ ਭੁੱਲ ਕੇ ਵੀ ਕਦੀ ਉਸ ਦੀ ਰੀਸ ਨਹੀਂ ਕਰਨੀ। ਬਾਕੀ ਆਪਣਾ ਘਰ-ਬਾਰ ਸਭ ਕੁਝ ਤੁਹਾਡਾ ਹੈ। ਗੁਰੂ-ਘਰ ਦੇ ਤਾਂ ਕੁੱਤੇ ਵੀ ਕਦੀ ਭੁੱਖੇ ਨਹੀਂ ਰਹਿੰਦੇ, ਤੁਸੀਂ ਤਾਂ ਸਾਡੇ ਪੁੱਤ੍ਰ ਹੋ'।ਸਿਰ ਨਿਵਾ ਕੇ ਫਿਰ ਉਨ੍ਹਾਂ ਪੁੱਛਿਆ,

'ਪਹਿਲਾਂ ਤਾਂ ਇਸ ਸਮੇਂ ਆਪਣੇ ਵਿਚ ਬੈਦਕ-ਲੌਕਿਕ ਰੀਤਾਂ ਅਨੁਸਾਰ ਕਿਰਿਆ ਕਰਮ ਕੀਤੇ ਜਾਂਦੇ ਸਨ, ਹੁਣ ਆਪ ਜੀ ਦਾ ਕੀਹ ਹੁਕਮ ਹੈ'? ਗੁਰਦੇਵ ਜੀ ਨੇ ਕਿਹਾ,

'ਸਾਨੂੰ ਖ਼ੁਸ਼ੀ ਹੈ ਜੋ ਤੁਸਾਂ ਸਾਡੀ ਭਾਵਨਾ ਜਾਨਣੀ ਚਾਹੀ। ਜਦੋਂ ਵੀ ਕਦੇ ਫਿਰ ਅਜਿਹਾ ਸਮਾਂ ਬਣੇ ਤਾਂ ਗੁਰਮਤ ਅਨੁਸਾਰ ਚੱਲਣਾ, ਤੁਸੀਂ ਸਾਰੇ ਸਾਡੇ ਹੋ'। ਉਸ ਸਮੇਂ ਹਜ਼ੂਰ ਨੇ 'ਦੀਵਾ ਮੇਰਾ ਏਕੁ ਨਾਮੁ' ਪਵਿਤ੍ਰ ਸ਼ਬਦ ਸੁਣਾ ਕੇ ਸਭਨਾਂ ਦੇ ਭਰਮ ਨਵਿਰਤ ਕਰ ਦਿੱਤੇ।

ਆਸਾ ਮਹਲਾ 1॥
ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥1॥ ਲੋਕਾ ਮਤ ਕੋ ਫਕੜੁ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥1॥ ਰਹਾਉ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥2॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮੁ ਰਾਉ॥ ਸਚਾ ਨਾਵਣੁ ਤਾ ਥੀਐ ਜਾ ਅਹਿਨਿਸਿ ਲਾਗਾ ਭਾਉ॥3॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥4॥2॥32॥ ਗੁ.ਗ੍ਰ.ਸਾ. ਪੰਨਾ 358

ਦੋਹਰਾ॥ ਹੋਇ ਪ੍ਰਸੰਨ ਸਤਿਗੁਰ ਕਹਿਓ ਸੁਨੋ ਪੁਤ੍ਰ ਸਿਖ ਮਮ ਸੋਇ।
ਕਰਮ ਧਰਮ ਬਿਵਹਾਰ ਜਗ ਹਰਿ ਭਗਤਿ ਸਮਾਨ ਨ ਕੋਇ।36॥ ਮਹਿਮਾ ਪ੍ਰਕਾਸ਼

ਸੰਗਤਾਂ ਵੈਰਾਗੀ ਹਿਰਦੇ ਨਾਲ ਸ਼ਬਦ ਪੜ੍ਹ ਰਹੀਆਂ ਸਨ ਜਦੋਂ ਆਪ ਜੀ ਜੋਤੀ-ਜੋਤਿ ਸਮਾ ਗਏ। ਬਿਬਾਣ ਤਿਆਰ ਕਰ ਕੇ ਰਾਵੀ ਕਿਨਾਰੇ ਜਾ ਕੇ ਸਸਕਾਰ ਕਰ ਦਿੱਤਾ। ਸਾਰੀਆਂ ਸੰਗਤਾਂ ਮਿਲ ਕੇ ਸੋਹਿਲਾ ਪੜ੍ਹਿਆ।ਜਦੋਂ ਧਰਮਸਾਲ ਆਏ ਤਾਂ ਬਲਵੰਡ ਨੇ ਕੀਰਤਨ ਕੀਤਾ:

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥ ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥ ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥ ਕਾਂਇਆ ਹੰਸੁ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥ ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਲਿਖਾਇਆ॥ ਧੰਨੁ ਸਿਰੰਦਾ ਸਚਾ ਪਾਤਸਾਹੁ ਜਿਨਿ ਜਗੁ ਧੰਧੈ ਲਾਇਆ॥1॥ ਗੁ.ਗ੍ਰ.ਸਾ. ਪੰਨਾ 578

ਤਬ ਸਾਹਿਬਜਾਦਿਆ ਆਖਿਆ -ਜੋ ਗੁਰਗਦੀ ਗੁਰੂ ਅੰਗਦ ਜੀ ਕੋ ਬਖਸੀ, ਅਸੀ ਕਿਆ ਕਰਾਗੇ? ਤਬ ਬਾਬੇ ਜੀ ਆਖਿਆ -ਪੀਰਾ ਦੇ ਘਰ ਕੇ ਤੋ ਕੁਤਿਆ ਨੂੰ ਮੰਨਦੇ ਹੈ, ਤੁਸੀ ਤਾ ਮੇਰੇ ਪੁਤ੍ਰ ਹੋ/ਤੁਮ ਕੋ ਕਿਆ ਕਮੀ ਹੈ।ਇਆ ਗਲ ਕਰ ਕੇ ਬਾਬਾ ਜੀ ਜੋਤੀ ਜੋਤ ਸਮਾਏ। ਤਬ ਬਿਬਾਣ ਕੀਰਤਨ ਕਰਤੇ ਨਦੀ ਰਾਵੀ ਦੇ ਕਿਨਾਰੇ ਸਿਸਕਾਰਿਆ। ਬਡੇ ਭਜਨ ਅਨੰਦ ਹੋਏ।ਫਿਰ ਜਬ ਗੰਗਾ ਪਰਵਾਹ ਕੇ ਵਾਸਤੇ ਚਿਖਾ ਖੋਲਿਆ, ਅਸਤਿ ਲੇਨੇ ਲਗੇ ਤਬ ਕੋਈ ਸਰੀਰ ਕਾ ਅਕਾਰ ਨਜਰ ਨਾ ਆਇਆ। ਸਬ ਬਿਸਮਾਦ ਹੋਇ ਗਏ। ਧੰਨ ਬਾਬਾ ਨਾਨਕ ਸਤਿਗੁਰੁ ਪੂਰਾ ਜਾਪ ਜਪਦੇ ਸਭ ਘਰ ਕੋ ਆਏ। ਬੋਲੋ ਜੀ ਵਾਹਿਗੁਰੂ। ਧੰਨ ਗੁਰੂ ਸਤਿਗੁਰੂ। ਸੰਤ 1596 ਅਸੂ ਵਦੀ 10। ਕਨਾਰਤ/ਕਾਲਰਾਤ੍ਰਿ (ਹਨ੍ਹੇਰੀਆਂ ਰਾਤਾਂ) ਕੇ ਦਿਨ ਥੇ।ਸਾਖੀ 20

ਦੋਹਰਾ॥ ਤੁਮ ਤੋ ਮੇਰੇ ਪੁਤ੍ਰ ਹੋ
ਜਾਨੈ ਸਗਲ ਜਹਾਨ।
ਜੋ ਮੇਰਾ ਜਗ ਮੈ ਹੈ ਕੋਊ
ਤੁਮ ਕੋ ਲੇਵੈ ਮਾਨ।32॥...
ਦੋਹਰਾ॥ ਹੋਇ ਪ੍ਰਸੰਨ ਸਤਿਗੁਰ
ਕਹਿਓ ਸੁਨੋ ਪੁਤ੍ਰ ਸਿਖ ਮਮ ਸੋਇ।
ਕਰਮ ਧਰਮ ਬਿਵਹਾਰ ਜਗ ਹਰਿ
ਭਗਤ ਸਮਾਨ ਨ ਕੋਇ।36॥...
ਤਬ ਦਿਆਲ ਆਸਨ ਦ੍ਰਿੜ ਕੀਆ।
ਚਾਦਰ ਓਢ ਸਰੀਰ ਪਰ ਲੀਆ।
ਨਿਜ ਪਦ ਨਿਰਬਾਨ ਲੀਨ ਤਬ ਭਏ।
ਨਹੀ ਕਹੂੰ ਆਏ ਨਹੀ ਕਹੂੰ ਗਏ।38॥...
ਸੁਚ ਪਵਿਤ੍ਰ ਬਿਬਾਨ ਤਬ ਕਰਾ।
ਨਿਰਮਲ ਸਰੀਰ ਤਾ ਊਪਰਿ ਧਰਾ।42॥
ਉਜਲ ਬਸਤ੍ਰ ਊਪਰਿ ਓਢਾਏ।
ਕਰਤੇ ਭਜਨ ਨਦੀ ਪਰ ਆਏ।
ਚੰਦਨ ਚਿਤਾ ਪੁਨ ਬਨੀ ਸਵਾਰ।
ਪਾਵਨ ਸਰੀਰ ਧਰ ਕੀਆ ਸਿਸਕਾਰ।43॥...
ਦੋਹਰਾ॥
ਬੇਦੀ ਕੁਲ ਕਾਲੂ ਪਿਤਾ
ਮਾਤਾ ਤਿਪਰੋ ਤਾਸ।
ਗੁਰ ਨਾਨਕ ਘੁਮੀ ਪਤੈ
ਸੁਤ ਸ੍ਰੀ ਚੰਦ ਲਖਮੀ ਦਾਸ।46॥
ਅਧਿਆਇ 65, ਮਹਿਮਾ ਪ੍ਰਕਾਸ਼
ਅਸੂ ਵਦੀ ਦਸਮੀ
ਸੰਮਤ ਪੰਦਰਾਂ ਸੈ ਛਿਆਨਵੇਂ।
ਸਵਾਰਾ ਕਰਿ ਗਏ ਗੁਰੂ ਨਾਨਕ
ਅਪਨੇ ਸੁਰਪੁਰ ਥਾਨਵੇ।
'ਅੰਗਦ' ਗੁਰਿਆਈ ਲੈ
ਆਇਆ ਖਡੂਰ।....।32॥
ਬਚਨ ਗੁਰੂ ਨਾਨਕ ਜੀ ਸੀ ਇਹ ਕੀਤਾ।
'ਗੁਰਾਂ ਦੇ ਕੁੱਤੇ ਹੈਨਿ ਮੰਨੀਦੇ
ਤੁਸੀ ਅੰਸ ਹੋ ਮੀਤਾ'!64॥ ਬੰਸਾਵਲੀਨਾਮਾ

ਸਤਿਗੁਰਾਂ ਦੇ ਨੇਤ੍ਰ ਮੁੰਦੇ ਹੋਏ ਸਨ ਜਦੋਂ ਫਰਕਦੇ ਹੋਠਾਂ ਵਿਚੋਂ ਬੋਲ ਸਾਰਿਆਂ ਦੇ ਕੰਨੀਂ ਪੈਣ ਲਗੇ:

ਮ:2॥ ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ
ਪਾਛੈ ਜੀਵਣਾ॥2॥ ਗੁ.ਗ੍ਰ.ਸਾ. ਪੰਨਾ 83

ਇਸ ਪਾਵਨ ਸ਼ਲੋਕ ਨੂੰ ਇਕ ਫਿਰ ਦੁਹਰਾਇਆ ਅਰ ਖ਼ਾਮੋਸ਼ ਹੋ ਗਏ, ਬੱਸ! ਹਿਰਦੇ ਦੀ ਆਵਸਥਾ ਸਾਰੇ ਜਾਣ ਗਏ ਸਨ। ਸਭਨਾਂ ਦੇ ਨੇਤ੍ਰ ਸੱਜਲ ਸਨ।

### ਪਰੰਪਰਾ

ਪਿਛਲੇ ਤਕਰੀਬਨ ਦੋ ਸੌ ਸਾਲ ਤੋਂ ਕੁਝ ਸਿੱਖ ਇਤਿਹਾਸਕਾਰ ਹਜ਼ੂਰ ਦੇ ਪ੍ਰਲੋਕ ਗਮਨ ਕਰਨ ਸਮੇਂ ਦੇ ਵਰਤੇ ਕੌਤਕ ਦਾ ਵੀ ਥੋੜੇ-ਥੋੜੇ ਫ਼ਰਕ ਨਾਲ ਬਿਆਨ ਕਰਦੇ ਹਨ। ਉਨ੍ਹਾਂ ਅਨੁਸਾਰ ਉਸ ਸਮੇਂ ਕੁਝ ਮੁਰੀਦ ਮੁਸਲਮਾਨ ਹੱਠ ਕਰਨ ਲਗੇ ਕਿ ਗੁਰੂ-ਬਾਬਾ ਜੀ ਸਾਡੇ ਵੀ ਪੈਗੰਬਰ ਹਨ, ਅਸੀਂ ਆਪਣੀ ਪਰੰਪਰਾ ਅਨੁਸਾਰ ਉਨ੍ਹਾਂ ਦੀ ਦੇਹ ਦਫ਼ਨਾਵਾਂਗੇ ਜਦ ਕਿ ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ ਨਹੀਂ ਅਸੀਂ ਸਸਕਾਰਾਂਗੇ। ਇਸ ਖਿਚਾਅ ਦੌਰਾਨ ਜਦੋਂ ਉਨ੍ਹਾਂ ਗੁਰੂ ਸਾਹਿਬ ਦੀ ਦੇਹ ਤੋਂ ਚਾਦਰ ਚੁੱਕੀ ਤਾਂ ਦੇਹ ਅਲੋਪ ਸੀ। ਕੇਵਲ ਕੁਝ ਫੁੱਲ ਪਏ ਸਨ ਜੋ ਦੋਹਾਂ ਧਿਰਾਂ ਨੇ ਚਾਦਰ ਸਹਿਤ ਅੱਧੋ-ਅੱਧ ਵੰਡ ਕੇ ਆਪਣੀ ਪਰੰਪਰਾ ਅਨੁਸਾਰ ਸਸਕਾਰੇ ਜਾਂ ਦਫ਼ਨਾਏ। ਦੋਹਾਂ ਨੇ ਪਿਆਰ ਨਿਸ਼ਾਨੀ ਤੌਰ 'ਤੇ ਕਬਰ ਅਰ ਖੂਹ ਬਣਾਇਆ ਜੋ ਅਜੇ ਵੀ ਦੇਖੇ ਜਾਂਦੇ ਹਨ। ਕੇਸਰ ਸਿੰਘ ਛਿੱਬਰ ਜੀ ਦੀ ਗਵਾਹੀ ਅਨੁਸਾਰ:

ੳ. ਲਾਸ਼ ਸਾਹਿਬ ਦੀ ਅੰਦਰ ਸੀ ਪਈ।
ਚਾਦਰ ਚਉਪਟੀ ਹੈ ਸੀ ਉਪਰਿ ਪਈ।
ਤਤੇ (ਮੁਸਲਮਾਨ) ਆਖਣ, 'ਅਸੀਂ ਦਬਾਂਗੇ ਵਿਚ ਕਬਰ।
ਇਹ ਅਸਾਡਾ ਹੈ ਪੈਗੰਬਰ'।66॥
ਸਾਹਿਬਜ਼ਾਦੇ ਆਖਣ, 'ਅਸਾਂ ਕਰਨਾ ਹੈ ਸਿਸਕਾਰ'।
ਅੰਦਰ ਮੁਰਦਾ ਝਗੜਾ ਬਾਹਰਵਾਰ...।67॥
ਸਭ ਲੁਕਾਈ ਅੰਦਰਿ ਵੇਖਣ ਗਈ।
ਕਿਆ ਦੇਖਣ ਖਾਲੀ ਚਾਦਰ ਹੈ ਪਈ।
ਦੋ ਪਟ ਲਈ ਤਤਿਆਂ ਦੋ ਪਟ ਲਈ ਇਨੀਂ।
ਤੱਤਿਆਂ ਦਬ ਮਸੀਤ ਕਰਿ ਲੀਨੀ।69॥
ਏਨ੍ਹਾਂ ਸਾੜ ਕੇ ਚਿਖਾ ਬਨਾਈ।...
ਏਨ੍ਹਾਂ ਜਾਗ੍ਹਾ ਖੋਦ ਤਹਾਂ ਕੂਆਂ ਕੀਆ।
ਉਨ੍ਹਾਂ ਪਾਸ ਬਣਾਇ ਮਕਤਬ ਲੀਆ।70॥
ਉਹ ਮਸੀਤ ਤੇ ਕੂਆ ਦੋਨੋਂ ਹਨ ਇਕਠੇ,
ਅਸਾਂ ਅਖੀਂ ਡਿਠੇ ਜਾਈ।
ਉਸ ਕੂਏ ਤੇ ਇਸਨਾਨ ਅਸਾਂ ਭੀ ਹੈ ਕੀਤਾ।
ਉਸ ਕੂਏ ਦਾ ਜਲ ਅਸਾਂ ਭੀ ਹੈ ਪੀਤਾ।72॥ਪਹਿਲਾ ਅਧਿਆਇ,
ਬੰਸਾਵਲੀਨਾਮਾ 1769 ਈਸਵੀ
ਅ. ਛਪਯ ਛੰਦ॥ ਤੁਰਕਨ ਅੰਬਰ ਅਰਧ,
(ਅੱਧੀ ਚਾਦਰ ਤੁਰਕਾਂ ਨੇ)
ਅਰਧ ਹਿੰਦੁਨ ਤਬ ਲੀਆ
(ਅੱਧੀ ਹਿੰਦੂਆਂ ਲੈ ਲਈ)।
ਸਗਰ ਝਗਰ ਗਯਾ ਨਿਬਰ,
(ਸਾਰਾ ਰੌਲਾ ਖਤਮ ਹੋਇਆ)
ਹਰਖ ਉਰ ਦੁਹਾਂ ਦਿਸ਼ ਥੀਆ
(ਦੋਵੇਂ ਸੰਤੁਸ਼ਟ ਸਨ)।
ਸਿੱਖਨ ਲੇ ਕਰਿ ਚੀਰ,
(ਸਿੱਖਾਂ ਨੇ ਚਾਦਰ ਲੈ ਕੇ)
ਚਿਤਾ ਚੰਦਨ ਕੀ ਰਚਿ ਕਰਿ
(ਚੰਦਨ ਦੀ ਚਿਖਾ ਬਣਾ ਕੇ)।
ਨਿਜ ਮੁਖ ਜਹਿਂ ਗੁਰਿ ਕਹਯੋ,
(ਜਿਥੇ ਗੁਰੂ ਸਾਹਿਬ ਨੇ ਕਿਹਾ ਸੀ)
ਤਹਾਂ ਦੀਏ ਦਾਹ ਭਲੇ ਧਰਿ
(ਓਥੇ ਰਖ ਕੇ ਸਸਕਾਰ ਦਿੱਤੀ)।
ਪੁਨ ਹੁਤੇ ਮੁਰੀਦ ਸੁ ਅਰਧ ਲੇ,
(ਤੁਰਕਾਂ ਨੇ ਅੱਧੀ ਲੈ ਕੇ)
ਨੀਕੇ ਤਹਿਂ ਦਫ਼ਨਾਇ ਦੀਯ
(ਨੇੜੇ ਹੀ ਚੰਗੀ ਤਰਹ ਦਬਾ ਦਿੱਤੀ)।
ਇਉਂ ਬਾਦ ਬਿਖਾਦ ਮਿਟਾਇ ਸਭਿ,
(ਇਉਂ ਖਿਚਾਅ ਦੂਰ ਕਰ ਕੇ)
ਦੁਹੂੰ ਦਿਸ਼ਨ ਅਹਿਲਾਦ ਕਿਯ (ਦੋਵੇਂ ਧਿਰਾਂ ਸੰਤੁਸ਼ਟ ਹੋ ਗਈਆਂ)।89॥57॥
ਉਤਰਾਰਧਿ ਗੁਰੂ ਨਾਨਕ ਪ੍ਰਕਾਸ਼ 1833 ਈਸਵੀ

ਚਲਦਾ.....

# ਲੋਕਤੰਤਰ ਉਤੇ ਸਿੱਧਾ ਹਮਲਾ -ਮੁ.ਫਤ ਰਿਊੜੀਆਂ ਵੰਡਣ ਦੀ ਸਿਆਸਤ

ਗੁਰਮੀਤ ਸਿੰਘ ਪਲਾਹੀ
-9815802070



ਜਿਹਨਾ ਦੇਸ਼ਾਂ ਵਿੱਚ ਆਮ ਵੋਟਰ ਆਪਣੀ ਤਾਕਤ ਪੂਰੀ ਤਰ੍ਹਾਂ ਸਮਝਦੇ ਹਨ, ਉਥੇ ਉਹ ਸਿਆਸੀ ਨੇਤਾਵਾਂ ਨੂੰ ਆਪਣੀਆਂ ਉਂਗਲੀਆਂ ਉਥੇ ਨਚਾਉਣ ਦਾ ਕੰਮ ਕਰਦੇ ਹਨ। ਕੁਝ ਹੱਦ ਤੱਕ ਭਾਰਤ ਵਿੱਚ ਵੀ ਕੁਝ ਇਹੋ ਜਿਹਾ ਹੋਣ ਲੱਗਿਆ ਹੈ।

ਪਿਛਲੀਆਂ ਕੁਝ ਰਾਸ਼ਟਰੀ, ਸੂਬਾਈ ਚੋਣਾਂ ਵਿੱਚ ਵੇਖਿਆ ਜਾ ਰਿਹਾ ਹੈ ਕਿ ਦੇਸ਼ ਦੀਆਂ ਔਰਤਾਂ ਆਪਣਾ ਵੋਟ ਦੇਣ ਲਈ ਪੂਰੇ ਉਤਸ਼ਾਹ ਨਾਲ ਵੋਟ-ਬੂਥਾਂ 'ਤੇ ਦਿੱਸਦੀਆਂ ਹਨ, ਖ਼ਾਸ ਕਰਕੇ ਉਸ ਵੇਲੇ ਜਦੋਂ ਵੀ ਕਿਸੇ ਸਰਕਾਰ ਨੇ ਉਹਨਾ ਦੇ ਨਿੱਜੀ ਖਾਤੇ 'ਚ ਰਿਆਇਤਾਂ ਦੇ ਪੈਸੇ ਜਮ੍ਹਾਂ ਕਰਵਾਉਣੇ ਸ਼ੁਰੂ ਕੀਤੇ ਹਨ; ਕਿਸੇ ਨੇ ਲਾਡਲੀ ਭੈਣ, ਯੋਜਨਾ ਅਧੀਨ ਜਾਂ ਕਿਸੇ ਨੇ ਕਿਸੇ ਹੋਰ ਯੋਜਨਾ ਵਿੱਚ ਹੈ। ਕੀ ਇਹ ਸਿੱਧਿਆਂ ਤੌਰ 'ਤੇ ਵੋਟ ਖਰੀਦਣ ਦਾ ਤਰੀਕਾ ਨਹੀਂ ? ਕੀ ਔਰਤਾਂ-ਵੋਟਰ ਨੂੰ ਭਰਮਤ ਕਰਨ ਲਈ ਇੱਕ ਜਾਲ ਨਹੀਂ ਵਿਛਾਇਆ ਜਾ ਰਿਹਾ ? ਕੀ ਇਹ ਰਾਜ ਨੇਤਾਵਾਂ ਦਾ ਲੋਕਤੰਤਰ ਉੱਤੇ ਸਿੱਧਾ ਹਮਲਾ ਨਹੀਂ ? ਕੀ ਇਹ ਸਭ ਲੈਣ-ਦੇਣ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨਹੀਂ ਹੈ ? ਕੀ ਅਜਿਹਾ ਕਰਕੇ ਲੋਕਤੰਤਰ ਦੀ ਇੱਕ ਹੋਰ ਸੰਸਥਾ ਨੂੰ ਕਮਜ਼ੋਰ ਨਹੀਂ ਕੀਤਾ ਜਾ ਰਿਹਾ ?

ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦਾ ਯਤਨ ਦੇਸ਼ ਵਿੱਚ ਲੰਮੇ ਸਮੇਂ ਤੋਂ ਹੋ ਰਿਹਾ ਹੈ। ਪਰ ਪਿਛਲੇ ਦਹਾਕੇ 'ਚ ਇਹ ਚਰਮ ਸੀਮਾਂ ਉਤੇ ਪੁੱਜ ਚੁੱਕਾ ਹੈ। ਸੀ. ਬੀ. ਆਈ, ਈ. ਡੀ ਵਰਗੀਆਂ ਖ਼ੁਦਮੁਖਤਾਰ ਸੰਸਥਾਵਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੱਤੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਨੂੰ ਸਰਕਾਰੀ ਹੱਥਾਂ 'ਚ ਕਰਨ ਲਈ ਚੋਣ ਕਮਿਸ਼ਨਰ ਦੀ ਨਿਯੁੱਕਤੀ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਈ, ਉਸ ਦੀ ਨਿਯੁੱਕਤੀ ਵਿੱਚ ਦੇਸ਼ ਦੀ ਸਰਵ-ਉੱਚ ਅਦਾਲਤ ਦਾ ਦਖ਼ਲ ਬੰਦ ਕਰ ਦਿੱਤਾ ਗਿਆ ਹੈ। ਖ਼ੁਦਮੁਖਤਾਰ ਸੰਸਥਾਵਾਂ ਨੂੰ ਆਪਣੀ ਸੇਧੇ ਚਲਾਉਣ ਲਈ ਅਤੇ ਆਪਣੇ ਅਨੁਸਾਰ ਫ਼ੈਸਲੇ ਕਰਵਾਉਣ ਲਈ ਦੇਸ਼ ਦੀ ਸਰਬ ਉੱਚ ਅਦਾਲਤ ਉਤੇ ਵੀ ਸਮੇਂ-ਸਮੇਂ 'ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ।

ਪਰ ਸਭ ਤੋਂ ਗੰਭੀਰ ਮਸਲਾ ਦੇਸ਼ ਵਿੱਚ ਵੋਟ ਖਰੀਦਣ ਅਤੇ ਵੋਟ ਪ੍ਰਭਾਵਤ ਕਰਨ ਦਾ ਹੈ। ਆਜ਼ਾਦੀ ਦੇ ਕੁੱਝ ਵਰ੍ਹਿਆਂ, ਇਥੋਂ ਤੱਕ ਕਿ ਕੁਝ ਦਹਾਕਿਆਂ ਤੱਕ ਦੇਸ਼ ਦੀ ਤਰੱਕੀ, ਅਤੇ .ਗਰੀਬੀ ਹਟਾਓ, ਜਿਹੇ ਨਾਹਰੇ ਲਗਦੇ ਰਹੇ। ਦੇਸ਼ ਦੇ ਸੰਘੀ ਢਾਂਚੇ ਦੇ ਬਚਾਓ ਅਤੇ ਸੂਬਿਆਂ ਨੂੰ ਵੱਖ ਅਧਿਕਾਰ ਦੇਣ ਜਿਹੇ ਵਿਸ਼ਿਆਂ ਮਹਿੰਗਾਈ, ਬੇਰੁਜ਼ਗਾਰੀ ਦੇ ਮਾਮਲਿਆਂ 'ਤੇ ਆਮ ਤੌਰ 'ਤੇ ਸਿਆਸਤ ਕੀਤੀ ਜਾਂਦੀ ਰਹੀ। ਚੋਣਾਂ ਸਮੇਂ ਸਿਆਸੀ ਪਾਰਟੀਆਂ ਵਲੋਂ ਲੁਭਾਉਣੇ ਚੋਣ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਰਹੇ ਤਾਂ ਕਿ ਲੋਕ ਇਹਨਾਂ ਵੱਲ ਖਿੱਚੇ-ਤੁਰੇ ਆਉਣ

ਇਹ ਉਹ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਵਿੱਚ ਅੰਦਰੂਨੀ ਲੋਕਤੰਤਰ ਸੀ। ਸਿਆਸੀ

**ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁ.ਫਤ ਰਾਸ਼ਨ, ਮੁ.ਫਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇਤੰਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਆਲਾ ਹੋ ਸਕੇ ? ਕਤੱਈ ਨਹੀਂ। ਉਹ ਇਹ ਗੱਲਾਂ ਸਿਰ.ਫ ਕਹਿਣ ਲਈ ਕਰਦੇ ਹਨ, ਇਹਨਾਂ ਤੇ ਅਮਲ ਨਹੀਂ ਕਰਦੇ।**



ਪਾਰਟੀਆਂ ਦੇ ਮੈਂਬਰਾਂ ਦੀ ਭਰਤੀ ਪਿੰਡ, ਸ਼ਹਿਰ ਪੱਧਰ 'ਤੇ ਹੁੰਦੀ, ਉਥੇ ਇਕਾਈਆਂ ਦੀ ਚੋਣਾਂ ਹੁੰਦੀਆਂ। ਅਹੁਦੇਦਾਰ ਚੁਣੇ ਜਾਂਦੇ। ਰਾਸ਼ਟਰੀ ਪੱਧਰ ਤੱਕ ਸਿਆਸੀ ਪਾਰਟੀਆਂ ਦੀ ਆਪਣੀ ਚੋਣ ਹੁੰਦੀ। ਵੱਡੇ ਨੇਤਾ ਚੁਣੇ ਜਾਂਦੇ। ਪਾਰਟੀਆਂ ਦੀਆਂ ਨੀਤੀਆਂ ਬਣਦੀਆਂ। ਇਹਨਾਂ ਨੀਤੀਆਂ ਦੇ ਅਧਾਰ 'ਤੇ ਲੋਕਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਹੁੰਦਾ।

ਦੇਸ਼ 'ਚ ਇੰਦਰਾ ਗਾਂਧੀ ਵਲੋਂ ਆਪਣੀ ਗੱਦੀ ਸੁਰੱਖਿਅਤ ਰੱਖਣ ਲਈ ਐਮਰਜੈਂਸੀ ਲਾਉਣ ਨਾਲ ਲੋਕਤੰਤਰ ਦਾ ਵੱਡਾ ਘਾਣ ਹੋਇਆ। ਲੋਕ, ਸਿਆਸੀ ਨੇਤਾ ਸੜਕਾਂ 'ਤੇ ਆਏ। ਵਿਰੋਧੀ ਧਿਰਾਂ ਮਜ਼ਬੂਤ ਹੋਈਆਂ। ਇਲਾਕਾਈ ਪਾਰਟੀਆਂ ਹੋਂਦ ਵਿੱਚ ਆਈਆਂ। ਫਿਰ ਇਹਨਾਂ ਇਲਾਕਾਈ ਪਾਰਟੀਆਂ 'ਚ ਪਰਿਵਾਰਵਾਦ ਦੀ ਸਿਆਸਤ ਉਤਸ਼ਾਹਤ ਹੋਈ। ਪਰਿਵਾਰਵਾਦ ਦੀ ਇਸ ਸਿਆਸਤ ਦਾ ਕੌਮੀ ਪੱਧਰ ਉਤੇ ਵੀ ਪਸਾਰਾ ਹੋਇਆ ਅਤੇ ਇਲਾਕਾਈ ਪੱਧਰ 'ਤੇ ਵੀ।

ਇਸ ਇਲਾਕਾਈ ਸਿਆਸਤ ਨੇ ਦੱਖਣੀ, ਉੱਤਰੀ ਰਾਜਾਂ 'ਚ ਰਿਆਇਤਾਂ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਮੁ.ਫਤ ਬਿਜਲੀ ਮੋਟਰਾਂ ਦੀ ਸੁਵਿਧਾ ਦਿੱਤੀ, ਤਾਂ ਕਿ ਵੋਟ ਬੈਂਕ ਪੱਕਾ ਹੋਵੇ। ਪੰਜਾਬ ਇਸਦੀ ਵੱਡੀ ਉਦਾਹਰਨ ਬਣਿਆ। ਅੱਜ ਵੋਟ ਬੈਂਕ ਹਥਿਆਉਣ ਲਈ ਗਰੰਟੀਆਂ ਦੀ ਰਾਜਨੀਤੀ ਪੂਰੀ ਉੱਚਾਈ 'ਤੇ ਹੈ। ਪੰਜਾਬ 'ਚ 300 ਯੂਨਿਟ ਮਹੀਨਾ ਮੁ.ਫਤ ਬਿਜਲੀ ਹੈ। ਹੋਰ ਕਈ ਰਿਆਇਤਾਂ ਹਨ। ਬਜ਼ੁਰਗਾਂ ਲਈ ਪੈਨਸ਼ਨ, ਔਰਤਾਂ ਲਈ ਮੁ.ਫਤ ਬੱਸ ਸੇਵਾ ਅਤੇ ਹੁਣ ਔਰਤਾਂ ਲਈ 1000-1500 ਰੁਪਏ ਭੱਤਾ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ। ਦੱਖਣੀ ਰਾਜਾਂ ਵਿੱਚ ਤਾਂ ਔਰਤਾਂ ਲਈ ਅਤੇ ਹੋਰ ਵੋਟਰਾਂ ਨੂੰ ਭਰਮਿਤ ਕਰਨ ਲਈ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਜਿਹਨਾਂ ਦੀ ਸ਼ੁਰੂਆਤ ਜੈਲਲਿਤਾ ਮੁੱਖ ਮੰਤਰੀ ਵਲੋਂ ਲੋਕਾਂ ਨੂੰ ਵੱਡੇ-ਵੱਡੇ ਤੋਹ.ਫੇ ਰਿਆਇਤਾਂ ਵੱਜੋਂ ਦਿੱਤੇ ਜਾਣ ਨਾਲ ਹੋਈ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ 'ਚ ਤਾਂ ਸਿਆਸੀ ਧਿਰਾਂ ਨੇ ਇਸ ਵੇਰ ਹੱਦ ਹੀ ਮੁਕਾ ਦਿਤੀ ਹੈ। ਰਿਆਇਤਾਂ ਦੀ ਝੜੀ ਲਗਾ ਦਿਤੀ ਹੈ। ਕਾਂਗਰਸ ਨੇ 300 ਯੂਨਿਟ ਬਿਜਲੀ ਮੁ.ਫਤ, 500 ਰੁਪਏ ਦਾ ਗੈਸ ਸਿਲੰਡਰਾਂ, ਭਾਜਪਾ ਨੇ ਔਰਤਾਂ ਲਈ 2500 ਰੁਪਏ ਅਥੇ ਆਪ ਵਲੋਂ ਵੀ ਲਗਭਗ ਇਹੋ ਜਿਹੇ ਵਾਇਦੇ ਕੀਤੇ ਹਨ।

ਪਰ ਸਵਾਲ ਉਠੱਦਾ ਹੈ ਕਿ ਇਹੋ ਜਿਹੀਆਂ ਰਿਆਇਤਾਂ ਦਾ ਭਾਰ ਅਕਸਰ ਕਿਸ ਉਤੇ ਪੈਂਦਾ ਹੈ ? ਉਦਹਾਰਨ ਪੰਜਾਬ ਦੀ ਹੀ ਲੈ ਲੈਂਦੇ ਹਨ, ਇਹਨਾਂ ਰਿਆਇਤਾਂ ਕਾਰਨ ਅੱਜ ਪੰਜਾਬ ਦੀ ਆਰਥਿਕਤਾ ਨਿਵਾਣਾਂ ਵੱਲ ਜਾ ਰਹੀ ਹੈ। ਜਦੋਂ ਤੱਕ ਇਸ ਸਰਕਾਰ ਦਾ 2027 'ਚ ਕਾਰਜਕਾਲ ਪੂਰਾ ਹੋਣਾ ਹੈ, ਉਦੋਂ ਤੱਕ ਪੰਜਾਬ ਸਿਰ 5 ਲੱਖ ਕਰੋੜ ਦਾ ਕਰਜ਼ਾ ਖੜਾ ਹੋ ਜਾਣਾ ਹੈ। ਭਾਵ ਪੰਜਾਬ ਦਾ ਹਰ ਵਸ਼ਿੰਦਾ ਔਸਤਨ 5 ਲੱਖ ਦਾ ਕਰਜਾਈ ਹੋ ਜਾਣਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ, ਲੋਕਾਂ ਦਾ ਜੀਵਨ ਪੱਧਰ ਉਚਾ ਕਰਨਾ ਹੁੰਦਾ ਹੈ। ਉਹਨਾਂ ਦੇ ਬੁਢਾਪੇ ਨੂੰ ਸੁਰੱਖਿਅਤ ਰੱਖਣ ਲਈ ਕੁਝ ਸਕੀਮਾਂ ਚਲਾਉਣੀਆਂ ਹੁੰਦੀਆਂ ਹਨ। ਪਰ ਵੋਟ ਬੈਂਕ ਪੱਕਾ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਉਹ ਬਹੁਤੇ ਲੋਕਾਂ ਦਾ ਕੀ ਸੁਆਰਦੀਆਂ ਹਨ ?

ਕੀ ਨੇਤਾ ਲੋਕ ਚਾਹੁੰਦੇ ਹਨ ਕਿ ਮੁ.ਫਤ ਰਾਸ਼ਨ, ਮੁ.ਫਤ ਬਿਜਲੀ ਮੁਹੱਈਆਂ ਕਰਨ ਦੀ ਥਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ? ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੱਚਿਆਂ, ਬਜ਼ੁਰਗਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਭ ਲਈ ਚੰਗੀ ਪੜ੍ਹਾਈ ਦਾ ਇਤੰਜ਼ਾਮ ਹੋਵੇ, ਬਜ਼ੁਰਗਾਂ ਦੀ ਸਮਾਜਿਕ ਸੁਰੱਖਿਆ ਲਈ ਚੰਗੀਆਂ ਸਕੀਮਾਂ ਅਤੇ ਪ੍ਰਬੰਧ ਹੋਣ ਅਤੇ ਇਸ ਤੋਂ ਵੱਧ ਇਹ ਕਿ ਸੂਬੇ ਜਾਂ ਦੇਸ਼ ਵਿੱਚ ਚੰਗਾ ਵਾਤਾਵਰਨ ਚੰਗਾ ਬੁਨਿਆਦੀ ਢਾਂਚਾ ਉਸਰੇ, ਜਿਸ ਨਾਲ ਮਨੁੱਖ ਦਾ ਜੀਵਨ ਸੁਆਲਾ ਹੋ ਸਕੇ ? ਕਤੱਈ ਨਹੀਂ। ਉਹ ਇਹ ਗੱਲਾਂ ਸਿਰ.ਫ ਕਹਿਣ ਲਈ ਕਰਦੇ ਹਨ, ਇਹਨਾਂ ਤੇ ਅਮਲ ਨਹੀਂ ਕਰਦੇ।

ਅੱਜ ਦੇਸ਼ ਦੇ ਹਾਲਾਤ ਬਿਲਕੁਲ ਭੈੜੇ ਹਨ। ਦੇਸ਼ ਕੂੜੇ ਦਾ ਢੇਰ ਬਣਿਆ ਨਜ਼ਰ ਆਉਂਦਾ ਹੈ। ਭ੍ਰਿਸ਼ਟਾਚਾਰ ਨੇ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਸੜਕਾਂ, ਸਰਕਾਰੀ ਸਕੂਲ ਸਹੂਲਤਾਂ ਅਤੇ ਟੀਚਰਾਂ ਤੋਂ ਬਾਂਝੇ ਹਨ। ਵਾਤਾਵਰਨ ਇੰਜ ਦੂਸ਼ਿਤ ਹੈ ਕਿ ਸਾਹ ਲੈਣਾ ਵੀ ਔਖਾ ਹੈ। ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸਹੂਲਤਾਂ ਦੀ ਕਮੀ ਹੈ। ਜਿਸਦਾ ਖਮਿਆਜਾ ਕਰੋਨਾ ਕਾਲ ਦੇ ਦਰਮਿਆਨ ਦੇਸ਼ ਭੁਗਤ ਚੁੱਕਾ ਹੈ।ਇਹੋ ਸਭ ਕੁੱਝ ਜਾਣਦਿਆਂ ਵੀ ਦੇਸ਼ ਦੇ ਨੇਤਾਵਾਂ ਦੀ ਪਹਿਲ ਦੇਸ਼ ਨੂੰ ਸੁਆਰਨ ਦੀ ਥਾਂ, ਹਰ ਹੀਲੇ ਵੋਟਰਾਂ ਨੂੰ ਭਰਮਾ ਕੇ ਆਪਣੀ ਗੱਦੀ ਪੱਕੀ ਕਰਨਾ ਬਣੀ ਹੋਈ ਹੈ।

ਇਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਲਗਭਗ ਸਾਰੀਆਂ ਪਾਰਟੀਆਂ ਦੇ ਵਿੱਚ ਉਹਨਾਂ ਲੋਕਾਂ ਦੀ ਭਰਮਾਰ ਹੋ ਗਈ ਹੈ, ਜਿਹਨਾਂ ਉਤੇ ਆਪਰਾਧਿਕ ਕੇਸ ਦਰਜ਼ ਹਨ। ਜਿਹੜੇ ਸੇਵਾ ਦੀ ਥਾਂ ਸਿਆਸਤ ਸਾਮ,ਦਾਮ,ਦੰਡ ਨਾਲ ਕਰਨ ਦੇ ਮੁੱਦਈ ਹਨ। ਜਿਹਨਾਂ ਨੇ ਆਪਣਾ ਸਿਆਸਤ ਨੂੰ ਆਪਣਾ ਕਿੱਤਾ ਇਥੋਂ ਤਕਕਿ ਪਰਿਵਾਰਕ ਕਿੱਤਾ ਬਣਾ ਲਿਆ ਹੈ। ਇਹ ਲੋਕ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਤੋਂ ਲੈਕੇ ਵਿਧਾਨ ਸਭਾਵਾਂ, ਲੋਕ ਸਭਾ ਤੱਕ ਆਪਣਾ ਧਨ ਕੁਬੇਰਾਂ ਵਾਲਾ ਜਾਲ ਵਿਛਾ ਚੁੱਕੇ ਹਨ। ਜਾਤ, ਧਰਮ ਦੇ ਨਾਂਅ ਉਤੇ ਲੋਕਾਂ ਨੂੰ ਵੰਡਕੇ, ਉਹਨਾਂ ਨੂੰ ਥੋੜੀਆਂ ਬਹੁਤੀਆਂ ਰਿਆਇਤਾਂ ਪਰੋਸਕੇ ਮੰਗਤੇ ਬਨਾਉਣ ਦੇ ਰਾਹ ਪਾ ਰਹੇ ਹਨ।

ਹੈਰਾਨ ਹੋਈਦਾ ਹੈ ਇਹ ਦ੍ਰਿਸ਼ ਵੇਖਕੇ ਕਿ ਜਦੋਂ ਪੰਜਾਬ ਵਰਗੇ ਖੁਸ਼ਹਾਲ ਕਹਿੰਦੇ ਸੂਬੇ 'ਚ ਜਦੋਂ ਇਕ ਰੁਪਏ ਕਿਲੋ (ਲਗਭਗ ਮੁ.ਫਤ) ਅਨਾਜ ਦੀ ਵੰਡ ਹੁੰਦੀ ਹੈ ਤਾਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਕੀ ਪੰਜਾਬ ਦੇ ਅਣਖੀਲੇ ਮਿਹਨਤੀ ਲੋਕ ਸਚਮੁੱਚ ਇੰਨੇ ਨਿਤਾਣੇ ਹੋ ਗਏ ਹਨ ਕਿ ਉਹਨਾਂ ਦੇ ਸਰੀਰਾਂ 'ਚ ਕੰਮ ਕਰਨ ਦੀ ਤਾਕਤ ਹੀ ਨਹੀਂ ਰਹੀ ? ਆਖ਼ਰ ਲੋਕਾਂ ਨੂੰ ਨਿਤਾਣੇ, ਨਿਮਾਣੇ, ਨਿਆਸਰੇ ਬਨਾਉਣ ਦੀਆਂ ਤਰਕੀਬਾਂ ਕਿਹੜੀ ਸਾਜਿਸ਼ ਦਾ ਹਿੱਸਾ ਹਨ, ਇਹ ਸਪਸ਼ਟ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੂੰ ਗਰੀਬ ਬਣਾ ਦਿਉ। ਮੁ.ਫਤ ਚੀਜ਼ਾਂ ਦੀ ਆਦਤ ਪਾ ਦਿਓ ਤੇ ਵੋਟਾਂ ਹਥਿਆ ਲਵੋ।

ਦੇਸ਼ ਦੇ ਹਰ ਹਿੱਸੇ, ਹਰ ਸੂਬੇ 'ਚ ਜਿਵੇਂ ਵੋਟਾਂ ਦੀ ਖ਼ਰੀਦੋ-ਫਰੋਖ਼ਤ, ਹੁੰਦੀ ਹੈ, ਉਸ ਦੀ ਉਦਾਹਰਨ ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਵੇਖਣ ਨੂੰ ਮਿਲੀ,

ਬਾਕੀ ਹਿਸਾ ਸਫ਼ਾ 32 ਤੇ ਪੜ੍ਹੋ

## 31 ਸਫ਼ੇ ਦੀ ਬਾਕੀ

ਜਿਥੇ ਹਕੂਮਤੀ ਧੱਕਾ-ਧੌਂਸ ਤਾਂ ਵੇਖਣ ਨੂੰ ਮਿਲੀ ਹੀ, ਜੋ ਪਹਿਲੀਆਂ ਸਰਕਾਰਾਂ ਵੀ ਕਰਦੀਆਂ ਰਹੀਆਂ, ਪਰ ਬਹੁਤੇ ਧਨਾਢ ਲੋਕ ਧੰਨ ਦੇ ਜ਼ੋਰ ਨਾਲ ਪੰਚਾਇਤਾਂ ਦੇ ਮੁੱਖੀ ਬਣ ਬੈਠੇ। ਕੀ ਇਹ ਵੋਟ ਖਰੀਦੋ ਵਰਤਾਰਾ, ਲੋਕਾਂ ਨੂੰ ਰਿਆਇਤਾਂ ਦੇ ਕੇ ਵੋਟਾਂ ਉਗਰਾਹੁਣ ਵਰਗਾ ਹੀ ਨਹੀਂ ? ਕੀ ਇਹ ਵਰਤਾਰਾ ਭਾਰਤੀ ਲੋਕਤੰਤਰ ਉਤੇ ਸਿੱਧਾ ਹਮਲਾ ਨਹੀਂ ਹੈ ? ਹੁਣੇ ਜਿਹੀਆਂ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਿਸਾਨ ਧਿਰ ਨੂੰ ਇਕ ਪਾਸੇ ਧੱਕ ਕੇ ਦੂਜੀਆਂ ਧਿਰਾਂ ਦਾ ਧਰੁਵੀਕਰਨ ਕੀ ਜਾਤ, ਬਰਾਦਰੀ ਦੀ ਸਿਆਸਤ ਨਹੀਂ ? ਕੀ ਇਹ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਨਿਕਾਰਨ ਤੁਲ ਨਹੀਂ

ਧਰਮ ਦੀ ਰਾਜਨੀਤੀ, ਜਾਤ ਬਰਾਦਰੀ ਦਾ ਬੋਲਬਾਲਾ ਭਾਰਤੀ ਸੰਵਿਧਾਨ ਦੀ ਰੂਹ ਦੇ ਉੱਲਟ ਹੈ। ਇਹ ਵਰਤਾਰਾ ਦਿਨੋਂ ਦਿਨ ਵੱਧ ਰਿਹਾ ਹੈ। ਇਸ ਸਬੰਧੀ ਚਿੰਤਤ ਹੁੰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰੀ ਖਜ਼ਾਨੇ 'ਚੋਂ ਮੁਫ਼ਤ ਰਿਊੜੀਆਂ ਵੰਡਣ ਦੀ ਸਿਆਸਤ ਉਤੇ ਦੁੱਖ ਪ੍ਰਗਟ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ।

ਗੱਲ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੋਵੇ ਜਾਂ ਫਿਰ ਵੱਧ ਤੋਂ ਵੱਧ ਸਮੇਂ ਤੱਕ ਸੱਤਾ 'ਚ ਬਣੇ ਰਹਿਣ ਦੀ, ਮੁਫ਼ਤ ਦਾ ਸਬਜ਼ਬਾਗ ਦਿਖਾਉਣਾ ਸਿਆਸੀ ਸਫ਼ਲਤਾ ਦਾ ਸ਼ਾਰਟਕੱਟ ਬਣ ਗਿਆ ਹੈ। ਇਹਨਾ ਮੁਫ਼ਤ ਰਿਆਇਤਾਂ ਨੂੰ ਜਿੱਤ ਦੀ ਗਰੰਟੀ ਮੰਨਿਆ ਜਾਣ ਲੱਗਾ ਹੈ। ਲੇਕਿਨ ਆਰਥਿਕ ਤੌਰ 'ਤੇ ਇਸ ਦੀ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਮੁੱਦਾ ਮਹੱਤਵਪੂਰਨ ਹੈ, ਕਿਉਂਕਿ ਮੁਫ਼ਤ ਰਿਊੜੀਆਂ ਵੰਡਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਦਖਲ ਦੇ ਬਾਵਜੂਦ ਵੀ ਇਸ 'ਤੇ ਕਾਬੂ ਨਹੀਂ ਪਾ ਜਾ ਸਕਿਆ। ਖ਼ੈਰ ਪਾਉਣ ਦੀ ਇਸ ਪ੍ਰਵਿਰਤੀ ਨੇ ਚੋਣ ਮੈਨੀਫੈਸਟੋ ਸਿਰਫ਼ ਕਾਗਜ਼ ਦਾ ਟੁੱਕੜਾ ਬਣਾਕੇ ਰੱਖ ਦਿੱਤੇ ਹਨ। ਸੱਤਾ 'ਚ ਆਉਣ ਤੋਂ ਬਾਅਦ ਸਿਆਸੀ ਦਲ ਸਭ ਵਾਇਦੇ ਭੁੱਲ ਜਾਂਦੇ ਹਨ।

ਮੁਫ਼ਤਖੋਰੀ ਦੀ ਰਾਜਨੀਤੀ ਦਾ ਆਰੰਭ ਭਾਵੇਂ ਦੱਖਣੀ ਰਾਜਾਂ ਤੋਂ ਹੋਇਆ, ਪਰ 2019 'ਚ ਆਮ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਦੇ ਰੂਪ 'ਚ ਹਰ ਸਾਲ 6000 ਰੁਪਏ ਦੇਣਾ ਸ਼ੁਰੂ ਕੀਤਾ ਅਤੇ ਕੋਵਿਡ ਦੇ ਦਿਨਾਂ 'ਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ਼ ਵੰਡਿਆ ਜਾਣ ਲੱਗਾ, ਜੋ ਹੁਣ ਤੱਕ ਵੀ ਜਾਰੀ ਹੈ, ਇਸ ਨਾਲ ਹੋਰ ਸਿਆਸੀ ਦਲਾਂ ਉਤੇ ਦਬਾਅ ਵੱਧ ਗਿਆ ਕਿ ਉਹ ਚੋਣ ਜਿੱਤਣ ਲਈ ਕਿਉਂ ਨਾ ਸਰਕਾਰ ਵਾਂਗਰ ਵੱਡੀਆਂ-ਵੱਡੀਆਂ ਮੁਫ਼ਤ ਰਿਆਇਤਾਂ ਦਾ ਐਲਾਨ ਕਰਨ।

ਮੁਫ਼ਤ ਰਿਊੜੀਆਂ ਵੰਡਣ ਦੀ ਕੋਹੜ-ਪ੍ਰਵਿਰਤੀ ਨੂੰ ਰੋਕਣ ਲਈ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਨਾਉਣ ਦੀ ਲੋੜ ਹੈ ਤਾਂ ਕਿ ਉਹ ਆਪਣੇ ਵਲੋਂ ਕੀਤੀਆਂ ਘੋਸ਼ਣਾਵਾਂ ਪ੍ਰਤੀ ਜਵਾਬਦੇਹ ਹੋਣ। ਸੁਪਰੀਮ ਕੋਰਟ ਨੇ 5 ਜੁਲਾਈ 2013 ਨੂੰ ਇੱਕ ਅਹਿਮ ਫ਼ੈਸਲੇ 'ਚ ਚੋਣ ਕਮਿਸ਼ਨ ਨੂੰ ਸਾਰੇ ਸਿਆਸੀ ਦਲਾਂ ਨਾਲ ਗੱਲਬਾਤ ਕਰਕੇ ਘੋਸ਼ਣਾ ਪੱਤਰ ਦੇ ਬਾਰੇ ਇੱਕ ਕਾਨੂੰਨੀ ਗਾਈਡਲਾਈਨਜ਼ ਤਿਆਰ ਕਰਨ ਨੂੰ ਕਿਹਾ ਸੀ। ਉਸਦੇ ਬਾਅਦ ਤਤਕਾਲੀਨ ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ 'ਚ 6 ਰਾਸ਼ਟਰ ਦਲ ਅਤੇ 24 ਖੇਤਰੀ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ। ਪਰ ਉਹਨਾ ਸਰਿਆਂ ਨੇ ਇੱਕ ਸੁਰ ਵਿੱਚ ਚੋਣ ਘੋਸ਼ਣਾ ਪੱਤਰ ਨੂੰ ਲੈ ਕੇ ਚੋਣ ਕਮਿਸ਼ਨ ਦੇ ਦਖ਼ਲ ਨੂੰ ਖ਼ਾਰਜ਼ ਕਰ ਦਿੱਤਾ।

ਦੇਸ਼ 'ਚ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਮੁਫ਼ਤ ਚੀਜ਼ਾਂ ਮੁਹੱਈਆ ਕਰਨ ਦੇ ਐਲਾਨਾਂ ਦਾ ਦੌਰ ਚੱਲਿਆ ਹੋਇਆ ਹੈ ਅਤੇ ਸੱਤਾ ਪ੍ਰਾਪਤੀ ਬਾਅਦ ਮੁਫ਼ਤ ਰਿਊੜੀਆਂ ਵੰਡੀਆਂ ਜਾ ਰਹੀਆਂ ਹਨ, ਉਹ ਅਸਲ ਅਰਥਾਂ 'ਚ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ। ਇਹ ਸਿੱਧਿਆਂ ਲੋਕਤੰਤਰ ਉਤੇ ਵੱਡਾ ਹਮਲਾ ਸਾਬਤ ਹੋ ਰਹੀਆਂ ਹਨ, ਕਿਉਂਕਿ ਕਿਸੇ ਨਾ ਕਿਸੇ ਢੰਗ ਨਾਲ ਵੋਟਰ ਇਸ ਨਾਲ ਲਾਲਚ ਵੱਸ ਹੋਕੇ ਪ੍ਰਭਾਵਤ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਆਮ ਲੋਕਾਂ ਨੂੰ ਅਤਿ ਗਰੀਬੀ ਵੱਲ ਧੱਕ ਦਿੱਤਾ ਹੈ। ਉਸ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਉਸਨੂੰ ਕਿਸੇ ਵੀ ਮੁਫ਼ਤ ਦੀ ਚੀਜ਼ ਦੀ ਪ੍ਰਾਪਤੀ ਲਈ ਬੇਬਸ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ।

ਇਹੋ ਜਿਹੀ ਸਥਿਤੀ ਅੱਜ ਦੇ ਦੇਸ਼ ਦੇ ਹਾਕਮਾਂ ਅਤੇ ਸਵਾਰਥੀ ਸਿਆਸਤਦਾਨਾਂ ਨੂੰ ਰਾਸ ਆਉਂਦੀ ਹੈ। ਉਹਨਾਂ ਅਸਿੱਧਿਆਂ ਤੌਰ 'ਤੇ ਵੋਟਾਂ ਖਰੀਦਣ ਦਾ ਢੰਗ ਮੁਫ਼ਤ ਰਿਊੜੀਆਂ ਵੰਡਣਾ ਤਹਿ ਕਰ ਲਿਆ ਹੈ। ਜਿਹੜਾ ਸਿੱਧਿਆਂ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਇੱਕ ਵੱਡੀ ਸੱਟ ਅਤੇ ਲੋਕਤੰਤਰ 'ਤੇ ਧੱਬਾ ਹੈ।

## ਟਰੰਪ ਨੇ ਟੈਕਸ ਲਾਇਆ ਤਾਂ ਅਮਰੀਕਾ ਦੀ ਸ਼ਰਾਬ ਬੰਦ : ਡਗ ਫ਼ੋਰਡ

ਟੋਰਾਂਟੋ : ਉਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਵੱਲੋਂ ਐਲ.ਸੀ.ਬੀ.ਓ. ਪ੍ਰਬੰਧਕਾਂ ਨੂੰ ਸਾਫ਼ ਲਫ਼ਜ਼ਾਂ ਵਿਚ ਆਖ ਦਿਤਾ ਗਿਆ ਹੈ ਕਿ ਜੇ ਡੋਨਲਡ ਟਰੰਪ ਕੈਨੇਡੀਅਨ ਵਸਤਾਂ ਤੇ ਟੈਕਸ ਲਾਗੂ ਕਰਦੇ ਹਨ ਤਾਂ ਅਮਰੀਕਾ ਵਿਚ ਬਣੀ ਸ਼ਰਾਬ ਕਿਸੇ ਸਟੋਰ ਵਿਚ ਨਜ਼ਰ ਨਹੀਂ ਆਉਣੀ ਚਾਹੀਦੀ। ਰੂਰਲ ਉਨਟਾਰੀਓ ਮਿਊਂਸਪਲ ਐਸੋਸੀਏਸ਼ਨ ਦੀ ਸਾਲਾਨ ਜਨਰਲ ਮੀਟਿੰਗ ਦੌਰਾਨ ਡਗ ਫ਼ੋਰਡ ਵੱਲੋਂ ਸੂਬੇ ਵਿਚ ਬਣੀ ਸ਼ਰਾਬ ਨੂੰ ਤਰਜੀਹ ਦਿਤੇ ਜਾਣ ਤੇ ਜ਼ੋਰ ਦਿਤਾ ਗਿਆ। ਉਨ੍ਹਾਂ ਕਿਹਾ, ਅਸੀਂ ਦੁਨੀਆਂ ਵਿਚ ਸ਼ਰਾਬ ਦੇ ਸਭ ਤੋਂ ਵੱਡੇ ਖਰੀਦਾਰ ਹਾਂ ਅਤੇ ਗੁਆਂਢੀਆਂ ਤੇ ਇਸ ਦਾ ਅਸਰ ਜ਼ਰੂਰ ਪਵੇਗਾ। ਕੈਨੇਡਾ ਦੇ ਸਾਰੇ ਪ੍ਰੀਮੀਅਰਜ਼ ਨਾਲ ਗੱਲਬਾਤ ਕਰਦਿਆਂ ਇਹ ਨੀਤੀ ਲਾਗੂ ਕਰਨ ਦਾ ਸੱਦਾ ਵੀ ਦਿਤਾ ਜਾਵੇਗਾ। ਐਲ. ਸੀ. ਬੀ. ਓ. ਵਾਲਿਆਂ ਨੂੰ ਸਾਫ਼ ਲਫ਼ਜ਼ਾਂ ਵਿਚ ਦਿਤੀ ਹਦਾਇਤ ਉਧਰ ਐਲ. ਸੀ. ਬੀ. ਓ. ਵੱਲੋਂ ਡਗ ਫੋਰਡ ਦੀਆਂ ਹਦਾਇਤਾਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਇਥੇ ਦਸਣਾ ਬਣਦਾ ਹੈ ਕਿ ਕੈਨੇਡੀਅਨ ਵਸਤਾਂ ਤੇ 25 ਫੀ ਸਦੀ ਟੈਕਸ ਲੱਗਣ ਦੀ ਸੂਰਤ ਵਿਚ ਇਕੱਲੇ ਉਨਟਾਰੀਓ ਵਿਚੋਂ ਸਾਢੇ ਚਾਰ ਲੱਖ ਤੋਂ ਪੰਜ ਲੱਖ ਨੌਕਰੀਆਂ ਖਤਮ ਹੋ ਸਕਦੀਆਂ ਹਨ। ਡਗ ਫ਼ੋਰਡ ਨੇ ਅੱਗੇ ਕਿਹਾ ਕਿ ਜੇ ਅਰਬਾਂ ਡਾਲਰ ਖਰਚ ਕਰਨ ਦੀ ਨੌਬਤ ਆਉਂਦੀ ਹੈ ਤਾਂ ਲੋਕਾਂ ਨੂੰ ਫੈਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪੈਸੇ ਦੀ ਵਰਤੋਂ ਕਿਸ ਤਰੀਕੇ ਨਾਲ ਕੀਤੀ ਜਾਵੇ।

## ਸਟੱਡੀ ਸਰਕਲ ਦੇ ਸਰਪ੍ਰਸਤ ਪ੍ਰਿੰਸੀਪਲ ਰਾਮ ਸਿੰਘ ਦਾ ਕੈਨੇਡਾ ਵਿਖੇ ਦੇਹਾਂਤ ਕੇਂਦਰੀ ਦਫਤਰ ਲੁਧਿਆਣਾ ਵਿਖੇ ਵੈਰਾਗਮਈ ਇਕੱਤਰਤਾ ਅਤੇ ਅਰਦਾਸ ਸਮਾਗਮ



ਲੁਧਿਆਣਾ-ਸਿੱਖ ਪੰਥ ਦੇ ਮਹਾਨ ਵਿਦਵਾਨ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਬਕਾ ਚੀਫ਼ ਆਰਗੇਨਾਈਜ਼ਰ , ਟਰੱਸਟੀ, ਕੋਰ ਕਮੇਟੀ ਮੈਂਬਰ ਅਤੇ ਸਰਪ੍ਰਸਤ ਪ੍ਰਿੰਸੀਪਲ ਰਾਮ ਸਿੰਘ (ਕੁਲਾਰ) ਟਰਾਂਟੋ ਕੈਨੇਡਾ ਵਿਖੇ 19 ਜਨਵਰੀ, 2025 ਨੂੰ 77 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਉਹ ਸ੍ਰੀ ਗੁਰੂ ਹਰਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਅੰਗਰੇਜ਼ੀ ਦੇ ਪ੍ਰੋਫੈਸਰ, ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਪ੍ਰਿੰਸੀਪਲ ਅਤੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਮੈਂਬਰੀ ਸਲਾਹਕਾਰ ਬੋਰਡ ਦੇ ਮੈਂਬਰ ਵਜੋਂ ਉਹਨਾਂ ਨੇ ਲੰਬਾ ਸਮਾਂ ਸੇਵਾ ਕੀਤੀ। ਉਹਨਾਂ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰੋਫੈਸਰ ਆਫ਼ ਸਿੱਖਇਜ਼ਮ ਵਜੋਂ ਵੀ ਨਿਵਾਜਿਆ ਗਿਆ। ਅੱਜ ਸਟੱਡੀ ਸਰਕਲ ਦੇ ਕੇਂਦਰੀ ਦਫ਼ਤਰ ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਵਿਖੇ ਸਾਰੇ ਸੀਨੀਅਰ ਮੈਂਬਰਾਂ ਅਤੇ ਸਟਾਫ਼ ਦੀ ਇਕ ਵਿਸ਼ੇਸ਼ ਇਕੱਤਰਤਾ ਵਿਚ ਉਹਨਾਂ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਸ੍ਰ. ਜਤਿੰਦਰਪਾਲ ਸਿੰਘ ਫਾਊਂਡਰ ਮੈਂਬਰ ਅਤੇ ਸਾਬਕਾ ਚੇਅਰਮੈਨ, ਸ੍ਰ. ਗੁਰਮੀਤ ਸਿੰਘ ਫਾਊਂਡਰ ਮੈਂਬਰ ਅਤੇ ਸਾਬਕਾ ਚੀਫ਼ ਸਕੱਤਰ, ਸ੍ਰ. ਪ੍ਰਤਾਪ ਸਿੰਘ ਟਰੱਸਟੀ ਤੇ ਸਾਬਕਾ ਚੇਅਰਮੈਨ ਨੇ ਪ੍ਰਿੰਸੀਪਲ ਰਾਮ ਸਿੰਘ ਦੇ ਜੀਵਨ ਅਤੇ ਉਹਨਾਂ ਵੱਲੋਂ ਸਿੱਖ ਪੰਥ ਅਤੇ ਸਟੱਡੀ ਸਰਕਲ ਪ੍ਰਤੀ ਕੀਤੀਆਂ ਨਿਸ਼ਕਾਮ ਸੇਵਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਿੰਸੀਪਲ ਸਾਹਿਬ ਦੁਆਰਾ ਰਚਿਤ ਪੰਜ ਕਿਤਾਬਾਂ ਬਾਰੇ ਵੀ ਚਰਚਾ ਹੋਈ। ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਜੀ ਉਹਨਾਂ ਦੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਮੈਂਬਰਾਂ ਅਤੇ ਸਾਨੂੰ ਸਭ ਨੂੰ ਭਾਣੇ ਵਿੱਚ ਰਹਿਣ ਦਾ ਬਲ ਬਖਸ਼ਣ।

ਇਸ ਅਰਦਾਸ ਸਮਾਗਮ ਵਿੱਚ ਉਚੇਚੇ ਤੌਰ ਤੇ ਸ੍ਰ. ਗੁਰਜੀਤ ਸਿੰਘ ਰੁਮਾਣ, ਡਾ. ਦਲਵਿੰਦਰ ਸਿੰਘ, ਸ੍ਰ. ਜਸਪਾਲ ਸਿੰਘ, ਡਾ. ਪਰਮਜੀਤ ਸਿੰਘ, ਸ੍ਰ. ਪ੍ਰਭਜੋਤ ਸਿੰਘ, ਸ੍ਰ. ਸੁਰਜੀਤ ਸਿੰਘ ਲੋਹੀਆ, ਸ੍ਰ. ਸਤਬੀਰ ਸਿੰਘ, ਸ੍ਰ. ਗੁਰਸ਼ਰਨ ਸਿੰਘ, ਸ੍ਰ. ਹਰਜੀਤ ਸਿੰਘ ਖਾਲਸਾ, ਸ੍ਰ. ਸਤਨਾਮ ਸਿੰਘ, ਸ੍ਰ. ਜਸਪਾਲ ਸਿੰਘ ਕੋਚ, ਸ੍ਰ. ਜਤਿੰਦਰ ਸਿੰਘ, ਸ੍ਰ. ਸੁਖਵਿੰਦਰ ਸਿੰਘ, ਭਾਈ ਗੁਰਨਾਮ ਸਿੰਘ, ਸ੍ਰ. ਅਮਨਪ੍ਰੀਤ ਸਿੰਘ, ਬੀਬੀ ਚੰਨਦੀਪ ਕੌਰ ਅਤੇ ਬੀਬੀ ਰਵਿੰਦਰ ਕੌਰ ਸ਼ਾਮਲ ਹੋਏ।


**ਗੁਰੂ ਤੇਗ ਬਹਾਦਰ ਗੁਰਦਵਾਰਾ ਲੈਸਟਰ 106 ਈਸਟ ਪਾਰਕ ਰੋਡ ਲੈਸਟਰ ਵਿਖੇ**

**ਇਕ ਤਬਲਾ ਵਾਦਕ ਅਤੇ ਇਕ ਹਰਮੋਨੀਅਮ ਦੇ ਮਾਹਿਰ (2 ਸਿੱਖ ਪ੍ਰਚਾਰਕਾਂ) ਦੀ ਤੁਰੰਤ ਲੋੜ ਹੈ**

ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਵਿਖੇ ਇਕ ਤਬਲਾ ਵਾਦਕ ਅਤੇ ਇਕ ਹਰਮੋਨੀਅਮ ਵਜਾਉਣ ਵਾਲੇ (ਦੋ ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।
ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 30 ਜਨਵਰੀ 2025 ਤੋਂ ਪਹਿਲਾਂ ਭੇਜੋ।

**2 Vacancies of Religious Workers available @**
**Guru Tegh Bahadur Gurdwara, East Park Road, Leicester, LE5 4QB**
**1 Tabla Vadak & 1 Harmonium Player**

The Guru Tegh Bahadur Gurdwara, in Leicester requires 1 Tabla Vadak (Classical Drums player) and a Harmonium player (All together 2 Religious Workers) to undertake duties and responsibilities for the Sikh Gurdwara at 106 East Park Road Leicester. Successful candidates must be prepared to represent the GTB Gurdwara at Religious workshops, Kirtan Darbars, as and when required. Job related accommodation and amenities would be provided. Wages starts from minimum rate as employment law in U.K. Candidates must have right to work in U.K.

Please apply with CV via Email to:gtb_Gurdwara@hotmail.co.uk
or Contact: Mr Gurnam Singh (President)
*Closing date 30th January 2025*


**SRI GURU TEGH BAHADUR GURDWARA LEICESTER**
**106 East Park Road, Leicester, LE5 4QB**

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫ਼ੋਨ : 07853 317 891
Email: jaggikussa@yahoo.de



ਕਿਸ਼ਤ 10

# ਇੱਕ ਮੇਰੀ ਅੱਖ ਕਾਸ਼ਣੀ...




**ਅਗਲੇ ਦਿਨ ਗੀਟਣ ਨੂੰ ਪਾਇਲ ਦਾ ਫ਼ੋਨ ਆ ਗਿਆ। ਫ਼ੋਨ ਉਪਰ ਉਹ ਜਾਰੋ-ਜਾਰ ਰੋ ਰਹੀ ਸੀ। ਉਸ ਦੇ ਬਾਪ ਨੂੰ ਪੁਲੀਸ ਡਰੱਗ ਦੇ ਕੇਸ ਵਿੱਚ ਗ੍ਰਿਫ਼ਤਾਰ ਕਰ ਕੇ ਲੈ ਗਈ ਸੀ। -"ਮੇਰੇ ਬਾਪ ਨੇ ਤਾਂ ਕਦੇ ਸ਼ਰਾਬ ਦੀ ਤਿੱਪ ਨੀ ਪੀ ਕੇ ਦੇਖੀ, ਸਾਰੀ ਉਮਰ ਜਨਤਾ ਦੀ ਸੇਵਾ ਵਿੱਚ ਲਾਈ ਐ, ਉਹ ਵਿਚਾਰਾ ਡਰੱਗ ਕਿੱਥੋਂ ਵੇਚੂ...?" ਜਿਉਂ-ਜਿਉਂ ਪਾਇਲ ਰੋਂਦੀ ਕੁਰਲਾਉਂਦੀ ਗੀਟਣ ਨੂੰ ਦੱਸ ਰਹੀ ਸੀ, ਤਿਉਂ-ਤਿਉਂ ਸੁਣ ਕੇ ਗੀਟਣ ਦੇ ਸਰੀਰ ਨੂੰ ਝਰਨਾਹਟ ਚੜ੍ਹ ਰਹੀ ਸੀ। -"ਇਹ ਕਿਸੇ ਦੀ ਸਾਜ਼ਿਸ਼ ਐ ਸੱਜਣਾ, ਨਹੀਂ ਮੇਰਾ ਬਾਪ ਤਾਂ ਵਿਚਾਰਾ ਦੁਨੀਆਂ ਨੂੰ ਮਾੜੇ ਕੰਮਾਂ ਤੋਂ ਰੋਕਦਾ ਹੁੰਦਾ ਸੀ, ਉਸ ਨੇ ਐਹੋ ਜਿਆ ਘਿਨਾਉਣਾ ਕੰਮ ਕਿਉਂ ਕਰਨਾ ਸੀ...?" -"ਇਹ ਕਿਸੇ ਹੋਰ ਦੀ ਸਾਜ਼ਿਸ਼**

## ਕਾਂਡ 6

ਪਰ ਮੈਨੂੰ ਕੀ ਪਤਾ ਸੀ ਗਰੀਬਣੀ 'ਤੇ ਧਾੜਵੀਆਂ ਦਾ ਕਹਿਰ ਟੁੱਟਣ ਵਾਲ਼ੈ...?"

-"ਚਾਹੇ ਸਾਰਾ ਜੱਗ ਜਹਾਨ ਇੱਕ ਪਾਸੇ ਹੋ-ਜੇ, ਪਰ ਮੈਂ ਤੇਰਾ ਹੱਥ ਨੀ ਛੱਡੂੰਗਾ, ਪਾਇਲ...!"

-"ਇਸ਼ਕ ਨਿਮਾਣੇ ਨਾਲ਼ ਲਿਬਰੇਜ਼ ਆਸ਼ਕਾਂ ਨਾਲ਼ ਕੋਈ ਨਵੀਂ ਭਾਵੀ ਨੀ ਬੀਤਣ ਲੱਗੀ ਮੇਰੇ ਮਾਹੀ...! ਇਹਨੂੰ ਤਾਂ ਕੋਈ ਉਠਾਂ ਦੇ ਕਤਾਵੇ ਵਿੱਚ ਲੱਦ ਕੇ ਤੁਰਦਾ ਬਣਿਆਂ ਤੇ ਕਿਸੇ ਨੇ ਇਹਨੂੰ ਜੰਡ ਥੱਲੇ ਕੁਤਰਾ ਕਰ ਦਿੱਤਾ...। ਸੱਸੀਆਂ ਤੇ ਸਾਹਿਬਾਂ ਬੇਵੱਸ ਕੁਰਲਾਉਂਦੀਆਂ ਹੀ ਰਹਿ ਗਈਆਂ...। ਇੱਕ ਦਿਨ ਤੁਸੀਂ ਮੇਰੇ ਨਾਲ਼ ਵਾਅਦੇ ਕੀਤੇ ਸੀ ਤੇ ਕੁਛ ਗੱਲਾਂ ਦਾਅਵੇ ਨਾਲ਼ ਵੀ ਕਹੀਆਂ ਸੀ, ਤੇ ਇੱਕ ਗੱਲ ਦਾਅਵੇ ਅਤੇ ਵਾਅਦੇ ਨਾਲ਼ ਮੈਂ ਅੱਜ ਕਹਿੰਨੀ ਆਂ ਕਿ ਮੈਂ ਇਸ ਬੱਚੇ ਨੂੰ ਹਰ ਹਾਲਤ ਵਿੱਚ ਜਨਮ ਦਿਊਂਗੀ, ਜੱਗ ਦਿਖਾਊਂਗੀ, ਚਾਹੇ ਮੈਨੂੰ ਇਹ ਦੇਸ਼ ਵੀ ਕਿਉਂ ਨਾ ਛੱਡਣਾ ਪਵੇ...।"

-"ਤੂੰ ਕਿਹੜੀਆਂ ਯੱਭਲ਼ੀਆਂ ਗੱਲਾਂ ਕਰੀ ਜਾਨੀ ਐਂ, ਪਾਇਲ...? ਮੈਨੂੰ ਹਫ਼ਤਾ ਕੁ ਟਾਈਮ ਦੇਹ, ਕਰਦੇ ਆਂ ਕੋਈ ਜੁਗਾੜ...।"

-"ਪੱਲਾ ਅੱਡੇ ਤੋਂ ਸੂਰਜ ਦੀਆਂ ਕਿਰਨਾਂ ਝੋਲ਼ੀ 'ਚ ਨੀ ਡਿੱਗਦੀਆਂ, ਮਾਹੀ ਮੇਰਿਆ..! ਮੈਂ ਤਾਂ ਇਹਨਾਂ ਬੀਤੇ ਹਫ਼ਤਿਆਂ ਵਿੱਚ ਪਤਾ ਨੀ ਕੀ-ਕੀ ਸੁਪਨੇ ਸਿਰਜ ਲਏ ਸੀ..? ਪਰ ਕੀ ਪਤਾ ਸੀ ਕਿ ਸਧਰਾਂ ਪੱਖੋਂ ਨੰਗ ਮਲੰਗ ਈ ਹੋ ਜਾਊਂਗੀ...।"

-"ਐਨਾਂ ਨਿਰਾਸ਼ ਨਾ ਹੋ...! ਜਲਦੀ ਕੋਈ ਹੱਲ ਕੱਢ ਕੇ ਮਿਲੂੰਗਾ..। ਆਹ ਮੇਰੇ ਘਰ ਦਾ ਨੰਬਰ ਫੜ, ਮਨ ਉਦਾਸ ਹੋਵੇ, ਤਾਂ ਮੈਨੂੰ ਕਾਲ ਕਰ ਲਈਂ..। ਰੱਬ ਕਿਰਪਾ ਕਰੇ, ਬਹੁਤ ਜਲਦੀ ਮਿਲਾਂਗੇ...।"

-"ਰਹਿੰਦੀ ਜ਼ਿੰਦਗੀ ਤੱਕ ਤੇਰਾ ਰਾਹ ਦੇਖੂੰਗੀ, ਸੋਹਣਿਆਂ...! ਆਖਰੀ ਸਾਹ ਤੱਕ ਉਡੀਕ ਕਰੂੰਗੀ...।" ਤੁਰੇ ਜਾ ਰਹੇ ਗੀਟਣ ਨੂੰ ਪਾਇਲ ਨੇ ਕਿਹਾ ਅਤੇ ਗੱਡੇ ਵਰਗੇ ਭਾਰੇ ਪੈਰ ਚੁੱਕਦੀ ਪਾਰਕ ਤੋਂ ਬਾਹਰ ਆ ਗਈ। ਪਾਰਕ ਦੇ ਇੱਕ ਖੂੰਜੇ ਖੜ੍ਹ ਕੇ, ਜੋਰਾ ਸਿੰਘ ਦਾ ਬੰਦਾ ਬਲਕਾਰ ਉਹਨਾਂ ਨੂੰ ਤਾੜ ਰਿਹਾ ਸੀ। ਜਦ ਪਾਇਲ ਆਪਣਾ ਸਕੂਟਰ ਚੁੱਕ ਕੇ ਰਾਹ ਪਈ ਤਾਂ ਬਲਕਾਰ ਮੋਟਰ ਸਾਈਕਲ ਉਪਰ ਉਸ ਦੇ ਮਗਰ ਲੱਗ ਗਿਆ।

ਅਗਲੇ ਦਿਨ ਗੀਟਣ ਨੂੰ ਪਾਇਲ ਦਾ ਫ਼ੋਨ ਆ ਗਿਆ।

ਫ਼ੋਨ ਉਪਰ ਉਹ ਜਾਰੋ-ਜਾਰ ਰੋ ਰਹੀ ਸੀ। ਉਸ ਦੇ ਬਾਪ ਨੂੰ ਪੁਲੀਸ ਡਰੱਗ ਦੇ ਕੇਸ ਵਿੱਚ ਗ੍ਰਿਫ਼ਤਾਰ ਕਰ ਕੇ ਲੈ ਗਈ ਸੀ।

-"ਮੇਰੇ ਬਾਪ ਨੇ ਤਾਂ ਕਦੇ ਸ਼ਰਾਬ ਦੀ ਤਿੱਪ ਨੀ ਪੀ ਕੇ ਦੇਖੀ, ਸਾਰੀ ਉਮਰ ਜਨਤਾ ਦੀ ਸੇਵਾ ਵਿੱਚ ਲਾਈ ਐ, ਉਹ ਵਿਚਾਰਾ ਡਰੱਗ ਕਿੱਥੋਂ ਵੇਚੂ...?" ਜਿਉਂ-ਜਿਉਂ ਪਾਇਲ ਰੋਂਦੀ ਕੁਰਲਾਉਂਦੀ ਗੀਟਣ ਨੂੰ ਦੱਸ ਰਹੀ ਸੀ, ਤਿਉਂ-ਤਿਉਂ ਸੁਣ ਕੇ ਗੀਟਣ ਦੇ ਸਰੀਰ ਨੂੰ ਝਰਨਾਹਟ ਚੜ੍ਹ ਰਹੀ ਸੀ।

-"ਇਹ ਕਿਸੇ ਦੀ ਸਾਜ਼ਿਸ਼ ਐ ਸੱਜਣਾ, ਨਹੀਂ ਮੇਰਾ ਬਾਪ ਤਾਂ ਵਿਚਾਰਾ ਦੁਨੀਆਂ ਨੂੰ ਮਾੜੇ ਕੰਮਾਂ ਤੋਂ ਰੋਕਦਾ ਹੁੰਦਾ ਸੀ, ਉਸ ਨੇ ਐਹੋ ਜਿਆ ਘਿਨਾਉਣਾ ਕੰਮ ਕਿਉਂ ਕਰਨਾ ਸੀ...?"

-"ਇਹ ਕਿਸੇ ਹੋਰ ਦੀ ਸਾਜ਼ਿਸ਼ ਨਹੀਂ ਪਾਇਲ, ਮੇਰੇ ਬਦਲਾਖੋਰ ਬਾਪ ਦੀ ਸਾਜ਼ਿਸ਼ ਐ..! ਮੈਨੂੰ ਪੱਕਾ ਯਕੀਨ ਐ ਕਿ ਉਹ ਤੇਰੇ ਬਾਪ ਨੂੰ ਗ੍ਰਿਫ਼ਤਾਰ ਕਰਵਾ ਕੇ ਪੁਲੀਸ ਰਾਹੀਂ ਆਪਾਂ ਨੂੰ ਦੂਰ ਕਰਨ ਲਈ ਦਬਾਅ ਪਾਊਗਾ...!"

-"............।" ਪਾਇਲ ਦੀਆਂ ਖਾਨਿਓਂ ਗੁਆਚ ਗਈਆਂ। ਉਸ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਗੀਟਣ ਦਾ ਜ਼ਿੰਮੇਵਾਰ ਬਾਪ ਇੱਕ ਅਜਿਹੀ ਘਿਨਾਉਣੀ ਸਾਜ਼ਿਸ਼ ਵੀ ਘੜ੍ਹ ਸਕਦਾ ਹੈ...? ਇਲਾਕੇ ਦਾ ਜ਼ਿੰਮੇਦਾਰ ਅਤੇ ਮੋਹਤਵਰ ਬੰਦਾ ਇਹਨਾਂ ਕਮੀਨੀਆਂ ਹਰਕਤਾਂ 'ਤੇ ਵੀ ਉੱਤਰ ਸਕਦਾ ਸੀ ਅਤੇ ਅਜਿਹੇ ਘ੍ਰਿਣਤ ਹੱਥਕੰਡੇ ਅਪਣਾ ਸਕਦਾ ਸੀ...?

-"ਕੁਛ ਕਰੋ ਪਲੀਜ਼...! ਮੇਰੇ ਬਾਪ ਨੇ ਤਾਂ ਕਦੇ ਕੀੜੀ 'ਤੇ ਪੈਰ ਨਹੀਂ ਧਰਿਆ, ਉਹ ਆਪਦੇ ਲੋਕਾਂ ਨੂੰ ਮੌਤ ਕਿਉਂ ਵੇਚੂਗਾ...? ਮੇਰੇ ਡਾਕਟਰ ਬਾਪ ਨੇ ਤਾਂ ਕਦੇ ਕਿਸੇ ਗਰੀਬ ਗੁਰਬੇ ਤੋਂ ਪੈਸਾ ਨੀ ਲਿਆ, ਉਹ ਹੋਰ ਲਾਲਚ ਕਿਸ ਗੱਲ ਦਾ ਕਰੂ...? ਮੇਰਾ ਬਾਪ ਬਿਲਕੁਲ ਨਿਰਦੋਸ਼ ਐ...।"

-"ਮੈਂ ਜਾਨੈਂ ਠਾਣੇ, ਤੂੰ ਨਿਸ਼ਚਿੰਤ ਰਹਿ...! ਬਾਪੂ ਜੀ ਨੂੰ ਲੈ ਕੇ ਹੀ ਘਰ ਆਊਂਗਾ...।" ਉਸ ਨੇ ਫ਼ੋਨ ਰੱਖਿਆ ਅਤੇ ਤੁਰੰਤ ਬਾਹਰ ਨਿਕਲ਼ ਗਿਆ। ਉਸ ਦੇ ਪੈਰਾਂ ਹੇਠ ਅੱਗ ਮੱਚ ਰਹੀ ਸੀ ਅਤੇ ਅੱਖਾਂ ਵਿੱਚੋਂ ਚੰਗਿਆੜੇ ਨਿਕਲ਼ ਰਹੇ ਸਨ। ਗੀਟਣ ਦਾ ਬੁਲਿਟ ਸਿੱਧਾ ਸਦਰ ਠਾਣੇ ਜਾ ਕੇ ਰੁਕਿਆ।

ਉਸ ਨੂੰ ਦੇਖ ਕੇ ਠਾਣੇਦਾਰ ਉਠ ਕੇ ਖੜ੍ਹਾ ਹੋ ਗਿਆ।

-"ਆਓ - ਆਓ ਬਰਖ਼ੁਰਦਾਰ...! ਕੀ ਹਾਲ ਨੈ...? ਅੱਜ ਠਾਣੇ..? ਸੁੱਖ ਐ...?" ਠਾਣੇਦਾਰ ਨੇ ਗੀਟਣ ਨੂੰ ਕਿਹਾ। ਉਹ ਪਹਿਚਾਣਦਾ ਸੀ ਕਿ ਉਹ ਐੱਮ. ਐੱਲ. ਏ. ਸਾਹਿਬ ਦਾ ਬੇਟਾ ਸੀ। ਠਾਣੇਦਾਰ ਦਾ ਉਹਨਾਂ ਦੇ ਘਰ ਆਮ ਹੀ ਆਉਣ ਜਾਣ ਸੀ, ਜਿਸ ਕਰ ਕੇ ਉਹ ਗੀਟਣ ਨੂੰ ਭਲੀਭਾਂਤ ਪਹਿਚਾਣਦਾ ਸੀ।

-"ਤੁਸੀਂ ਕਿਸੇ ਨੂੰ ਡਰੱਗ 'ਚ ਫੜ ਕੇ ਲਿਆਏ ਓਂ..?"

-"ਕਦੋਂ...?" ਠਾਣੇਦਾਰ ਨੇ ਹੈਰਾਨੀ ਨਾਲ਼ ਪੁੱਛਿਆ।

-"ਅੱਜ...।"

-"ਸਾਹਬ ਬਹਾਦਰ, ਅਸੀਂ ਤਾਂ ਤਿੰਨ ਦਿਨ ਤੋਂ ਵਿਹਲੇ ਬੈਠੇ ਆਂ, ਇੱਕ ਵੀ ਗ੍ਰਿਫ਼ਤਾਰੀ ਨੀ ਹੋਈ, ਥੋਨੂੰ ਕੋਈ ਭੁਲੇਖਾ ਲੱਗਿਆ ਹੋਣੈ...?"

-"..........।" ਗੀਟਣ ਠਾਣੇ ਦੇ ਆਸੇ ਪਾਸੇ ਝਾਕ ਰਿਹਾ ਸੀ। ਪਰ ਉਸ ਨੂੰ ਕੁਝ ਵੀ ਸ਼ੱਕੀ ਨਜ਼ਰ ਨਹੀਂ ਆ ਰਿਹਾ ਸੀ। ਪਰ ਪਾਇਲ ਤਾਂ ਝੂਠ ਨਹੀਂ ਬੋਲ ਸਕਦੀ ਸੀ। ਨਾਲ਼ੇ ਪਾਇਲ ਮੇਰੇ ਕੋਲ਼ ਝੂਠ ਬੋਲੂਗੀ ਵੀ ਕਿਉਂ...? ਉਸ ਦੇ ਰੋਣ ਦਾ ਢੰਗ ਦੱਸਦਾ ਸੀ ਕਿ ਉਹ ਬਹੁਤ ਹੀ ਦੁਖੀ ਅਤੇ ਵੈਰਾਗ ਵਿੱਚ ਰੋ ਰਹੀ ਸੀ। ਉਸ ਦਾ ਬਾਪ ਵਾਕਿਆ ਹੀ ਇੱਕ 'ਸਮਾਜ ਸੇਵਕ' ਬੰਦਾ ਅਤੇ ਕਿੱਤੇ ਵਜੋਂ ਬੇਦਾਗ ਡਾਕਟਰ ਸੀ।

-"ਮੁਣਸ਼ੀ....!" ਠਾਣੇਦਾਰ ਨੇ ਹਾਕ ਮਾਰੀ।

-"ਜੀ ਸਰਕਾਰ...?" ਮੁਣਸ਼ੀ ਹਾਜ਼ਰ ਸੀ।

-"ਸਾਹਿਬ ਬਹਾਦਰ ਨੂੰ ਰੋਜ਼ਨਾਮਚਾ ਦਿਖਾਓ...! ਆਪਣੇ ਸਰਦਾਰ ਜੋਰਾ ਸਿੰਘ ਐੱਮ. ਐੱਲ. ਏ. ਦੇ ਫ਼ਰਜ਼ੰਦ ਨੇ ਸਰਦਾਰ ਗੀਟਣ ਸਿੰਘ...।"

-"ਹੁਣੇ ਲਓ ਹਜ਼ੂਰ...!" ਮੁਣਸ਼ੀ ਰੋਜ਼ਨਾਮਚਾ ਚੁੱਕ ਲਿਆਇਆ।

-"ਲਓ ਮਹਾਰਾਜ, ਮਾਰੋ ਨਜ਼ਰ ਰੋਜ਼ਨਾਮਚੇ 'ਤੇ...! ਪਾਓ ਦ੍ਰਿਸ਼ਟੀ...।" ਮੁਣਸ਼ੀ ਨੇ ਰੋਜ਼ਨਾਮਚਾ ਗੀਟਣ ਦੇ ਅੱਗੇ ਕੀਤਾ। ਪਰ ਗੀਟਣ ਨੇ ਦੇਖਿਆ ਤੱਕ ਨਹੀਂ। ਕਿਤੇ ਇਹਨਾਂ ਨੇ ਗ੍ਰਿਫ਼ਤਾਰ ਕਰ ਕੇ ਕਿਸੇ ਹੋਰ ਠਾਣੇ ਤਾਂ ਨੀ ਬੰਦ ਕੀਤਾ...? ਗੀਟਣ ਸੋਚਾਂ ਵਿੱਚ ਪੈ ਗਿਆ। ਪਾਇਲ ਝੂਠ ਕਿਉਂ ਬੋਲੂਗੀ...? ਗੱਲ ਇਹੀ ਹੈ...। ਪਾਇਲ ਦੇ ਬਾਪ ਨੂੰ ਗ੍ਰਿਫ਼ਤਾਰ ਕਰ ਕੇ ਇਹਨਾਂ ਨੇ ਕਿਤੇ ਹੋਰ ਰੱਖਿਆ ਹੋਊਗਾ, ਜਦ ਬੰਦਾ ਹੀ ਠਾਣੇ ਨਹੀਂ, ਫ਼ਿਰ ਰੋਜ਼ਨਾਮਚੇ ਵਿੱਚ ਥੋੜ੍ਹੋ ਦਰਜ਼ ਕਰਨਗੇ..?

-"ਹੋਰ ਆਪਣੇ ਇੱਥੇ ਠਾਣਾ ਕਿਹੜੈ...?"

-"ਸਿਵਲ ਲਾਈਨਜ਼ ਠਾਣਾ ਵੀ ਐ ਸਾਹਿਬ ਬਹਾਦਰ...! ਹੋ ਸਕਦੈ ਉਹ ਗ੍ਰਿਫ਼ਤਾਰ ਕਰ ਕੇ ਲਿਆਏ ਹੋਣ...?"

ਗੀਟਣ ਚੱਕਵੇਂ ਪੈਰੀਂ ਬਾਹਰ ਨਿਕਲ਼ ਗਿਆ।

ਠਾਣੇਦਾਰ ਨੇ ਐੱਮ. ਐੱਲ. ਏ. ਜੋਰਾ ਸਿੰਘ ਨੂੰ ਫ਼ੋਨ ਮਿਲ਼ਾ ਲਿਆ।

-"ਪੈਰੀਂ ਪੈਣਾ ਸਰਦਾਰ ਸਾਹਿਬ...! ਸਦਰ ਠਾਣੇ ਤੋਂ ਨਾਜਰ ਸਿਉਂ ਠਾਣੇਦਾਰ ਬੋਲਦੈਂ...!"

-"ਹਾਂ ਬਈ ਨਾਜਰ ਸਿਆਂ...! ਹਿਲਾਇਆ ਹੱਥ ਪੱਲਾ ਕਿ ਨਹੀਂ...?"

-"ਹੁਣੇ ਹੁਣੇ ਆਪਣਾ ਫ਼ਰਜ਼ੰਦ ਠਾਣੇ ਆਇਆ ਸੀ ਐੱਮ.ਐੱਲ.ਏ. ਸਾਹਿਬ..।"

-"ਫ਼ੇਰ...?"

-"ਅਸੀਂ ਤਾਂ ਰੋਜ਼ਨਾਮਚਾ ਦਿਖਾ ਦਿੱਤਾ ਬਈ ਅਸੀਂ ਤਾਂ ਕਿਸੇ ਨੂੰ ਗ੍ਰਿਫ਼ਤਾਰ ਈ ਨੀ ਕੀਤਾ...!"

-"ਸ਼ਾਬਾਸ਼...! ਬੱਸ ਪਾ ਦਿਓ ਚਿੱਬ ਮੇਰੇ ਸਾਲ਼ੇ ਦੇ...!"

-"ਸਾਹਿਬ ਬਹਾਦਰ, ਗੋਲੀ ਕੀਹਦੀ, ਤੇ ਗਹਿਣੇ ਕੀਹਦੇ..? ਫ਼ਿਕਰ ਕਾਹਦਾ ਕਰਦੇ ਓਂ...? ਸਿਰ ਥੱਲੇ ਬਾਂਹ ਦਿਓ ਤੇ ਕੰਨ ਪਰਨੇਂ ਸੌਂ ਜਾਓ...! ਅਸੀਂ ਕਾਹਦੇ ਵਸਤੇ ਬੈਠੇ ਆਂ...? ਅਸੀਂ ਚੌਂਤੇ ਪਹਿਰ ਥੋਡੀ ਸੇਵਾ 'ਚ ਹਾਜ਼ਰ ਆਂ...।"

-"ਬੱਸ..! ਮੈਨੂੰ ਗੱਲਾਂ ਦੇ ਪੜ੍ਹੱਲ ਨੀ ਚਾਹੀਦੇ, ਮੈਨੂੰ ਰਿਜ਼ਲਟ ਦੇਹ ਨਾਜਰ ਸਿਆਂ...!"

-"ਮਿਲੂਗਾ ਸਾਹਿਬ ਬਹਾਦਰ...! ਤਸੱਲੀ ਨਾਲ਼ ਮਿਲੂਗਾ, ਬੱਸ ਥੋੜ੍ਹਾ ਜਿਹਾ ਸਬਰ ਰੱਖੋ...! ਸਵੇਰ ਤੱਕ ਥੋਡੀਆਂ ਸਾਰੀਆਂ ਸਧਰਾਂ ਪੂਰੀਆਂ ਹੋਣਗੀਆਂ...!"

ਠਾਣੇ ਦੇ ਵਰਾਂਡੇ 'ਚ ਪਰਦੇ ਨਾਲ਼ ਖੜ੍ਹੇ ਗੀਟਣ ਨੇ ਠਾਣੇਦਾਰ ਦੀਆਂ ਸਾਰੀਆਂ ਗੱਲਾਂ ਸੁਣ ਰਹੀਆਂ ਸਨ। ਉਸ ਦੀਆਂ ਅੱਖਾਂ 'ਚੋਂ ਰੱਤ ਚੋਅ ਰਹੀ ਸੀ। ਸਰੀਰ ਜੁਆਲਾ ਮੁਖੀ ਬਣਿਆਂ ਹੋਇਆ ਸੀ।

ਉਸ ਨੇ ਮੋਟਰ ਸਾਈਕਲ ਚੁੱਕਿਆ ਅਤੇ ਤੂਫ਼ਾਨ ਵਾਂਗ ਘਰ ਪਹੁੰਚ ਗਿਆ। ਮਾਂ ਪੁੱਤ ਦਾ ਬਿਕਰਾਲ਼ ਰੂਪ ਦੇਖ ਕੇ ਡਰ ਗਈ। ਉਸ ਨੇ ਮਾਂ ਨਾਲ਼ ਕੋਈ ਗੱਲ ਨਾ ਕੀਤੀ। ਝੱਖੜ ਵਾਂਗ ਆਪਣੇ ਕਮਰੇ ਵਿੱਚ ਪਹੁੰਚ ਗਿਆ। ਡਰਦੀ ਡਰਦੀ ਮਾਂ ਵੀ ਮਗਰ ਹੀ ਚਲੀ ਗਈ।

ਗੀਟਣ ਦਾ ਅੰਦਰ ਸਾਗ ਵਾਲ਼ੀ ਤੌੜੀ ਵਾਂਗ ਉਬਲ਼ ਰਿਹਾ ਸੀ।

-"ਮੇਰੇ ਸੁਆਰਥੀ ਪਿਉ ਨੂੰ ਸਾਰੀ ਉਮਰ ਸਿਆਸਤ ਤੋਂ ਵਿਹਲ਼ ਨੀ ਮਿਲ਼ੀ, ਤੇ ਮੇਰੀ ਲਾਲਚੀ ਮਾਂ ਨੂੰ ਦੋ ਨੰਬਰ ਦਾ ਪੈਸਾ ਸਾਂਭਣ ਤੋਂ...।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਕੁੱਤੇ ਵਾਂਗ 'ਹਲ਼ਕੇ ਅਤੇ ਜਿੰਨ ਵਾਂਗ 'ਮਾਣਸ-ਬੂ-ਮਾਣਸ-ਬੂ' ਕਰਦੇ ਰਿਸ਼ਤਿਆਂ ਤੋਂ ਸਾਵਧਾਨ ਕਰਦਾ ਨਾਵਲ "ਗੰਧਲ਼ੇ ਰਿਸ਼ਤੇ"

## ਪੁਸਤਕ ਸਮੀਖਿਆ

ਸ਼ਿਵਚਰਨ ਜੱਗੀ ਕੁੱਸਾ



ਹਰ ਹਮਦਰਦ ਲੇਖਕ ਲੋਕਾਂ ਲਈ ਇੱਕ ਚੌਕੀਦਾਰ ਵਾਂਗ ਹੁੰਦਾ ਹੈ, ਜੋ 'ਜਾਗਦੇ ਰਹੋ' ਦਾ ਹੋਕਾ ਦੇ ਕੇ ਸੁੱਤੇ ਲੋਕਾਂ ਨੂੰ ਖ਼ਤਰੇ ਤੋਂ ਸੁਚੇਤ ਕਰਦਾ ਹੈ। ਲੇਖਕ ਕੋਲ਼ ਕੋਈ ਭੰਗੀਆਂ ਵਾਲ਼ੀ ਤੋਪ ਤਾਂ ਹੁੰਦੀ ਨਹੀਂ, ਜੋ ਉਸ ਨੇ ਚਲਾ ਕੇ ਬੁਰਾਈ ਨੂੰ ਮਾਰ ਘੱਤਣਾਂ ਹੁੰਦਾ ਹੈ। ਪਰ ਕਲਮ ਦੇ ਨਸ਼ਤਰ ਨਾਲ਼ ਕਿਸੇ ਨੂੰ ਜਾਗਰੂਕ ਕਰ ਕੇ ਜਾਗਰਿਤੀ ਲਿਆ ਦੇਣਾ ਵੀ ਇੱਕ ਕਰਾਂਤੀ ਹੀ ਹੁੰਦੀ ਹੈ, ਜੋ ਬੁਰਾਈ ਦੀ ਜੜ੍ਹ ਪੁੱਟਣ ਦੇ ਸਮਰੱਥ ਹੁੰਦੀ ਹੈ। ਕਮਲ ਗਿੱਲ ਦਾ ਨਾਵਲ "ਗੰਧਲ਼ੇ ਰਿਸ਼ਤੇ" ਪੜ੍ਹਦਿਆਂ ਮੈਨੂੰ ਦੋ ਮਹਾਨ ਲੇਖਕ ਔਰਤਾਂ ਜੌਸੇਫ਼ਾਈਨ ਡੌਜ ਅਤੇ ਜੇਨ ਐਡਮ ਦੀ ਯਾਦ ਆਉਂਦੀ ਹੈ, ਕਿ ਕਿਵੇਂ ਉਹਨਾਂ ਨੇ ਔਰਤਾਂ ਦੇ ਹੱਕਾਂ ਦੀ ਖਾਤਰ ਆਪਣੀ ਕਲਮ ਦੀ ਜੰਗ ਲੜੀ। ਜਿੱਥੇ ਅਸੀਂ "ਆਪਣਾ ਮਾਰੂ - ਛਾਵੇਂ ਸਿੱਟੂ" ਦੀ ਰਟ ਲਾਉਂਦੇ ਸਾਹ ਨਹੀਂ ਲੈਂਦੇ, ਓਥੇ ਕਮਲ ਗਿੱਲ ਦਾ ਹਥਲਾ ਨਾਵਲ 'ਆਪਣਿਆਂ ਤੋਂ ਹੀ 'ਬਚਣ ਦੀ ਇੱਕ ਸਿੱਖਿਅਤ ਚੇਤਾਵਨੀ ਦਿੰਦਾ ਹੈ। ਇਸ ਨਾਵਲ ਤੋਂ ਇਹ ਸਬਕ ਅਤੇ ਸੇਧ ਵੀ ਮਿਲ਼ਦੀ ਹੈ, ਕਿ ਸਭ ਤੋਂ ਵੱਧ ਤੁਹਾਡੇ ਆਪਣੇ ਹੀ 'ਹਲ਼ਕਦੇ ਹਨ, ਜੋ ਤੁਹਾਨੂੰ ਦੰਦ ਮਾਰਨ ਲੱਗੇ 'ਸੀ ਤੱਕ ਨਹੀਂ ਕਰਦੇ। ਇਹ ਤਾਂ ਮੈਂ ਨਹੀਂ ਕਹਿ ਸਕਦਾ ਕਿ "ਗੰਧਲ਼ੇ ਰਿਸ਼ਤੇ" ਨਾਵਲ ਕਲਪਿਤ ਹੈ, ਜਾਂ ਕਿਸੇ ਸੱਚਾਈ ਉੱਪਰ ਅਧਾਰਿਤ ਹੈ? ਪਰ ਜੋ ਵੀ ਹੈ, ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲ਼ਾ ਬ੍ਰਿਤਾਂਤ ਅਤੇ ਅਖਾਉਤੀ ਰਿਸ਼ਤਿਆਂ ਉੱਪਰ 'ਕਲੰਕ ਬਣ ਕੇ ਲੱਗੇ ਰਿਸ਼ਤੇਦਾਰਾਂ ਉੱਪਰ ਉਂਗਲ਼ ਧਰਦਾ ਹੈ। ਬੰਦਾ ਓਦੋਂ ਘੋਰ ਨਿਰਾਸ਼ ਅਤੇ ਕਰੋਧੀ ਵੀ ਹੋ ਜਾਂਦਾ ਹੈ, ਜਦ 'ਆਪਣੇ ਵਿਸ਼ਵਾਸ ਵਾਲ਼ੇ ਰਿਸ਼ਤੇਦਾਰ ਹੀ ਤੁਹਾਡੀਆਂ ਨਾਬਾਲਿਗ ਬਾਲੜੀਆਂ ਦੀ ਇੱਜ਼ਤ-ਆਬਰੂ 'ਤੇ ਹਮਲਾਵਰ ਬਣ, ਚੀਰ-ਹਰਣ ਲਈ ਉਤਾਰੂ ਹੋ ਜਾਂਦੇ ਹਨ।

ਇਸ ਨਾਵਲ ਦੀ ਕਹਾਣੀ ਇੱਕ ਬੁੱਧੀਜੀਵੀ, ਪਰ ਨਿਰਾਸ਼ ਅਤੇ ਬਦਕਿਸਮਤ ਔਰਤ ਕੈਲਾਸ਼ ਜੀ ਦੇ ਆਲ਼ੇ-ਦੁਆਲ਼ੇ ਘੁੰਮਦੀ ਹੈ, ਜਿਸ ਨੂੰ ਅੱਲ੍ਹੜ ਵਰੇਸ ਵੇਲ਼ੇ ਦੁਸ਼ਟ ਲਾਲੇ ਤੋਂ ਲੈ ਕੇ ਬਾਲ ਵਰੇਸ ਤੋਂ ਜੁਆਨੀ ਦੀ ਸਰਦਲ ਉੱਪਰ ਪੈਰ ਰੱਖਦੀ ਨੂੰ ਉਸ ਦੇ ਆਪਣੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਵੀ ਨਹੀਂ ਬਖ਼ਸ਼ਦੇ, ਸਗੋਂ ਆਦਮਖੋਰਾਂ ਵਾਂਗ ਸਰੀਰ ਨੋਚਣ ਪੈਂਦੇ ਨੇ। ਕਮਲ ਗਿੱਲ ਦੀ ਲਿਖਣ ਅਤੇ ਪਾਰਖੂ ਕਲਾ ਕਮਾਲ ਦੀ ਹੈ। ਉਸ ਦਾ ਬ੍ਰਿਤਾਂਤਕ ਅੰਦਾਜ਼ ਬੜਾ ਸ਼ਾਨਦਾਰ ਹੈ ਅਤੇ ਉਸ ਨੂੰ ਆਪਣੀ ਗੱਲ ਕਹਿਣ ਦਾ ਬਾਖ਼ੂਬੀ ਵੱਲ ਹੈ। ਔਰਤ ਦਾ ਦੁੱਖ ਅਤੇ ਪੀੜ ਸੁਣ ਕੇ ਉਹ ਔਰਤ ਹੋਣ ਦੇ ਨਾਤੇ ਵੀ ਔਰਤ ਵੱਲ ਉਲਾਰ ਨਹੀਂ ਹੁੰਦੀ, ਸਗੋਂ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਦੀ ਹੈ। ਉਹ ਕਦੇ-ਕਦੇ ਗੰਭੀਰ ਵੀ ਹੁੰਦੀ ਹੈ ਅਤੇ ਮਜ਼ਾਕੀਆ ਬ੍ਰਿਤਾਂਤ ਵੀ




ਸਿਰਜਦੀ ਹੈ, ਜੋ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਉਂਦਾ ਹੈ। ਪਰ ਮੈਂ ਇਹ ਸੋਚ ਕੇ ਪ੍ਰੇਸ਼ਾਨ ਹੁੰਦਾ ਹਾਂ ਕਿ ਜਦ ਕਮਲ ਨੇ ਇਹ ਨਾਵਲ ਲਿਖਿਆ ਹੋਵੇਗਾ, ਤਾਂ ਉਹ ਮਾਨਸਿਕ ਤੌਰ ਉੱਪਰ ਖ਼ੁਦ ਕਿਹੜੀਆਂ ਗੁੰਝਲ਼ਦਾਰ ਪ੍ਰਸਥਿਤੀਆਂ ਵਿੱਚ ਦੀ ਵਿਚਰੀ ਹੋਵੇਗੀ...?

ਔਰਤਾਂ ਦੀ ਸ਼ੈਲੀ ਦੀਆਂ ਕਿਤਾਬਾਂ ਇੱਕ ਭਾਵਨਾਤਮਿਕ ਪ੍ਰਤੀਬਿੰਬ ਵਿੱਚ ਮੁੱਖ ਪਾਤਰ ਦੀ ਪਾਲਣਾ ਕਰਦੀਆਂ ਹਨ, ਜਦੋਂ ਉਹ ਆਪਣੀ ਜ਼ਿੰਦਗੀ ਵਿੱਚ ਮੁਸ਼ਕਿਲਾਂ ਨਾਲ਼ ਦੋ ਹੱਥ ਕਰ ਰਹੀ ਹੁੰਦੀ ਹੈ। ਪਾਠਕ ਉਸ ਦੇ ਤਜ਼ਰਬਿਆਂ ਦੀ ਪਾਲਣਾ ਕਰਦਾ ਹੈ, ਕਿਉਂਕਿ ਉਸ ਦੀ ਜ਼ਿੰਦਗੀ ਵਿੱਚ ਤਬਦੀਲੀਆਂ ਅਤੇ ਵਿਅਕਤੀਗਤ ਵਿਕਾਸ ਹੁੰਦਾ ਹੈ। ਉਹ ਉਸ ਨੂੰ ਲੋਕਾਂ ਅਤੇ ਰਿਸ਼ਤਿਆਂ ਦੇ ਨਾਲ਼ ਉਸ ਦੇ ਵਿਵਹਾਰ ਵਿੱਚ ਦੇਖਦੇ ਹਨ, ਜਿਵੇਂ ਕਿ ਉਹ ਜੀਵਨ ਦੇ ਸੰਘਰਸ਼ਾਂ ਤੋਂ ਬਦਲਦੀ ਹੈ। ਇਸੇ ਤਰ੍ਹਾਂ ਕਮਲ ਗਿੱਲ ਨੂੰ ਮੈਂ ਇੱਕ ਸੁੱਚਜੀ, ਕਿਰਿਆਸ਼ੀਲ ਜਰਨਲਿਸਟ ਅਤੇ ਸਫ਼ਲ ਅਖ਼ਬਾਰ ਸੰਪਾਦਕਾ ਵਜੋਂ ਦੇਖਿਆ ਅਤੇ ਜਾਣਿਆਂ ਹੈ। ਪਰ ਮੈਂ ਕਦੇ ਇਹ ਗੱਲ ਨਹੀਂ ਸੀ ਸੋਚੀ, ਕਿ ਉਹ ਇੱਕ ਵਿਸ਼ਿਸ਼ਟ ਨਾਵਲਕਾਰਾ ਵੀ ਹੋਵੇਗੀ। ਇਹ ਸੱਚ ਮੈਨੂੰ ਆਚੰਭੇ ਭਰੀ ਖ਼ੁਸ਼ੀ ਦਿੰਦਾ ਹੈ। ਮੈਂ ਉਸ ਦੀਆਂ ਕਈ ਕਹਾਣੀਆਂ ਵੱਖੋ-ਵੱਖ ਅਖ਼ਬਾਰਾਂ ਵਿੱਚ ਪੜ੍ਹੀਆਂ ਸਨ। ਪਰ ਉਸ ਦਾ ਇਹ ਨਾਵਲ ਪੜ੍ਹ ਕੇ, ਉਸ ਦੀ ਪਤਾਲ਼ ਦੀਆਂ ਗਹਿਰਾਈਆਂ ਮਾਪਦੀ ਸਿਰਜਣ ਸ਼ਕਤੀ ਅਤੇ ਪ੍ਰਾਪਤੀ ਮੇਰੀ ਖ਼ੁਸ਼ੀ ਨੂੰ ਹੋਰ ਵੀ ਦੂਣ-ਸਵਾਇਆ ਕਰ ਗਈ।

ਇਸ ਸਾਰੇ ਨਾਵਲ ਵਿੱਚ ਕੈਲਾਸ਼ ਮੈਡਮ ਆਪਣੀ ਪੂਰੀ ਜ਼ਿੰਦਗੀ ਵਿੱਚ ਬੇਹੱਦ ਸੰਘਰਸ਼ ਕਰਦੀ ਹੈ। ਕਈ ਜਗਾਹ 'ਤੇ ਇੰਜ ਵੀ ਜਾਪਦਾ ਹੈ ਕਿ ਉਹ ਹੁਣ ਇਸ 'ਖਲਜੱਗਣ ਨੂੰ ਝੱਲਣ ਦੀ 'ਆਦੀ ਹੋ ਗਈ ਹੈ ਅਤੇ ਉਸ ਨੂੰ ਕੋਈ ਅਗਲਾ 'ਖ਼ਤਰਾ ਡਰਾਉਂਦਾ ਨਹੀਂ। ਅਖੀਰ ਉਹ 'ਵੰਨ ਮੈਨ ਆਰਮੀ ਬਣ ਕੇ ਸਮਾਜ ਵਿੱਚ ਵਿਚਰਦੀ ਹੈ। ਜਦ ਕਿਸੇ ਨੂੰ ਬਹੁਤਾ ਹੀ ਸਤਾਇਆ ਗਿਆ ਹੋਵੇ, ਅਤੇ ਪੈਰ-ਪੈਰ ਉੱਪਰ ਠੋਕਰਾਂ ਵੱਜੀਆਂ ਹੋਣ, ਤਾਂ ਜ਼ਖ਼ਮ ਵੀ ਬਹੁਤੇ ਨਹੀਂ ਚਸਕਦੇ। ਜਦੋਂ ਤੁਹਾਨੂੰ ਸਮਾਜ ਜਾਂ ਸਮਾਜ ਦੇ ਅਖਾਉਤੀ ਠੇਕੇਦਾਰ 'ਕੂੜਾ-ਕਬਾੜਾ ਜਾਂ 'ਪੈਰ ਦੀ ਜੁੱਤੀ ਅਤੇ 'ਵਰਤਣ ਵਾਲ਼ੀ ਚੀਜ਼ ਮੰਨ ਕੇ ਤੁਹਾਨੂੰ 'ਟਿੱਚ ਸਮਝਣ, ਫਿਰ ਤੁਹਾਡੀ ਜ਼ਮੀਰ ਜੁਆਲਾ-ਮੁਖੀ ਬਣ ਤੁਰਦੀ ਹੈ ਅਤੇ ਸਾਹਮਣੇ ਵਾਲ਼ੇ ਨੂੰ ਸਾੜ ਕੇ ਰਾਖ ਕਰਨ ਲਈ ਕਰਵਟ ਲੈਂਦੀ ਹੈ। ਜਦ ਅੰਨ ਅਤੇ ਅਕਲ ਦੇ ਵੈਰੀ ਆਪਣੀ ਹਾਉਮੈਂ ਨੂੰ ਪੱਠੇ ਪਾਉਣ, ਜਾਂ ਸ਼ੇਖੀ ਮਾਰਨ ਦੀ ਬਿਰਤੀ ਨਾਲ਼ ਬਿਨਾ ਕਾਰਨ ਬਦਨਾਮੀ 'ਤੇ ਉਤਾਰੂ ਹੋ ਜਾਣ, ਫਿਰ ਜ਼ਮੀਰ ਵੱਲੋਂ ਲਿਆ ਗਿਆ ਫ਼ੈਸਲਾ ਤੁਹਾਨੂੰ ਜੀਣ ਦਾ ਵੱਲ ਅਤੇ ਜ਼ਮਾਨੇ ਦੇ ਵਿੱਡ 'ਚ ਟੱਕਰ ਮਾਰਨ ਦੀ ਜਾਂਚ ਸਿਖਾਉਂਦਾ ਹੈ। ਨਾਲ਼ ਦੀ ਨਾਲ਼ ਇਹ ਵੀ ਚਾਨਣ ਕਰਦਾ ਹੈ, ਕਿ ਜਦ ਖਾਂਦੇ ਦੀ ਦਾਹੜੀ ਹਿੱਲਣ ਲੱਗ ਜਾਵੇ, ਤਾਂ ਸਾਹਮਣੇ ਵਾਲ਼ੇ ਦੀ ਟੀਰੀ ਅੱਖ ਵਿੱਚ ਸੇਹ ਦਾ ਤੱਕਲ਼ਾ ਕਿਵੇਂ ਗੱਡਣਾ ਹੈ। ਕਮਲ ਗਿੱਲ ਲਿਖਣ ਸਮੇਂ ਸੁੱਤੀ ਪਈ ਵੀ ਸੱਪ ਵਾਂਗ ਅੱਖਾਂ ਖੋਲ੍ਹ ਕੇ ਰੱਖਦੀ ਹੈ।

ਕੁੱਲ ਮਿਲ਼ਾ ਕੇ ਕਮਲ ਗਿੱਲ ਦਾ ਨਾਵਲ "ਗੰਧਲ਼ੇ ਰਿਸ਼ਤੇ" ਇੱਕ ਬਿਹਤਰੀਨ ਅਤੇ ਔਰਤ ਦੀ ਪੀੜ ਦਾ ਅਹਿਸਾਸ ਕਰ ਕੇ, ਉਸ ਨਾਲ਼ ਦੁੱਖ ਵੰਡਾਉਣ ਵਾਲ਼ਾ ਉੱਤਮ ਨਾਵਲ ਹੈ। ਮੈਂ ਕਮਲ ਗਿੱਲ ਨੂੰ ਇਸ ਦਿਲਚਸਪ ਅਤੇ ਸਿੱਖਿਆਦਾਇਕ ਨਾਵਲ ਸਿਰਜਣ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ। ਇਹ ਨਾਵਲ ਹਰ ਮਾਂ, ਬਾਪ ਅਤੇ ਧੀ-ਭੈਣ ਨੂੰ ਪੜ੍ਹਨਾ ਚਾਹੀਦਾ ਹੈ। ਮੈਨੂੰ ਪੂਰੀ ਆਸ ਹੈ ਕਿ "ਗੰਧਲ਼ੇ ਰਿਸ਼ਤੇ" ਨਾਵਲ ਪੜ੍ਹ ਕੇ ਅੱਖਾਂ ਮੀਟ ਕੇ 'ਨੇੜਲੇ ਰਿਸ਼ਤੇਦਾਰਾਂ ਉੱਪਰ ਵਿਸ਼ਵਾਸ ਕਰਨ ਵਾਲ਼ੇ ਮਾਪੇ ਆਪਣੀਆਂ ਬਾਲੜੀਆਂ ਨਾਲ਼ ਹੋਣ ਵਾਲ਼ੇ ਸ਼ੋਸ਼ਣ ਪ੍ਰਤੀ ਜਾਗਰੂਕ ਹੋਣਗੇ। ਮੈਂ ਪੁਰਜ਼ੋਰ ਅਪੀਲ ਕਰਾਂਗਾ ਕਿ ਇਹ ਨਾਵਲ ਹਰ ਘਰ ਵਿੱਚ ਮੌਜੂਦ ਹੋਣਾ ਚਾਹੀਦਾ ਹੈ, ਤਾਂ ਕਿ ਲੋਕ ਪੜ੍ਹ ਕੇ ਸਾਵਧਾਨ ਹੋ ਸਕਣ ਅਤੇ ਘਾਹ ਦੇ ਸੱਪਾਂ ਤੋਂ ਬੱਚਿਆਂ ਦੇ ਹੁੰਦੇ ਸ਼ੋਸ਼ਣ ਨੂੰ ਠੱਲ੍ਹ ਪਾਈ ਜਾ ਸਕੇ। ਕਮਲ ਗਿੱਲ ਤੋਂ ਮੈਨੂੰ ਇਸ ਤੋਂ ਵੀ ਵੱਧ ਸਿੱਖਿਆਦਾਇਕ ਅਤੇ ਗੁਣਾਂ ਦੀ ਗੁਥਲੀ ਵਰਗੇ ਹੋਰ ਨਾਵਲਾਂ ਦੀ ਆਸ ਰਹੇਗੀ।

## ਮਨ ਉੱਤੇ ਮੂਰਤਾਂ ਦਾ ਮਹੱਤਵ !





ਇਹ ਕਈ ਦਹਾਕੇ ਪੁਰਾਣੀ ਗੱਲ ਹੈ, ਹੁਣ ਤਾਂ ਸ਼ਾਇਦ ਪੰਜਾਬੀ (ਗੁਰਮੁਖੀ) ਸਿੱਖਣ ਲਈ ਛੋਟੇ ਬੱਚਿਆਂ ਦੇ 'ਕੈਦੇ' ਉਦੋਂ ਵਰਗੇ ਨਹੀਂ ਹੋਣਗੇ, ਜਦੋਂ ਦੀ ਮੈਂ ਇਹ ਅੱਖੀਂ ਦੇਖੀ ਵਾਰਤਾ ਲਿਖਣ ਜਾ ਰਿਹਾ ਹਾਂ। ਮੈਂ ਆਪਣੇ ਇਕ ਦੋਸਤ ਨੂੰ ਮਿਲਣ ਗਿਆ ਤਾਂ ਉਸਦੀ ਛੋਟੀ ਬੇਟੀ ਕੈਦਾ ਹੱਥ 'ਚ ਲਈ ਬੈਠੀ ਸੀ।

ਮੈਂ ਦੋਸਤ ਨੂੰ ਪੁੱਛਿਆ ਕਿ ਬੇਟੀ ਪੜ੍ਹਨ ਲਾ'ਤੀ ਸਕੂਲੇ ? ਉਹ ਥੋੜ੍ਹਾ ਹੱਸ ਕੇ ਕਹਿੰਦਾ-'ਆਹੋ ਜੀ ਪੜ੍ਹਨ ਤਾਂ ਜਾਂਦੀ ਆ ਸਕੂਲੇ ਬੜੇ ਚਾਅ ਨਾਲ਼ ਪਰ ਇਹਦੀ ਇੱਕੋ ਅੱਖਰ ਉੱਤੇ 'ਗਰਾਰੀ' ਅੜੀ ਹੋਈ ਆ !'

ਸਵਾਲੀਆ-ਚਿੰਨ੍ਹ ਬਣਿਆਂ ਮੇਰਾ ਚਿਹਰਾ ਦੇਖ ਕੇ ਉਹ ਆਪ ਹੀ ਦੱਸਣ ਲੱਗ ਪਿਆ-

"ਕੈਦੇ ਉੱਤੇ 'ਪੈਂਤੀ' ਦੇ ਅੱਖਰ ਪੜ੍ਹਨ ਵੇਲੇ ਇਹ 'ਊੜਾ-ਊਠ, ਐੜਾ-ਅਨਾਰ, ਈੜੀ-ਇੰਜਣ, ਸੱਸਾ-ਸਲੇਟ' ਤੋਂ ਸ਼ੁਰੂ ਕਰਕੇ ਬਾਕੀ 'ਵਾਵੇ' ਤੱਕ ਤਾਂ ਸਾਰੇ ਅੱਖਰ ਬਿਲਕੁਲ ਸਹੀ ਸਹੀ ਬੋਲੀ ਜਾਂਦੀ ਐ ਪਰ ਫੱਫੇ ਅੱਖਰ ਦੀ ਵਾਰੀ ਇਹ 'ਫੱਫਾ-ਕੇਲਾ' ਕਹਿਣੋ ਨੀ ਹਟਦੀ ! ਅਸੀਂ ਬਥੇਰਾ ਕਹੀ ਜਾਨੇ ਆਂ ਕਿ ਪੁੱਤ 'ਫੱਫਾ-ਫਲ਼' ਕਹਿ ! ਪਰ ਇਸਨੇ 'ਫੱਫੇ' ਅੱਖਰ ਮੋਹਰੇ ਛਪੀ ਹੋਈ ਕੇਲੇ ਦੀ ਮੂਰਤ ਨੂੰ ਐਸਾ ਮਨ 'ਚ ਪੱਕਾ ਵਸਾ ਲਿਆ ਐ ਕਿ ਫੱਫਾ-ਫਲ਼ ਕਹਿਣ ਦੀ ਬਜਾਏ ਇਹ 'ਫੱਫਾ-ਕੇਲਾ' ਹੀ ਰਟੀ ਜਾਂਦੀ ਐ !"

ਇਹ ਤਾਂ ਹੋਈ ਬਾਲ-ਮਨਾਂ ਉੱਤੇ ਮੂਰਤਾਂ ਦੇ ਪ੍ਰਭਾਵ ਦੀ ਗੱਲ ਪਰ ਇਹ ਵਾਰਤਾ ਇਸ ਨੁਕਤੇ ਦੀ ਵੀ ਵੱਡੀ ਮਿਸਾਲ ਹੈ ਕਿ ਸਾਡੇ ਮਨ-ਮਸਤਿਕ ਵਿਚ ਲਿਖਤਾਂ ਨਾਲ਼ੋਂ ਤਸਵੀਰਾਂ ਕਿਉਂ ਜਿਆਦਾ ਖੁੱਭੀਆਂ ਵਸੀਆਂ ਰਹਿੰਦੀਆਂ ਹਨ ! ਜਿਵੇਂ ਗੁਰੂ ਸਾਹਿਬਾਨ ਨੇ ਦੇਹਧਾਰੀ ਪ੍ਰਥਾ ਨੂੰ ਸਦਾ ਸਦਾ ਲਈ ਬੰਦ ਕਰਕੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਪਰ ਅਜੋਕੇ ਸਿੱਖਾਂ ਦੀ ਵੱਡੀ ਗਿਣਤੀ ਸ਼ਬਦ ਦੀ ਥਾਂਹ ਕਿਸੇ ਨਾ ਕਿਸੇ ਦੇਹਧਾਰੀ ਡੇਰੇਦਾਰ ਸੰਤ ਮਹੰਤ ਦੇ ਚੁੰਗਲ਼ 'ਚ ਫਸੀ ਹੋਈ ਹੈ। ਆਪੋ ਆਪਣੇ ਬਾਬਿਆਂ ਨੂੰ 'ਮਹਾਰਾਜ' ਕਹਿਣ ਵਾਲ਼ੇ ਸਿੱਖ ਵੀ ਫੱਫਾ-ਫਲ਼ ਕਹਿਣ ਦੀ ਬਜਾਏ 'ਫੱਫਾ-ਕੇਲਾ' ਹੀ ਕਹਿ ਰਹੇ ਸਮਝੋ !



ਤਰਲੋਚਨ ਸਿੰਘ ਦੁਪਾਲ ਪੁਰ 001-408-915-1268
tsdupalpuri@yahoo.com

# ਹਿੰਦੂ ਧਰਮ ਦੇ ਮਹਾਂਕੁੰਭ ਵਿਚ ਸਾਧੂਆਂ ਦੇ ਅਜੀਬੋ ਗਰੀਬ ਰੰਗ

**○ ਮਨੁੱਖੀ ਲਾਸ਼ਾਂ ਦਾ ਮਾਸ ਖਾਣ ਵਾਲੇ ਅਘੋਰੀ ਸਾਧੂ ਲਾਸ਼ਾਂ ਨਾਲ ਸਬੰਧ ਕਿਉਂ ਬਣਾਉਂਦੇ ਨੇ ਸਬੰਧ ○ ਬਾਬੇ ਕਰ ਰਹੇ ਹਨ ਨਿਰਾਲੇ ਢੰਗ ਨਾਲ ਹਿੰਦੂ ਧਰਮ ਦਾ ਪ੍ਰਚਾਰ**

### ਕਵਰ ਸਟੋਰੀ

ਹਿੰਦੂ ਧਰਮ ਵਿੱਚ ਮਹਾਂਕੁੰਭਦਾ ਬਹੁਤ ਮਹੱਤਵ ਹੈ। ਮਾਨਤਾਵਾਂ ਅਨੁਸਾਰ ਜੋ ਕੋਈ ਵੀ ਮਹਾਂਕੁੰਭ ਵਿੱਚ ਪਵਿੱਤਰ ਇਸ਼ਨਾਨ ਕਰਦਾ ਹੈ। ਉਸਦੇ ਸਾਰੇ ਪਾਪ ਮਿਟ ਜਾਂਦੇ ਹਨ। ਇਸ ਮਹਾਂਕੁੰਭ ਵਿੱਚ ਬਹੁਤ ਸਾਰੇ ਸੰਤ ਅਤੇ ਰਿਸ਼ੀ ਵੀ ਸ਼ਾਮਲ ਹਨ। 12 ਸਾਲਾਂ ਬਾਅਦ ਵਾਪਸ ਆਇਆ ਮਹਾਂਕੁੰਭ ਮੇਲਾ 13 ਜਨਵਰੀ ਨੂੰ ਸ਼ੁਰੂ ਹੋਇਆ ਸੀ ਅਤੇ 26 ਫਰਵਰੀ ਤੱਕ ਜਾਰੀ ਰਹੇਗਾ।

### ਅਘੋਰੀ ਸਾਧੂ

ਇਨ੍ਹਾਂ ਸੰਤਾਂ ਅਤੇ ਰਿਸ਼ੀਆਂ ਵਿੱਚ ਅਘੋਰੀ ਰਿਸ਼ੀਆਂ ਦੀ ਇੱਕ ਸ਼੍ਰੇਣੀ ਹੈ, ਉਨ੍ਹਾਂ ਦਾ ਪਹਿਰਾਵਾ ਹੀ ਉਨ੍ਹਾਂ ਨੂੰ ਬਾਕੀਆਂ ਨਾਲੋਂ ਵੱਖਰਾ ਹੈ ਪਰ ਅਘੋਰੀ ਸਾਧੂਆਂ ਦਾ ਪਹਿਰਾਵਾ ਹੀ ਨਹੀਂ, ਸਗੋਂ ਉਨ੍ਹਾਂ ਦਾ ਰਹਿਣ-ਸਹਿਣ ਅਤੇ ਜੀਵਨ ਸ਼ੈਲੀ ਵੀ ਬਾਕੀ ਦੁਨੀਆਂ ਨਾਲੋਂ ਬਿਲਕੁਲ ਵੱਖਰੀ ਹੈ। ਅਘੋਰੀ ਸਾਧੂ ਭਗਵਾਨ ਸ਼ਿਵ ਦੇ ਉਪਾਸਕ ਹਨ। ਉਹ ਹਿੰਦੂ ਧਰਮ ਦੇ ਰਵਾਇਤੀ ਰੀਤੀ-ਰਿਵਾਜਾਂ ਦੀ ਪਾਲਣਾ ਨਹੀਂ ਕਰਦੇ। ਉਹ ਤੰਤਰ ਸਾਧਨਾ ਵਿੱਚ ਲੀਨ ਰਹਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਭਗਵਾਨ ਸ਼ਿਵ ਦੇ ਪੰਜ ਰੂਪਾਂ ਵਿੱਚੋਂ ਇੱਕ ਅਘੋਰ ਹੈ। ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ, ਅਘੋਰੀ ਸਾਧੂ ਇੱਕ ਲਾਸ਼ 'ਤੇ ਬੈਠ ਕੇ ਧਿਆਨ ਕਰਦੇ ਹਨ। ਇੰਨਾ ਹੀ ਨਹੀਂ, ਅਘੋਰੀ ਸਾਧੂ ਲਾਸ਼ਾਂ ਨਾਲ ਸਰੀਰਕ ਸੰਬੰਧ ਵੀ ਬਣਾਉਂਦੇ ਹਨ। ਇਹ ਵੀ ਉਨ੍ਹਾਂ ਦੀ ਸਾਧਨਾ ਦਾ ਇੱਕ ਹਿੱਸਾ ਹੈ।

ਅਘੋਰੀ ਸਾਧੂ ਇਸ ਪਿੱਛੇ ਕਾਰਨ ਦੱਸਦੇ ਹਨ ਕਿ ਇਹ ਸ਼ਿਵ ਤੇ ਸ਼ਕਤੀ ਦੀ ਪੂਜਾ ਦਾ ਇੱਕ ਸਾਧਨ ਹੈ ਤੇ ਇਹ ਉਸਦੀ ਸਾਧਨਾ ਦਾ ਸਭ ਤੋਂ ਸਰਲ ਤਰੀਕਾ ਹੈ। ਸਾਧੂ ਕਹਿੰਦੇ ਹਨ ਕਿ ਜੇ ਕਿਸੇ ਮ੍ਰਿਤਕ ਸਰੀਰ ਨਾਲ ਸਰੀਰਕ ਸੰਬੰਧ ਬਣਾਉਂਦੇ ਹੋਏ ਵੀ ਮਨ ਸ਼ਿਵ ਦੀ ਭਗਤੀ ਵਿੱਚ ਡੁੱਬਿਆ ਰਹੇ ਤਾਂ ਇਸ ਤੋਂ ਵੱਡੀ ਤਪੱਸਿਆ ਹੋਰ ਕੋਈ ਨਹੀਂ ਹੋ ਸਕਦੀ।

ਇਸ ਤੋਂ ਇਲਾਵਾ ਅਘੋਰੀ ਸਾਧੂ ਵੀ ਲਾਸ਼ਾਂ ਨਾਲ ਸਰੀਰਕ ਸੰਬੰਧ ਬਣਾਉਂਦੇ ਹਨ ਕਿਉਂਕਿ ਇਹ ਉਨ੍ਹਾਂ ਦੀ ਸ਼ਕਤੀ ਨੂੰ ਵਧਾਉਂਦਾ ਹੈ। ਉਹ ਤੰਤਰ ਵਿਦਿਆ ਵਿੱਚ ਹੋਰ ਮੁਹਾਰਤ ਹਾਸਲ ਕਰਦੇ ਹਨ। ਇਸ ਤੋਂ ਇਲਾਵਾ ਉਹ ਸ਼ਰਾਬ ਪੀਂਦੇ ਹਨ ਤੇ ਮਨੁੱਖੀ ਮਾਸ ਵੀ ਖਾਂਦੇ ਹਨ।ਆਮ ਵਿਚਾਰ ਹੈ ਕਿ ਅਘੋਰੀ ਸਾਧੂ ਮਸਾਣਾਂ ਵਿੱਚ ਰਹਿੰਦੇ ਹਨ ਅਤੇ ਸੜਦੀਆਂ ਲਾਸ਼ਾਂ ਵਿੱਚ ਹੀ ਖਾਣਾ ਖਾਂਦੇ ਹਨ ਅਤੇ ਉੱਥੇ ਹੀ ਸੌਂਦੇ ਹਨ ਤੇ ਦਿਨ ਰਾਤ ਚਿਲਮਾ ਫੂਕਦੇ







ਹਨ। ਕੁਝ ਅਘੋਰੀ ਇੰਨੇ ਤੇਜ਼ ਦਿਮਾਗ ਹੁੰਦੇ ਸਨ ਕਿ ਰਾਜਿਆਂ ਦੇ ਸਲਾਹਕਾਰ ਹੁੰਦੇ ਸਨ। ਇੱਕ ਅਘੋਰੀ ਤਾਂ ਨੇਪਾਲ ਦੇ ਰਾਜਾ ਦਾ ਵੀ ਸਲਾਹਕਾਰ ਰਿਹਾ ਸੀ।ਅਘੋਰੀਆਂ ਬਾਰੇ ਇੱਕ ਕਿਤਾਬ 'ਅਘੋਰੀ: ਏ ਬਾਇਓਗ੍ਰਾਫਿਕਲ ਨੋਵਲ' ਦੇ ਲੇਖਕ ਮਨੋਜ ਠੱਕਰ ਦਸਦੇ ਹਨ ਕਿ ਅਘੋਰੀ ਬੇਹੱਦ ਹੀ ਸਰਲ ਲੋਕ ਹੁੰਦੇ ਹਨ ਜੋ ਕੁਦਰਤ ਦਾ ਸਾਥ ਪੰਸਦ ਕਰਦੇ ਹਨ ਅਤੇ ਨਾ ਹੀ ਕੋਈ ਮੰਗ ਕਰਦੇ ਹਨ।ਉਹ ਹਰ ਚੀਜ਼ ਨੂੰ ਰੱਬ ਦੀ ਅੰਸ਼ ਵਜੋਂ ਹੀ ਦੇਖਦੇ ਹਨ। ਉਹ ਨਾ ਕਿਸੇ ਨੂੰ ਨਫ਼ਰਤ ਕਰਦੇ ਹਨ ਅਤੇ ਨਾ ਹੀ ਕਿਸੇ ਨੂੰ ਰੱਦ ਕਰਦੇ ਹਨ। ਇਸੇ ਕਾਰਨ ਉਹ ਕਿਸੇ ਜਾਨਵਰ ਅਤੇ ਇਨਸਾਨੀ ਮਾਸ ਵਿੱਚ ਫਰਕ ਨਹੀਂ ਕਰਦੇ। ਇਸ ਤੋਂ ਇਲਾਵਾ ਪਸ਼ੂ ਬਲੀ ਉਨ੍ਹਾਂ ਦੀ ਪੂਜਾ ਪ੍ਰਣਾਲੀ ਦਾ ਅਹਿਮ ਅੰਗ ਹੈ। ਕਈ ਥਾਂ ਇਨ੍ਹਾਂ ਨੇ ਕੋੜ੍ਹ ਲਈ ਹਸਪਤਾਲ ਬਣਵਾਏ ਵੀ ਹਨ ਅਤੇ ਉਨ੍ਹਾਂ ਨੂੰ ਚਲਾ ਵੀ ਰਹੇ ਹਨ। ਜਦੋਂ ਅਘੋਰੀਆਂ ਦੀ ਮੌਤ ਹੋ ਜਾਂਦੀ ਹੈ ਤਾਂ ਦੂਸਰੇ ਅਘੋਰੀ ਉਨ੍ਹਾਂ ਦਾ ਮਾਸ ਨਹੀਂ ਖਾਂਦੇ ਅਤੇ ਆਮ ਤੌਰ ਤੇ ਉਹ ਅਘੋਰੀਆਂ ਦਾ ਅੰਤਿਮ ਸਸਕਾਰ ਸਸਕਾਰ ਕਰਕੇ ਜਾਂ ਦਫ਼ਨ ਕਰਕੇ ਕਰਦੇ ਹਨ।

### ਮਹਾਂਕੁੰਭ ਵਿੱਚ ਆਏ ਬਾਬਿਆਂ ਦੀਆਂ ਅਜੀਬੋ ਗਰੀਬ ਹਰਕਤਾਂ

ਕੁੰਭ ਮੇਲਾ ਹਿੰਦੂ ਭਗਤੀ ਦਾ ਇੱਕ ਵਿਸ਼ਾਲ ਰੰਗਮੰਚ ਹੈ - ਇੱਕ ਅਜਿਹਾ ਮੰਚ ਜਿੱਥੇ ਸੰਤ, ਰਿਸ਼ੀ ਅਤੇ ਅਧਿਆਤਮਿਕ ਆਗੂ ਧਿਆਨ ਖਿੱਚਣ ਲਈ ਅਜੀਬੋ ਗਰੀਬ ਹਰਕਤਾਂ ਕਰਦੇ ਹਨ।ਉਹ ਇੱਥੇ ਪੁਰਾਣੀਆਂ ਕਾਰਾਂ, ਟਰੈਕਟਰਾਂ ਤੋਂ ਬਣੇ ਰੱਥਾਂ ਅਤੇ ਹਾਥੀਆਂ ਅਤੇ ਊਠਾਂ 'ਤੇ ਸਵਾਰ ਹੋ ਕੇ ਆਉਂਦੇ ਹਨ। ਉਹ ਸ਼ਰਧਾਲੂਆਂ ਨੂੰ ਅਸ਼ੀਰਵਾਦ ਦਿੰਦੇ ਹਨ ਅਤੇ ਸ਼ਰਧਾਲੂ ਉਨ੍ਹਾਂ 'ਤੇ ਗੁਲਾਬ ਦੀਆਂ ਪੱਤੀਆਂ ਵਰ੍ਹਾਉਂਦੇ ਹਨ।

ਸਵਾਮੀ ਅਮਰਜੀਤ ਜੋ ਅਨਾਜ ਵਾਲੇ ਬਾਬਾ ਵਜੋਂ ਮਸ਼ਹੂਰ ਹਨ, ਦੇ ਸਿਰ 'ਤੇ ਕਣਕ, ਮੱਕੀ ਅਤੇ ਮਟਰਾਂ ਦੀ ਹਰੇ ਭਰੇ, ਚਮਕਦਾਰ ਫਸਲ ਉੱਗਦੀ ਹੈ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਮਹਾਂਕੁੰਭ ਮੇਲੇ ਵਿੱਚ ਖਿੱਚ ਦਾ ਕੇਂਦਰ ਬਣੇ ਹੋਏ ਹਨ।

ਹਨੂੰਮਾਨ ਮੰਦਿਰ ਦੇ ਨੇੜੇ ਸੜਕ 'ਤੇ ਬੈਠਾ, ਉਹ ਧਿਆਨ ਨਾਲ ਆਪਣੇ ਸਿਰ ਦੇ ਵਾਲਾਂ ਨੂੰ ਪਾਣੀ ਦਿੰਦਾ ਹੈ, ਬੂੰਦ-ਬੂੰਦ ਕਰਕੇ। ਉਸਦੇ ਸਿਰ ਤੋਂ ਹਰੇ ਰੰਗ ਦੀਆਂ ਬੂੰਦਾਂ ਟਪਕਦੀਆਂ ਹਨ, ਜੋ ਉਸਦੇ ਸਾਹਮਣੇ ਰੱਖੀ ਤਾਂਬੇ ਦੀ ਪਲੇਟ 'ਤੇ ਇਕੱਠੀਆਂ ਹੁੰਦੀਆਂ ਹਨ। ਬਾਬਾ ਚਾਹੁੰਦਾ ਹੈ ਕਿ ਨੌਜਵਾਨ ਰੁੱਖਾਂ ਅਤੇ ਹਰਿਆਲੀ ਦੀ ਮਹੱਤਤਾ ਨੂੰ ਸਮਝਣ। ਉਹ ਇੱਕ ਪਤਲੇ ਗੱਦੇ ਅਤੇ ਇੱਕ ਭਗਵਾਂ ਲੂੰਗੀ ਨਾਲ ਗੁਜ਼ਾਰਾ ਕਰਦਾ ਹੈ। ਉਹ ਦਾਨ 'ਤੇ ਗੁਜ਼ਾਰਾ ਕਰਦਾ ਹੈ।

ਅਨਾਜ ਬਾਬੇ ਵਾਂਗ ਕੁੰਭ ਵਿੱਚ ਇੱਕ ਸਵਾਮੀ ਬਵੰਡਰ ਬਾਬਾ ਹੈ ਜੋ ਇੱਕ ਬੁਲੇਟ ਬਾਬਾ ਵਜੋਂ ਜਾਣਿਆ ਜਾਂਦਾ ਹੈ, ਜੋ ਆਪਣੇ ਮੋਟਰਸਾਈਕਲ ਤੋਂ ਪ੍ਰਚਾਰ ਕਰਦਾ ਹੈ । ਜੋ ਹਮੇਸ਼ਾ ਆਪਣੀ ਬਾਈਕ 'ਤੇ ਰਹਿੰਦਾ ਹੈ। ਉਹ ਹਿੰਦੂਆਂ ਨੂੰ ਇਕਜੁੱਟ ਕਰਨਾ ਚਾਹੁੰਦਾ ਹੈ, ਉਨ੍ਹਾਂ ਨੂੰ "ਪੱਛਮੀ ਪ੍ਰਭਾਵਾਂ" ਤੋਂ ਦੂਰ ਰੱਖਣਾ ਚਾਹੁੰਦਾ ਹੈ ਅਤੇ ਡਿਸਪੋਜ਼ੇਬਲ ਉਤਪਾਦਾਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨਾ ਚਾਹੁੰਦਾ ਹੈ। ਉਸਦੀ ਬਾਈਕ ਦੀ ਟੇਲ ਲਾਈਟ 'ਤੇ ਇੱਕ ਵੱਡਾ ਭਗਵਾ ਝੰਡਾ ਲਹਿਰਾ ਰਿਹਾ ਹੈ। ਜਿਵੇਂ ਹੀ ਉਹ ਮੇਲੇ ਵਿੱਚ ਘੁੰਮਦੇ ਹਨ, ਉਨ੍ਹਾਂ ਦੇ ਸਪੀਕਰਾਂ ਤੋਂ 'ਬਮ ਬਮ ਭੋਲੇ' ਗੀਤ ਵੱਜਦਾ ਹੈ ਅਤੇ ਮਡਗਾਰਡਾਂ 'ਤੇ ਲਾਈਟਾਂ ਚਮਕਦੀਆਂ ਹਨ।

ਉਹ ਕੁੰਭ ਵਿੱਚ ਬੁਲੇਟ ਬਾਬਾ ਬਣ ਗਿਆ ਹੈ। ਹਾਲਾਂਕਿ, ਉਸ ਕੋਲ ਰਾਇਲ ਐਨਫੀਲਡ ਨਹੀਂ ਹੈ। ਉਹ ਬਜਾਜ ਅਵੇਂਜਰ ਚਲਾਉਂਦਾ ਹੈ। ਉਸਨੇ ਕਿਹਾ ਕਿ ਅਸੀਂ ਬੀੜੀ ਦੇ ਰੈਪਰਾਂ, ਰਸਾਲਿਆਂ ਅਤੇ ਕੱਪੜਿਆਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੇਖਦੇ ਹਾਂ, ਜਿਨ੍ਹਾਂ ਨੂੰ ਅਸੀਂ ਵਰਤੋਂ ਤੋਂ ਬਾਅਦ ਸੁੱਟ ਦਿੰਦੇ ਹਾਂ। ਇਹ ਬਹੁਤ ਹੀ ਅਪਮਾਨਜਨਕ ਹੈ।

ਉਸਦੀ ਸਾਈਕਲ ਦੀ ਵਿੰਡਸ਼ੀਲਡ 'ਤੇ ਉਸਦਾ ਫ਼ੋਨ ਨੰਬਰ ਅਤੇ ਮਿਸ਼ਨ ਸੰਤਰੀ ਰੰਗ ਵਿੱਚ ਲਿਖਿਆ ਹੋਇਆ ਹੈ। ਸੁਨੇਹੇ ਵਿੱਚ ਲਿਖਿਆ ਹੈ, "ਹਿੰਦੂ ਆਪਣੇ ਦੇਵੀ-ਦੇਵਤਿਆਂ ਦਾ ਅਪਮਾਨ ਕਿਉਂ ਕਰ ਰਹੇ ਹਨ? ਕਿਰਪਾ ਕਰਕੇ ਮੇਰੀ ਮੁਹਿੰਮ ਵਿੱਚ ਮੇਰਾ ਸਮਰਥਨ ਕਰੋ। ਉਸਦਾ ਸੁਨੇਹਾ ਹੈ ਕਿ ਪੁਰਾਣੇ ਸਮਿਆਂ ਵਾਂਗ ਧੋਤੀ ਅਤੇ ਕੁੜਤਾ ਪਹਿਨੋ। ਇਸ ਪੱਛਮੀ ਪ੍ਰਭਾਵ ਨੂੰ ਪਿੱਛੇ ਛੱਡੋ ਅਤੇ ਆਪਣੀਆਂ ਜੜ੍ਹਾਂ ਨੂੰ ਜਾਣੋ। ਜਦੋਂ ਮੁਸਲਮਾਨ ਅਤੇ ਈਸਾਈ ਇੱਕਜੁੱਟ ਹੋ ਸਕਦੇ ਹਨ, ਤਾਂ ਤੁਸੀਂ ਕਿਉਂ ਨਹੀਂ?"

ਬੁਲੇਟ ਬਾਬਾ, ਜਿਸਦਾ ਜਨਮ ਬਵਾਂਦਰ ਕੁਮਾਰ ਵਜੋਂ ਹੋਇਆ ਸੀ, ਮੱਧ ਪ੍ਰਦੇਸ਼ ਵਿੱਚ ਇੱਕ ਟ੍ਰੈਵਲ ਏਜੰਸੀ ਵਿੱਚ ਡਰਾਈਵਰ ਸੀ। ਉਸਨੇ 2020 ਵਿੱਚ ਮਹਾਂਮਾਰੀ ਦੌਰਾਨ ਆਪਣਾ ਟੀਚਾ ਪ੍ਰਾਪਤ ਕੀਤਾ ਜਦੋਂ ਉਸਨੂੰ ਅਯੁੱਧਿਆ ਵਿੱਚ ਰਾਮ ਮੰਦਰ ਭੂਮੀ ਪੂਜਨ ਲਈ ਇੱਕ ਕਾਰ ਵਿੱਚ ਚਾਰ ਲੋਕਾਂ ਨੂੰ ਲਿਜਾਣ ਦਾ ਕੰਮ ਸੌਂਪਿਆ ਗਿਆ ਸੀ।

ਬਾਅਦ ਵਿੱਚ ਉਸਨੇ ਸਾਧੂ ਬਣਨ ਦਾ ਫੈਸਲਾ ਕਰ ਲਿਆ ਤੇ ਨੌਕਰੀ ਛੱਡ ਦਿੱਤੀ। ਬੁਲੇਟ ਬਾਬਾ ਕਿਸੇ ਅਖਾੜੇ ਜਾਂ ਆਸ਼ਰਮ ਵਿੱਚ ਨਹੀਂ ਰਹਿੰਦਾ। ਉਸਦੇ ਸੰਸਾਰਿਕ ਸਮਾਨ ਵਿੱਚ ਇੱਕ ਸਾਈਕਲ, ਇੱਕ ਟੈਂਟ ਅਤੇ ਕੱਪੜਿਆਂ ਦਾ ਇੱਕ ਬੈਗ ਸ਼ਾਮਲ ਹੈ।

ਹਿੰਦੂ ਨੌਜਵਾਨ ਹੁਣ ਲੰਬੇ, ਕਦੇ ਨਾ ਖਤਮ ਹੋਣ ਵਾਲੇ ਉਪਦੇਸ਼ ਨਹੀਂ ਸੁਣਨਾ ਚਾਹੁੰਦੇ। ਉਹ ਤੁਰੰਤ ਸਮੱਗਰੀ ਚਾਹੁੰਦੇ ਹਨ। ਉਹ ਤਿੰਨ ਘੰਟੇ ਦੇ ਉਪਦੇਸ਼ ਤੋਂ ਸੁਨੇਹਾ ਚਾਹੁੰਦੇ ਹਨ। ਇਸ ਲਈ,ਸਵਾਮੀ ਰਾਮ ਸ਼ੰਕਰ, ਜਾਂ ਡਿਜੀਟਲ ਬਾਬਾ ਉਨ੍ਹਾਂ ਲਈ ਰੀਲਾਂ ਬਣਾਉਂਣ ਦਾ ਦਾਅਵਾ ਕਰਦਾ ਹੈ।

ਨਵੇਂ ਬਣੇ ਪੋਂਟੂਨ ਪੁਲ 6 ਦੇ ਨੇੜੇ ਗੰਗਾ ਦੇ ਕੰਢੇ ਖੜ੍ਹੇ, ਸਵਾਮੀ ਰਾਮ ਸ਼ੰਕਰ ਯੂਟਿਊਬ ਰਾਹੀਂ ਸੰਸਕ੍ਰਿਤ ਵਿੱਚ ਮੰਤਰਾਂ ਦਾ ਜਾਪ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਸਿਰਫ਼ ਇੱਕ ਸੰਨਿਆਸੀ ਨਹੀਂ ਸਗੋਂ ਇੱਕ ਡਿਜੀਟਲ ਬਾਬਾ ਹੈ, ਜੋ ਸਨਾਤਨ ਧਰਮ ਤੇ ਮਹਾਂਕੁੰਭ ਨੂੰ ਸ਼ੋਸ਼ਲ ਮੀਡੀਆ ਦੀਆਂ ਸਕ੍ਰੀਨਾਂ 'ਤੇ ਲਿਆ ਰਿਹਾ ਹੈ।37 ਸਾਲਾ ਡਿਜੀਟਲ ਬਾਬਾ ਦਾ ਕਹਿਣਾ ਹੈ ਕਿ ਮੈਂ ਆਪਣੇ ਨੌਜਵਾਨ ਪੈਰੋਕਾਰਾਂ ਨੂੰ ਕੁੰਭ ਦਾ ਅਨੁਭਵ ਦੇਣ ਅਤੇ ਇਸਦੀ ਮਹੱਤਤਾ ਨੂੰ ਸਮਝਾਉਣ ਲਈ ਛੋਟੇ ਵੀਡੀਓ ਬਣਾਉਂਦਾ ਹਾਂ।" ਉਸਨੂੰ ਮਾਣ ਹੈ ਕਿ ਉਹ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਜੱਦੀ ਸ਼ਹਿਰ ਗੋਰਖਪੁਰ ਤੋਂ ਹੈ। "ਹਿਮਾਚਲ ਪ੍ਰਦੇਸ਼ ਦੇ ਬੈਜਨਾਥ ਧਾਮ ਵਿੱਚ ਰਹਿਣ ਵਾਲੇ ਤਕਨੀਕੀ-ਸਮਝਦਾਰ ਬਾਬਾ ਨੇ ਕਿਹਾ ਕਿ ਮੈਂ ਨੌਜਵਾਨਾਂ ਨੂੰ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਅਧਿਆਤਮਿਕ ਯਾਤਰਾ 'ਤੇ ਜਾਣ ਲਈ ਪ੍ਰੇਰਿਤ ਕਰਨਾ ਚਾਹੁੰਦਾ ਹਾਂ,"

ਉਸ ਕੋਲ ਇੱਕ ਮੈਕਬੁੱਕ, ਤਿੰਨ ਸਮਾਰਟਫੋਨ ਹਨ - ਇੱਕ ਰਿਕਾਰਡਿੰਗ ਲਈ, ਇੱਕ ਫਾਲੋਅਰਜ਼ ਨਾਲ ਜੁੜਨ ਲਈ ਅਤੇ ਇੱਕ ਨਿੱਜੀ ਵਰਤੋਂ ਲਈ - ਇੱਕ ਪ੍ਰੀਮੀਅਮ ਰੋਡ ਮਾਈਕ੍ਰੋਫੋਨ, ਅਤੇ ਫਿਲਮੋਰਾ ਅਤੇ ਅਡੋਬ ਪ੍ਰੀਮੀਅਰ ਪ੍ਰੋ ਵਰਗੇ ਐਡੀਟਿੰਗ ਸੌਫਟਵੇਅਰ ਵੀ ਮੌਜੂਦ ਹਨ। ਸ਼ੋਸ਼ਲ ਮੀਡੀਆ ਰਾਹੀਂ ਇਹ ਆਧੁਨਿਕ ਪਹੁੰਚ ਆਮਦਨ ਦਾ ਇੱਕ ਲਾਭਦਾਇਕ ਸਰੋਤ ਬਣ ਗਈ ਹੈ। ਡਿਜੀਟਲ ਬਾਬਾ ਇਸ ਤਰੀਕੇ ਦੀ ਵਰਤੋਂ ਕਰਕੇ ਪ੍ਰਤੀ ਮਹੀਨਾ 1 ਲੱਖ ਰੁਪਏ ਤੋਂ ਵੱਧ ਕਮਾਉਂਦਾ ਹੈ।

# ਬੱਚਿਆਂ ਲਈ ਕਸਰਤ ਦੇ ਫਾਇਦੇ ਅਤੇ ਮੋਬਾਈਲ ਦੇ ਨੁਕਸਾਨ

ਅਭਿਰਾਜ ਸਿੰਘ ਗੋਦਾਰਾ



ਅੱਜ ਦੇ ਦੌਰ ਵਿੱਚ, ਬੱਚਿਆਂ ਦੀ ਜ਼ਿੰਦਗੀ ਵਿਚ ਤਕਨਾਲੋਜੀ ਦਾ ਮਹੱਤਵ ਬਹੁਤ ਵੱਧ ਗਿਆ ਹੈ। ਮੋਬਾਈਲ ਫੋਨ, ਟੈਬਲੇਟ ਅਤੇ ਕੰਪਿਊਟਰ ਵਰਗੇ ਜੰਤਰ ਬੱਚਿਆਂ ਦੀਆਂ ਪੜ੍ਹਾਈ ਅਤੇ ਦਿਲ ਪ੍ਰਚਾਵੇ ਦਾ ਹਿੱਸਾ ਬਣ ਗਏ ਹਨ। ਜਦੋਂ ਇਹ ਸਾਧਨ ਸਹੀ ਤਰੀਕੇ ਨਾਲ ਵਰਤੇ ਜਾਣ, ਤਾਂ ਇਹ ਸਿੱਖਣ ਅਤੇ ਸਮਝਣ ਲਈ ਲਾਭਦਾਇਕ ਸਾਬਤ ਹੋ ਸਕਦੇ ਹਨ। ਪਰ, ਜਦੋਂ ਇਹਨਾਂ ਦਾ ਲੋੜ ਤੋਂ ਵੱਧ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਹ ਬੱਚਿਆਂ ਲਈ ਸਿਰਦਰਦ ਬਣ ਜਾਂਦੇ ਹਨ। ਮੋਬਾਈਲ ਫੋਨ ਬੱਚਿਆਂ ਦੇ ਸਰੀਰ ਅਤੇ ਮਨ ਨੂੰ ਨੁਕਸਾਨ ਪਹੁੰਚਾ ਰਹੇ ਹਨ, ਜਿਸ ਦੇ ਬਦਲੇ ਅਸਰ ਬੱਚਿਆਂ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਦੇਖੇ ਜਾ ਸਕਦੇ ਹਨ। ਇਸਦੀ ਬਜਾਏ, ਜੇਕਰ ਬੱਚੇ ਨਿਯਮਿਤ ਤੌਰ 'ਤੇ ਸ਼ਾਰੀਰਿਕ ਕਸਰਤ ਕਰਨ, ਤਾਂ ਇਹ ਉਨ੍ਹਾਂ ਦੀ ਸਿਹਤ ਅਤੇ ਸਮੁੱਚੇ ਵਿਕਾਸ ਲਈ ਬੇਹੱਦ ਲਾਭਦਾਇਕ ਸਾਬਤ ਹੋ ਸਕਦੇ ਹੈ।

## ਸ਼ਰੀਰਿਕ ਕਸਰਤ ਦੇ ਫਾਇਦੇ

ਸ਼ਰੀਰਕ ਤਾਕਤ ਅਤੇ ਲਚਕੀਲਾਪਨ ਵਧਾਉਣਾ: ਸ਼ਾਰੀਰਿਕ ਕਸਰਤ ਬੱਚਿਆਂ ਦੇ ਸਰੀਰ ਨੂੰ ਮਜ਼ਬੂਤ ਬਣਾਉਣ ਵਿੱਚ ਮੱਦਦ ਕਰਦੀ ਹੈ। ਕਸਰਤ ਕਰਨ ਨਾਲ ਮਾਸਪੇਸ਼ੀਆਂ ਅਤੇ ਹੱਡੀਆਂ ਮਜ਼ਬੂਤ ਹੁੰਦੀਆਂ ਹਨ, ਜਿਸ ਨਾਲ ਬੱਚੇ ਸਿਹਤਮੰਦ ਰਹਿੰਦੇ ਹਨ। ਯੋਗਾ, ਦੌੜ, ਤੈਰਨਾ ਅਤੇ ਖੇਡਾਂ ਜਿਵੇਂ ਕਿ ਫੁੱਟਬਾਲ, ਕ੍ਰਿਕਟ, ਹਾਕੀ ਅਤੇ ਬਾਸਕੇਟਬਾਲ ਲਚਕਤਾ ਤੇ ਸਰੀਰਕ ਤਾਕਤ ਨੂੰ ਵਧਾਉਂਦੀਆਂ ਹਨ। ਕਸਰਤ ਬੱਚਿਆਂ ਨੂੰ ਤੰਦਰੁਸਤ ਰਹਿਣ ਲਈ ਸਹਾਇਕ ਹੁੰਦਾ ਹੈ ਅਤੇ ਉਹ ਬੇਲੋੜੀਆਂ ਦਵਾਈਆਂ ਤੋਂ ਬਚੇ ਰਹਿੰਦੇ ਹਨ।

ਮਾਨਸਿਕ ਸਿਹਤ ਵਿੱਚ ਸੁਧਾਰ: ਕਸਰਤ ਨਾ ਸਿਰਫ ਸਰੀਰ ਲਈ, ਸਗੋਂ ਮਾਨਸਿਕ ਸਿਹਤ ਲਈ ਵੀ ਬਹੁਤ ਜ਼ਰੂਰੀ ਹੈ। ਜਦੋਂ ਬੱਚੇ ਦਿਨ-ਰਾਤ ਮੋਬਾਈਲ ਦਾ ਇਸਤੇਮਾਲ ਕਰਦੇ ਹਨ, ਤਾਂ ਇਹ ਉਨ੍ਹਾਂ ਦੇ ਦਿਮਾਗ 'ਤੇ ਬੁਰਾ ਅਸਰ ਪਾਉਂਦਾ ਹੈ। ਇਸਦੇ ਬਦਲੇ, ਜਦੋਂ ਬੱਚੇ ਖੇਡਾਂ ਜਾਂ ਸ਼ਾਰੀਰਿਕ ਕਸਰਤ ਵਿੱਚ ਹਿੱਸਾ ਲੈਂਦੇ ਹਨ, ਤਾਂ ਉਨ੍ਹਾਂ ਦੇ ਦਿਮਾਗ ਵਿੱਚ "ਐਂਡੋਰਫਿਨ" ਨਾਮਕ ਹੈਪੀ ਹਾਰਮੋਨ ਨਿਕਲਦਾ ਹੈ, ਜਿਸ ਨਾਲ ਉਹ ਖੁਸ਼ ਮਹਿਸੂਸ ਕਰਦੇ ਹਨ। ਇਸ ਨਾਲ ਉਹਨਾਂ ਦਾ ਮੂਡ ਵਧੀਆ ਰਹਿੰਦਾ ਹੈ ਅਤੇ ਉਹ ਸਹੀ ਵਿਚਾਰ ਕਰਨ ਵਿੱਚ ਸਮਰੱਥ ਰਹਿੰਦੇ ਹਨ।

ਸਿਹਤਮੰਦ ਦਿਲ ਅਤੇ ਖ਼ੂਨ ਸੰਚਾਰ: ਸ਼ਾਰੀਰਿਕ ਕਸਰਤ ਦਿਲ ਅਤੇ ਖ਼ੂਨ ਸੰਚਾਰ ਦੇ ਸੁਧਾਰ ਵਿੱਚ ਵੀ ਬਹੁਤ ਮਹੱਤਵਪੂਰਨ ਹੈ। ਦੌੜਨਾ, ਰੱਸੀ ਟੱਪਣਾ ਆਦਿ ਕਸਰਤਾਂ ਨਾਲ ਦਿਲ ਵਧੀਆ ਕੰਮ ਕਰਦਾ ਹੈ ਅਤੇ ਬੱਚਿਆਂ ਨੂੰ ਭਵਿੱਖ ਵਿੱਚ ਦਿਲ ਦੀਆਂ ਬਿਮਾਰੀਆਂ ਤੋਂ ਬਚਾਓ ਮਿਲਦਾ ਹੈ। ਇਸ ਨਾਲ ਸਰੀਰ ਦੇ ਹਰ ਹਿੱਸੇ ਵਿੱਚ ਖ਼ੂਨ ਪਹੁੰਚਦਾ ਹੈ ਅਤੇ ਉਨ੍ਹਾਂ ਦਾ ਸਰੀਰ ਥਕਾਵਟ ਅਤੇ ਆਲਸ ਤੋਂ ਦੂਰ ਰਹਿੰਦਾ ਹੈ।



ਆਤਮ ਵਿਸ਼ਵਾਸ਼ ਦਾ ਵੱਧਣਾ: ਸ਼ਾਰੀਰਿਕ ਕਸਰਤਾਂ ਨਾਲ ਬੱਚਿਆਂ ਦੇ ਆਤਮਵਿਸ਼ਵਾਸ਼ ਵਿੱਚ ਵੀ ਵਾਧਾ ਹੁੰਦਾ ਹੈ। ਖੇਡਾਂ ਦੇ ਮੈਦਾਨ 'ਤੇ ਕਸਰਤ ਕਰਦੇ ਸਮੇਂ ਉਹ ਸਮੂਹਕ ਕਲਾ, ਟੀਮ ਵਰਕ ਅਤੇ ਅਗਵਾਈ ਕਰਨ ਦੀ ਕਲਾ ਸਿੱਖਦੇ ਹਨ। ਖੇਡਾਂ ਵਿੱਚ ਹਿੱਸਾ ਲੈਣਾ ਉਨ੍ਹਾਂ ਨੂੰ ਸਮਾਜਕ ਤੌਰ 'ਤੇ ਮਜ਼ਬੂਤ ਬਣਾਉਂਦਾ ਹੈ ਅਤੇ ਉਹ ਸਿੱਖਦੇ ਹਨ ਕਿ ਕਿਸ ਤਰ੍ਹਾਂ ਟੀਮ ਵਿੱਚ ਕੰਮ ਕੀਤਾ ਜਾਂਦਾ ਹੈ। ਇਸ ਨਾਲ ਉਹ ਹੋਰ ਬੱਚਿਆਂ ਨਾਲ ਅਸਾਨੀ ਨਾਲ ਮਿੱਤਰਤਾ ਕਾਇਮ ਕਰਦੇ ਹਨ ਅਤੇ ਭਰਪੂਰ ਸੋਚ ਬਣਦੀ ਹੈ ਕਿ ਮੇਰੇ ਵਿੱਚ ਤਾਕਤ ਹੈ ਮੈਂ ਕੋਈ ਵੀ ਕੰਮ ਕਰ ਸਕਦਾ ਹਾਂ।

ਸਰਵਪੱਖੀ ਵਿਕਾਸ: ਸ਼ਾਰੀਰਿਕ ਕਸਰਤ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਮੱਦਦਗਾਰ ਸਾਬਤ ਹੁੰਦੀ ਹੈ। ਇਹ ਬੱਚਿਆਂ ਦੇ ਦਿਮਾਗ ਨੂੰ ਤੇਜ ਕਰਦੀ ਹੈ ਅਤੇ ਤੁਰੰਤ ਪ੍ਰਤੀਕਿਰਿਆ ਅਤੇ ਧੀਰਜ ਨੂੰ ਮਜ਼ਬੂਤ ਕਰਦਾ ਹੈ। ਜਦੋਂ ਬੱਚੇ ਦਿਮਾਗੀ ਤੌਰ ਤੇ ਤੇਜ਼ ਹੁੰਦੇ ਹਨ ਤਾਂ ਉਹ ਆਪਣੇ ਸਕੂਲ ਕਲਾਸਰੂਮ ਵਿੱਚ ਜ਼ਿਆਦਾ ਸੁਚੇਤ ਰਹਿੰਦੇ ਹਨ ਅਤੇ ਵਧੀਆ ਨਤੀਜੇ ਦਿਖਾਉਂਦੇ ਹਨ।

ਮੋਬਾਇਲ ਫੋਨਾਂ ਦਾ ਬੱਚਿਆਂ ਦੀ ਸਿਹਤ 'ਤੇ ਨੁਕਸਾਨ: ਕਰੋਨਾ ਕਾਲ ਨੇ ਮੋਬਾਇਲ ਫੋਨ ਬੱਚਿਆਂ ਦੀ ਪੜ੍ਹਾਈ ਲਈ ਜਰੂਰੀ ਕਰ ਦਿੱਤੇ ਅਧਿਆਪਕਾਂ ਨੂੰ ਵੀ ਇਸ ਦੀ ਸਹੂਲਤ ਹੋ ਗਈ। ਹੋਮ ਵਰਕ ਜਾਂ ਹੋਰ ਕੋਈ ਵੀ ਸੁਨੇਹਾ ਛੁੱਟੀ ਤੋਂ ਬਾਅਦ ਵੀ ਘਰ ਪਹੁੰਚ ਜਾਂਦਾ ਹੈ। ਪਰ ਜਿਸ ਤਰ੍ਹਾਂ ਅਕਸਰ ਹੁੰਦਾ ਹੈ ਜਿਹੜੀ ਚੀਜ਼ ਦਾ ਫਾਇਦਾ ਹੁੰਦਾ ਹੈ ਉਹ ਲੋੜ ਤੋਂ ਵੱਧ ਜਾਂ ਗਲਤ ਤਰੀਕੇ ਨਾਲ ਵਰਤਣ ਦਾ ਨੁਕਸਾਨ ਵੀ ਹੁੰਦਾ ਹੈ। ਮੋਬਾਇਲ ਦੀ ਜ਼ਿਆਦਾ ਵਰਤੋਂ ਨਾਲ ਸਰੀਰ ਤੇ ਕਿਸ ਤਰ੍ਹਾਂ ਦੇ ਨੁਕਸਾਨ ਹੋ ਸਕਦੇ ਹਨ ਮੈਂ ਉਹਨਾਂ ਦਾ ਵਰਨਣ ਕਰਾਂਗਾ।

ਅੱਖਾਂ ਤੇ ਬੁਰਾ ਅਸਰ: ਮੋਬਾਈਲ ਦਾ ਵਾਧੂ ਇਸਤੇਮਾਲ ਬੱਚਿਆਂ ਦੀਆਂ ਅੱਖਾਂ ਲਈ ਖ਼ਤਰਨਾਕ ਹੈ। ਲਗਾਤਾਰ ਮੋਬਾਈਲ ਸਕ੍ਰੀਨ ਦੇਖਣ ਨਾਲ ਬੱਚਿਆਂ ਦੀਆਂ ਅੱਖਾਂ 'ਤੇ ਬਹੁਤ ਦਬਾਅ ਪੈਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਅੱਖਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਨਜ਼ਰ ਕਮਜ਼ੋਰ ਹੋਣਾ, ਅੱਖਾਂ ਵਿੱਚ ਜਲਣ ਅਤੇ ਸੂਜਨ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਨਾਲ ਬੱਚੇ ਛੋਟੀ ਉਮਰ ਵਿੱਚ ਹੀ ਚਸ਼ਮੇ ਲਾਉਣ ਲਈ ਮਜਬੂਰ ਹੋ ਜਾਂਦੇ ਹਨ।

ਮਾਨਸਿਕ ਤਣਾਅ ਅਤੇ ਡਿਪਰੈਸ਼ਨ: ਮੋਬਾਈਲ ਫੋਨ ਦਾ ਵਾਧੂ ਇਸਤੇਮਾਲ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਵੀ ਬੁਰਾ ਅਸਰ ਪਾਉਂਦਾ ਹੈ। ਜਦੋਂ ਬੱਚੇ ਸਾਰਾ ਸਮਾਂ ਮੋਬਾਈਲ 'ਤੇ ਗੇਮ ਖੇਡਣ ਜਾਂ ਸੋਸ਼ਲ ਮੀਡੀਆ ਵਰਤਣ ਵਿੱਚ ਲਗਾਉਂਦੇ ਹਨ, ਤਾਂ ਇਹ ਉਨ੍ਹਾਂ ਦੇ ਦਿਮਾਗ ਨੂੰ ਬੋਝਲ ਕਰ ਦਿੰਦਾ ਹੈ। ਕਈ ਵਾਰ ਉਹ ਇਸ ਤਰ੍ਹਾਂ ਦੇਖਦੇ ਹਨ ਸੁੰਨੇ ਜੇ ਹੋਣ ਕਿ ਉਹ ਹੋਰ ਬੱਚਿਆਂ ਦੇ ਮੋਬਾਈਲ ਡਿਵਾਈਸ ਤੇ ਵੀ ਵਕਤ ਗੁਜ਼ਾਰਣ ਦੀ ਲੋੜ ਮਹਿਸੂਸ ਕਰਦੇ ਹਨ। ਇਹੋ ਜਿਹੀ ਸਥਿਤੀ ਚਿੰਤਾ ਅਤੇ ਡਿਪਰੈਸ਼ਨ ਨੂੰ ਹੋਰ ਵਧਾਉਂਦੀ ਹੈ।


ਸਰੀਰਕ ਗਤੀਵਿਧੀਆਂ ਦੀ ਘਾਟ: ਮੋਬਾਈਲ 'ਤੇ ਵੱਧ ਸਮਾਂ ਬਿਤਾਉਣ ਨਾਲ ਬੱਚੇ ਬਾਹਰ ਖੇਡਣ ਜਾਂ ਕਿਸੇ ਸ਼ਾਰੀਰਿਕ ਕਸਰਤ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਨਾਲ ਉਹ ਥਕਾਵਟ ਮਹਿਸੂਸ ਕਰਦੇ ਹਨ ਅਤੇ ਉਹਨਾਂ ਦੀ ਸਰੀਰਕ ਸ਼ਕਤੀ ਘਟਦੀ ਹੈ। ਲੰਮਾ ਸਮਾਂ ਬੈਠਣ ਨਾਲ ਬੱਚਿਆਂ ਵਿੱਚ ਮੁਟਾਪਾ ਵੀ ਆ ਸਕਦਾ ਹੈ, ਜਿਸ ਨਾਲ ਉਹ ਚੜ੍ਹਦੀ ਉਮਰ ਵਿੱਚ ਵੀ ਸਰੀਰਕ ਤੌਰ ਤੇ ਕਮਜ਼ੋਰੀ ਮਹਿਸੂਸ ਕਰਦੇ ਹਨ।

ਨੀਂਦ ਤੇ ਅਸਰ: ਮੋਬਾਈਲ ਸਕ੍ਰੀਨ ਦਾ ਨੀਲਾ ਰੰਗ ਬੱਚਿਆਂ ਦੀ ਨੀਂਦ 'ਤੇ ਵੀ ਅਸਰ ਪਾਉਂਦਾ ਹੈ। ਇਹ ਉਨ੍ਹਾਂ ਦੇ ਦਿਮਾਗ ਵਿੱਚ ਸੂਚਨਾ ਭੇਜਦਾ ਹੈ ਕਿ ਉਹ ਜਾਗਦੇ ਰਹਿਣ ਅਤੇ ਇਸ ਨਾਲ ਉਹਨਾਂ ਦੀ ਨੀਂਦ ਦੀ ਤਰਤੀਬ ਖਰਾਬ ਹੋ ਜਾਂਦੀ ਹੈ।

ਨਿਚੋੜ: ਬੱਚਿਆਂ ਨੂੰ ਮੋਬਾਈਲ ਸਿਰਫ ਪੜ੍ਹਾਈ ਲਈ ਹੀ ਵਰਤਣਾ ਚਾਹੀਦਾ ਹੈ ਮੰਨੋਰੰਜਨ ਦਾ ਸਾਧਨ ਨਹੀਂ ਬਣਾਉਣਾ ਚਾਹੀਦਾ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਕਸਰਤ ਵੀ ਉਨ੍ਹੀ ਹੀ ਜ਼ਰੂਰੀ ਹੈ ਜਿੰਨੀ ਪੜ੍ਹਾਈ।

ਜਮਾਤ ਨੌਵੀਂ
ਸੇਂਤ ਜੋਸਫ ਕਾਨਵੈਂਟ ਸੀਨੀਅਰ
ਸੈਕੰਡਰੀ ਸਕੂਲ, ਬਠਿੰਡਾ

# ਇੱਕ ਖੇਤ, ਦੋ ਫ਼ਲਦਾਰ ਪੌਦੇ





ਇਨਸਾਨ ਜੇਕਰ ਵਾਤਾਵਰਨ ਦੀ ਸ਼ੁੱਧਤਾ ਦੇ ਲਈ ਆਪਣਾ ਛੋਟਾ ਜਿਹਾ ਉਪਰਾਲਾ ਵੀ ਕਰੇ ਤਾਂ ਬਹੁਤ ਕੁਝ ਹੋ ਸਕਦਾ ਹੈ ਤੇ ਗੰਧਲ਼ੇ ਹੋ ਚੁੱਕੇ ਵਾਤਾਵਰਨ ਨੂੰ ਸੁੰਦਰ ਤੇ ਹਰਾ - ਭਰਾ ਬਣਾਇਆ ਜਾ ਸਕਦਾ ਹੈ। ਪਿੰਡਾਂ ਵਿੱਚ ਅਕਸਰ ਕਿਸਾਨਾਂ ਕੋਲ਼ ਖੇਤੀ ਲਈ ਜ਼ਮੀਨ ਹੁੰਦੀ ਹੈ। ਜਿੱਥੇ ਅਕਸਰ ਖੇਤੀ ਕੀਤੀ ਜਾਂਦੀ ਹੈ ਜਾਂ ਕੋਈ - ਕੋਈ ਇੱਥੇ ਘਰ ਲਈ ਜਾਂ ਵੇਚਣ ਲਈ ਸਬਜ਼ੀ ਦੀ ਪੈਦਾਵਾਰ ਵੀ ਕਰ ਲੈਂਦਾ ਹੈ। ਇਹ ਬਹੁਤ ਚੰਗਾ ਵੀ ਹੈ। ਇਸੇ ਵਾਹੀਯੋਗ ਜ਼ਮੀਨ 'ਤੇ ਜੇਕਰ ਫਸਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਕਰਨ ਦੇ ਨਾਲ਼ - ਨਾਲ਼ ਢੁੱਕਵੀਂ ਥਾਂ ਜਾਂ ਟਿਊਬਵੈੱਲ/ ਖਾਲ਼ ਦੇ ਨਜ਼ਦੀਕ ਘੱਟੋ - ਘੱਟ ਦੋ ਫ਼ਲਦਾਰ ਪੌਦੇ ਲਗਾ ਲਏ ਜਾਣ ਤੇ ਉਨਾਂ ਦੀ ਸਹੀ ਢੰਗ ਨਾਲ ਹਿਫ਼ਾਜ਼ਤ ਕਰਕੇ ਉਹਨਾਂ ਨੂੰ ਵੱਡਾ ਕਰ ਲਿਆ ਜਾਵੇ ਤਾਂ ਜਿੱਥੇ ਇਹ ਦੋ ਪੌਦੇ ਇੱਕ ਦਿਨ ਵੱਡੇ ਰੁੱਖ ਬਣ ਕੇ ਪ੍ਰਾਣਵਾਯੂ ਆਕਸੀਜਨ ਦਾ ਸਰੋਤ ਤਾਂ ਬਣਨਗੇ ਹੀ, ਉੱਥੇ ਹੀ ਖੇਤ ਮਾਲਿਕ ਤੇ ਹੋਰ ਜੀਆਂ ਨੂੰ ਸ਼ੁੱਧ ਤੇ ਸੁਆਦਲ਼ੇ ਫ਼ਲ ਵੀ ਦੇਣਗੇ। ਜੋ ਕਿ ਘਰ - ਪਰਿਵਾਰ ਦੀ ਚੰਗੀ ਸਿਹਤ ਅਤੇ ਖੁਸ਼ੀ ਤੇ ਸਕੂਨ ਦਾ ਸੋਮਾ ਵੀ ਬਣਨਗੇ। ਆਪਣੇ ਖੇਤ ਵਿੱਚ ਪੈਦਾ ਹੋਏ ਫਲ ਪ੍ਰਾਪਤ ਕਰਕੇ ਹਰ ਕੋਈ ਬਹੁਤ ਅਨੰਦ ਤੇ ਸੰਤੋਖ ਮਹਿਸੂਸ ਕਰਦਾ ਹੈ। ਜੇਕਰ ਸਾਡੇ ਕੋਲ ਦੋ ਫਲਦਾਰ ਪੌਦੇ ਲਗਾਉਣ ਲਈ ਘਰ ਜਾਂ ਖੇਤ ਵਿੱਚ ਥੋੜ੍ਹੀ ਜਿਹੀ ਵੀ ਥਾਂ ਹੈ ਤਾਂ ਇਹ ਛੋਟਾ ਜਿਹਾ ਉਪਰਾਲਾ ਕਰਕੇ ਵਾਤਾਵਰਨ ਅਤੇ ਆਪਣੇ ਘਰ - ਪਰਿਵਾਰ ਵਿੱਚ ਖੁਸ਼ਹਾਲੀ ਲਿਆਉਣੀ ਚਾਹੀਦੀ ਹੈ। ਜੇਕਰ ਹਰ ਕੋਈ ਇਸ ਉਪਰਾਲੇ ਨੂੰ ਅਪਣਾ ਲਵੇ ਤਾਂ ਇਸ ਦੇ ਨਤੀਜੇ ਬਹੁਤ ਹੀ ਚੰਗੇ ਅਤੇ ਇਨਸਾਨ ਤੇ ਵਾਤਾਵਰਨ ਦੇ ਹਿੱਤ ਵਿੱਚ ਹੋਣਗੇ।

"ਇੱਕ ਖੇਤ, ਦੋ ਫਲਦਾਰ ਰੁੱਖ
ਉਪਰਾਲਾ ਇਹ ਭਾਵੇਂ ਛੋਟਾ,
ਪਰ ਕੱਟਗਾ ਸਾਡੇ ਦੁੱਖ।"



-ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ 9478561356

# ਪੰਜਾਬ ਸਰਕਾਰ ਆਰਥਿਕ ਚੁਣੌਤੀਆਂ ਵਲ ਧਿਆਨ ਦੇਵੇ

**ਡਾਕਟਰ ਕੇਸਰ ਸਿੰਘ ਭੰਗੂ**

• • •



ਅੱਜ ਤੋਂ ਤਕਰੀਬਨ ਤਿੰਨ ਸਾਲ ਪਹਿਲਾਂ ਪੰਜਾਬੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਮੌਜੂਦਾ ਪੰਜਾਬ ਸਰਕਾਰ ਨੂੰ ਬਹੁਤ ਵੱਡੇ ਬਹੁਮਤ ਨਾਲ ਚੁਣਿਆ ਸੀ, ਕਿਉਂਕਿ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕਰਕੇ ਕਈ ਤਰ੍ਹਾਂ ਦੇ ਸਬਜ਼ਬਾਗ ਵਿਖਾਏ ਸਨ ਅਤੇ ਪੰਜਾਬੀਆਂ ਨੇ ਮੌਜੂਦਾ ਸੱਤਾਧਾਰੀ ਪਾਰਟੀ 'ਤੇ ਵਿਸ਼ਵਾਸ ਕਰ ਲਿਆ ਸੀ। ਮੁੱਖ ਵਾਅਦਿਆਂ 'ਚ ਪੰਜਾਬ ਖੇਤੀਬਾੜੀ ਦੇ ਸੰਕਟ ਨੂੰ ਹੱਲ ਕਰਨਾ, ਬੇਰੁਜ਼ਗਾਰੀ ਨੂੰ ਖ਼ਤਮ ਕਰਨਾ, ਨਸ਼ਿਆਂ ਨੂੰ ਖ਼ਤਮ ਕਰਨਾ, ਕਾਨੂੰਨ ਵਿਵਸਥਾ 'ਚ ਸੁਧਾਰ ਕਰਨਾ, ਪੰਜਾਬ ਨੂੰ ਕਰਜ਼ਾ ਮੁਕਤ ਕਰਨਾ, ਸੂਬੇ ਵਿਚ ਹਰ ਖੇਤਰ 'ਚ ਨਿਵੇਸ਼ ਨੂੰ ਵਧਾਉਣਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣਾ, ਭਾਵ ਸੂਬੇ ਨੂੰ ਰੰਗਲਾ ਬਣਾਉਣਾ ਆਦਿ ਸ਼ਾਮਿਲ ਸਨ।

ਜੇਕਰ ਉਦਾਰੀਕਰਨ ਦੀਆਂ ਨੀਤੀਆਂ ਅਪਣਾਏ ਜਾਣ ਤੋਂ ਬਾਅਦ ਦੇ ਸਮੇਂ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਸਪੱਸ਼ਟ ਹੈ ਕਿ ਮੌਜੂਦਾ ਪੰਜਾਬ ਸਰਕਾਰ ਸਮੇਤ ਪੰਜਾਬ 'ਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੀਆਂ ਛੇ ਜਮਹੂਰੀ ਢੰਗ ਨਾਲ ਚੁਣੀਆਂ ਹੋਈਆਂ ਸਰਕਾਰਾਂ ਆਈਆਂ ਹੋਣ ਦੇ ਬਾਵਜੂਦ ਵੀ ਸੂਬੇ ਦਾ ਆਰਥਿਕ ਵਿਕਾਸ ਬਹੁਤ ਮੱਠਾ ਰਿਹਾ ਹੈ।ਇਸ ਦਾ ਮੁੱਖ ਕਾਰਨ ਸੂਬਾ ਸਰਕਾਰ ਦੀਆਂ ਨੀਤੀਆਂ ਦਾ ਘੱਟ ਕੁਸ਼ਲ ਅਤੇ ਅਸਰਦਾਇਕ ਹੋਣਾ ਹੀ ਹੈ।ਮੌਜੂਦਾ ਅਤੇ ਪਿਛਲੇ ਸਮੇਂ ਦੌਰਾਨ ਪੰਜਾਬ ਦੀ ਆਰਥਿਕਤਾ ਸਮਰੱਥਾ ਤੋਂ ਘੱਟ, ਨੀਵੇਂ ਅਤੇ ਹੌਲੀ ਰਫ਼ਤਾਰ ਨਾਲ ਵਿਕਾਸ ਕਰ ਰਹੀ ਹੈ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਦੇਸ਼ 'ਚ ਪਹਿਲੇ ਨੰਬਰ 'ਤੇ ਸੀ, ਜੋ ਹੁਣ ਪੱਛੜ ਕੇ ਪ੍ਰਮੁੱਖ ਸੂਬਿਆਂ 'ਚੋਂ 10ਵੇਂ-11ਵੇਂ ਸਥਾਨ ਨਾਲ ਪਿੱਛੇ ਰਹਿ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਅਤੇ ਬਹੁ-ਪਰਤੀ ਗ਼ਰੀਬੀ ਸੂਚਕ ਅੰਕ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਵੀ ਪੰਜਾਬ ਪ੍ਰਮੁੱਖ ਸੂਬਿਆਂ 'ਚੋਂ ਕ੍ਰਮਵਾਰ ਤੀਜੇ ਅਤੇ ਪੰਜਵੇਂ ਸਥਾਨ 'ਤੇ ਹੈ। ਪੰਜਾਬ ਦੀ ਆਰਥਿਕਤਾ ਨੇ 2015-16 ਤੋਂ 2022-23 ਦੇ ਸਮੇਂ ਦਰਮਿਆਨ, ਸਥਿਰ ਕੀਮਤਾਂ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ ਦੀ 4.7 ਫੀਸਦੀ ਵਿਕਾਸ ਦਰ ਹਾਸਿਲ ਕੀਤੀ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ ਆਰਥਿਕਤਾ ਤਾਂ ਵਧ ਰਹੀ ਹੈ ਪਰ ਰਫ਼ਤਾਰ ਹੌਲੀ/ਧੀਮੀ ਹੈ, ਸਿੱਟੇ ਵਜੋਂ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਔਸਤ ਨਾਲੋਂ ਘੱਟ ਦਰ 'ਤੇ ਵਧ ਰਹੀ ਹੈ।

ਮੌਜੂਦਾ ਸੱਤਾਧਾਰੀ ਪਾਰਟੀ ਦੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਮੁਤਾਬਿਕ ਸਭ ਤੋਂ ਪਹਿਲਾਂ ਸੂਬੇ ਦੇ ਖੇਤੀਬਾੜੀ ਦੇ ਸੰਕਟ ਦੀ ਜੇ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਧਰਾਤਲ 'ਤੇ ਕੁਝ ਵੀ ਨਹੀਂ ਬਦਲਿਆ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਾਲਾਤ ਬਦ




ਤੋਂ ਬਦਤਰ ਹੀ ਹੋਏ ਹਨ ਅਤੇ ਕਿਸਾਨ ਅਤੇ ਖੇਤ ਮਜ਼ਦੂਰ ਖੇਤੀ ਸੰਕਟ ਕਾਰਨ ਪਹਿਲਾਂ ਦੀ ਤਰ੍ਹਾਂ ਹੀ ਖ਼ੁਦਕੁਸ਼ੀਆਂ ਕਰ ਰਹੇ ਹਨ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਹਰ ਰੋਜ਼ ਆਪਣੀਆਂ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਨੇ ਪੈ ਰਹੇ ਹਨ। ਲੰਘੇ ਝੋਨੇ ਦੇ ਸੀਜ਼ਨ ਦੌਰਾਨ ਮੰਡੀਆਂ 'ਚ ਕਿਸਾਨਾਂ ਦੀ ਕੀ ਹਾਲਤ ਹੋਈ ਹੈ, ਕਿਸੇ ਤੋਂ ਲੁਕੀ ਨਹੀਂ ਹੈ। ਲਗਦਾ ਇਉਂ ਸੀ, ਜਿਵੇਂ ਸੂਬੇ 'ਚ ਸਰਕਾਰ ਨਾਂਅ ਦੀ ਕੋਈ ਚੀਜ਼ ਨਾ ਹੋਵੇ।

ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਵਾਅਦਿਆਂ ਨੂੰ ਵੀ ਬੂਰ ਨਹੀਂ ਪਿਆ, ਭਾਵੇਂ ਮੀਡੀਆ ਰਾਹੀਂ ਕੁਝ ਵੀ ਪ੍ਰਚਾਰਿਆ ਜਾ ਰਿਹਾ ਹੋਵੇ। ਪੰਜਾਬ ਦੀ ਨਿਰਾਸ਼ਾਜਨਕ ਆਰਥਿਕ ਤਰੱਕੀ ਨੇ ਸੂਬੇ 'ਚ ਰੁਜ਼ਗਾਰ ਦਾ ਅਕਾਲ ਪੈਦਾ ਕਰ ਦਿੱਤਾ ਹੈ, ਨਤੀਜੇ ਵਜੋਂ ਪੰਜਾਬ ਦੇ ਨੌਜਵਾਨਾਂ 'ਚ ਸੂਬੇ ਤੋਂ ਬਾਹਰ ਰੁਜ਼ਗਾਰ ਕਰਨ/ਲੱਭਣ ਦਾ ਵਰਤਾਰਾ ਵੱਡੇ ਪੱਧਰ 'ਤੇ ਪ੍ਰਚੱਲਿਤ ਹੋ ਗਿਆ ਹੈ। ਪੰਜਾਬ 'ਚ ਬੇਰੁਜ਼ਗਾਰੀ ਦੀ ਦਰ ਦੇਸ਼ ਦੀ ਬੇਰੁਜ਼ਗਾਰੀ ਦੀ ਦਰ ਤੋਂ ਜ਼ਿਆਦਾ ਹੈ। ਬੇਰੁਜ਼ਗਾਰਾਂ 'ਚ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੋਣ ਕਰਕੇ ਸੂਬੇ ਦੇ ਨੌਜਵਾਨਾਂ ਨੂੰ ਸੂਬੇ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਲੱਭਣੇ ਪੈ ਰਹੇ ਹਨ। ਇਸ ਦਾ ਕਾਰਨ ਪੰਜਾਬ 'ਚ ਪੜ੍ਹੇ-ਲਿਖਿਆ 'ਚ ਬੇਰੁਜ਼ਗਾਰੀ ਦੀ ਦਰ ਬਹੁਤ ਉੱਚੀ ਹੋਣਾ ਅਤੇ ਨੌਕਰੀਆਂ ਕਰ ਰਹੇ ਨੌਜਵਾਨਾਂ 'ਚ ਨੌਕਰੀਆਂ ਦੀ ਮਾੜੀ ਕੁਆਲਿਟੀ (ਗੁਣਵੱਤਾ) ਹੋਣ ਕਾਰਨ ਭਾਰੀ ਅਸੰਤੁਸ਼ਟੀ ਹੋਣਾ ਹੈ। ਅਜਿਹੇ ਆਲਮ ਵਿਚ, ਜਿਹੜੇ ਲੋਕ ਵਿਦੇਸ਼ਾਂ 'ਚ ਜਾ ਸਕਦੇ ਹਨ, ਉਹ ਆਪਣੀ ਅਚੱਲ ਜਾਇਦਾਦ ਵੇਚ ਕੇ ਵੀ ਵਿਦੇਸ਼ ਜਾ ਰਹੇ ਹਨ ਅਤੇ ਜਿਹੜੇ ਨਹੀਂ ਜਾ ਸਕਦੇ ਉਹ ਜਾਂ ਤਾਂ ਨਸ਼ਿਆਂ 'ਚ ਗ਼ਲਤਾਨ ਹੁੰਦੇ ਜਾ ਰਹੇ ਹਨ ਜਾਂ ਨਸ਼ਿਆਂ ਦੇ ਵਧ ਰਹੇ ਨਾਜਾਇਜ਼ ਕਾਰੋਬਾਰ ਦੇ ਜਾਲ 'ਚ ਫਸਦੇ ਜਾ ਰਹੇ ਹਨ ਜਾਂ ਬੇਰੁਜ਼ਗਾਰ ਹੀ ਰਹਿੰਦੇ ਹਨ। ਅਜਿਹਾ ਆਲਮ ਪੰਜਾਬ ਦੀ ਸ਼ਾਂਤੀ ਲਈ ਲਗਾਤਾਰ ਖ਼ਤਰਾ ਬਣਿਆ ਰਹਿੰਦਾ ਹੈ। ਸੱਤਾਧਾਰੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ 15 ਜਨਵਰੀ, 2015 ਨੂੰ ਅਕਾਲੀ-ਭਾਜਪਾ ਸਰਕਾਰ ਦੌਰਾਨ ਜਾਰੀ ਕੀਤੇ ਗਏ ਪੱਤਰ, ਜਿਸ ਰਾਹੀਂ ਨਵੇਂ ਚੁਣੇ ਕਰਮਚਾਰੀਆਂ ਨੂੰ ਤਿੰਨ ਸਾਲਾਂ ਲਈ ਕੇਵਲ ਮੁਢਲੀ ਤਨਖ਼ਾਹ ਦਿੱਤੀ ਜਾਂਦੀ ਹੈ, ਨੂੰ ਵਾਪਸ ਲੈ ਲਿਆ ਜਾਵੇਗਾ। ਪਰ ਅੱਜਕੱਲ੍ਹ ਦਿੱਤੀਆਂ ਅਤੇ ਪ੍ਰਚਾਰੀਆਂ ਜਾਂਦੀਆਂ ਸਰਕਾਰੀ ਨੌਕਰੀਆਂ ਇਸ ਪੱਤਰ ਦੇ ਆਧਾਰ 'ਤੇ ਦਿੱਤੀਆਂ ਜਾ ਰਹੀਆਂ ਹਨ, ਕਿਉਂਕਿ ਮੌਜੂਦਾ ਸਰਕਾਰ ਨੇ ਇਸ ਪੱਤਰ ਨੂੰ ਵਾਪਸ ਲੈਣ ਦਾ ਵਾਅਦਾ ਪੂਰਾ ਨਹੀਂ ਕੀਤਾ।

ਮੌਜੂਦਾ ਸਰਕਾਰ ਬਣਾਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਇਕ ਵੱਡਾ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਨੂੰ ਕਰਜ਼ਾ ਮੁਕਤ ਕਰੇਗੀ। ਜਦੋਂ ਇਸ ਪਹਿਲੂ 'ਤੇ ਨਿਗਾਹ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸੂਬੇ ਸਿਰ ਮਣਾਂ ਮੂੰਹੀਂ ਕਰਜ਼ੇ ਦੀ ਪੰਡ ਚੜ੍ਹੀ ਹੋਈ ਹੈ। ਮਾਰਚ 2023 ਦੇ ਅੰਤ 'ਚ ਸੂਬੇ ਸਿਰ 3.13 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ, ਜਦੋਂ ਕਿ ਮਾਰਚ 2022 'ਚ 2.82 ਲੱਖ ਕਰੋੜ ਰੁਪਏ ਸੀ। ਵਿੱਤੀ ਸਾਲ 2023-24 ਦੇ ਅੰਤ 'ਚ ਕਰਜ਼ੇ ਦੀ ਮਾਤਰਾ 3.43 ਲੱਖ ਕਰੋੜ ਸੀ ਅਤੇ ਮਾਰਚ 2025 ਦੇ ਅੰਤ 'ਚ 3.74 ਲੱਖ ਕਰੋੜ ਨੂੰ ਪਾਰ ਕਰ ਜਾਵੇਗੀ। ਜੇਕਰ ਇਹ ਮੰਨ ਲਈਏ ਕਿ ਮੌਜੂਦਾ ਸਰਕਾਰ ਦੇ ਆਉਣ ਵਾਲੇ ਦੋ ਸਾਲਾਂ 'ਚ ਵੀ ਪਹਿਲੇ ਤਿੰਨ ਸਾਲਾਂ ਦੀ ਤਰ੍ਹਾਂ ਕਰਜ਼ਾ ਚੜ੍ਹਦਾ ਰਿਹਾ ਤਾਂ ਜਦੋਂ ਇਹ ਸਰਕਾਰ 2027 'ਚ ਦਫ਼ਤਰ ਛੱਡੇਗੀ, ਉਦੋਂ ਕਰਜ਼ੇ ਦਾ ਭਾਰ 4.50 ਲੱਖ ਕਰੋੜ ਰੁਪਏ ਦੇ ਨੇੜੇ ਹੋ ਜਾਵੇਗਾ। ਇੱਥੇ ਇਹ ਵਰਨਣਯੋਗ ਹੈ ਕਿ ਇਸ ਸਰਕਾਰ ਤੋਂ ਪਹਿਲਾਂ ਦੀਆਂ ਦੋ ਸਰਕਾਰਾਂ ਦੇ ਸਮੇਂ 'ਚ ਹਰ ਸਾਲ ਲਗਭਗ 20,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਦਾ ਰਿਹਾ ਸੀ ਪਰ ਮੌਜੂਦਾ ਸਰਕਾਰ ਦੇ ਸਮੇਂ ਦੌਰਾਨ ਚੜ੍ਹਨ ਵਾਲੇ ਸਾਲਾਨਾ ਕਰਜ਼ੇ ਦੀ ਮਿਕਦਾਰ ਵੱਧ ਕੇ 31,000-32000 ਕਰੋੜ ਰੁਪਏ ਤੋਂ ਵੱਧ ਰਹੇਗੀ। ਇੱਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ 'ਚ ਕੇਵਲ ਲਏ ਕੁੱਲ ਕਰਜ਼ੇ ਦਾ 7.8 ਫ਼ੀਸਦੀ ਹੀ ਮਿਲਦਾ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਜਾਂਦਾ ਹੈ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਸੂਬਾ ਕਿਸ ਕਦਰ ਕਰਜ਼ੇ ਦੇ ਚੱਕਰਵਿਊ 'ਚ ਫਸ ਚੁੱਕਾ ਹੈ। ਉਪਰੋਕਤ ਤੱਥ ਸਪੱਸ਼ਟ ਕਰਦੇ ਹਨ ਕਿ ਪੰਜਾਬ ਕਰਜ਼ੇ ਦੇ ਜਾਲ 'ਚ ਫਸ ਚੁੱਕਾ ਹੈ। ਇਹ ਵੀ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰ ਕੇ ਕਰਜ਼ਾ ਮੁਕਤ ਪੰਜਾਬ ਬਣਾਉਣ ਦੇ ਰਾਹ ਨਹੀਂ ਪੈ ਸਕੀ, ਇਸ ਫਰੰਟ 'ਤੇ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਕਾਫ਼ੀ ਨਿਰਾਸ਼ਾਜਨਕ ਹੀ ਹੈ।

ਮੌਜੂਦਾ ਸਰਕਾਰ ਦੇ ਸੂਬੇ ਦੇ ਹਰ ਖੇਤਰ 'ਚ ਨਿਵੇਸ਼ ਵਧਾਉਣ ਦੇ ਵਾਅਦੇ 'ਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਬੁਨਿਆਦੀ ਢਾਂਚੇ 'ਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ 'ਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ, ਜੋ ਦੇਸ਼ ਦੇ ਪ੍ਰਮੁੱਖ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਰਾਸ਼ਟਰੀ ਅਨੁਪਾਤ ਤੋਂ ਲਗਭਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 15,000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ 'ਚ ਵੀ ਪੂੰਜੀ ਨਿਵੇਸ਼ ਦੀ ਮਾਤਰਾ, ਲਗਾਤਾਰ ਘੱਟ ਰਹੀ ਹੈ, ਜਿਹੜੀ ਘੱਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਮੌਜੂਦਾ ਸਰਕਾਰ ਸੂਬੇ 'ਚ ਨਿਵੇਸ਼ ਵਧਾਉਣ ਦੇ ਵਾਅਦੇ ਨੂੰ ਵੀ ਪੂਰਾ ਨਹੀਂ ਕਰ ਸਕੀ, ਕਿਉਂਕਿ ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਇਵੇਂ ਹੀ ਜੇਕਰ ਬਾਕੀ ਵਾਅਦਿਆਂ ਦੀ ਗੱਲ ਕਰੀਏ ਜਿਵੇਂ ਕਿ ਨਸ਼ਿਆਂ ਨੂੰ ਖ਼ਤਮ ਕਰਨਾ, ਕਾਨੂੰਨ ਵਿਵਸਥਾ 'ਚ ਸੁਧਾਰ ਕਰਨਾ ਅਤੇ ਸੂਬੇ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਕੇ ਲੀਹ 'ਤੇ ਲਿਆ ਕੇ ਪੰਜਾਬ ਨੂੰ ਰੰਗਲਾ ਬਣਾਉਣਾ ਆਦਿ ਹਨ, ਤਾਂ ਇਨ੍ਹਾਂ ਪੱਖਾਂ ਤੋਂ ਵੀ ਸਰਕਾਰ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੀ ਹੈ, ਕਿਉਂਕਿ ਇਨ੍ਹਾਂ ਮਸਲਿਆਂ ਸੰਬੰਧੀ ਸੂਬੇ ਦੇ ਹਾਲਾਤ ਸਾਰਿਆਂ ਦੇ ਸਾਹਮਣੇ ਹਨ।

ਉਪਰੋਕਤ ਚਰਚਾ ਸਪੱਸ਼ਟ ਕਰਦੀ ਹੈ ਕਿ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਅਤੇ ਸੱਤਾਧਾਰੀ ਪਾਰਟੀ ਦੇ ਚੋਣਾਂ ਸਮੇਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਹਕੀਕਤ ਨੂੰ ਦੇਖੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ।

-ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ।

# ਮਨੁੱਖੀ ਹੱਕਾਂ ਦੇ ਸੰਘਰਸ਼ ਦੇ ਪ੍ਰਸੰਗ 'ਚ ਤਰਸੇਮ ਸਿੰਘ ਜੱਸੜ ਦੀ ਫਿਲਮ 'ਗੁਰੂ ਨਾਨਕ ਜਹਾਜ਼'

## (The Journey of Komagata Maru)

ਡਾ. ਗੁਰਵਿੰਦਰ ਸਿੰਘ

• • •

ਮਸ਼ਹੂਰ ਫਿਲਮਕਾਰ ਤਰਸੇਮ ਸਿੰਘ ਜੱਸੜ ਦੇ ਸੋਸ਼ਲ ਅਕਾਊਂਟ 'ਤੇ ਅੱਜ 'ਗੁਰੂ ਨਾਨਕ ਜਹਾਜ਼' ਫਿਲਮ ਦਾ ਪੋਸਟਰ ਦੇਖਿਆ, ਜਿਸ ਉੱਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀਆਂ ਤਸਵੀਰਾਂ ਹਨ। ਇਹ ਸ਼ਲਾਘਾਯੋਗ ਕਦਮ ਹੈ, ਜਿਸ ਦਾ ਪੁਰਜ਼ੋਰ ਸਵਾਗਤ ਹੈ। ਇਸ ਬਾਰੇ ਇਤਿਹਾਸਕ ਸੰਦਰਭ ਜਾਨਣਾ ਲਾਹੇਵੰਦ ਹੋਵੇਗਾ। ਦਰਅਸਲ ਗੁਰੂ ਨਾਨਕ ਜਹਾਜ਼ ਦੀ ਦਾਸਤਾਨ ਮਨੁੱਖੀ ਆਜ਼ਾਦੀ ਦੇ ਸੰਘਰਸ਼ ਦੇ ਦੌਰ ਦੀ ਇਤਿਹਾਸਕ ਘਟਨਾ ਹੈ, ਜਿਸ ਦੇ ਅਸਲੀ ਇਤਿਹਾਸ ਨੂੰ ਜਾਣੇ ਅਣਜਾਣੇ ਵਿੱਚ ਮਿਟਾਇਆ ਜਾ ਰਿਹਾ ਹੈ। ਇਹ ਦਾਸਤਾਨ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਹੈ, ਜਿਸ ਨੂੰ ਵਧੇਰੇ ਕਰਕੇ ਕਾਮਾਗਾਟਾ ਮਾਰੂ ਕੰਪਨੀ ਦੇ ਨਾਂ ਤੇ ਹੀ ਪ੍ਰਚਾਰਿਆ ਜਾਂਦਾ ਹੈ। 20ਵੀਂ ਸਦੀ ਦੇ ਆਰੰਭ ਵਿੱਚ, ਕੈਨੇਡਾ ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਗਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਪ੍ਰਵਾਸੀਆਂ ਉੱਪਰ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ ਗਈ। ਸਿੱਧੇ ਸਫਰ ਦੇ ਕਾਲੇ ਕਾਨੂੰਨ ਨੂੰ ਪ੍ਰਭਾਵਹੀਣ ਕਰਨ ਲਈ, ਕੈਨੇਡਾ ਦੇ ਮੋਢੀ ਸਿੱਖਾਂ ਦੀ ਸਲਾਹ 'ਤੇ, ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਜਹਾਜ਼, ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ।

ਇਸ ਉਦੇਸ਼ ਦੀ ਪੂਰਤੀ ਲਈ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਗੁਰੂ ਨਾਨਕ ਸਟੀਮਸ਼ਿਪ ਕੰਪਨੀ ਨੇ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ, ਨਾਲ ਛੇ ਮਹੀਨੇ ਲਈ 66 ਹਜ਼ਾਰ ਡਾਲਰ 'ਤੇ, 19 ਮਾਰਚ 1914 ਨੂੰ ਜਪਾਨੀ ਕੰਪਨੀ ਤੋਂ" ਕਿਰਾਏ 'ਤੇ ਲਿਆ। ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਸਟੀਮਰ ਕੰਪਨੀ' ਵੱਜੋਂ ਪ੍ਰਕਾਸ਼ਿਤ ਹੋਈਆਂ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।

ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਜਹਾਜ਼ ਵਿੱਚ ਨਿਸ਼ਾਨ ਸਾਹਿਬ ਝੁੱਲਦਾ ਸੀ। ਗੁਰੂ ਨਾਨਕ ਸ਼ਬਦ ਰੂਹਾਨੀ ਸਾਂਝ, ਮਨੁੱਖੀ ਪ੍ਰੇਮ, ਜਾਬਰ ਹਕੂਮਤਾਂ ਦਾ ਵਿਰੋਧ ਤੇ ਨਸਲਵਾਦੀ ਵਿਤਕਰੇ ਦੇ ਅੰਤ ਦਾ ਮਹਾਨ ਸਿਧਾਂਤ ਹੈ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵਿੱਚ 341 ਸਿੱਖ ਸਨ। ਉਹਨਾਂ ਤੋਂ ਇਲਾਵਾ 24 ਮੁਸਲਮਾਨ ਤੇ 12 ਹਿੰਦੂ ਮੁਸਾਫਿਰ ਸਨ। ਉਸ ਸਮੇਂ ਦੇ 'ਸਾਂਝਾ ਪੰਜਾਬ', ਜੋ ਕਿ ਅੱਜ ਕੱਲ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਹੋਇਆ ਹੈ, ਦੇ ਵਸਨੀਕ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਸਨ।




ਇਤਿਹਾਸਿਕ ਤੱਥਾਂ 'ਤੇ ਅਧਾਰਤ ਜਾਣਕਾਰੀ ਕਾਮਾਗਾਟਾ ਮਾਰੂ ਸਮੁੰਦਰੀ ਬੇੜੇ ਨੂੰ ਚਾਰਟਰ ਕਰਨ ਮਗਰੋਂ, ਇਸ ਦਾ ਰੱਖਿਆ ਗਿਆ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕ, ਫਿਲਮਕਾਰ, ਸਿਆਸਤਦਾਨ ਅਤੇ ਮੀਡੀਆਕਾਰ ਅੱਜ ਵੀ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਦੇ ਹਨ, ਜੋ ਕਿ ਸਹੀ ਨਹੀਂ। ਇਤਿਹਾਸਿਕ ਖੋਜ ਤੋਂ ਸੱਖਣੇ ਲਿਖਾਰੀਆਂ ਨੇ ਜਪਾਨੀ ਕੰਪਨੀ ਦੇ ਮਾਲਕੀ ਹੇਠਲੇ ਜਹਾਜ਼ ਦੇ ਇਕਰਾਰਨਾਮੇ ਅਨੁਸਾਰ ਮੀਡੀਆ ਰਿਪੋਰਟਾਂ ਅਤੇ ਬ੍ਰਿਟਿਸ਼ ਸਰਕਾਰ ਦੇ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਕਾਮਾਗਾਟਾਮਾਰੂ ਨਾਂ ਪ੍ਰਚਲਤ ਕਰ ਦਿੱਤਾ, ਪਰ ਬਾਬਾ ਗੁਰਦਿੱਤ ਸਿੰਘ ਦੀ ਆਪਣੀ ਕਲਮ ਤੋਂ ਲਿਖੀ ਤੇ ਅੰਗਰੇਜ਼ ਸਰਕਾਰ ਦੁਆਰਾ 1922 ਵਿਚ ਜ਼ਬਤ ਪੁਸਤਕ 'ਗੁਰੂ ਨਾਨਕ ਜਹਾਜ਼' ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਕਰਾਏ ਤੇ ਲੈਣ ਮਗਰੋਂ, ਇਸ ਦਾ ਨਾਂ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖ ਦਿੱਤਾ ਗਿਆ ਸੀ।

ਇੰਨੀਂ ਦਿਨੀ ਜਾਣੇ ਪਛਾਣੇ ਫਿਲਮ ਨਿਰਮਾਤਾ ਤਰਸੇਮ ਜੱਸੜ ਦੀ ਪ੍ਰੋਡਕਸ਼ਨ ਰਾਹੀਂ, ਇੱਕ ਫਿਲਮ ਤਿਆਰ ਕੀਤੀ ਜਾ ਰਹੀ ਹੈ, ਜਿਸ ਵਿੱਚ 'ਗੁਰੂ ਨਾਨਕ ਜਹਾਜ਼' ਦਾ ਇਤਿਹਾਸ ਪੇਸ਼ ਕੀਤਾ ਗਿਆ ਹੈ। ਫਿਲਮ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਹੈ, ਜਿਸ ਨੂੰ ਵੇਖ ਕੇ ਅਤਿਅੰਤ ਖੁਸ਼ੀ ਹੋਈ। ਹੋਰ ਵੀ ਚੰਗੀ ਗੱਲ ਹੈ ਕਿ ਇਸ ਪੋਸਟਰ 'ਤੇ ਗੁਰੂ ਨਾਨਕ ਜਹਾਜ਼ ਨਾਲ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੈਨੇਡਾ ਦੀ ਅਸਲ ਤਸਵੀਰ ਛਾਪੀ ਗਈ ਹੈ, ਜੋ ਕਿ ਇਤਿਹਾਸਿਕ ਸੂਝ ਬੂਝ ਪੇਸ਼ ਕਰਦੀ ਹੈ।


ਦਰਅਸਲ ਸ਼ਹੀਦ ਭਾਈ ਮੇਵਾ ਸਿੰਘ ਦਾ ਗੁਰੂ ਨਾਨਕ ਜਹਾਜ਼ ਨਾਲ ਡੂੰਘਾ ਸੰਬੰਧ ਹੈ, ਜਿਨਾਂ ਦਾ ਸ਼ਹੀਦੀ ਦਿਹਾੜਾ 11 ਜਨਵਰੀ ਦਾ ਆ ਰਿਹਾ ਹੈ। 11 ਜਨਵਰੀ 1915 ਨੂੰ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਵਿੱਚ ਫਾਂਸੀ ਦਾ ਰੱਸਾ ਚੁੰਮਿਆ ਸੀ। ਉਹਨਾਂ ਗੁਰੂ ਨਾਨਕ ਜਹਾਜ਼ ਨੂੰ ਜਬਰੀ ਮੋੜਨ ਵਾਲੇ ਅਤੇ ਮੋਢੀ ਸਿੱਖਾਂ ਭਾਈ ਭਾਗ ਸਿੰਘ ਜੀ ਅਤੇ ਭਾਈ ਬਤਨ ਸਿੰਘ ਜੀ ਦਾ ਕਤਲ ਕਰਵਾਉਣ ਵਾਲੇ ਚਾਰਲਸ ਵਿਲੀਅਮ ਹਾਪਕਿਨਸਨ ਨੂੰ ਸੋਧਿਆ ਸੀ।

ਇਸ ਹੀ ਸੰਦਰਭ ਵਿੱਚ ਵਿਚਾਰਨ ਯੋਗ ਪੱਖ ਹੈ ਕਿ ਕੈਨੇਡਾ ਦੀ ਸਰਕਾਰ ਵੱਲੋਂ ਚਾਹੇ ਕਾਮਾਗਾਟਾ ਮਾਰੂ ਦੇ ਦੁਖਾਂਤ ਲਈ ਮਾਫੀ ਮੰਗੀ ਗਈ ਹੈ, ਜੋ ਸ਼ਲਾਘਾ ਯੋਗ ਹੈ, ਪਰ ਉਹਨਾਂ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇਹ ਗਲਤ ਅਤੇ ਭੁਲੇਖਾ ਪਾਓ ਬਿਰਤਾਂਤ ਹੈ। ਇਸ ਪ੍ਰਸੰਗ ਵਿੱਚ ਤਰਸੇਮ ਜੱਸੜ ਵੱਲੋਂ 'ਗੁਰੂ ਨਾਨਕ ਜਹਾਜ਼' ਨਾਂ ਤੇ ਫਿਲਮ ਨਿਰਮਾਣ ਰਾਹੀਂ ਚੁੱਕਿਆ ਗਿਆ ਇਤਿਹਾਸਕ ਕਦਮ, ਭਵਿੱਖ ਵਿੱਚ ਕੈਨੇਡਾ ਸਰਕਾਰ ਦੇ ਮੁਆਫੀਨਾਮੇ ਵਿੱਚ ਸਹੀ ਨਾਂ 'ਗੁਰੂ ਨਾਨਕ ਜਹਾਜ਼' ਵਜੋਂ ਸੋਧ ਕਰਨ ਵਿੱਚ ਸਹਾਈ ਸਾਬਤ ਹੋਵੇਗਾ।

'ਗੁਰੂ ਨਾਨਕ ਜਹਾਜ਼' ਫਿਲਮ ਵਿੱਚ ਤਰਸੇਮ ਜੱਸੜ ਹੁਰੀਂ ਇਤਿਹਾਸ ਦੇ ਸਹੀ ਪੱਖ ਕਿਸ ਬਰੀਕੀ ਨਾਲ ਦਿਖਾਉਂਦੇ ਹਨ, ਇਸ ਦਾ ਤਾਂ ਫਿਲਮ ਵੇਖਣ ਤੋਂ ਮਗਰੋਂ ਹੀ ਪਤਾ ਲੱਗ ਸਕਦਾ ਹੈ, ਪਰ ਫਿਲਮ ਦੇ ਸਹੀ ਨਾਮਕਰਨ ਤੋਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਫਿਲਮਕਾਰ ਤਰਸੇਮ ਜੱਸੜ ਦਾ ਇਹ ਉਪਰਾਲੇ ਨਾ ਸਿਰਫ ਇਤਿਹਾਸ ਦੇ ਸਹੀ ਰੂਪ ਅਤੇ ਬਿਰਤਾਂਤ ਨੂੰ ਕਾਇਮ ਕਰਨ ਵਿੱਚ ਸਹਾਈ ਸਿਧ ਹੋਏਗਾ, ਬਲਕਿ ਸਾਡੀਆਂ ਅਗਲੀਆਂ ਪੀੜੀਆਂ ਨੂੰ ਸੰਘਰਸ਼ ਦੀ ਸ਼ਾਨਾਮੱਤੀ ਗਾਥਾ ਤੋਂ ਵੀ ਭਲੀ ਭਾਂਤ ਜਾਣੂ ਕਰਵਾਏਗਾ।


# ਬਰੈਂਪਟਨ ਵਪਾਰੀ ਦੇ ਘਰ 'ਤੇ ਗੋਲੀਆਂ ਚਲਾਈਆਂ, 7 ਪੰਜਾਬੀ ਗ੍ਰਿਫ਼ਤਾਰ

ਵੈਨਕੂਵਰ-ਓਂਟਾਰੀਓ ਦੀ ਪੀਲ ਪੁਲੀਸ ਨੇ ਫ਼ਿਰੌਤੀ ਲਈ ਬਰੈਂਪਟਨ ਦੇ ਘਰ 'ਤੇ ਦੋ ਵਾਰ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਸੱਤ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਚੋਂ ਮਨਪ੍ਰੀਤ ਸਿੰਘ (27), ਦਿਲਪ੍ਰੀਤ ਸਿੰਘ (23) ਅਤੇ ਹਰਸ਼ਦੀਪ ਸਿੰਘ (23) 'ਤੇ ਬੀਤੀ 30 ਨਵੰਬਰ ਨੂੰ ਰਾਤ 2 ਵਜੇ ਮੌਂਟਿਨਬੈਰੀ ਰੋਡ 'ਤੇ ਮੈਂਟੈਨਿਸ਼ ਰੋਡ ਕੋਲ ਵਪਾਰੀ ਦੀ ਰਿਹਾਇਸ਼ 'ਤੇ ਗੋਲੀਆਂ ਚਲਾ ਕੇ ਫ਼ਰਾਰ ਹੋਣ ਦੇ ਦੋਸ਼ ਹਨ। ਭਾਰਤੀ ਮੂਲ ਦੇ ਵਪਾਰੀ ਨੂੰ ਡਰਾ ਕੇ ਫਿਰੌਤੀ ਮੰਗਣ ਲਈ ਉਸ ਦੇ ਘਰ 'ਤੇ ਦੋ ਵਾਰ ਚਲਾਈਆਂ ਗੋਲੀਆਂ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਦੀ ਰਿਹਾਇਸ਼ ਦੀ ਤਲਾਸ਼ੀ ਦੌਰਾਨ ਉੱਥੋਂ ਬੰਦੂਕ ਤੇ ਗੋਲੀ ਸਿੱਕਾ ਮਿਲਿਆ। ਉਸੇ ਘਰ 'ਤੇ 2 ਜਨਵਰੀ ਦੀ ਰਾਤ ਨੂੰ ਫਿਰ ਗੋਲੀਬਾਰੀ ਕੀਤੀ ਗਈ। ਦੋਵੇਂ ਵਾਰ ਘਰ ਦੇ ਮੈਂਬਰ ਸੁਰੱਖਿਅਤ ਰਹੇ।




ਦੂਜੀ ਗੋਲੀਬਾਰੀ ਪਹਿਲੇ ਮਸ਼ਕੂਕਾਂ ਦੇ ਜਾਣਕਾਰਾਂ ਵੱਲੋਂ ਕੀਤੇ ਹੋਣ ਦਾ ਸਬੂਤ ਕੈਮਰਿਆਂ 'ਚੋਂ ਮਿਲਣ 'ਤੇ ਇਹ ਸਾਫ਼ ਹੋ ਗਿਆ ਕਿ ਉਹ ਇੱਕੋ ਗਰੋਹ ਦੇ ਮੈਂਬਰ ਹਨ। ਪੁਲੀਸ ਨੇ ਮਸ਼ਕੂਕਾਂ ਧਰਮਪ੍ਰੀਤ ਸਿੰਘ (25), ਮਨਪ੍ਰਤਾਪ ਸਿੰਘ (27), ਆਤਮਜੀਤ ਸਿੰਘ (30) ਤੇ ਅਰਵਿੰਦਰਪਾਲ ਸਿੰਘ (21) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ।

## ਸਿਹਤ ਤੇ ਸੁੰਦਰਤਾ



# ਸਿਰਫ਼ ਸੱਤ ਮਿੰਟਾਂ ਦੀ ਕਸਰਤ ਨਾਲ ਰਹਿ ਸਕੋਗੇ ਤੰਦਰੁਸਤ





ਸਿਰਫ਼ 7 ਮਿੰਟਾਂ ਦੀ ਕਸਰਤ ਨਾ-ਸਿਰਫ਼ ਤੁਹਾਨੂੰ ਚੁਸਤ-ਦਰੁਸਤ ਰੱਖ ਸਕਦੀ ਹੈ ਸਗੋਂ ਗ਼ੈਰ-ਸਰਗਰਮ ਤਰਜ਼-ਏ-ਜ਼ਿੰਦਗੀ ਨੂੰ ਸਰਗਰਮ ਤਰਜ਼-ਏ-ਜ਼ਿੰਦਗੀ ਵਿਚ ਬਦਲ ਸਕਦੀ ਹੈ। ਭੱਜ-ਦੌੜ ਵਾਲੇ ਅਜੋਕੇ ਸਮੇਂ ਵਿਚ ਵਕਤ ਦੀ ਘਾਟ ਕਾਰਨ ਜਿੱਥੇ ਲੋਕ ਸਿਹਤ ਲਈ ਬਣਦਾ ਵਕਤ ਨਹੀਂ ਦੇ ਸਕਦੇ, ਉਨ੍ਹਾਂ ਨੂੰ ਇਸ ਸਤ ਮਿੰਟਾਂ ਦੀ ਕਸਰਤ ਲਈ ਨਾ ਤਾਂ ਜਿਮ ਜਾਣ ਦੀ ਲੋੜ ਪਵੇਗੀ ਤੇ ਨਾ ਕਿਸੇ ਭਾਰੀ ਉਪਕਰਨ ਦੀ ਜ਼ਰੂਰਤ ਹੋਵੇਗੀ, ਬੱਸ ਕੁਰਸੀ ਜਾਂ ਬੈਂਚ ਹੀ ਕਾਫ਼ੀ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਕਸਰਤਾਂ ਵਿਚ ਜੰਪਿੰਗ ਜੈਕ, ਪੁਸ਼-ਅੱਪ (ਬੈਠਕਾਂ) ਤੇ ਕਰੰਚਿਸ ਸ਼ਾਮਲ ਹਨ। ਦੱਸਣਯੋਗ ਹੈ ਕਿ ਮੰਨੇ-ਪ੍ਰਮੰਨੇ ਕਸਰਤ ਮਨੋਵਿਗਿਆਨੀ ਕ੍ਰਿਸ ਜਾਰਡਨ ਨੇ ਇਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਇਕ 'ਕਸਰਤ ਪ੍ਰੋਗਰਾਮ' ਤਿਆਰ ਕੀਤਾ ਸੀ ਜੋ ਕਿ 'ਰਫ਼ਤਾਰ ਰਹਿਤ ਜੀਵਨ' ਜਿਊਣ ਦੀ ਸਮੱਸਿਆ ਹੱਲ ਕਰਦਾ ਹੈ, ਉਹ ਵੀ ਮਹਿਜ਼ ਸੱਤ ਮਿੰਟਾਂ ਵਿਚ।

ਇਸ ਪ੍ਰੋਗਰਾਮ ਦਾ ਉਦੇਸ਼ ਹਰ ਕਸਰਤ ਨੂੰ ਸਰੀਰਕ ਗਤੀ ਦੇ ਅਨੁਕੂਲ ਕਰਨਾ ਹੈ। ਜਾਰਡਨ ਨੇ ਵਾਸ਼ਿੰਗਟਨ ਪੋਸਟ ਨੂੰ ਦੱਸਿਆ ਹੈ ਕਿ 30 ਸਕਿੰਟਾਂ ਵਿਚ ਜਿੰਨਾ ਹੋ ਸਕੇ, ਓਨੇ ਜੰਪਿੰਗ ਜੈਕ ਕਰੋ। ਜੇ ਕਿਸੇ ਹੋਰ ਦੇ ਮੁਕਾਬਲੇ ਘੱਟ ਹੋ ਤਾਂ ਤਣਾਅ ਨਾ ਲਵੋ। ਉਨ੍ਹਾਂ ਅੱਗੇ ਦੱਸਿਆ ਕਿ ਆਪਣੇ ਸਰੀਰ ਦੇ ਵਜ਼ਨ ਮੁਤਾਬਕ ਤੁਸੀਂ ਜੰਪਿੰਗ ਜੈਕ ਕਰ ਸਕਦੇ ਹੋ। ਇਹ ਰਵਾਇਤੀ ਹਾਈ ਇੰਟੈਂਸਿਟੀ ਇੰਟਰਵਲ ਟਰੇਨਿੰਗ (ਐੱਚ ਆਈ ਆਈ ਟੀ) ਦੀ ਉਸੇ ਵਿਚਾਰ ਦੀ ਪੈਰੋਕਾਰੀ ਕਰਦੀ ਹੈ, ਜਿਸ ਵਿਚ ਪੰਜ ਸਕਿੰਟ ਦਾ ਆਰਾਮ ਹੁੰਦਾ ਹੈ।

### ਕੀ ਹੁੰਦੀ ਹੈ ਹਾਈ ਇੰਟੈਂਸਿਟੀ ਇੰਟਰਵਲ ਟ੍ਰੇਨਿੰਗ

ਹਾਈ ਇੰਟੈਂਸਿਟੀ ਇੰਟਰਵਲ ਟਰੇਨਿੰਗ ਇਕ ਤਰ੍ਹਾਂ ਦੀ ਵਕਫ਼ਾ ਅਧਾਰਤ ਸਿਖਲਾਈ ਕਸਰਤ ਹੈ। ਇਸ ਵਿਚ ਕਈ ਗੇੜ ਸ਼ਾਮਲ ਹੁੰਦੇ ਹਨ ਜੋ ਕਿ ਕਈ ਮਿੰਟਾਂ ਤੋਂ ਵੱਧ ਮਿਹਨਤ ਵਾਲੀਆਂ ਕਸਰਤਾਂ ਦੇ ਵਿਚਾਲੇ ਵਾਰੀ-ਵਾਰੀ ਦਿਲ ਦੀ ਰਫ਼ਤਾਰ ਨੂੰ ਵੱਧ ਤੋਂ ਵੱਧ 80 ਫ਼ੀਸਦ ਤੱਕ ਵਧਾਉਂਦੇ ਹਨ। ਇਸ ਮਗਰੋਂ ਆਸਾਨ ਕਸਰਤ ਦਾ ਸੰਖੇਪ ਵਕਤ ਹੁੰਦਾ ਹੈ। ਹਾਈ ਇੰਟੈਂਸਿਟੀ ਇੰਟਰਵਲ ਟ੍ਰੇਨਿੰਗ ਪ੍ਰੋਗਰਾਮ ਦੇ ਤਹਿਤ ਵਾਲ ਸੀਟਸ, ਪੁਸ਼-ਅੱਪ, ਐਬ ਕਰੰਚ, ਸਟੈੱਪ-ਅੱਪ, ਸਕਵੈਟ, ਟ੍ਰਾਈਸੇਪ ਡਿਪ ਆਨ ਦਿ ਚੇਅਰ, ਪਲੈਂਕ, ਹਾਈ ਨੀਜ਼, ਲੰਗੇਜ, ਸਾਈਡ ਪਲੈਂਕਸ ਕੀਤੇ ਜਾ ਸਕਦੇ ਹਨ।

### ਬਲੱਡ ਸ਼ੂਗਰ ਕੰਟਰੋਲ ਰੱਖਣ ਲਈ ਫ਼ਾਇਦੇਮੰਦ

ਦਿੱਲੀ ਸਥਿਤ ਇਕ ਫਿਟਨੈੱਸ ਅਕਾਦਮੀ ਦੀ ਟਰੇਨ ਕਿਰਨ ਚੁਲਾਨੀ ਸ਼ੁਰੂਆਤੀ ਤੇ ਪੇਸ਼ੇਵਰ ਐਥਲੀਟਾਂ ਲਈ ਐੱਚਆਈਆਈਟੀ ਵਰਕਆਊਟ ਦੇ ਫ਼ਾਇਦਿਆਂ ਬਾਰੇ ਦੱਸਦੇ ਹਨ ਕਿ ਇਹ ਵਰਕਆਊਟ ਕਿਸੇ ਵੀ ਪੱਧਰ 'ਤੇ ਕਿਸੇ ਵੀ ਫਿਟਨੈੱਸ ਨੂੰ ਵਧਾਉਣ ਲਈ ਬਹੁਤ ਸ਼ਕਤੀਸ਼ਾਲੀ ਮਦਦਗਾਰ ਹੋ ਸਕਦੀ ਹੈ। ਸ਼ੁਰੂਆਤ ਕਰਨ ਵਾਲੇ ਲੋਕਾਂ ਲਈ ਘੱਟ ਸਮੇਂ ਦੀ ਪ੍ਰਤੀਬੱਧਤਾ ਦਾ ਪਾਲਣ ਕਰਨਾ ਅਸਾਨ ਜਾਪਦਾ ਹੈ। ਐੱਚਆਈਆਈਟੀ ਇੰਸੁਲਿਨ ਸੰਵੇਦਨਸ਼ੀਲਤਾ ਵਿਚ ਵੀ ਸੁਧਾਰ ਕਰ ਸਕਦਾ ਹੈ ਜੋ ਕਿ ਬਲੱਡ ਸ਼ੂਗਰ ਨੂੰ ਕਾਬੂ ਹੇਠ ਰੱਖਣ ਲਈ ਫ਼ਾਇਦੇਮੰਦ ਹੈ।

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਪੰਜਾਬ 'ਚ ਫ਼ਿਲਮ ਨਾ ਚਲਣ ਦੇਣੀ ਕਲਾ ਅਤੇ ਕਲਾਕਾਰ ਦਾ ਸ਼ੋਸ਼ਣ ਹੈ- ਕੰਗਣਾ ਰਣੌਤ**

-ਕਾਹਨੂੰ ਬੰਨ੍ਹਦੀ ਐਂ ਛਪੜੀਏ ਦਾਅਵੇ, ਨਾਲ਼ ਦਰਿਆਵਾਂ ਦੇ।




***ਅਕਾਲ ਤਖ਼ਤ ਦੇ ਜਥੇਦਾਰ ਦੋ ਦਸੰਬਰ ਦੇ ਫ਼ੈਸਲਿਆਂ ਨੂੰ ਲਾਗੂ ਕਰਵਾਉਣ ਲਈ ਦ੍ਰਿੜ੍ਹ- ਇਕ ਖ਼ਬਰ**

-ਇਹਦਾ ਜੋਗ ਦਰਗਾਹ ਮੰਨਜ਼ੂਰ ਹੋਇਆ, ਮੱਥਾ ਟੇਕਦਾ ਕੁੱਲ ਜਹਾਨ ਸਾਰਾ।

***ਜੀ. ਐੱਸ. ਟੀ. ਇਕੱਠੀ ਕਰਨ ਵਿਚ ਆਮ ਲੋਕਾਂ ਦਾ ਹਿੱਸਾ ਦੋ ਤਿਹਾਈ ਅਤੇ 'ਚਹੇਤੇ' ਕਾਰੋਬਾਰੀਆਂ ਦਾ ਸਿਰਫ਼ ਤਿੰਨ ਫ਼ੀਸਦੀ- ਇਕ ਖ਼ਬਰ**

-ਬਾਣੀਆਂ ਨੇ ਅੱਤ ਚੁੱਕ ਲਈ, ਸਾਰੇ ਜੱਟ ਕਰਜ਼ਾਈ ਕੀਤੇ।



***ਐਮ. ਐਸ. ਪੀ. ਦੀ ਕਾਨੂੰਨੀ ਗਰੰਟੀ ਨਾਲ਼ ਪੰਜਾਬ ਦਾ ਨੁਕਸਾਨ ਹੋਵ-ਗਾ- ਜਾਖੜ**

-ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ।



***ਕਿਸਾਨ ਅੰਦੋਲਨ ਨੂੰ ਹਾਈਜੈਕ ਕਰਨ ਕਰਨ ਵਾਲਿਆਂ 'ਚੋਂ ਦਿਲਜੀਤ ਸਭ ਤੋਂ ਅੱਗੇ ਸੀ- ਕੰਗਣਾ ਰਣੌਤ**

-ਖਸਿਆਨੀ ਬਿੱਲੀ ਖੰਭਾ ਨੋਚੇ।



***ਪਿਛਲੇ ਗੁਨਾਹਾਂ ਦਾ ਪਛਤਾਵਾ ਕਰ ਕੇ ਵੀ ਬਾਦਲ ਦਲ ਨੇ ਪੰਥ ਨੂੰ ਧੋਖਾ ਦੇਣ ਦੀ ਆਦਤ ਨਹੀਂ ਛੱਡੀ- ਦਲ ਖ਼ਾਲਸਾ**

-ਪੂਛ ਕੁੱਤੇ ਦੀ ਕਦੇ ਨਾ ਹੋਏ ਸਿੱਧੀ, ਬਾਰਾਂ ਸਾਲ ਭਾਵੇਂ ਨੌਲ਼ਕੇ 'ਚ ਪਾਈਏ ਜੀ।

***ਸੰਯੁਕਤ ਕਿਸਾਨ ਮੋਰਚੇ ਅਤੇ ਗ਼ੈਰ-ਸਿਅਸੀ ਮੋਰਚੇ ਦਰਮਿਆਨ ਏਕਤਾ ਦੀ ਗੱਲ ਅੱਗੇ ਤੁਰੀ- ਇਕ ਖ਼ਬਰ**

-ਚੰਨ ਚੜ੍ਹਿਆ ਟਹਿਕਦੇ ਤਾਰੇ, ਇਕ ਮੰਜੇ ਹੋ ਚਲੀਏ।



***ਟਰੰਪ ਸਾਹਿਬ ਕੈਨੇਡਾ ਵਿਕਣ ਲਈ ਨਹੀਂ ਹੈ, ਨਾ ਹੁਣ ਤੇ ਨਾ ਅੱਗੇ ਤੋਂ- ਐਨ. ਡੀ. ਪੀ. ਨੇਤਾ ਜਗਮੀਤ ਸਿੰਘ**

-ਤੇਰੀ ਰੰਨ ਦਾ ਨਾ ਭਰਨਾ ਪਾਣੀ, ਤੇਰੀ ਨਾ ਕਨੌੜ ਝੱਲਣੀ।



***ਨਿਰਮਲਾ ਸੀਥਾਰਮਣ ਅਤੇ ਨੱਢਾ ਨੇ ਰਾਹੁਲ ਗਾਂਧੀ 'ਤੇ ਸਿੰਨ੍ਹਿਆਂ ਨਿਸ਼ਾਨਾ- ਇਕ ਖ਼ਬਰ**

-ਛੜੇ ਹੁੰਦੇ ਨਹੀਂ ਦਿਲਾਂ ਦੇ ਮਾੜੇ, ਛੜੇ ਹੁੰਦੇ ਰੱਬ ਵਰਗੇ।



***ਜਸਟਿਨ ਟਰੂਡੋ ਵਲੋਂ ਅਗਲੀਆਂ ਆਮ ਚੋਣਾਂ 'ਚ ਹਿੱਸਾ ਲੈਣ ਤੋਂ ਇਨਕਾਰ- ਇਕ ਖ਼ਬਰ**

-ਜਿੰਨਾ ਨ੍ਹਾਤੀ, ਓਨਾ ਹੀ ਪੁੰਨ।




***ਮਾਘੀ ਮੇਲੇ ਮੌਕੇ ਅਕਾਲੀ ਕਾਨਫ਼ਰੰਸਾਂ 'ਚ ਲੀਡਰ ਇਕ ਦੂਜੇ 'ਤੇ ਵਰ੍ਹੇ- ਇਕ ਖ਼ਬਰ**

-ਕੂੰਡੇ ਟੁੱਟ ਗਏ ਘੋਟਣੇ ਭੱਜ ਗਏ, ਤਕੀਏ ਮਲੰਗ ਲੜ ਪਏ।




***ਆਪਣੇ ਵਿਦਾਇਗੀ ਭਾਸ਼ਨ ਵਿਚ ਬਾਇਡਨ ਨੇ ਅਮੀਰਾਂ ਤੋਂ ਲੋਕਤੰਤਰ ਨੂੰ ਖ਼ਤਰੇ ਦੀ ਚਿਤਾਵਨੀ ਦਿਤੀ- ਇਕ ਖ਼ਬਰ**

-ਡਰਿਓ ਲੋਕੋ ਡਰਿਓ ਵੇ, ਲੰਬੜਾਂ ਦੀ ਸੇਪ ਨਾ ਕਰਿਓ ਵੇ।



***ਪੰਜਾਬੀ ਜ਼ੁਬਾਨ ਨੂੰ ਬਿਗਾਨਿਆਂ ਨਾਲੋਂ ਆਪਣਿਆਂ ਤੋਂ ਵਧੇਰੇ ਖ਼ਤਰਾ- ਫ਼ਖ਼ਰ ਜ਼ਮਾਨ**

-ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ਼ ਸੇ।



***ਦੁਕਾਨਦਾਰ ਚੰਗੀ ਕੁਆਲਿਟੀ ਵਾਲਾ ਸ਼ੁੱਧ ਸਾਮਾਨ ਹੀ ਗਾਹਕਾਂ ਨੂੰ ਵੇਚਣ- ਐਸੋਸੀਏਸ਼ਨ ਆਗੂ**

-ਪਹਿਲਾਂ ਮਿਲਾਵਟੀ ਸਾਮਾਨ ਬਣਾਉਣ ਵਾਲਿਆਂ ਨੂੰ ਤਾਂ ਨੱਥ ਪਾਉ ਭਾਈ!



***'ਮਨ ਕੀ ਬਾਤ' 'ਚ ਪ੍ਰਧਾਨ ਮੰਤਰੀ ਨੇ ਚੋਣ ਕਮਿਸ਼ਨ ਦੀ ਕੀਤੀ ਭਰਵੀਂ ਤਾਰੀਫ਼- ਇਕ ਖ਼ਬਰ**

-ਡੋਰ ਵੱਟ ਕੇ ਗ਼ਲ਼ੇ ਦੇ ਵਿਚ ਪਾਵਾਂ, ਮਿੱਤਰਾ ਤਵੀਤ ਬਣ ਜਾ।

* * * * * *

ਜਨਮ ਦਿਨ 'ਤੇ ਵਿਸ਼ੇਸ਼

# ਕਲਮ ਤੇ ਤੇਗ ਦੇ ਧਨੀ ਸ਼ਹੀਦ ਬਾਬਾ ਦੀਪ ਸਿੰਘ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ),
ਵਟਸਐਪ 919417533060



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਸਾਹਿਬ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੁਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜਾਂ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।



ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਪ੍ਰਸਿੱਧ ਇਤਿਹਾਸਕਾਰ ਡਾ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਓਹਨਾ ਆਪਣਾ ਪਾਵਨ ਸੀਸ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।



ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜ ਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਤੇ ਸ਼ਹਾਦਤ ਦੀ ਸਾਖੀ



ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਉਹ ਸ਼ਖ਼ਸ ਸਨ, ਜੋ 1980-90 ਵਿਆਂ ਦੌਰਾਨ ਪੰਜਾਬ ਵਿੱਚ ਚੱਲੀ ਖਾੜਕੂ ਲਹਿਰ ਦੌਰਾਨ ਲਾਪਤਾ ਲੋਕਾਂ ਦੀ ਭਾਲ ਕਰਦਿਆਂ ਇੱਕ ਦਿਨ ਖ਼ੁਦ ਹੀ ਲਾਪਤਾ ਹੋ ਗਏ ਸਨ। ਪੁਲਿਸ ਅਧਿਕਾਰੀਆਂ ਨੇ 6 ਸਤੰਬਰ 1995 ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਅਗਵਾ ਕਰ ਲਿਆ ਸੀ। ਅਦਾਲਤਾਂ ਵਿੱਚ ਸੀਬੀਆਈ ਨੇ ਕੇਸ ਦੇ ਜੋ ਵੇਰਵੇ ਦਿੱਤੇ ਉਸ ਮੁਤਾਬਕ, ਜਸਵੰਤ ਸਿੰਘ ਖਾਲੜਾ ਇੱਕ ਮਨੁੱਖੀ ਅਧਿਕਾਰ ਕਾਰਕੁਨ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਰਹਿ ਚੁੱਕੇ ਹਨ। ਉਨ੍ਹਾਂ ਮੁਤਾਬਕ, "ਪੰਜਾਬ ਦਾ 1980 ਅਤੇ 1990 ਦੇ ਦਹਾਕੇ ਵਿੱਚ ਜੋ ਖਾੜਕੂਵਾਦ ਦੀਆਂ ਵਾਰਦਾਤਾਂ ਹੋਈਆਂ ਤਾਂ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲੇ ਵੀ ਲਗਾਤਾਰ ਚਰਚਾ ਵਿੱਚ ਰਹੇ।"

ਇਹ ਮਸਲਾ ਮਨੁੱਖੀ ਹੱਕਾਂ ਬਾਰੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਲਵਾਰਸ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ। ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ।

ਸੀਬੀਆਈ ਮੁਤਾਬਕ ਜਸਵੰਤ ਸਿੰਘ ਖਾਲੜਾ ਨੇ ਇਸ ਵਿਰੁੱਧ ਆਵਾਜ਼ ਉਠਾਈ। ਪੁਲਿਸ ਅਧਿਕਾਰੀਆਂ ਨੂੰ ਖਾਲੜਾ ਦੀਆਂ ਅਜਿਹੀਆਂ ਗਤੀਵਿਧੀਆਂ ਪਸੰਦ ਨਹੀਂ ਆਈਆਂ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਖਾਲੜਾ ਨੂੰ ਟੈਲੀਫੋਨ 'ਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਸਥਾਨਕ ਪੁਲਿਸ ਨੇ ਖਾਲੜਾ ਤੋਂ ਖੁਣਸ ਖਾਕੇ ਐੱਸਐੱਸਪੀ ਅਜੀਤ ਸਿੰਘ ਸੰਧੂ ਦੀ ਅਗਵਾਈ ਵਿਚ ਸਥਾਨਕ ਪੁਲਿਸ ਅਧਿਕਾਰੀਆਂ ਨੇ 6 ਸਤੰਬਰ 1995 ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਰਿਹਾਇਸ਼ੀ ਘਰ ਤੋਂ ਅਗਵਾ ਕਰ ਲਿਆ। ਉਨ੍ਹਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਕਤਲ ਕਰ ਦਿੱਤਾ। ਉਨ੍ਹਾਂ ਦੀ ਲਾਸ਼ ਹਰੀਕੇ ਇਲਾਕੇ ਵਿੱਚ ਨਹਿਰ ਵਿੱਚ ਸੁੱਟ ਦਿੱਤੀ ਗਈ।"

ਗਵਾਹ ਬਣੇ ਕਿਰਪਾਲ ਸਿੰਘ ਰੰਧਾਵਾ ਨੇ ਡੀਐੱਸਪੀ ਜਸਪਾਲ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਤੇ ਸਤਨਾਮ ਸਿੰਘ ਨੂੰ ਹੋਰ ਮੁਲਜ਼ਮਾਂ ਸਮੇਤ ਜਸਵੰਤ ਸਿੰਘ ਖਾਲੜਾ ਨੂੰ ਚਿੱਟੇ ਰੰਗ ਦੀ ਮਾਰੂਤੀ ਵੈਨ ਵਿੱਚ ਕਬੀਰ ਪਾਰਕ ਵਿੱਚੋਂ ਲੰਘਦੇ ਹੋਏ ਵੇਖਿਆ ਸੀ।

ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੀ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਇਹ ਖ਼ਬਰ ਮਿਲਦਿਆਂ ਹੀ ਘਰ ਪਹੁੰਚ ਗਈ ਸੀ। ਉਨ੍ਹਾਂ ਨੇ ਉਸੇ ਦਿਨ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਪਤੀ ਨੂੰ ਪੁਲਿਸ ਦੀ ਵਰਦੀ ਵਿੱਚ ਕੁਝ ਵਿਅਕਤੀਆਂ ਨੇ ਅਗਵਾ ਕਰ ਲਿਆ ਸੀ। ਅਗਲੀ ਸਵੇਰ ਭਾਰਤੀ ਦੰਡਾਵਲੀ ਦੀ ਧਾਰਾ 365 ਤਹਿਤ ਅਗਵਾ ਕਰਨ ਦੀ ਐੱਫਆਈਆਰ ਦਰਜ ਕੀਤੀ ਗਈ। ਹਾਲਾਂਕਿ, ਜਾਂਚ ਅੱਗੇ ਨਹੀਂ ਵਧ ਸਕੀ ਅਤੇ ਜਸਵੰਤ ਸਿੰਘ ਖਾਲੜਾ ਦਾ ਪਤਾ ਨਹੀਂ ਲੱਗ ਸਕਿਆ।

ਪਰਮਜੀਤ ਕੌਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ। ਜਸਵੰਤ ਸਿੰਘ ਖਾਲੜਾ ਦਾ ਕੋਈ ਸੁਰਾਗ਼ ਦੇਣ ਵਾਲੇ ਨੂੰ 1 ਲੱਖ ਰੁਪਏ ਦੇ ਇਨਾਮ ਐਲਾਨੇ ਜਾਣ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ। 1995 ਵਿੱਚ ਹੀ ਖਾਲੜਾ ਦੀ ਪਤਨੀ ਪਰਮਜੀਤ ਕੌਰ (ਜਿਸ ਨੂੰ ਨਹੀਂ ਪਤਾ ਸੀ ਕਿ ਉਸ ਦੇ ਪਤੀ ਜ਼ਿੰਦਾ ਹੈ ਜਾਂ ਨਹੀਂ) ਨੇ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਅਦਾਲਤ ਤੱਕ ਪਹੁੰਚ ਕੀਤੀ।

ਸੂਬਾ ਸਰਕਾਰ ਵੱਲੋਂ ਖਾਲੜਾ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਪਰਮਜੀਤ ਕੌਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ। ਜਸਵੰਤ ਸਿੰਘ ਖਾਲੜਾ ਦਾ ਕੋਈ ਸੁਰਾਗ਼ ਦੇਣ ਵਾਲੇ ਨੂੰ 1 ਲੱਖ ਰੁਪਏ ਦੇ ਇਨਾਮ ਐਲਾਨੇ ਜਾਣ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ। 1995 ਵਿੱਚ ਹੀ ਖਾਲੜਾ ਦੀ ਪਤਨੀ ਪਰਮਜੀਤ ਕੌਰ (ਜਿਸ ਨੂੰ ਨਹੀਂ ਪਤਾ ਸੀ ਕਿ ਉਸ ਦੇ ਪਤੀ ਜ਼ਿੰਦਾ ਹੈ ਜਾਂ ਨਹੀਂ) ਨੇ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਅਦਾਲਤ ਤੱਕ ਪਹੁੰਚ ਕੀਤੀ।

ਸੂਬਾ ਸਰਕਾਰ ਵੱਲੋਂ ਖਾਲੜਾ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਅਦਾਲਤ ਨੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ।

ਕੁਲਵੰਤ ਸਿੰਘ ਨਾਂ ਦੇ ਇੱਕ ਵਿਅਕਤੀ ਨੇ ਸੀਬੀਆਈ ਨੂੰ ਦਿੱਤੇ ਆਪਣੇ ਬਿਆਨ ਵਿੱਚ ਕਿਹਾ ਕਿ ਉਸ ਨੂੰ ਥਾਣਾ ਝਬਾਲ ਪੁਲਿਸ ਨੇ 4 ਸਤੰਬਰ 1995 ਨੂੰ ਐੱਨਡੀਪੀਐੱਸ ਐਕਟ ਦੇ ਤਹਿਤ ਇੱਕ ਕੇਸ ਵਿੱਚ ਹਿਰਾਸਤ ਵਿੱਚ ਲਿਆ ਸੀ। ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਨੂੰ ਵੀ ਦੋ ਦਿਨ ਬਾਅਦ ਉਸੇ ਥਾਣੇ ਲਿਆਂਦਾ ਗਿਆ। ਕੁਲਵੰਤ ਨੇ ਅੱਗੇ ਕਿਹਾ ਕਿ ਖਾਲੜਾ ਨੇ ਉਸ ਨੂੰ ਦੱਸਿਆ ਸੀ ਕਿ ਉਸ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਕਿ ਉਸ ਨੂੰ ਐੱਸਐੱਚਓ ਸਤਨਾਮ ਸਿੰਘ ਅਤੇ ਡੀਐੱਸਪੀ ਜਸਪਾਲ ਸਿੰਘ ਥਾਣੇ ਕਿਉਂ ਲੈ ਕੇ ਆਏ ਸਨ।

ਕੁਲਦੀਪ ਸਿੰਘ, ਸਪੈਸ਼ਲ ਪੁਲਿਸ ਅਫ਼ਸਰ (ਐੱਸਪੀਓ) ਇਸ ਕੇਸ ਵਿੱਚ ਅਹਿਮ ਗਵਾਹ ਬਣੇ। ਉਨ੍ਹਾਂ ਨੂੰ ਥਾਣਾ ਝਬਾਲ ਦੇ ਐੱਸਐੱਚਓ ਸਤਨਾਮ ਸਿੰਘ ਨਾਲ ਲਗਾਇਆ ਗਿਆ ਸੀ। ਕੁਲਦੀਪ ਸਿੰਘ ਨੇ ਸੀਬੀਆਈ ਨੂੰ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਨੂੰ ਥਾਣਾ ਝਬਾਲ ਵਿੱਚ ਲਿਆਉਣ ਤੋਂ ਲੈ ਕੇ ਉਨ੍ਹਾਂ ਦੀ ਮੌਤ ਤੱਕ ਖਾਲੜਾ ਨਾਲ ਜੋ ਕੁਝ ਵਾਪਰਿਆ ਸੀ, ਉਸ ਬਾਰੇ ਉਸ ਨੂੰ ਜਾਣਕਾਰੀ ਹੈ।

ਪੁਲਿਸ ਹਿਰਾਸਤ ਵਿੱਚ ਜਸਵੰਤ ਸਿੰਘ ਖਾਲੜਾ ਨੂੰ ਖਾਣਾ ਖੁਆਉਣਾ ਕੁਲਦੀਪ ਸਿੰਘ ਦੀ ਡਿਊਟੀ ਵਿੱਚੋਂ ਇੱਕ ਕੰਮ ਸੀ। ਉਨ੍ਹਾਂ ਨੂੰ ਇਸ ਸਬੰਧੀ ਜਾਣਕਾਰੀ ਗੁਪਤ ਰੱਖਣ ਲਈ ਕਿਹਾ ਗਿਆ ਸੀ। ਉਸ ਨੇ ਸੀਬੀਆਈ ਨੂੰ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਦੀ ਸਿਹਤ ਬਹੁਤ ਕਮਜ਼ੋਰ ਅਤੇ ਨਾਜ਼ੁਕ ਹੋ ਗਈ ਸੀ। ਇੱਕ ਦਿਨ ਸ਼ਾਮ ਨੂੰ ਐੱਸਐੱਸਪੀ ਅਜੀਤ ਸਿੰਘ ਸੰਧੂ, ਡੀਐੱਸਪੀ ਜਸਪਾਲ ਸਿੰਘ ਆਪਣੇ ਬਾਡੀਗਾਰਡ ਅਰਵਿੰਦਰ ਸਿੰਘ ਨਾਲ ਬਿਨਾਂ ਰਜਿਸਟ੍ਰੇਸ਼ਨ ਨੰਬਰ ਦੀ ਇੱਕ ਕਾਰ ਵਿੱਚ ਆਏ।

ਕੁਝ ਦੇਰ ਬਾਅਦ ਐੱਸਐੱਚਓ ਸਤਨਾਮ ਸਿੰਘ, ਐੱਸਐੱਚਓ ਜਸਬੀਰ ਸਿੰਘ ਤੇ ਪ੍ਰਿਥੀਪਾਲ ਸਿੰਘ ਦੂਜੀ ਕਾਰ ਵਿੱਚ ਆਏ। ਉਹ ਸਾਰੇ ਉਸ ਕਮਰੇ ਵਿੱਚ ਚਲੇ ਗਏ ਜਿੱਥੇ ਖਾਲੜਾ ਨੂੰ ਨਜ਼ਰਬੰਦ ਕੀਤਾ ਗਿਆ ਸੀ।

ਐੱਸਐੱਸਪੀ ਅਜੀਤ ਸਿੰਘ ਸੰਧੂ ਨੇ ਉਨ੍ਹਾਂ ਨੂੰ ਆਪਣੀਆਂ ਗਤੀਵਿਧੀਆਂ ਬੰਦ ਕਰਨ ਲਈ ਕਿਹਾ। ਉਨ੍ਹਾਂ ਖਾਲੜਾ ਦੀ ਕੁੱਟਮਾਰ ਵੀ ਕੀਤੀ। ਇਸ ਤੋਂ ਤਿੰਨ ਦਿਨਾਂ ਬਾਅਦ ਐੱਸਐੱਚਓ ਸਤਨਾਮ ਸਿੰਘ, ਜਸਵੰਤ ਸਿੰਘ ਖਾਲੜਾ ਅਤੇ ਕੁਲਦੀਪ ਸਿੰਘ ਨੂੰ ਤਰਨਤਾਰਨ ਵਿੱਚ ਐੱਸਐੱਸਪੀ ਅਜੀਤ ਸਿੰਘ ਸੰਧੂ ਦੇ ਘਰ ਲੈ ਗਏ।

ਕੁਝ ਸੀਨੀਅਰ ਪੁਲੀਸ ਅਧਿਕਾਰੀ ਉੱਥੇ ਆਏ ਹੋਏ ਸਨ। ਜਸਵੰਤ ਸਿੰਘ ਖਾਲੜਾ ਨਾਲ ਬੰਦ ਕਮਰੇ ਵਿੱਚ ਗੱਲਬਾਤ ਕੀਤੀ ਗਈ। ਫੇਰ ਕੁਝ ਸਮੇਂ ਬਾਅਦ ਖਾਲੜਾ ਨੂੰ ਵਾਪਸ ਥਾਣਾ ਝਬਾਲ ਵਿਖੇ ਲਿਆਂਦਾ ਗਿਆ।

ਕੁਲਦੀਪ ਸਿੰਘ ਅੱਗੇ ਦੱਸਦੇ ਹਨ ਕਿ ਕੁਝ ਦਿਨਾਂ ਬਾਅਦ ਇੱਕ ਸ਼ਾਮ ਡੀਐੱਸਪੀ ਜਸਪਾਲ ਸਿੰਘ ਅਤੇ ਉਨ੍ਹਾਂ ਦਾ ਬਾਡੀਗਾਰਡ ਅਰਵਿੰਦਰ ਸਿੰਘ ਉੱਥੇ ਆਏ ਅਤੇ ਫਿਰ ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਵੀ ਸ਼ਾਮਲ ਹੋ ਗਏ। ਉਹ ਸਾਰੇ ਉਸ ਕਮਰੇ ਵਿਚ ਗਏ ਜਿੱਥੇ ਜਸਵੰਤ ਸਿੰਘ ਖਾਲੜਾ ਨੂੰ ਨਜ਼ਰਬੰਦ ਕੀਤਾ ਗਿਆ ਸੀ, ਅਤੇ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਕੁਲਦੀਪ ਸਿੰਘ ਨੂੰ ਗਰਮ ਪਾਣੀ ਲਿਆਉਣ ਲਈ ਕਿਹਾ ਗਿਆ। ਜਦੋਂ ਉਹ ਇਸ ਦਾ ਇੰਤਜ਼ਾਮ ਕਰਨ ਲਈ ਕਮਰੇ ਤੋਂ ਬਾਹਰ ਨਿਕਲਿਆ ਤਾਂ ਉਸ ਨੇ ਦੋ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਖਾਲੜਾ ਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਲਾਸ਼ ਨੂੰ ਵੈਨ ਦੀ ਡਿੱਕੀ ਵਿਚ ਰੱਖਿਆ ਗਿਆ ਸੀ, ਜਦੋਂ ਕਿ ਉਨ੍ਹਾਂ ਦੇ ਸਰੀਰ ਵਿਚੋਂ ਖ਼ੂਨ ਵਗ ਰਿਹਾ ਸੀ।

ਕੁਲਦੀਪ ਸਿੰਘ ਸਮੇਤ ਇਹ ਸਾਰੇ ਤਿੰਨ ਕਾਰਾਂ ਵਿੱਚ ਪਿੰਡ ਹਰੀਕੇ ਨੂੰ ਗਏ। ਜਸਵੰਤ ਸਿੰਘ ਖਾਲੜਾ ਦੀ ਲਾਸ਼ ਨਹਿਰ ਵਿੱਚ ਸੁੱਟੀ ਗਈ। ਕੁਲਦੀਪ ਸਿੰਘ ਮੁਤਾਬਕ ਜਦੋਂ ਤੱਕ ਐੱਸਐੱਸਪੀ ਅਜੀਤ ਸਿੰਘ ਸੰਧੂ ਜਿਉਂਦਾ ਸੀ, ਕੁਲਦੀਪ ਸਿੰਘ ਨੇ ਡਰ ਕਾਰਨ ਕਿਸੇ ਨੂੰ ਵੀ ਇਸ ਘਟਨਾ ਦਾ ਖੁਲਾਸਾ ਨਹੀਂ ਕੀਤਾ।

ਕੁਲਦੀਪ ਸਿੰਘ ਦੀ ਗਵਾਹੀ ਇਸ ਕੇਸ ਲਈ ਬਹੁਤ ਮਹੱਤਵਪੂਰਨ ਸਾਬਤ ਹੋਈ ਹਾਲਾਂਕਿ ਅਦਾਲਤ ਨੇ ਕਿਹਾ, "ਪੁਲਿਸ ਦੁਆਰਾ ਖਾਲੜਾ ਨੂੰ ਹਿਰਾਸਤ ਵਿੱਚ ਲੈਣ ਬਾਰੇ ਦਰਜ ਕੀਤੇ ਗਏ ਉਸ ਦੇ ਬਿਆਨ ਵਿੱਚ ਪੁਲਿਸ ਸਟੇਸ਼ਨ ਦੇ ਰਿਕਾਰਡ, ਪੁਲਿਸ ਵਾਹਨਾਂ ਦੀਆਂ ਲਾਗ ਬੁੱਕਾਂ ਸਮੇਤ ਕਿਸੇ ਵੀ ਕੋਨੇ ਤੋਂ ਕੋਈ ਪੁਸ਼ਟੀ ਨਹੀਂ ਹੋਈ।"

ਅਦਾਲਤ ਨੇ ਨੋਟ ਕੀਤਾ, "ਉਸ ਸਥਾਨ ਦੇ ਕਿਸੇ ਵੀ ਕਰਮਚਾਰੀ/ਵਿਅਕਤੀ ਨੂੰ ਜਿੱਥੇ ਖਾਲੜਾ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਜਾਂ ਉਸ ਗੈੱਸਟ ਹਾਊਸ ਤੋਂ ਜਿੱਥੇ ਉਸ ਦੀ ਲਾਸ਼ ਨੂੰ ਨਹਿਰ ਵਿੱਚ ਸੁੱਟਣ ਤੋਂ ਪਹਿਲਾਂ ਲੈ ਕੇ ਗਏ ਸਨ, ਕੁਲਦੀਪ ਸਿੰਘ ਦੀ ਗਵਾਹੀ ਦੀ ਪੁਸ਼ਟੀ ਕਰਨ ਲਈ ਜਾਂਚ ਨਹੀਂ ਕੀਤੀ ਗਈ ਹੈ।"

ਵਧੀਕ ਸੈਸ਼ਨ ਜੱਜ, ਪਟਿਆਲਾ ਨੇ ਨਵੰਬਰ 2005 ਵਿੱਚ ਸਾਰੇ ਅਪੀਲਕਰਤਾਵਾਂ ਅਤੇ ਕੁਝ ਹੋਰ ਮੁਲਜ਼ਮਾਂ ਨੂੰ ਧਾਰਾ 364/34 ਆਈਪੀਸੀ ਦੇ ਤਹਿਤ ਅਗਵਾ ਕਰਨ ਲਈ ਦੋਸ਼ੀ ਠਹਿਰਾਇਆ ਸੀ ਤੇ ਸੱਤ ਸਾਲ ਦੀ ਸਜ਼ਾ ਦਿੱਤੀ।

ਅਦਾਲਤ ਨੇ ਡੀਐੱਸਪੀ ਜਸਪਾਲ ਸਿੰਘ ਅਤੇ ਇੱਕ ਅਮਰਜੀਤ ਸਿੰਘ ਨੂੰ ਧਾਰਾ 302/34 ਆਈਪੀਸੀ ਅਤੇ ਧਾਰਾ 201/34 ਆਈਪੀਸੀ ਤਹਿਤ ਕਤਲ ਲਈ ਦੋਸ਼ੀ ਠਹਿਰਾਇਆ ਤੇ ਉਮਰ ਕੈਦ ਦਾ ਸਜ਼ਾ ਦਿੱਤੀ।

ਮਾਮਲਾ ਹਾਈਕੋਰਟ ਤੱਕ ਪਹੁੰਚ ਗਿਆ। ਖਾਲੜਾ ਦੀ ਪਤਨੀ ਪਰਮਜੀਤ ਕੌਰ ਨੇ ਚਾਰ ਅਪੀਲਕਰਤਾਵਾਂ ਦੀ ਸਜ਼ਾ ਵਿੱਚ ਵਾਧਾ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਨੂੰ ਸੱਤ ਸਾਲ ਦੀ ਸਜ਼ਾ ਹੋਈ ਸੀ।

2007 ਵਿੱਚ ਹਾਈਕੋਰਟ ਨੇ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਸੀ। ਪਰ ਕੋਰਟ ਨੇ ਚਾਰਾਂ-ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਦੀ ਸਜ਼ਾ ਸੱਤ ਸਾਲ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ।

2011ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੀਬੀਆਈ ਨੇ ਇਥੋਂ ਤੱਕ ਕਿਹਾ ਕਿ ਜਦੋਂ ਤੱਕ ਮਾਮਲੇ ਵਿੱਚ ਸ਼ਾਮਲ ਕੁਝ ਪੁਲਿਸ ਅਧਿਕਾਰੀਆਂ ਦਾ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਤੋਂ ਬਾਹਰ ਤਬਾਦਲਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਜਾਂਚ ਨਿਰਪੱਖਤਾ ਨਾਲ ਕਰਨਾ ਸੰਭਵ ਨਹੀਂ ਸੀ।

ਅਦਾਲਤ ਨੇ ਪੁਲਿਸ ਮੁਖੀ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਅਧਿਕਾਰੀਆਂ ਦੇ ਤਬਾਦਲੇ ਉਨ੍ਹਾਂ ਜ਼ਿਲ੍ਹਿਆਂ ਤੋਂ ਬਾਹਰ ਕੀਤੇ ਜਾਣ ਅਤੇ ਨਾਲ ਹੀ ਉਨ੍ਹਾਂ ਨੂੰ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਵੀ ਤੈਨਾਤ ਨਾ ਕੀਤਾ ਜਾਵੇ।

ਸੁਪਰੀਮ ਕੋਰਟ ਨੇ ਪੁਲਿਸ ਬਾਰੇ ਇਹ ਟਿੱਪਣੀ ਕੀਤੀ, "ਇਸ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੇ ਬਾਵਜੂਦ, ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਸੀਬੀਆਈ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਜਾਂਚ ਕਰਨ ਵਿੱਚ ਉਚਿੱਤ ਸਹਿਯੋਗ ਨਹੀਂ ਦਿੱਤਾ।"

**ਬਾਕੀ ਹਿਸਾ ਸਫਾ 42 ਤੇ ਪੜ੍ਹੋ** →

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



ਧਰਨ, ਭਰਮ ਕਰਮ ਕਾਦਰ ਨੇ ਜੀਵ ਦੇ ਨਾਲ ਹੀ ਸਾਜੇ, ਧਰਮ ਵਿਸ਼ਵਾਸ਼, ਭਰਮ ਭੁਲੇਖਾ ਕਰਮ ਬੰਦੇ ਦੀ ਪ੍ਰਾਲਭਧ ਕਿਰਤ, ਕਿਰਦਾਰ ਤੇ ਚਰਿੱਤਰ ਜੇਕਰ ਵਿਸ਼ਵਾਸ਼ ਅਟੱਲ ਹੈ ਤਾਂ ਕੋਈ ਦੁਬਿਧਾ ਸਤਾ ਨਹੀਂ ਸਕਦੀ, ਬੰਦੇ ਦੇ ਭਾਗ ਹਿੰਮਤ ਦਿੰਦੇ ਹਨ, ਮੈਂ ਭਰਮ ਦੀ ਕੜੀ ਜੋੜਦੀ ਹਾਂ, ਜਗਤ ਭਰਮ ਨੂੰ ਬੜਾ ਅਭਾਗਾ ਗਿਣਦਾ ਹੈ, ਮੇਰੀ ਦਲੀਲ, ਭਰਮ ਇਕ ਬੜੀ ਮਹਾਨਤਾ ਰੱਖਦਾ ਹੈ, ਕਿਵੇਂ:- ਭਰਮ ਭੁਲੇਖੇ ਪੈਣ 'ਤੇ ਅਸੀਂ ਸੋਚਣ ਲੱਗਦੇ ਹਾਂ ਇਹ ਹਾਵ-ਭਾਵ ਕਰਤਾ ਆਪੇ ਸਾਡੇ ਅੰਤਰੀਵ ਵਿੱਚੋਂ ਸੋਝੀ ਦਿੰਦਾ ਹੈ, ਤਾਂ ਅਸੀਂ ਸਕੀਮ ਬਦਲਦੇ ਹਾਂ ਢੰਗ ਹੋਰ ਵਰਤਣ ਦੀ ਵਿਧੀ, ਤਰਤੀਵ ਆਦਿ ਸਭ ਕਿਸੇ ਚੰਗੇ ਲਈ ਭੀ ਹੋ ਸਕਦਾ ਹੈ, ਇਹ ਇਕ ਵਿਗਿਆਨੀ ਸੰਦ ਹੈ ਜੋ ਸਾਡੀ ਬੁੱਧੀ ਨੂੰ ਤੀਖਣ ਕਰਨ ਲਈ ਗੁਣਕਾਰੀ ਹੈ, ਪਰ ਜਗਤ ਭਰਮਾਂ ਨੂੰ ਇਕ ਮੰਦਭਾਗਾ ਤੇ ਰੋਗ ਭੀ ਮੰਨਦੇ ਨੇ, ਜਿਮੇ ਕਰਮ ਬੰਦੇ ਦੇ ਭਾਗ ਕਿਰਤ, ਸੁਭਾਅ ਤੇ ਚਰਿੱਤਰ ਕਾਦਰ ਨੇ ਭਿੰਨਤਾ ਭੀ ਤਾਂ ਹੀ ਸਾਜੀ ਅਵਸ਼ਕਤਾ ਸੀ ਹਰ ਵਸਤੂ ਦੀ ਲੋੜ ਹੈ। ਕੁਝ ਸਰੋਤ ਹਰ ਦਮ ਵਰਤੇ ਜਾਂਦੇ ਹਨ ਪਰ ਸਾਨੂੰ ਨਹੀਂ ਪਤਾ ਕਿ ਇਹ ਸਾਖਸ਼ਤ ਕੀ ਹਨ, ਮਿਸਾਲ:- ਅਸੀਂ ਹਰ ਪਹਿਲੂ ਵਿੱਚ ਅਰਥ ਸ਼ਾਸਤਰ ਦੀ ਵਰਤੋਂ ਕਰਦੇ ਹਾਂ ਪਰ ਅਰਥ ਸ਼ਾਸਤਰ ਨੂੰ ਇਕ ਮਜਬੂਨ ਤੇ ਸਰਕਾਰੀ ਕੰਮਾਂ ਕਾਰਾਂ ਵਿੱਚ ਪ੍ਰਯੋਗ ਹੀ ਜਾਣਦੇ ਹਾਂ, ਬੰਦਾ ਉਧੇੜ੍ਹ ਬੁਣ ਵਿੱਚ ਜੀਵਨ ਪੱਧਰ ਵਿੱਚ ਸਭ ਵਸਤੂਆਂ ਦੀ ਵਰਤੋਂ ਕਰਦਾ ਹੈ ਪਰ ਪਛਾਣ ਨਹੀਂ:- ਧਰਮ ਵਾਸਤਵ ਵਿੱਚ ਤਾਂ ਕੁਦਰਤ ਦੇ ਨਿਯਮ ਹਨ, ਨੀਹਾਂ ਉਹੀ ਹਨ ਮਨੁੱਖਤਾ ਦੀ ਹੋਂਦ ਨੇ ਬਦਲਾਅ, ਸਮਿਆਂ ਨਾਲ ਅਉਂਦੇ ਹੀ ਹਨ, ਭਿੰਨਤਾਂ ਨੇ ਧਰਮਾਂ ਦੇ ਨਉਂ ਲਿਆਂਦੇ, ਵੱਖਰੇ ਪੀਰ, ਪੈਗੰਬਰ ਤੇ ਔਲੀਏ ਮੰਨੇ ਤੇ ਮਨ ਆਪਣੀ ਕਰਾਮਾਤ ਦਿਖਾ ਕੇ ਮਨੌਤਾਂ, ਰੀਤਾਂ, ਰਸਮਾਂ, ਰਵਾਜਾਂ ਤੇ ਪੂਜਾ ਸਾਧਨਾ ਦਾ ਧਾਰਨੀ ਬਣ ਗਿਆ, ਅੰਤ ਝਗੜਿਆਂ ਦਾ ਸਬੱਬ ਬਣ ਗਿਆ ਜੋ ਅੱਜ ਤੱਕ ਭੀ ਤੁਰਿਆ ਆ ਰਿਹਾ ਹੈ, ਹਿੰਦੂ, ਈਸਾਈ ਤੇ ਇਸਲਾਮ ਤਿੰਨ ਵੱਡੇ ਮੱਤ ਸਨ, ਸਿੱਖ ਧਰਮ ਤਾਂ ਇਨ੍ਹਾਂ ਤਜਰਬਿਆਂ ਤੋਂ ਅਤੇ ਇਨ੍ਹਾਂ ਦੀਆਂ ਲਿਖੀਆਂ ਧਾਰਮਿਕ ਪੁਸਤਕਾਂ ਤੋਂ ਸੁਧਾਰਾਂ ਲਈ ਹੌਲੀ ਹੌਲੀ ਪ੍ਰਵੇਸ਼ ਹੋਇਆ ਸੀ (ਗੁਰੂ ਨਾਨਕ ਦੇਵ) ਗੁਰੂ ਨਹੀਂ ਫਿਲਾਸਫਰ ਸਨ, ਕੁਰਹਿਤਾਂ ਕੁਰੀਤਾਂ ਦੇ ਵਿਰੁੱਧ ਸੁਧਾਰ ਤਾਂ ਆਉਣੇ ਕੁਦਰਤੀ ਸਨ, ਉਨ੍ਹਾਂ ਧਰਮਾਂ ਦੇ ਪੈਰੋਕਾਰ ਮੰਨਣ ਤੋਂ ਝਿਜਕਣ ਲੱਗ ਪਏ ਸਨ, ਇਤਿਹਾਸ ਨਹੀਂ ਕਿ ਸਿੱਖ ਧਰਮ ਉਸ ਸਮੇਂ ਉਭਰਿਆ ਤਾਂ ਹੀ ਤਾਂ 10 ਗੁਰੂ ਮੰਨਣ ਵਾਲੀ ਰੀਤ ਹੈ, ਦਸਮੇਂ ਗੁਰੂ ਜੀ ਨੂੰ ਵਰਤ

# ਨਿਰਣਾ

ਰਹੇ ਲੜਾਈ ਯੁੱਗ ਵਿੱਚ ਕੁੱਦਣ ਲਈ ਬਦਲੇ ਲਈ ਕਿਸੇ ਵਿਰੋਧੀ ਧਿਰ ਨਾਲ ਭੀ ਸਮਝੌਤਾ ਜਰੂਰੀ ਸੀ ਤਾਂ ਉਨ੍ਹਾਂ ਫੌਜੀ ਤਜਵੀਜ਼ ਲਈ ਇਕੱਠ ਸੱਦਿਆ, ਭਰਤੀ ਫੌਜ ਵਿੱਚ ਸਾਰੇ ਨਹੀ ਹੁੰਦੇ ਤੱਥ ਨੇ ਬੱਸ ਇਸ ਪ੍ਰਥਾ ਨੇ ਧਰਮ ਪ੍ਰਚੱਲਤ ਕਰਤਾ, ਭਾਵੇਂ ਕਿ ਪੂਰਨ ਸਿੱਖ ਮੱਤ ਤਾਂ ਸਦੀ ਤੋਂ ਥੋੜ੍ਹੀ ਹੀ ਉਪਰ ਦੀ ਹੈ, ਸੱਚ ਤੱਥ ਤਾਂ ਇਹ ਨੇ ਮਸਾਂ ਹੀ 80 ਸਾਲ ਤੋਂ ਹੀ ਸਿੱਖ ਵਿਚਾਰਧਾਰਾ ਲਾਗੂ ਹੋਣ ਲੱਗੀ ਹੈ, ਨਜ਼ਰ ਕਿਤੇ ਨਾ ਲੱਗ ਜਾਵੇ:- ਲੱਗ ਗਈ ਮਹੰਤਾਂ, ਸਾਧਾਂ, ਸੰਤਾਂ ਦੇ ਰੂਪ ਵਿੱਚ ਫੇਰ ਕਬਜ਼ੇ ਕਰ ਲਏ ਅੰਗ੍ਰੇਜ਼ ਰਾਜ ਨੂੰ ਇਕ ਪਾਸਾ ਜ਼ਿੰਮੇਵਾਰ ਮੰਨਦੇ ਹਾਂ, ਸੰਤ ਡੇਰੇ ਫੌਜ ਵਿੱਚੋਂ ਆ ਕੇ ਇਨ੍ਹਾਂ ਸੰਤਾਂ ਰੂਪ ਵਿੱਚ ਸਥਾਪਤ ਕੀਤੇ ਪਰ ਬੜਾ ਸਿਰੜ ਰੱਖਿਆ ਸਿੰਘ ਸਭਾਵਾਂ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਨੇ 78 ਤੋਂ 84 ਤੱਕ ਘੋਲ ਕੀਤੇ ਪਰ ਅੰਤ ਕਾਂਗਰਸ ਨੇ ਹੀਲਾਂ ਕਰਵਾ ਹੀ ਦਿੱਤੀਆਂ, ਸੂਬਾ ਵੰਡ ਫੇਰ ਡੇਰੇ ਵਾਦੀਆਂ, ਕਾਮਰੇਡੀਆਂ, ਨਕਸਲੀਆਂ ਕਾਂਗਰਸ ਆਪ ਧਰਮ ਨੂੰ ਨਾ ਮਾਨਤਾ ਪਰ ਡੇਰੇ ਪ੍ਰਫੁੱਲਤ, ਆਹ ਦਿਨ ਦੇਖਣੇ ਪਏ, ਹੁਣ ਤਾਂ ਹੱਦ ਬੰਨੇ ਟੱਪ ਗਏ, ਦੇਖੋ ਕੀ ਅਡੰਬਰ ਜੀ (ਗੁਰੂ ਗ੍ਰੰਥ) ਨੂੰ ਪੜ੍ਹਨ ਵੇਲੇ ਹੱਥ ਲੱਗਣ ਨਾਲ ਵਰਕੇ ਖਰਾਬ ਹੋਣਗੇ, ਬੱਸ ਪਾਂਡੇ ਹੀ ਹੱਥ ਲਾਉਣ, ਪੜ੍ਹਨ ਬਾਕੀ ਲੋਕ ਚੈਨਲਾਂ 'ਤੇ ਦਰਸ਼ਨ ਕਰਨ ਤੇ ਗੁਰੂ ਘਰ ਜੋ ਹੁਣ ਡੇਰੇ ਹੀ ਬਣਾ ਤੇ ਜਾ ਕੇ ਚੜ੍ਹਾਵਾ ਚੜ੍ਹਾਉ, ਮੱਥਾ ਟੇਕੋ, ਲੰਗਰ ਸ਼ਕੋ ਤੇ ਸਾਧਾਂ ਦੀ ਹਕੂਮਤ ਕੋਈ ਗੱਲਬਾਤ ਨਹੀਂ ਕਰਨੀ, ਬੱਸ ਅੱਖਾਂ ਬੰਦ ਕਰੋ ਵਾਹਿਗੁਰੂ ਵਾਹਿਗੁਰੂ ਬੋਲੋ, ਪ੍ਰਚਾਰਕ ਕੀਰਤਨੀਏ ਜਮਾਤ ਲਾਕੇ ਤੁਹਾਨੂੰ ਮਗਰ ਬੋਲਣ ਲਈ ਬੋਲੋ ਬੋਲੋ ਆਖਣਗੇ, ਮਤਲਬ ਕਿ ਕੋਈ ਗੱਲਬਾਤ ਕਰਕੇ ਕਿਸੇ ਦੀ ਨਿਖੇਧੀ ਕਰੋਗੇ ਜਾਗ੍ਰਿਤੀ ਲਿਆਉਗੇ, ਹੁਣ ਆਪੇ ਨਿਰਣਾ ਕਰੋ ਕਿ (ਗੁਰੂ ਨਾਨਕ ਦੇਵ) ਬਾਨੀ?

ਮੈਂ ਸਪੱਸ਼ਟ ਕਰਾਂ ਮੈਂ ਇਸ New Sikhism ਦੀ ਧਾਰਨੀ ਨਹੀਂ, ਨਾ ਬਣੂੰਗੀ ਭਾਵੇਂ ਨਿਕਾਰ ਭੀ ਦੇਣ, ਮੈਂ ਅਜੋਕੇ ਅਕਾਲ ਤਖ਼ਤ ਦੇ ਗ੍ਰੰਥੀਆਂ ਦੀ ਪ੍ਰਸ਼ੰਸਕ ਨਹੀਂ ਜਿਨ੍ਹਾਂ ਦਾ ਧਿਆਨ ਧਰਮ ਵੱਲ ਨਹੀਂ, ਇਨ੍ਹਾਂ ਨੇ ਪਿਛਲੇ ਸਾਲ ਤੋਂ ਭੈਰਮੀ ਚੁੱਕੀ ਪਈ ਹੈ, ਯੂ.ਕੇ. ਦੇ ਗੁਰ-ਦੁਆਰੇ ਆਪਣੇ ਕਬਜ਼ਿਆਂ ਲਈ ਮਤੇ ਪਾਸ ਕਰਨ 'ਤੇ ਹਨ, ਸਹਿਮਤੀ ਲਈ ਮੈਂ ਅਰਜ ਨਹੀਂ ਕਰਦੀ, ਮੇਰੇ ਵਿਚਾਰ ਨੇ। ਇਸ ਹਫ਼ਤੇ ਇੰਨਾ ਹੀ ਸਲੂਣਾ ਪ੍ਰਵਾਨ ਕਰੋ, ਅਗਲੇ ਪਰਚੇ ਵਿੱਚ ਮਾਤ-ਭੂਮੀ ਦੀ ਫੇਰੀ ਦਾ ਵਿਸਥਾਰ ਲੈ ਕੇ ਹਾਜ਼ਰ ਹੋਊਂਗੀ, ਪੰਜਾਬ ਦਾ ਤਾਂ ਦਾਤਾ ਹੀ ਰਾਖਾ, ਸਭ ਦਾਤ ਲਈ ਝਾਂਗਣ ਨੂੰ ਫਿਰਦੇ ਨੇ, ਬਹੁੜੇ ਰਾਖਾ।

# ਕੈਨੇਡਾ ਚ ਨੌਕਰੀ ਤੋਂ ਕੱਢੇ ਜਾਣਗੇ 10 ਲੱਖ ਪ੍ਰਵਾਸੀ!

**ਟੋਰਾਂਟੋ, : ਕੈਨੇਡਾ ਵਿਚ 10 ਲੱਖ ਨੌਕਰੀਆਂ ਖਤਮ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ 5 ਲੱਖ ਨੌਕਰੀਆਂ ਇਕੱਲੇ ਉਨਟਾਰੀਓ ਵਿਚੋਂ ਖਤਮ ਹੋ ਸਕਦੀਆਂ ਹਨ। ਦੂਜਾ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲਾ ਸੂਬਾ ਐਲਬਰਟਾ ਦੱਸਿਆ ਜਾ ਰਿਹਾ ਹੈ ਅਤੇ ਇਸ ਮਗਰੋਂ ਬੀ.ਸੀ. ਦਾ ਨੰਬਰ ਆਉਂਦਾ ਹੈ। ਡੌਨਲਡ ਟਰੰਪ ਦੇ ਸਹੁੰ ਚੁੱਕਣ ਮਗਰੋਂ ਲੱਗਣ ਵਾਲੇ ਟੈਕਸਾਂ ਦੇ ਅਸਰ ਦਾ ਜ਼ਿਕਰ ਕਰਦਿਆਂ ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਤਕੜੇ ਹੋ ਕੇ ਮੋੜਵਾਂ ਜਵਾਬ ਦੇਣਾ ਹੋਵੇਗਾ। ਕੈਨੇਡਾ ਵਿਚ ਨੌਕਰੀਆਂ ਖਤਮ ਹੋਣ ਦਾ ਅੰਕੜਾ ਟੈਕਸਾਂ ਰਾਹੀਂ ਸਿੱਧੇ ਤੌਰ ਤੇ ਪ੍ਰਭਾਵਤ ਹੋਣ ਵਾਲੇ ਖੇਤਰਾਂ ਤੇ ਨਿਰਭਰ ਕਰੇਗਾ ਪਰ ਡਗ ਫ਼ੋਰਡ ਸਰਕਾਰ ਦਾ ਮੰਨਣਾ ਹੈ ਕਿ ਉਨਟਾਰੀਓ ਵਿਚ ਗਿਣਤੀ 4 ਲੱਖ 50 ਹਜ਼ਾਰ ਤੋਂ 5 ਲੱਖ ਦਰਮਿਆਨ ਹੋ ਸਕਦੀ ਹੈ।**

ਟਰੰਪ ਦੇ ਟੈਕਸਾਂ ਦਾ ਸਭ ਤੋਂ ਵੱਡਾ ਅਸਰ ਉਨਟਾਰੀਓ ਤੇ ਕੈਨੇਡੀਅਨ ਰਾਜਾਂ ਅਤੇ ਟੈਰੇਟ੍ਰੀਜ਼ ਦੇ ਸਾਰੇ ਪ੍ਰੀਮੀਅਰ ਅੱਜ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲ-ਾਕਾਤ ਕਰ ਰਹੇ ਹਨ ਜਿਸ ਦੌਰਾਨ ਜਵਾਬੀ ਕਾਰਵਾਈ ਦਾ ਖਰੜਾ ਤਿਆਰ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਗ ਫ਼ੋਰਡ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਸਾਨੂੰ ਸਭਨਾਂ ਨੂੰ ਟੀਮ ਕੈਨੇਡਾ ਵਜੋਂ ਕੰਮ ਕਰਨਾ ਹੋਵੇਗਾ ਅਤੇ ਇਕਸੁਰ ਆਵਾਜ਼ ਵਿਚ ਅਮਰੀਕੀ ਵਸਤਾਂ ਤੇ ਮੋੜਵੇਂ ਟੈਕਸਾਂ ਦੀ ਨੀਤੀ ਘੜਨੀ ਹੋਵੇਗੀ। ਇਥੇ ਦਸਣਾ ਬਣਦਾ ਹੈ ਕਿ ਐਲਬਰਟਾ ਦੀ ਪ੍ਰੀਮੀਅਰ ਇਸ ਮੁੱਦੇ ਤੇ ਵੱਖਰੀ ਸੁਰ ਅਲਾਪ ਰਹੇ ਹਨ ਜਿਨ੍ਹਾਂ ਵੱਲੋਂ ਹਾਲ ਹੀ ਫਲੋਰੀਡਾ ਜਾ ਕੇ ਡੌਨਲਡ ਟਰੰਪ ਨਾਲ ਮੁਲਾਕਾਤ ਕੀਤੀ ਗਈ। ਫੈਡਰਲ ਸਰਕਾਰ ਅਤੇ ਕਈ ਸੂਬਾ ਸਰਕਾਰਾਂ ਅਮਰੀਕਾ ਨੂੰ ਤੇਲ ਅਤੇ ਗੈਸ ਦੀ ਸਪਲਾਈ ਵਿਚ ਕਟੌਤੀ ਕੀਤੇ ਜਾਣ ਤੇ ਸਹਿਮਤ ਹਨ ਪਰ ਐਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਕੌਮੀ ਏਕਤਾ ਵਾਸਤੇ ਸੰਕਟ ਪੈਦਾ ਹੋਣ ਦੀ ਧਮਕੀ ਦੇ ਰਹੇ ਹਨ। ਸੈਂਟਰ ਫ਼ੌਰ ਫਿਊਚਰ ਵਰਕ ਦੇ ਡਾਇਰੈਕਟਰ ਅਤੇ ਆਰਥਿਕ ਮਾਹਰ ਜਿਮ ਸਟੈਨਫੋਰਡ ਦਾ ਕਹਿਣਾ ਸੀ ਕਿ ਅਮਰੀਕਾ ਵੱਲੋਂ ਲਾਏ ਜਾਣ ਵਾਲੇ ਟੈਕਸਾਂ ਦਾ ਅਸਰ ਬਾਰਡਰ ਦੇ ਇਕ ਪਾਸੇ ਨਹੀਂ ਸਗੋਂ ਦੋਵੇਂ ਪਾਸੇ ਵਸਦੇ ਲੋਕਾਂ ਨੂੰ ਭੁਗਤਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਦਰਮਿਆਨ ਸਾਲਾਨਾ ਇਕ ਖਰਬ ਡਾਲਰ ਤੋਂ ਵੱਧ ਵਪਾਰ ਹੁੰਦਾ ਹੈ ਅਤੇ ਅਜਿਹੇ ਵਿਚ 25 ਫੀ ਸਦੀ ਟੈਕਸਾਂ ਦਾ ਮਤਲਬ 250 ਅਰਬ ਡਾਲਰ ਬਣਦਾ ਹੈ ਕਿਉਂਕਿ ਅਮਰੀਕੀ ਟੈਕਸਾਂ ਦੇ ਜਵਾਬ ਵਿਚ ਕੈਨੇਡਾ ਵੱਲੋਂ ਵੀ ਟੈਕਸ ਦਰਾਂ ਲਾਗੂ ਕੀਤੀਆਂ ਜਾਣਗੀਆਂ।

## ਜਸਵੰਤ ਸਿੰਘ ਖਾਲੜਾ

**41 ਸਫ਼ੇ ਦਾ ਬਾਕੀ ਹਿਸਾ**

"ਪੰਜਾਬ ਦੇ ਪੁਲਿਸ ਅਧਿਕਾਰੀ ਇੱਕ ਨਾਪਾਕ ਗੱਠਜੋੜ ਵਿੱਚ ਇੱਕਜੁੱਟ ਹੋ ਗਏ ਕਿਉਂਕਿ ਉਨ੍ਹਾਂ ਦੇ ਸਾਥੀ ਸ਼ਾਮਲ ਸਨ ਅਤੇ ਇਹ ਮਾਮਲਾ ਪੰਜਾਬ ਪੁਲਿਸ ਦੇ ਅਕਸ ਨੂੰ ਖ਼ਰਾਬ ਕਰਨ ਵਾਲਾ ਸੀ। ਗਵਾਹਾਂ ਨੇ ਸੀਬੀਆਈ ਦੇ ਸਾਹਮਣੇ ਆਪਣੇ ਬਿਆਨਾਂ ਵਿੱਚ ਪੁਲਿਸ ਅਧਿਕਾਰੀਆਂ ਦੇ ਨਾਮ ਲਏ ਅਤੇ ਅਦਾਲਤ ਵਿੱਚ ਮੁਲਜ਼ਮਾਂ ਦੀ ਪਛਾਣ ਕੀਤੀ।"

### ਪੁਲਿਸ ਨੇ 2000 ਤੋਂ ਵੱਧ ਲਾਵਾਰਿਸ ਲਾਸ਼ਾਂ ਦਾ ਸਸਕਾਰ ਕੀਤਾ

ਸੀਬੀਆਈ ਨੇ ਆਪਣੀ ਅੰਤ੍ਰਿਮ ਰਿਪੋਰਟ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਇਕੱਲੇ ਜ਼ਿਲ੍ਹਾ ਤਰਨਤਾਰਨ ਵਿੱਚ ਹੀ 984 ਲਾਸ਼ਾਂ ਦਾ 'ਲਾਵਾਰਿਸ' ਵਜੋਂ ਸਸਕਾਰ ਕੀਤਾ ਗਿਆ ਸੀ ਅਤੇ ਪੁਲਿਸ ਵੱਲੋਂ ਵੱਡੀ ਗਿਣਤੀ ਵਿੱਚ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਜਿਸ ਲਈ ਅਪਰਾਧਿਕ ਕੇਸ ਦਰਜ ਕਰਨ ਲਈ ਲੋੜੀਂਦੀ ਸਮੱਗਰੀ ਮੌਜੂਦ ਸੀ।

ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਅਦਾਲਤ ਨੇ ਸੀਬੀਆਈ ਨੂੰ ਅਜਿਹੇ ਘਿਣਾਉਣੇ ਅਪਰਾਧਾਂ ਲਈ ਅਪਰਾਧਿਕ ਕੇਸ ਦਰਜ ਕਰਨ ਦੇ ਹੁਕਮ ਦਿੱਤੇ।

ਅਦਾਲਤ ਵੱਲੋਂ ਜਾਂਚ ਦੀ ਨਿਗਰਾਨੀ ਕੀਤੀ ਗਈ। 1996 ਵਿੱਚ ਸੀਬੀਆਈ ਨੇ ਅਦਾਲਤ ਨੂੰ ਦੱਸਿਆ ਕਿ 2097 ਲਾਸ਼ਾਂ ਦੇ ਅਣਪਛਾਤੇ ਸਸਕਾਰ ਕੀਤੇ ਗਏ ਸੀ।

ਅਦਾਲਤ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਗਏ ਉਪਰੋਕਤ ਹੁਕਮਾਂ ਅਤੇ ਸਾਲਾਂ ਤੱਕ ਮਿਲ ਕੇ ਇਸ ਕੇਸ ਦੀ ਨਿਗਰਾਨੀ ਕਰਨ ਦੇ ਮੱਦੇਨਜ਼ਰ ਸੀਬੀਆਈ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਪੂਰਾ ਕੀਤਾ ਗਿਆ।

1996 ਵਿੱਚ, ਸੀਬੀਆਈ ਨੇ ਪਟਿਆਲਾ ਦੀ ਇੱਕ ਅਦਾਲਤ ਵਿੱਚ ਨੌਂ ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ ਮੁੱਖ ਦੋਸ਼ੀ ਅਜੀਤ ਸਿੰਘ ਸੰਧੂ ਸੀ, ਜੋ ਕਿ ਤਰਨਤਾਰਨ ਜ਼ਿਲ੍ਹੇ ਦਾ ਤਤਕਾਲੀ ਐੱਸਐੱਸਪੀ ਸੀ। ਇਹਨਾਂ ਵਿਚ ਅਸ਼ੋਕ ਕੁਮਾਰ, ਸਤਨਾਮ ਸਿੰਘ, ਰਛਪਾਲ ਸਿੰਘ, ਜਸਬੀਰ ਸਿੰਘ, ਅਮਰਜੀਤ ਸਿੰਘ, ਸੁਰਿੰਦਰਪਾਲ ਸਿੰਘ, ਪ੍ਰਿਥੀਪਾਲ ਸਿੰਘ ਅਤੇ ਜਸਪਾਲ ਸਿੰਘ, ਡੀਐਸਪੀ ਸ਼ਾਮਲ ਸੀ। ਐੱਸਐੱਸਪੀ ਅਜੀਤ ਸਿੰਘ ਸੰਧੂ ਖ਼ਿਲਾਫ਼ ਦੋਸ਼ ਤੈਅ ਨਹੀਂ ਕੀਤੇ ਜਾ ਸਕੇ ਹਨ ਕਿਉਂਕਿ ਦੋਸ਼ ਤੈਅ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਖ਼ੁਦਕੁਸ਼ੀ ਕਰ ਲਈ ਸੀ।

ਇਲਜ਼ਾਮ ਇਹ ਸਨ ਕਿ ਇਹ ਸਾਰੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ ਖ਼ਤਮ ਕਰਨ ਲਈ ਰਾਜ਼ੀ ਹੋ ਗਏ ਸਨ। ਇਸ ਤਰ੍ਹਾਂ, ਉਨ੍ਹਾਂ ਸਾਰਿਆਂ 'ਤੇ ਧਾਰਾ 120-ਬੀ ਆਈਪੀਸ, ਧਾਰਾ 364 ਦੇ ਨਾਲ-ਨਾਲ 34 ਆਈਪੀਸੀ ਲਾਈ ਗਈ। ਇਨ੍ਹਾਂ ਵਿਚੋਂ ਤਿੰਨ ਡੀਐੱਸਪੀ ਜਸਪਾਲ ਸਿੰਘ, ਅਮਰਜੀਤ ਸਿੰਘ ਅਤੇ ਰਛਪਾਲ ਸਿੰਘ ਨੇ ਅਪਰਾਧਿਕ ਸਾਜ਼ਿਸ਼ ਦੇ ਨਤੀਜੇ ਵਜੋਂ ਖਾਲੜਾ ਦਾ ਕਤਲ ਕੀਤਾ ਸੀ।

# ਪ੍ਰਵਾਸੀ ਭਾਰਤੀ ਵਿਗੜੀਆਂ ਖਾਣ-ਪੀਣ ਦੀਆਂ ਆਦਤਾਂ ਸੁਧਾਰਨ

ਪ੍ਰਿੰਸੀਪਲ ਵਿਜੈ ਕੁਮਾਰ

• • •



ਕੈਨੇਡਾ ਮੁਲਕ ਦੀ ਸਭ ਤੋਂ ਵੱਡੀ ਸਮੱਸਿਆ ਫਰਿੱਜਾਂ ਵਿੱਚ ਲੱਗੀਆਂ ਹੋਈਆਂ ਚੀਜ਼ਾਂ ਖਾਣ ਦੀ ਹੈ। ਫਰਿੱਜਾਂ ਵਿੱਚ ਲੱਗੇ ਹੋਏ ਮੀਟ, ਮੱਛੀ, ਬਣੀਆਂ ਹੋਈਆਂ ਸਬਜ਼ੀਆਂ, ਰੋਟੀਆਂ, ਨਾਨ, ਕੇਕ, ਕੁਲਚੇ, ਤਲਣ ਵਾਲੀਆਂ ਚੀਜ਼ਾਂ, ਫਾਸਟ ਫੂਡ, ਚਾਕਲੇਟ ਅਤੇ ਬੇਕਰੀ ਦੀਆਂ ਕਈ ਚੀਜ਼ਾਂ ਖਾਣਾ ਇਸ ਮੁਲਕ ਦੇ ਲੋਕਾਂ ਦੀ ਮਜਬੂਰੀ ਹੈ ਕਿਉਂਕਿ ਡਾਲਰ ਕਮਾਉਣ ਦੀ ਦੌੜ ਵਿੱਚ ਲੋਕਾਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਖ਼ੁਦ ਆਪਣੀ ਮਨਪਸੰਦ ਦਾ ਭੋਜਨ ਬਣਾ ਕੇ ਖਾ ਸਕਣ। ਜੇਕਰ ਘਰ ਚਾਰ ਪ੍ਰਾਹੁਣੇ ਆ ਜਾਣ ਤਾਂ ਉਨ੍ਹਾਂ ਅੱਗੇ ਇਹ ਫਰਿੱਜਾਂ ਵਿੱਚ ਲੱਗਿਆ ਹੋਇਆ ਭੋਜਨ ਜਾਂ ਫਾਸਟ ਫੂਡ ਹੀ ਪਰੋਸਿਆ ਜਾਂਦਾ ਹੈ।

ਭਾਰਤ ਵਿੱਚ ਲੋਕਾਂ ਨੂੰ ਆਪਣੀ ਇੱਛਾ ਨਾਲ ਤਾਜ਼ਾ ਭੋਜਨ ਬਣਾ ਕੇ ਖਾਣ ਦੀ ਆਦਤ ਹੈ, ਪਰ ਫਰਿੱਜਾਂ ਵਿੱਚ ਲੱਗਿਆ ਹੋਇਆ ਖਾਣਾ, ਖਾਣਾ ਲੋਕਾਂ ਦੀ ਮਜਬੂਰੀ ਬਣ ਚੁੱਕੀ ਹੈ। ਇਸ ਮੁਲਕ ਵਿੱਚ ਜ਼ਿਆਦਾਤਰ ਸਬਜ਼ੀਆਂ, ਫਲ, ਮੀਟ ਅਤੇ ਹੋਰ ਕਈ ਚੀਜ਼ਾਂ ਦੂਜੇ ਮੁਲਕਾਂ ਤੋਂ ਆਉਂਦੀਆਂ ਹਨ। ਉਹ ਚੀਜ਼ਾਂ ਕਈ ਕਈ ਦਿਨ ਟਰੱਕਾਂ ਵਿੱਚ ਲੱਗੇ ਵੱਡੇ ਫਰਿੱਜਾਂ ਅਤੇ ਕੋਲਡ ਸਟੋਰਾਂ ਵਿੱਚ ਪਈਆਂ ਰਹਿੰਦੀਆਂ ਹਨ। ਕਈ ਕਈ ਦਿਨਾਂ ਤੋਂ ਫਰਿੱਜਾਂ ਵਿੱਚ ਪਈਆਂ ਇਹ ਚੀਜ਼ਾਂ ਖਾਣ ਕਰਨ ਲੋਕ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਦੂਜੇ ਪਾਸੇ ਆਪਣੇ ਮੁਲਕਾਂ ਵਿੱਚ ਇਨ੍ਹਾਂ ਲੋਕਾਂ ਨੂੰ ਸਬਜ਼ੀਆਂ, ਫਲ, ਮੀਟ, ਮੱਛੀ ਅਤੇ ਹੋਰ ਚੀਜ਼ਾਂ ਤਾਜ਼ੀਆਂ ਖਾਣ ਦੀ ਆਦਤ ਹੁੰਦੀ ਹੈ। ਇਹ ਲੋਕ ਹਰ ਰੋਜ਼ ਫਰਿੱਜਾਂ ਵਿੱਚ ਲੱਗੀਆਂ ਚੀਜ਼ਾਂ ਖਾ ਕੇ ਆਪਣੇ ਮੁਲਕਾਂ ਦੀਆਂ ਤਾਜ਼ਾ ਚੀਜ਼ਾਂ ਖਾਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ।

ਭਾਵੇਂ ਸਾਡੇ ਮੁਲਕ ਵਿੱਚ ਵੀ ਲੋਕਾਂ ਨੂੰ ਸਾਧੇ ਭੋਜਨ ਦੇ ਨਾਲ ਫਾਸਟ ਫੂਡ, ਪੀਜ਼ਾ, ਨੂਡਲ, ਮੈਗੀ, ਬਰਗਰ, ਮੰਚੂਰੀਅਨ, ਹੌਟਡੌਗ, ਮੈਕਰੋਨੀ, ਪਾਓ ਭਾਜੀ, ਪਾਸਤਾ, ਮੋਮੋ, ਟਿੱਕੀਆਂ, ਸਮੋਸੇ ਆਦਿ ਖਾਣ ਦੀ ਆਦਤ ਪੈ ਚੁੱਕੀ ਹੈ, ਪਰ ਸਾਡੇ ਮੁਲਕ ਦੇ ਲੋਕ ਇਨ੍ਹਾਂ ਚੀਜ਼ਾਂ ਨੂੰ ਰੋਟੀ ਦੀ ਥਾਂ ਨਹੀਂ ਸਗੋਂ ਵਿਆਹ ਸ਼ਾਦੀਆਂ, ਜਨਮ ਦਿਨਾਂ ਅਤੇ ਹੋਰ ਸਮਾਗਮਾਂ ਉੱਤੇ ਹੀ ਖਾਂਦੇ ਹਨ। ਦੂਜੇ ਪਾਸੇ ਕੈਨੇਡਾ ਵਿੱਚ ਇਹ ਫਾਸਟ ਫੂਡ ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹਨ। ਸਵੇਰ, ਦੁਪਹਿਰ ਅਤੇ ਰਾਤ ਦੇ ਖਾਣੇ ਵੇਲੇ ਫਾਸਟ ਫੂਡ ਖਾਣਾ ਇੱਥੋਂ ਦੇ ਲੋਕਾਂ ਦੀ ਆਦਤ ਬਣ ਚੁੱਕੀ ਹੈ। ਘਰ ਆਏ ਮਹਿਮਾਨਾਂ ਅੱਗੇ ਵੀ ਫਾਸਟ ਫੂਡ ਪਰੋਸਿਆ ਜਾਂਦਾ ਹੈ ਕਿਉਂਕਿ ਹੱਥੀਂ ਭੋਜਨ ਬਣਾਉਣ ਨਾਲੋਂ ਘਰ ਬੈਠੇ ਆਰਡਰ ਦੇ ਕੇ ਇਹ ਫਾਸਟ ਫੂਡ ਮੰਗਾਉਣਾ ਲੋਕਾਂ ਨੂੰ ਸੌਖਾ ਲੱਗਦਾ ਹੈ। ਬਜ਼ੁਰਗਾਂ ਨੂੰ ਵੀ ਮਜਬੂਰੀ ਵਿੱਚ ਆਪਣੇ ਬੱਚਿਆਂ ਨਾਲ ਇਹ ਫਾਸਟ ਫੂਡ ਖਾਣਾ ਪੈਂਦਾ ਹੈ।

ਬੱਚਿਆਂ ਨੂੰ ਇਹ ਸਭ ਖਾਣ ਦੀ ਅਜਿਹੀ ਆਦਤ ਪੈ ਚੁੱਕੀ ਹੈ ਕਿ ਉਹ ਰੋਟੀ ਖਾਣਾ ਪਸੰਦ ਹੀ ਨਹੀਂ ਕਰਦੇ। ਜਿਹੜੇ ਲੋਕ ਰੋਟੀ ਵੀ ਖਾਂਦੇ ਹਨ, ਉਨ੍ਹਾਂ ਵਿੱਚ ਨੌਜਵਾਨ ਪੀੜ੍ਹੀ ਸਮੇਂ ਦੀ ਘਾਟ ਕਾਰਨ ਹੱਥੀਂ ਖਾਣਾ ਬਣਾਉਣ ਦੀ ਥਾਂ ਆਰਡਰ ’ਤੇ ਤੇਜ਼ ਮਸਾਲਿਆਂ ਵਾਲੀਆਂ ਸਬਜ਼ੀਆਂ, ਮੈਦੇ ਦੇ ਨਾਨ, ਛੋਲੇ ਭਟੂਰੇ, ਕੁਲਚੇ ਆਦਿ ਖਾਣ ਨੂੰ ਤਰਜੀਹ ਦਿੰਦੇ ਹਨ। ਇਸ ਦੇਸ਼ ਵਿੱਚ ਕਈ ਇਲਾਕੇ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪੰਜਾਬੀ ਲੋਕਾਂ ਦੇ ਖਾਣ ਦੀਆਂ ਵਸਤਾਂ ਮਿਲਦੀਆਂ ਹੀ ਨਹੀਂ। ਇਸ ਮੁਲਕ ਦੇ ਆਟੇ, ਪਨੀਰ, ਦੁੱਧ ਅਤੇ ਦਹੀਂ ਦਾ ਸੁਆਦ ਸਾਡੇ ਮੁਲਕ ਨਾਲੋਂ ਅੱਡ ਹੁੰਦਾ ਹੈ। ਠੰਢਾ ਹੋਇਆ ਫੁਲਕਾ ਅਤੇ ਨਾਨ ਖਾਣ ਜੋਗੇ ਨਹੀਂ ਰਹਿੰਦੇ। ਟਿਮ ਹੌਰਟਨ ਦੀ ਕੌਫ਼ੀ, ਬਰਗਰ ਅਤੇ ਕਟਲਟਸ ਇਸ ਮੁਲਕ ਵਿੱਚ ਵਸਦੇ ਲੋਕਾਂ ਖ਼ਾਸ ਕਰਕੇ ਵਿਦਿਆਰਥੀ ਵਰਗ ਲਈ ਅਫੀਮ ਦੇ ਨਸ਼ੇ ਵਾਂਗ ਬਣ ਚੁੱਕੇ ਹਨ। ਸਮੇਂ ਦੀ ਘਾਟ ਕਾਰਨ ਵਿਦਿਆਰਥੀ ਵਰਗ ਟਿਮ ਹੌਰਟਨ ਦੀ ਕੌਫ਼ੀ ਅਤੇ ਬਰਗਰਾਂ ਨੂੰ ਨਾਸ਼ਤੇ ਵਿੱਚ ਵੀ ਖਾਂਦੇ ਹਨ। ਪਲਾਜ਼ਿਆਂ, ਪਾਰਕਾਂ, ਰੇਲ ਗੱਡੀਆਂ, ਬੱਸਾਂ, ਸਿੱਖਿਆ ਸੰਸਥਾਵਾਂ ਵਿੱਚ ਸੜਕਾਂ ਅਤੇ ਜਨਤਕ ਥਾਵਾਂ ’ਤੇ ਨੌਜਵਾਨ ਮੁੰਡੇ-ਕੁੜੀਆਂ ਅਤੇ ਲੋਕਾਂ ਦੇ ਹੱਥਾਂ ਵਿੱਚ ਇਹ ਕੌਫ਼ੀ ਦੇ ਕੱਪ ਆਮ ਹੀ ਵੇਖਣ ਨੂੰ ਮਿਲਣਗੇ। ਨੌਜਵਾਨ ਮੁੰਡੇ-ਕੁੜੀਆਂ ਅਤੇ ਬੱਚੇ ਫਾਸਟ ਫੂਡ ਨਾਲ ਜੂਸ ਅਤੇ ਕੋਲਡ ਡਰਿੰਕ ਪੀ ਕੇ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।

ਇਸ ਮੁਲਕ ਵਿੱਚ ਪਰਿਵਾਰਾਂ ਦਾ ਗੁਜ਼ਾਰਾ ਕਰਨ ਲਈ ਅਤੇ ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਪਤੀ-ਪਤਨੀ ਦੋਹਾਂ ਨੂੰ ਨੌਕਰੀ ਕਰਨੀ ਪੈਂਦੀ ਹੈ। ਸਮੇਂ ਦੀ ਘਾਟ ਕਾਰਨ ਉਹ ਬੱਚਿਆਂ ਨੂੰ ਆਪਣੇ ਹੱਥੀਂ ਬਣਾਇਆ ਭੋਜਨ ਖਿਲਾਉਣ ਦੀ ਬਜਾਏ ਮੈਗੀ, ਤੇਖੂ, ਫਰਾਇਡ ਪਨੀਰ, ਕੌਰਨਸ ਅਤੇ ਹੋਰ ਤਲੀਆਂ ਹੋਈਆਂ ਚੀਜ਼ਾਂ ਖਿਲਾਉਂਦੇ ਹਨ। ਬੱਚੇ ਜਿਵੇਂ ਜਿਵੇਂ ਵੱਡੇ ਹੁੰਦੇ ਜਾਂਦੇ ਹਨ, ਉਨ੍ਹਾਂ ਨੂੰ ਇਹ ਸਾਰੀਆਂ ਚੀਜ਼ਾਂ ਖਾਣ ਦੀ ਆਦਤ ਪੈ ਜਾਂਦੀ ਹੈ। ਚਾਕਲੇਟ, ਪੀਜ਼ਾ, ਨੂਡਲ, ਜੂਸ, ਕੇਕ, ਬਰਗਰ, ਹੌਟਡੌਗ, ਹੋਰ ਫਰਾਇਡ ਚੀਜ਼ਾਂ ਖਾਣਾ ਉਨ੍ਹਾਂ ਦੀ ਹਰ ਰੋਜ਼ ਦੀ ਆਦਤ ਬਣ ਜਾਂਦੀ ਹੈ। ਹਫ਼ਤੇ ਦੇ ਆਖ਼ਰੀ ਦਿਨਾਂ ਨੂੰ ਹੋਟਲਾਂ ਵਿੱਚ ਖਾਣਾ, ਖਾਣ ਜਾਣਾ ਲੋਕਾਂ ਦਾ ਸ਼ੌਕ ਵੀ ਹੈ ਤੇ ਮੌਜ ਮਸਤੀ ਦਾ ਸਾਧਨ ਵੀ। ਲੋਕਾਂ ਦੇ ਕਾਰਾਂ ਵਿੱਚ ਆਉਣ ਜਾਣ ਅਤੇ ਹੱਥੀਂ ਕੰਮ ਘੱਟ ਹੋਣ ਨਾਲ ਸਰੀਰਕ ਕਸਰਤ ਬਹੁਤ ਘੱਟ ਹੁੰਦੀ ਹੈ। ਖਾਣ ਪੀਣ ਦੀਆਂ ਇਹ ਆਦਤਾਂ ਠੰਢਾ ਮੁਲਕ ਹੋਣ ਕਾਰਨ ਅਤੇ ਪਸੀਨਾ ਨਾ ਆਉਣ ਕਾਰਨ ਤੇ ਸਰੀਰਕ ਕਸਰਤ ਘੱਟ ਹੋਣ ਕਾਰਨ ਹਾਰਟ ਅਟੈਕ, ਬਲੱਡ ਪ੍ਰੈੱਸ਼ਰ, ਸਰਵਾਈਕਲ, ਪੇਟ, ਸ਼ੂਗਰ, ਕਿਡਨੀ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਹੀਆਂ ਹਨ।



ਅਜਿਹਾ ਖਾਣ ਪੀਣ ਹੋਣ ਕਾਰਨ ਇਸ ਮੁਲਕ ਵਿੱਚ ਨਵੇਂ ਜਨਮੇਂ ਬੱਚੇ ਦੇਰ ਨਾਲ ਬੋਲਣਾ ਅਤੇ ਚੱਲਣਾ ਸ਼ੁਰੂ ਕਰਦੇ ਹਨ। ਉਨ੍ਹਾਂ ਵਿੱਚ ਮੋਟਾਪਾ, ਲੱਤਾਂ ਦਾ ਵਿੰਗਾ-ਟੇਢਾ ਹੋਣਾ ਅਤੇ ਹੋਰ ਬਿਮਾਰੀਆਂ ਵੀ ਵੇਖਣ ਨੂੰ ਮਿਲਦੀਆਂ ਹਨ।

ਹਰ ਇੱਕ ਚੀਜ਼ ਪੈਸਾ ਨਹੀਂ ਹੈ। ਜੇਕਰ ਸਿਹਤ ਚੰਗੀ ਹੋਵੇਗੀ ਤਾਂ ਹੀ ਪੈਸੇ ਦਾ ਅਨੰਦ ਲਿਆ ਜਾ ਸਕੇਗਾ। ਪੈਸੇ ਲਈ ਸਿਹਤ ਨਾਲ ਸਮਝੌਤਾ ਕਰਨਾ ਸਮਝਦਾਰੀ ਨਹੀਂ ਹੈ। ਇਸ ਮੁਲਕ ਵਿੱਚ ਵੱਸਦਿਆਂ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵੱਲ ਬਣਦਾ ਧਿਆਨ ਜ਼ਰੂਰ ਦਿਓ ਤਾਂ ਕਿ ਭਵਿੱਖ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਕੱਲੇ ਰਹਿਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਨੂੰ ਵੀ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਦੀ ਸਿਹਤ ਠੀਕ ਰਹੇਗੀ ਤਾਂ ਹੀ ਉਹ ਡਾਲਰ ਕਮਾ ਸਕਣਗੇ, ਨਹੀਂ ਤਾਂ ਬਿਮਾਰੀਆਂ ਨੂੰ ਹੀ ਸੱਦਾ ਦੇਣਗੇ।

## ਗੋਲ਼ੀ ਮਾਰ ਕੇ ਪੈਟਰੋਲ ਪੰਪ ਮੈਨੇਜਰ ਨੂੰ ਜ਼ਖਮੀ ਕੀਤਾ, ਸਾਢੇ ਚਾਰ ਲੱਖ ਰੁਪਏ ਲੁੱਟੇ



ਜਲੰਧਰ-ਜਲੰਧਰ ਦੀ ਦਾਣਾ ਮੰਡੀ ’ਚ ਉਸ ਸਮੇਂ ਵਾਪਰੀ ਜਦੋਂ ਐੱਚਐੱਮਵੀ ਕਾਲਜ ਨੇੜੇ ਸਥਿਤ ਕਤਿਆਲ ਪੈਟਰੋਲ ਪੰਪ ਦਾ ਮੈਨੇਜਰ ਸਾਗਰ ਦਾਣਾ ਮੰਡੀ ਐੱਸਬੀਆਈ ਬਰਾਂਚ ’ਚ ਨਕਦੀ ਜਮ੍ਹਾ ਕਰਵਾਉਣ ਜਾ ਰਿਹਾ ਸੀ ਤਾਂ ਬਾਈਕ ਸਵਾਰ ਲੁਟੇਰਿਆਂ ਨੇ ਉਸ ’ਤੇ ਦੋ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ ਤੇ 4.5 ਲੱਖ ਰੁਪਏ ਦੀ ਨਕਦੀ ਲੁੱਟ ਲਈ।

ਨਿੱਜੀ ਹਸਪਤਾਲ ਵਿਚ ਦਾਖ਼ਲ ਸਾਗਰ ਵਾਸੀ ਪਟੇਲ ਚੌਕ ਨੇ ਦੱਸਿਆ ਕਿ ਉਹ ਐੱਚਐੱਮਵੀ ਕਾਲਜ ਨੇੜੇ ਸਥਿਤ ਕਤਿਆਲ ਪੈਟਰੋਲ ਪੰਪ ’ਤੇ ਮੈਨੇਜਰ ਵਜੋਂ ਕੰਮ ਕਰਦਾ ਹੈ। ਉਹ ਹਰ ਰੋਜ਼ ਦੁਪਹਿਰ ਸਮੇਂ ਪੈਟਰੋਲ ਪੰਪ ਤੋਂ ਨਕਦੀ ਇਕੱਠੀ ਕਰ ਕੇ ਦਾਣਾ ਮੰਡੀ ਸਥਿਤ ਐੱਸਬੀਆਈ ਬ੍ਰਾਂਚ ਵਿਚ ਜਮ੍ਹਾ ਕਰਵਾਉਣ ਲਈ ਜਾਂਦਾ ਹੈ। ਪੀੜਤ ਅਨੁਸਾਰ ਵੀਰਵਾਰ ਦੁਪਹਿਰ ਉਹ ਆਪਣੇ ਬੈਗ ’ਚ ਨਕਦੀ ਲੈ ਕੇ ਪੈਟਰੋਲ ਪੰਪ ਤੋਂ ਬਾਹਰ ਨਿਕਲਿਆ ਸੀ ਤੇ ਜਿਵੇਂ ਹੀ ਉਹ ਦਾਣਾ ਮੰਡੀ ਚੌਕ ਨੇੜੇ ਪੁੱਜਾ ਤਾਂ ਪਿੱਛੇ ਤੋਂ ਆ ਰਹੇ ਬਿਨਾਂ ਨੰਬਰ ਮੋਟਰਸਾਈਕਲ ’ਤੇ ਸਵਾਰ ਤਿੰਨ ਨੌਜਵਾਨਾਂ ਨੇ ਪਿਸਤੌਲ ਤਾਣ ਲਈ।

ਇਸ ਤੋਂ ਪਹਿਲਾਂ ਕਿ ਉਹ ਕੁਝ ਕਰਦਾ, ਲੁਟੇਰਿਆਂ ਨੇ ਉਸ ਨੂੰ ਬਾਈਕ ਨਾਲ ਟੱਕਰ ਮਾਰ ਕੇ ਹੇਠਾਂ ਸੁੱਟ ਦਿੱਤਾ ਤੇ ਉਸ ਦੇ ਹੱਥੋਂ 4.5 ਲੱਖ ਰੁਪਏ ਦੀ ਨਕਦੀ ਵਾਲਾ ਬੈਗ ਖੋਹ ਲਿਆ। ਜਦੋਂ ਸਾਗਰ ਨੇ ਲੁਟੇਰਿਆਂ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੁਟੇਰਿਆਂ ਨੇ ਜ਼ਮੀਨ ’ਤੇ ਦੋ ਗੋਲੀਆਂ ਚਲਾ ਕੇ ਉਸ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਅਤੇ ਭੱਜ ਗਏ। ਅਜਿਹੇ ਵਿਚ ਸਾਗਰ ਨੇ ਇਕ ਵਾਰ ਫਿਰ ਆਪਣੇ ਮੋਟਰਸਾਈਕਲ ’ਤੇ ਲੁਟੇਰਿਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ । ਸਾਗਰ ਨੇ ਲੁਟੇਰਿਆਂ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਜਦੋਂ ਸਾਗਰ ਨੇ ਜ਼ਮੀਨ ’ਤੇ ਡਿੱਗੇ ਲੁਟੇਰੇ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਦੂਜੇ ਲੁਟੇਰੇ ਨੇ ਉਸ ’ਤੇ ਸਿੱਧੀ ਗੋਲੀ ਚਲਾ ਦਿੱਤੀ ਤੇ ਉਸ ਦੇ ਢਿੱਡ ਅਤੇ ਲੱਤ ਵਿਚ ਗੋਲ਼ੀ ਮਾਰ ਦਿੱਤੀ, ਜਦਕਿ ਦੋ ਗੋਲੀਆਂ ਉਸ ਦੇ ਇਕ ਪਾਸਿਓਂ ਲੰਘ ਗਈਆਂ।

ਇਸ ਦੌਰਾਨ ਇਕ ਲੁਟੇਰੇ ਨੇ ਬਾਈਕ ਸਟਾਰਟ ਕੀਤਾ ਤੇ ਤਿੰਨੇ ਲੁਟੇਰੇ ਬਾਈਕ ’ਤੇ ਦਾਣਾ ਮੰਡੀ ਵੱਲ ਭੱਜ ਗਏ। ਸਥਾਨਕ ਲੋਕਾਂ ਨੇ ਜ਼ਖਮੀ ਸਾਗਰ ਨੂੰ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ। ਜਾਂਚ ਤੋਂ ਬਾਅਦ ਕਮਿਸ਼ਨਰੇਟ ਪੁਲਿਸ ਨੇ ਥਾਣਾ 2 ਵਿਚ ਅਣਪਛਾਤੇ ਲੁਟੇਰਿਆਂ ਖਿਲਾਫ ਮਾਮਲਾ ਦਰਜ ਕਰਕੇ ਮਨੁੱਖੀ ਤੇ ਤਕਨੀਕੀ ਜਾਂਚ ਦੇ ਆਧਾਰ ’ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ...!

**ਸੰਦੀਪ ਕੁਮਾਰ**
7009807121



ਅੱਜ ਦੀ ਤੇਜ਼ੀ ਨਾਲ ਤਰੱਕੀ ਕਰ ਰਹੀ ਦੁਨੀਆਂ ਵਿੱਚ ਮਨੁੱਖ ਨੇ ਆਪਣੇ ਜੀਵਨ ਦੇ ਹਰੇਕ ਖੇਤਰ ਵਿੱਚ ਬੇਹਤਰੀ ਲਈ ਅਨੇਕਾਂ ਪ੍ਰਗਤੀਆਂ ਕੀਤੀਆਂ ਹਨ। ਇਹ ਤਰੱਕੀ, ਵਿਗਿਆਨ, ਤਕਨਾਲੋਜੀ ਅਤੇ ਆਧੁਨਿਕ ਜੀਵਨ ਦੇ ਹੋਰ ਖੇਤਰਾਂ ਵਿੱਚ ਹੋ ਰਹੀ ਹੈ। ਪਰ ਇਸ ਦੌਰਾਨ ਮਨੁੱਖ ਆਪਣੇ ਜੀਵਨ ਦੇ ਸਭ ਤੋਂ ਮੁੱਖ ਹਿੱਸੇ, ਆਪਣੀ ਸਿਹਤ, ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਬੇਤੁਕਾ ਖਾਣ-ਪੀਣ, ਬੇਹਦ ਦਵਾਈਆਂ ਅਤੇ ਅਸਵੱਛ ਜੀਵਨਸ਼ੈਲੀ ਨੇ ਮਨੁੱਖ ਦੀ ਸਿਹਤ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਕਿ ਅੱਜ ਜ਼ਿਆਦਾਤਰ ਲੋਕ ਕਿਸੇ ਨਾ ਕਿਸੇ ਬਿਮਾਰੀ ਨਾਲ ਜੂਝ ਰਹੇ ਹਨ। ਇਸ ਸਥਿਤੀ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮਨੁੱਖ ਆਪਣੇ ਖਾਣ-ਪੀਣ ਅਤੇ ਜੀਵਨਸ਼ੈਲੀ ਵਿੱਚ ਕਿਹੜੀਆਂ ਗਲਤੀਆਂ ਕਰ ਰਿਹਾ ਹੈ।

ਅੱਜ ਦੇ ਸਮੇਂ ਵਿੱਚ ਜਦੋਂ ਕੰਮ ਦੀ ਭੱਜ-ਦੌੜ ਬਹੁਤ ਵੱਧ ਗਈ ਹੈ, ਲੋਕਾਂ ਕੋਲ ਆਪਣੇ ਲਈ ਸਮਾਂ ਨਹੀਂ ਬਚਿਆ ਹੈ। ਪੈਸੇ ਦੀ ਲਾਲਸਾ, ਤਰੱਕੀ ਹਾਸਲ ਕਰਨ ਦੀ ਦੌੜ, ਅਤੇ ਪ੍ਰਤੀਸਪਰਧਾ ਨੇ ਇਸ ਹੱਦ ਤੱਕ ਵਿਅਸਤ ਕੀਤਾ ਹੈ ਕਿ ਲੋਕ ਜ਼ਿਆਦਾਤਰ ਜੰਕ ਫੂਡ ਜਾਂ ਫਾਸਟ ਫੂਡ ਨੂੰ ਆਪਣਾ ਮੁੱਖ ਆਹਾਰ ਬਣਾ



ਲੈਂਦੇ ਹਨ। ਇਹ ਖਾਣਾ ਨਿਰ-ਵਿਟਾਮਿਨ, ਘੱਟ ਪੋਸ਼ਟਿਕ ਅਤੇ ਜ਼ਿਆਦਾਤਰ ਤੇਲ, ਮਸਾਲੇ ਅਤੇ ਪ੍ਰਿਜਰਵਟਿਵਸ ਨਾਲ ਭਰਪੂਰ ਹੁੰਦਾ ਹੈ।

ਫਲਸਰੂਪ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪਾ, ਹਾਰਟ ਅਟੈਕ ਜਿਹੀਆਂ ਬਿਮਾਰੀਆਂ ਆਮ ਹੋ ਚੁੱਕੀਆਂ ਹਨ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਪਿਛਲੇ ਦਹਾਕੇ ਦੇ ਮੁਕਾਬਲੇ ਬਿਮਾਰੀਆਂ ਕਾਰਨ ਉਮਰ ਘਟਦੀ ਜਾ ਰਹੀ ਹੈ। ਅੱਜ ਕਈ 30-35 ਸਾਲ ਦੇ ਨੌਜਵਾਨ ਵੀ ਇਹਨਾਂ ਬਿਮਾਰੀਆਂ ਨਾਲ ਗ੍ਰਸਤ ਹਨ, ਜੋ ਪਹਿਲਾਂ ਸਿਰਫ਼ ਬਜ਼ੁਰਗਾਂ ਵਿੱਚ ਦੇਖੀਆਂ ਜਾਂਦੀਆਂ ਸਨ। ਇੱਕ ਹੋਰ ਮੁੱਖ ਚਿੰਤਾ ਇਹ ਹੈ ਕਿ ਜਿਆਦਾ ਬਿਮਾਰੀਆਂ ਕਾਰਨ, ਦਵਾਈਆਂ ਦਾ ਜ਼ਿਆਦਾ ਸੇਵਨ ਬਿਮਾਰੀਆਂ ਨੂੰ ਠੀਕ ਕਰਨ ਦੀ ਬਜਾਏ ਉਹਨਾਂ ਨੂੰ ਸਿਰਫ ਕੰਟਰੋਲ ਕਰਦੀਆਂ ਹਨ। ਜਿਵੇਂ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਆਪਣੀ ਬਿਮਾਰੀ ਨੂੰ ਜ਼ਿੰਦਗੀ ਭਰ ਦਵਾਈਆਂ ਦੇ ਆਧਾਰ ਤੇ ਕੰਟਰੋਲ ਕਰਦੇ ਹਨ। ਇਹ ਦਵਾਈਆਂ, ਸਿਰਫ ਦਵਾਈ ਉਦਯੋਗਾਂ ਦੇ ਵਪਾਰ ਨੂੰ ਮਜ਼ਬੂਤ ਕਰਦੀਆਂ ਹਨ, ਪਰ ਮਰੀਜ਼ ਦੀ ਸਿਹਤ ਨੂੰ ਲੰਮੇ ਸਮੇਂ ਲਈ ਸੁਧਾਰ ਨਹੀਂ ਦਿੰਦੀਆਂ। ਮੈਡੀਕਲ ਇਤਿਹਾਸ ਵਿੱਚ ਅਜਿਹੀ ਕਿਸੇ ਦਵਾਈ ਦਾ ਜ਼ਿਕਰ ਨਹੀਂ ਮਿਲਦਾ ਜਿਸ ਨਾਲ ਬਿਮਾਰੀ ਨੂੰ ਜੜੋਂ ਖਤਮ ਕੀਤਾ ਜਾ ਸਕਦਾ ਹੋਵੇ।

ਇਸ ਸਮੱਸਿਆ ਦਾ ਹੱਲ ਸਿਰਫ਼ ਆਯੁਰਵੇਦ ਅਤੇ ਪਰੰਪਰਾਗਤ ਘਰੇਲੂ ਇਲਾਜਾਂ ਵਿੱਚ ਲੱਭਿਆ ਜਾ ਸਕਦਾ ਹੈ। ਭਾਰਤੀ ਆਯੁਰਵੇਦ ਵਿੱਚ ਦੱਸੇ ਗਏ ਘਰੇਲੂ ਉਪਚਾਰ ਕਈ ਐਸੀ ਬਿਮਾਰੀਆਂ ਦਾ ਇਲਾਜ ਕਰਨ ਦੇ ਯੋਗ ਹਨ ਜੋ ਆਧੁਨਿਕ ਮੈਡੀਕਲ ਵਿਗਿਆਨ ਵੀ ਠੀਕ ਕਰਨ ਵਿੱਚ ਅਸਮਰੱਥ ਹੈ।

ਉਦਾਹਰਣ ਵਜੋਂ, ਸ਼ੂਗਰ ਨੂੰ ਕਾਬੂ ਕਰਨ ਲਈ ਜੀਵਨਸ਼ੈਲੀ ਵਿੱਚ ਬਦਲਾਅ, ਯੋਗ, ਪ੍ਰਾਣਾਯਾਮ ਅਤੇ ਖਾਣ-ਪੀਣ ਦੇ ਸਹੀ ਨਿਯਮਾਂ ਨੂੰ ਅਪਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਨਾਲ ਨਾ ਸਿਰਫ਼ ਸ਼ਰੀਰ ਨੂੰ ਦਵਾਈਆਂ ਤੋਂ ਛੁਟਕਾਰਾ ਮਿਲਦਾ ਹੈ, ਸਗੋਂ ਸ਼ਰੀਰ ਦੀ ਕੁਦਰਤੀ ਪ੍ਰਣਾਲੀ ਨੂੰ ਵੀ ਮਜਬੂਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਮਨੁੱਖੀ ਸ਼ਰੀਰ ਨੂੰ ਰੋਗ-ਰਹਿਤ ਬਣਾਇਆ ਜਾ ਸਕਦਾ ਹੈ ਅਤੇ ਤੰਦਰੁਸਤੀ ਨਾਲ ਲੰਮੀ ਉਮਰ ਜਿਆ ਜਾ ਸਕਦਾ ਹੈ।

ਇਸੇ ਤਰ੍ਹਾਂ, ਆਟੋਫੈਜੀ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਸ਼ਰੀਰ ਦੇ ਅੰਦਰਲੇ ਹਾਨੀਕਾਰਕ ਤੱਤਾਂ ਨੂੰ ਦੂਰ ਕਰਨ ਵਿੱਚ ਸਹਾਇਕ ਹੈ। ਆਟੋਫੈਜੀ ਦੇ ਅਧਾਰ 'ਤੇ ਖਾਣ-ਪੀਣ ਦੇ ਨਿਯਮ ਬਣਾਉਣ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਤਕਨੀਕ ਵਿੱਚ ਰਾਤ ਦੇ ਸਮੇਂ ਖਾਣਾ ਛੱਡ ਕੇ ਅਤੇ ਸਵੇਰੇ ਦੇ ਨਿਯਮਤ ਸਮੇਂ ਤੇ ਭੋਜਨ ਕਰਨ ਨਾਲ ਸਰੀਰ ਦੇ ਬੀਮਾਰ ਸੈਲ ਦੁਬਾਰਾ ਰੀਜਨਰੇਟ ਹੁੰਦੇ ਹਨ। ਇਹ ਪਾਰੰਪਰਿਕ ਖੁਰਾਕ ਦੇ ਨਿਯਮਾਂ ਨੂੰ ਮੁੜ ਜੀਵਿਤ ਕਰਨ ਦੀ ਲੋੜ ਹੈ। ਬਿਮਾਰੀਆਂ ਦੇ ਨਾਲ ਜੀਵਨ ਜਿਊਣਾ ਨਾ ਸਿਰਫ਼ ਸਰੀਰ ਲਈ ਹਾਨੀਕਾਰਕ ਹੈ, ਸਗੋਂ ਆਰਥਿਕ ਸਥਿਤੀ ਲਈ ਵੀ ਘਾਤਕ ਹੈ। ਅਜਿਹੇ ਲੋਕ ਆਪਣੀ ਕਮਾਈ ਦਾ ਵੱਡਾ ਹਿੱਸਾ ਦਵਾਈਆਂ ਤੇ ਖਰਚ ਕਰਦੇ ਹਨ। ਇਹਨਾਂ ਲੋਕਾਂ ਲਈ ਆਯੁਰਵੇਦ ਅਤੇ ਘਰੇਲੂ ਇਲਾਜ ਇੱਕ ਬਿਹਤਰ ਵਿਕਲਪ ਸਾਬਤ ਹੋ ਸਕਦੇ ਹਨ। ਪੈਸੇ ਦੀ ਲਾਲਸਾ ਦੇ ਨਸ਼ੇ ਵਿੱਚ ਫਸੇ ਮਨੁੱਖ ਨੂੰ ਹੁਣ ਇਹ ਸਮਝਣਾ ਹੋਵੇਗਾ ਕਿ ਬਿਨ੍ਹਾਂ ਸਿਹਤ ਵਾਲੀ ਜੀਵਨਸ਼ੈਲੀ ਨਾਲ ਉਹ ਆਪਣੀ ਹੀ ਜਿੰਦਗੀ ਨਾਲ ਖਿਲਵਾੜ ਕਰ ਰਿਹਾ ਹੈ।

ਸੋ, ਇਸ ਲੇਖ ਦਾ ਸਿਰਲੇਖ "ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ" ਇਸ ਤੱਥ ਨੂੰ ਬਿਆਨ ਕਰਦਾ ਹੈ ਕਿ ਮਨੁੱਖ ਆਪਣੇ ਸਰੀਰ ਅਤੇ ਸਿਹਤ ਦਾ ਜ਼ਿੰਮੇਵਾਰ ਆਪ ਹੀ ਹੈ। ਪੇਸ਼ੇ, ਪਰਿਵਾਰ, ਜਾਂ ਹੋਰ ਕਿਸੇ ਕਾਰਨ ਤੋਂ ਆਪਣੀ ਸਿਹਤ ਨਾਲ ਸਮਝੌਤਾ ਕਰਨਾ ਬੇਵਕੂਫ਼ੀ ਹੈ। ਇਸ ਲਈ ਇਹ ਸਮਾਂ ਹੈ ਆਪਣੇ ਸਰੀਰ ਨੂੰ ਪੂਰਨ ਤੌਰ ਤੇ ਸਮਰਪਿਤ ਕਰਨ ਦਾ ਅਤੇ ਯੋਗ-ਆਯੁਰਵੇਦ ਨਾਲ ਜੀਵਨ ਨੂੰ ਨਿਰੋਗ ਬਣਾਉਣ ਦਾ,ਜਿਸ ਨਾਲ ਮਨੁੱਖ ਨਿਰੋਗ ਜ਼ਿੰਦਗੀ ਦਾ ਆਨੰਦ ਮਾਣ ਸਕੇ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

## ਕੇਂਦਰੀ ਯੂਨੀਵਰਸਿਟੀ ਨੇ ਕੀਤਾ ਗੁਰਦਿਆਲ ਸਿੰਘ ਨੂੰ ਚੇਤੇ

**ਨਿੰਦਰ ਘੁਗਿਆਣਵੀ**



ਵਰੇ 2025 ਦਾ ਆਰੰਭ ਤੇ ਲੰਘੀ 10 ਜਨਵਰੀ ਨੂੰ ਪੰਜਾਬ ਦੇ ਸਿਰਮੌਰ ਨਾਵਲਕਾਰ, "ਪਦਮਸ਼੍ਰੀ" ਪ੍ਰੋਫੈਸਰ ਗੁਰਦਿਆਲ ਸਿੰਘ ਜੀ ਦਾ ਜਨਮ ਦਿਨ ਸੀ। ਗਿਆਨਪੀਠ, ਭਾਰਤੀ ਸਾਹਿਤ ਅਕਾਦਮੀ ਤੇ "ਪਦਮਸ਼੍ਰੀ" ਜਿਹੇ ਵੱਡੇ ਸਨਮਾਨਾਂ ਨਾਲ ਨਿਵਾਜੇ ਗਏ ਪ੍ਰੋਫੈਸਰ ਗੁਰਦਿਆਲ ਸਿੰਘ ਜੀ ਨੂੰ ਇਸ ਦਿਨ ਵੱਖ ਵੱਖ ਸਾਹਿਤਕ ਮੰਚਾਂ ਉਤੇ ਬੜੀ ਸ਼ਿੱਦਤ ਨਾਲ ਚੇਤੇ ਕੀਤਾ ਗਿਆ। ਉਨਾਂ ਦੇ ਜੱਦੀ ਸ਼ਹਿਰ ਜੈਤੋ ਮੰਡੀ ਵਿਚ ਵੀ ਇਕ ਸਮਾਰੋਹ ਹੋਇਆ, ਜਿਸ ਵਿਚ ਸਥਾਨਕ ਲੋਕ ਵੀ ਸ਼ਿਰਕਤ ਕਰਦੇ ਦਿਸੇ। ਪ੍ਰੋ ਗੁਰਦਿਆਲ ਸਿੰਘ ਨੇ ਆਪਣੀ ਸਾਰੀ ਉਮਰ ਇਸੇ ਮੰਡੀ ਵਿਚ ਕੱਟੀ। ਉਨਾਂ ਦੇ ਜਿਊਂਦੇ ਜੀਅ ਪੰਜਾਬ ਸਰਕਾਰ ਨੇ 'ਗੁਰਦਿਆਲ ਸਿੰਘ ਗਲਪ ਭਵਨ' ਵੀ ਬਣਾਇਆ ਤੇ ਉਨਾਂ ਦੇ ਘਰ ਨੂੰ ਜਾਂਦੇ ਰਾਹ ਦਾ ਨਾਂ 'ਗੁਰਦਿਆਲ ਸਿੰਘ ਮਾਰਗ' ਰੱਖਿਆ।

ਕੇਂਦਰੀ ਯੂਨੀਵਰਸਿਟੀ ਪੰਜਾਬ ਬਠਿੰਡਾ (ਘੁੱਦਾ) ਵਿਖੇ ਉਥੋਂ ਦੇ ਪੰਜਾਬੀ ਵਿਭਾਗ ਵੱਲੋਂ ਵਾਈਸ ਚਾਂਸਲਰ ਡਾ ਰਾਘਵੇਂਦਰ ਪ੍ਰਸ਼ਾਦਿ ਤਿਵਾੜੀ ਦੀ ਅਗਵਾਈ ਹੇਠ ਪ੍ਰੋਫੈਸਰ ਗੁਰਦਿਆਲ ਸਿੰਘ ਦੀ ਯਾਦ 'ਚ ਸੰਖੇਪ ਪਰ



ਪ੍ਰਭਾਵੀ ਸਾਹਿਤਕ ਸਮਾਰੋਹ ਕਰਵਾਇਆ ਗਿਆ। ਵਿਭਾਗ ਦੀ ਮੁਖੀ ਪ੍ਰੋ ਰਮਨਪ੍ਰੀਤ ਕੌਰ ਨੇ ਸਵਾਗਤੀ ਸ਼ਬਦਾਂ ਰਾਹੀਂ ਪ੍ਰੋਫੈਸਰ ਸਹਿਬ ਦੀ ਨਿਰੰਤਰ ਸਾਹਿਤਕ ਘਾਲਣਾ ਬਾਬਤ ਵਿਦਿਅਰਥੀਆਂ ਤੇ ਖੋਜਾਰਥੀਆਂ ਨੂੰ ਬਾਰੀਕੀ ਨਾਲ ਜਾਣੂੰ ਕਰਵਾਇਆ। ਪ੍ਰੋਫੈਸਰ ਰਮਨਪ੍ਰੀਤ ਨੇ ਆਖਿਆ ਕਿ ਗੁਰਦਿਆਲ ਸਿੰਘ ਆਪਣੀ ਲੋਕਾਈ ਦੇ ਲਿਖਾਰੀ ਸਨ। ਉਨਾਂ ਦੀ ਹਰ ਲਿਖਤ ਵਿਚ ਸਮਾਜ ਦਾ ਦਰਦ ਡੂੰਘਾ ਛੁਪਿਆ ਹੁੰਦਾ ਸੀ। ਉਹ ਸਮਾਜ ਦੇ ਅੜੇ ਥੁੜੇ ਲੋਕਾਂ ਦੀ ਗੱਲ ਆਪਣੀਆਂ ਲਿਖਤਾਂ ਵਿਚ ਕਰਦੇ ਰਹੇ। ਪ੍ਰੋਫੈਸਰ ਸਾਹਿਬ ਦੇ ਸਾਹਿਤਕ ਵਾਰਿਸ ਅਬੋਹਰ ਤੋਂ ਆਏ ਪ੍ਰੋ ਤਰਸੇਮ ਸ਼ਰਮਾ ਇਸ ਮੌਕੇ ਉਤੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨਾਂ ਨੇ ਪ੍ਰੋਫੈਸਰ ਸਾਹਿਬ ਨਾਲ 1991 ਤੋਂ ਲੈਕੇ ਉਨਾਂ ਦੇ ਆਖਰੀ ਵੇਲੇ ਤਕ ਬਿਤਾਏ ਆਪਣੇ ਯਾਦਗਾਰੀ ਸਮੇਂ ਨੂੰ ਹੁੱਭ ਕੇ ਯਾਦ ਕੀਤਾ। ਪ੍ਰੋ ਤਰਸੇਮ ਜੀ ਨੇ ਦੱਸਿਆ ਕਿ ਗੁਰਦਿਆਲ ਸਿੰਘ ਦੀ ਲਿਖਣ ਪ੍ਰਕਿਰਿਆ ਕਿਸ ਤਰਾਂ ਸ਼ੁਰੂ ਹੁੰਦੀ ਸੀ, ਉਹ ਇਕ ਇਕ ਰਚਨਾ ਨੂੰ ਵਾਰ ਵਾਰ ਸੋਧਦੇ ਥਕਦੇ ਅਕਦੇ ਨਹੀਂ ਸਨ। ਤਰਸੇਮ ਸ਼ਰਮਾ ਨੇ ਪ੍ਰੋ ਗੁਰਦਿਆਲ ਸਿੰਘ ਦੇ ਹਲੀਮੀ ਭਰੇ ਸੁਭਾਅ, ਮਿਲਵਰਤਨ, ਸਮਰਪਿਤ ਭਾਵਨਾ, ਆਪਣੇ ਸਮਕਾਲੀਆਂ ਪ੍ਰਤੀ ਉਨਾਂ ਦਾ ਆਦਰ ਭਰਿਆ ਵਿਵਹਾਰ ਆਦਿ ਪੱਖਾਂ ਬਾਰੇ ਵੀ ਵਿਦਿਆਰਥੀਆਂ ਤੇ ਖੋਜਾਰਥੀਆਂ ਨੂੰ ਜਾਣੂੰ ਕਰਵਾਇਆ ਮੰਚ ਸੰਚਾਲਨ ਡਾ ਅਮਨਦੀਪ ਬਰਾੜ ਨੇ ਕੀਤਾ। ਪ੍ਰੋਫੈਸਰ ਤਰਸੇਮ ਜੀ ਨੂੰ ਸਨਮਾਨਿਤ ਕਰਨ ਦੀ ਰਸਮ ਵਿਭਾਗ ਦੇ ਸਮੂਹ ਪ੍ਰੋਫੈਸਰ ਸਹਿਬਾਨ ਨੇ ਅਦਾ ਕੀਤੀ। ਕੇਂਦਰੀ ਯੂਨੀਵਰਸਿਟੀ ਪੰਜਾਬ ਬਠਿੰਡਾ ਦੇ ਵਾਈਸ ਚਾਂਸਲਰ ਡਾ ਤਿਵਾੜੀ ਨੇ ਆਖਿਆ ਕਿ ਉਨਾਂ ਦੀ ਯੂਨੀਵਰਸਿਟੀ ਪੰਜਾਬ ਦੇ ਪ੍ਰਮੁੱਖ ਲੇਖਕਾਂ, ਕਲਾਕਾਰਾਂ ਤੇ ਵਿਦਵਾਨਾਂ ਦੀ ਯਾਦ ਵਿਚ ਪ੍ਰੋਗਰਾਮ ਕਰਵਾਉਣ ਨੂੰ ਪਹਿਲ ਦੇਵੇਗੀ।

# ਕਾਵਿ-ਕਿਆਰੀ

## ਪਰਖ

ਨਾ ਸਾਰੇ ਲੋਕ ਹੀ ਚੰਗੇ ਹੁੰਦੇ,
'ਤੇ ਨਾ ਹੁੰਦੇ ਸਾਰੇ ਮਾੜੇ,
ਇਹ ਤਾਂ ਲੋਕੋ ਆਪਣੀ ਆਪਣੀ,
ਸਮਝ ਦੇ ਹੀ ਨੇ ਪੁਆੜੇ।

ਕਿਹੜਾ ਕਿਸ ਦੇ ਕਿਹੜੇ ਪੱਖੋਂ,
ਸਿਫਤਾਂ ਦੇ ਪੁਲ਼ ਬੰਨ੍ਹੇ,
ਕਿਹੜਾ ਆਪਣੀ ਭੈੜੀ ਨੀਤ ਨਾਲ,
ਨਿੱਤ ਕਿਸੇ ਨੂੰ ਤਾੜੇ।

ਕਿਸੇ ਨੂੰ ਤਾਂ ਮਾਂਹ ਵਾਦੀ ਕਰਦੇ,
ਕਿਸੇ ਨੂੰ ਹੋਣ ਮੁਫਾਦੀ,
ਕੋਈ ਖਾਵੇ ਕੌੜ ਕਰੇਲੇ ਵੀ,
ਲਾ ਲਾ ਕੇ ਚਟਕਾਰੇ।

ਆਪਣੇ ਆਪਣੇ ਗਜ਼ ਨਾਲ ਮਾਪਣ,
ਸਾਰੇ ਇੱਕ ਦੂਜੇ ਨੂੰ,
ਇਸੇ ਲਈ ਵਖਰੇਵੇਂ ਦੇ ਹਰ ਦਿਨ,
ਵਧਦੇ ਜਾਵਣ ਪਾੜੇ।

ਜੇ ਕੋਈ ਕਿਸੇ ਦੇ ਸੌ ਕੰਮ ਸਾਰੇ,
ਪਰ ਇੱਕ ਸਾਰ ਨਾ ਸਕੇ,
ਲੋਕੀ ਸੌ ਵੀ ਝੱਟ ਭੁੱਲ ਜਾਂਦੇ,
'ਤੇ ਉਪਕਾਰੀ ਜਾਂਦੇ ਲਿਤਾੜੇ।

ਨਾਇਕ ਤੋਂ ਖਲਨਾਇਕ ਬਣਾ ਕੇ,
ਦੁਨੀਆ ਨੇ ਕਈ ਛੱਡੇ,
ਇਸ ਦੁਨੀਆ ਨੇ ਬੇਗਿਣਤ ਹੀ,
ਵਸਦੇ ਰਹਿਬਰ ਉਜਾੜੇ।

ਮਨੁੱਖਤਾ ਨੂੰ ਪਰਖਣ ਦੇ ਵਿੱਚ,
ਮਨੁੱਖ ਹੀ ਕਰਦਾ ਧੋਖਾ,
ਹੈ ਕੋਈ ਐਸਾ ਸੱਚਾ ਇਨਸਾਫੀ,
ਜੋ ਦੁੱਧ 'ਤੇ ਪਾਣੀ ਨਿਤਾਰੇ?

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ



ਗ਼ਜ਼ਲ

## ਤੂੰ ਆਪ ਬੁਲਾਇਆ

ਤੂੰ ਆਪ ਬੁਲਾਇਆ ਕੋਲ ਫਕੀਰਾ,
ਹੁਣ ਕੁਝ ਤਾਂ ਮੂੰਹੋਂ ਬੋਲ ਫਕੀਰਾ।
ਉਸ ਵਿੱਚੋਂ ਸਾਨੂੰ ਵੀ ਕੁਝ ਦੇ ਦੇ,
ਜੋ ਕੁਝ ਹੈ ਤੇਰੇ ਕੋਲ ਫਕੀਰਾ।
ਦੁੱਖਾਂ ਨੇ ਇਸ ਨੂੰ ਖਾਧਾ ਵਿੱਚੋਂ,
ਬਣਿਆਂ ਸਾਡਾ ਤਨ ਖੋਲ਼ ਫਕੀਰਾ।
ਇਹ ਪਲ, ਪਲ ਪਿੱਛੋਂ ਬਦਲੀ ਜਾਵੇ,
ਦੁਨੀਆਂ ਹੈ ਏਨੀ ਗੋਲ ਫਕੀਰਾ।
ਦੋਸਤ ਸਾਡੇ ਬੜੇ ਖੁਸ਼ ਲੱਗਦੇ ਨੇ,
ਮਿੱਟੀ ਵਿੱਚ ਸਾਨੂੰ ਰੋਲ ਫਕੀਰਾ।
ਤੂੰ ਵੀ ਸਾਡੇ ਵਾਂਗ ਦੁਖੀ ਲੱਗੇਂ,
ਤੂੰ ਆਪਣੇ ਦੁੱਖ ਲੈ ਫੋਲ ਫਕੀਰਾ।
ਆ ਕੋਈ ਹੀਲਾ ਕਰੀਏ ਰਲ ਕੇ,
ਭਰਨ ਲਈ ਆਪਣੀ ਝੋਲ ਫਕੀਰਾ।

ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐਮ
9915803554



## ਕਵਿਤਾ



ਕਦੀ ਘੱਟ ਕਦੀ ਵੱਧ ਤੇ ਕਮਾਈ ਹੁੰਦੀ ਏ
ਹੋ ਕੇ ਕਰੀਏ ਜੇ ਖੁਸ਼ ਦੂਨ ਸਵਾਈ ਹੁੰਦੀ ਏ
ਹੋਵੇ ਭਾਵੇਂ ਆਪਣਾ ਜਾਂ ਹੋਵੇ ਇਹ ਕਿਰਾਏ ਦਾ
ਦਿਲ ਖੁਸ਼ ਹੋ ਜਾਵੇ ਘਰ ਵਿੱਚ ਆਏ ਦਾ
ਦਿਲ ਵਿੱਚ ਗੱਲ ਨਹੀਂ ਕੋਈ ਚਾਹੀਦੀ ਜੀ ਰੱਖਣੀ
ਗੁੱਸਾ ਇਕ ਦੂਜੇ ਉੱਤੇ ਫੱਟਣਾ ਨਹੀਂ ਚਾਹੀਦਾ
ਪੈਸਾ ਧੇਲਾ ਘੱਟ ਜਾਵੇ ਕੋਈ ਗੱਲ ਨਹੀਂ
ਹਾਸਾ ਜੀਆਂ ਦਿਆਂ ਚਿਹਰਿਆਂ ਤੋਂ ਘੱਟਣਾ ਨਹੀਂ ਚਾਹੀਦਾ

ਜਿਹੜੇ ਘਰ ਹਾਸੇ ਓਥੇ ਬਰਕਤਾਂ ਵੀ ਹੁੰਦੀਆਂ
ਜਿੱਥੇ ਰਹੇ ਸਦਾ ਸਾਂਝਾ ਕੀ ਕਰੂ ਨਗਾਂ ਮੁੰਦੀਆਂ
ਵੱਡੇ ਪਰਿਵਾਰ ਪਹਿਲੇ ਕਿੰਨੇ ਸੀ ਗੇ ਹੱਸ ਦੇ
ਨਹੀਂ ਸੀ ਆਉਂਦੀ ਕੋਈ ਬਿਮਾਰੀ ਨੇ ਬਜ਼ੁਰਗ ਹੁਣ ਦੱਸ ਦੇ
ਛੋਟੀ ਮੋਟੀ ਗੱਲ ਨੂੰ ਨਹੀਂ ਚਾਹੀਦਾ ਜੀ ਗੌਲਣਾ
ਦੁੱਖ ਸੁਖ ਵਿੱਚ ਪਿੱਛੇ ਹੱਟਣਾ ਨਹੀਂ ਚਾਹੀਦਾ
ਪੈਸਾ ਧੇਲਾ ਘੱਟ ਜਾਵੇ ਕੋਈ ਗੱਲ ਨਹੀਂ
ਹਾਸਾ ਜੀਆਂ ਦਿਆਂ ਚਿਹਰਿਆਂ ਤੋਂ ਘੱਟਣਾ ਨਹੀਂ ਚਾਹੀਦਾ


ਪੈਂਦਾ ਨਹੀਂ ਦਿਮਾਗ ਉੱਤੇ ਲੋਡ ਗੱਲ ਕਰੀਏ
ਜੇ ਹੋਵੇ ਪਰੇਸ਼ਾਨੀ ਗੱਲ ਜੀਆਂ ਵਿੱਚ ਧਰੀਏ
ਗੱਲਾਂ ਗੱਲਾਂ ਵਿੱਚੋਂ ਕਹਿੰਦੇ ਲੱਭ ਜਾਂਦੇ ਹੱਲ ਨੇ
ਆਪਣੇ ਹੀ ਹੁੰਦੇ ਕਾਹਤੋਂ ਓਹਨਾਂ ਕੋਲੋਂ ਡਰੀਏ
ਸਾਂਝ ਤੇ ਪਿਆਰ ਵਿੱਚ ਰੱਬ ਵੱਸ ਦਾ
ਪਹਾੜਾ ਰੱਬ ਨੂੰ ਰਸਾਉਣ ਵਾਲਾ ਰੱਟਣਾ ਨਹੀਂ ਚਾਹੀਦਾ
ਪੈਸਾ ਧੇਲਾ ਘੱਟ ਜਾਵੇ ਕੋਈ ਗੱਲ ਨਹੀਂ
ਹਾਸਾ ਜੀਆਂ ਦਿਆਂ ਚਿਹਰਿਆਂ ਤੋਂ ਘੱਟਣਾ ਨਹੀਂ ਚਾਹੀਦਾ

ਲੇਖਕ - ਸੁਖਬੀਰ ਸਿੰਘ (JSR)

## ਕਵਿਤਾ

**ਇਸ ਕਰਕੇ ਮੈਂ ਕੱਲਾ ਤੁਰ ਪਿਆ ਹਾਂ,**
**ਮੈਂ ਸੁਣਿਆ ਰੱਬ ਹੁੰਦਾ ਬੰਦੇ ਕੱਲੇ ਨਾਲ।**
**ਮੂਰਖ ਲੋਕਾਂ ਤੁਸੀਂ ਕਿਉ ਝਗੜੇ ਦੇ ਹੋ ਲੋਕਾਂ ਨਾਲ,**
**ਡੰਡੇ ਵਾਲੇ ਨਾਲ ਕਿਉਂ ਨੀਂ ਨਿਬੇੜਦੇ ਡੰਡੇ ਨਾਲ।**
**ਜੇ ਸੱਜਣਾ ਤੂੰ ਹੱਥ ਮੇਰੇ ਮੋਢੇ 'ਤੇ ਰੱਖ ਦੇਵੇ,**
**ਫੇਰ ਮੈਂ ਵੇਖ ਲਵਾਂਗਾ ਕੱਲਾ ਕੱਲੇ ਨਾਲ।**
**ਸੱਜਣਾ ਐਵੇਂ ਨਾ ਝੱਲਾ ਹੋ ਅਜੇ,**
**ਅਜੇ 'ਤੇ ਦਿਲ ਹੀ ਵਟਾਇਆ ਏ ਛੱਲੇ ਨਾਲ।**
**ਜਦੋਂ ਦਾ ਹਨੇਰਾ ਕਰਕੇ ਕਿਸੇ ਦੇ ਘਰ ਦਾ ਚਾਨਣ ਬਣਿਆ,**
**ਉਦੋਂ ਦਾ ਵੈਰ ਪੈ ਗਿਆ, ਤੇਰੇ ਪਿੰਡ ਮੱਲੇ ਨਾਲ।**
**ਜੇ ਬੰਦਾ ਗੁਰੂ ਘਰ ਜਾਕੇ ਬੰਦਾ ਬਣ ਜਾਂਦਾ,**
**ਜਿੰਦਰੇ ਕਦੇ ਨਾ ਲਟਕਦੇ ਗੁਰੂ ਦੇ ਗੱਲੇ ਨਾਲ।**
**ਚੁਸਤ ਚਲਾਕੀਆਂ ਵਾਲਿਆਂ ਤੋਂ ਰੱਬ ਦੂਰ ਹੁੰਦਾ,**
**ਰੱਬ ਤੁਰਦਾ ਸਦਾ ਬੰਦੇ ਝੱਲੇ ਨਾਲ਼।**
**ਬੰਦਾ ਰੱਬ ਬਣਕੇ ਜਦੋਂ ਰੱਬ ਮੂਹਰੇ ਖੜਦਾ,**
**ਰੱਬ ਨਿਬੇੜ ਦਿੰਦਾ ਸਭ ਕੁੱਝ ਇੱਕ ਹੱਲੇ ਨਾਲ।**
**ਉਹ ਬੰਦਾ ਜ਼ਿੰਦਗੀ 'ਚੋ ਕਦੇ ਫੇਲ੍ਹ ਨੀਂ ਹੁੰਦਾ,**
**ਜਿਹੜਾ ਚੰਡਿਆ ਹੁੰਦਾ ਮਾਪਿਆਂ ਨੇ ਥਾਪੀ 'ਤੇ ਬੱਲੇ ਨਾਲ,**
**ਆਪ 'ਤੇ ਤੂੰ ਕਿਸੇ ਦੇ ਵਿਹੜੇ ਫੁੱਲ ਬਣ ਕੇ ਲੱਗ ਗਿਆ,**
**ਹੰਝੂ ਹੌਕੇ ਬੰਨ ਗਿਆ "ਰਾਣੇ" ਦੇ ਪੱਲੇ ਨਾਲ।**

ਰਣਵੀਰ ਸਿੰਘ ਰਾਣਾ



* * * * * *

ਕਾਵਿ-ਵਿਅੰਗ

## ਦਿੱਲੀ ਵਿਚ ਚਿੱਕੜ ?

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



'ਆਪ' ਹਾਈਕਮਾਂਡ ਨੇ ਹੁਕਮ ਕਰਿਆ
ਦਿੱਲੀ ਹਾਜ਼ਰ 'ਪੰਜਾਬ ਸਰਕਾਰ' ਹੋਵੇ।
ਪਿੱਛੇ ਅਮਨ-ਕਾਨੂੰਨ ਦਾ 'ਫਿਕਰ' ਛੱਡੋ
'ਗਲ਼ੀ ਗਲ਼ੀ' ਵਿਚ ਚੋਣ-ਪ੍ਰਚਾਰ ਹੋਵੇ।
'ਸੁਪਨਾ' ਅੱਖਾਂ ਵਿਚ ਕੇਂਦਰੀ ਹਾਕਮਾਂ ਦੇ
ਸੀ.ਐਮ ਇੱਥੇ ਵੀ ਫਰਮਾਂਬਰਦਾਰ ਹੋਵੇ।
ਨੱਕ ਹੇਠਾਂ ਹੀ ਰਾਜ 'ਕੋਈ ਹੋਰ' ਕਰਦਾ
ਐਸਾ ਸੈਂਟਰ ਨੂੰ ਕਿੱਦਾਂ 'ਦਰਕਾਰ' ਹੋਵੇ।
'ਝਾੜੂ-ਪੰਜਾ' ਜੋ 'ਇੰਡੀਆ' ਵਿਚ ਸਾਥੀ
ਪੱਬਾਂ ਭਾਰ ਨੇ ਆਪਸ 'ਚ ਭਿੜਨ ਦੇ ਲਈ।
ਅੱਡੀ ਚੋਟੀ ਦਾ ਕਮਲ ਨੇ ਜੋਰ ਲਾਇਆ
ਚਿੱਕੜ ਲੋੜਦਾ ਦਿੱਲੀ 'ਚ ਖਿੜਨ ਦੇ ਲਈ!

## ਸਮੇਂ ਤੋਂ ਸਬਕ

ਯਾਦਾਂ ਨੇ ਕੁੱਝ ਅਤੀਤ ਦੀਆਂ,
ਜੋ ਵੀਹ ਚੌਵੀ ਨੇ ਸਾਨੂੰ ਦਿੱਤੀਆਂ ਨੇ,
ਕਿੰਨੀਆਂ ਇਨ੍ਹਾਂ ਚੋਂ ਕੌੜੀਆਂ ਸਨ,
ਤੇ ਕਿੰਨੀਆਂ ਸ਼ਹਿਦ ਤੋਂ ਮਿੱਠੀਆਂ ਨੇ।

ਕਿਸ ਨੇ ਕਿਸ ਨੂੰ ਕਿਸ ਵੇਲੇ,
ਪਿਆਰ ਦਾ ਤੋਹਫਾ ਦਿੱਤਾ ਸੀ,
ਅਤੇ ਕਿਸ ਨੇ ਕਿਸ ਨੂੰ ਹਰ ਵੇਲੇ,
ਬੱਸ ਬਦ ਦੁਆਵਾਂ ਹੀ ਲਿਖੀਆਂ ਨੇ।

ਕਿੰਨੇ ਦੋਸਤ ਛੱਡ ਕੇ ਚਲੇ ਗਏ,
ਕਿੰਨੇ ਨਵਿਆਂ ਨੇ ਹੱਥ ਵਧਾਏ ਨੇ,
ਕਿੰਨਿਆਂ ਨੇ ਚੱਲਦੀ ਜ਼ਿੰਦਗੀ ਨੂੰ,
ਨਿੱਤ ਨੇਕ ਸਲਾਹਾਂ ਦਿੱਤੀਆਂ ਨੇ।

ਕਿੰਨੀਆਂ ਹੀ ਮਾਸੂਮ ਜਿੰਦਾਂ ਦੇ,
ਹੱਥ ਮਾਵਾਂ ਹੱਥੋਂ ਛੁੱਟ ਗਏ,
ਤੇ ਕਿੰਨੇ ਨਵ ਜਨਮੇਂ ਫੁੱਲਾਂ ਨੇ,
ਨਵੀਆਂ ਗੋਦਾਂ ਭਰ ਸਿੱਟੀਆਂ ਨੇ।

ਕਈਆਂ ਦੀਆਂ ਝੋਲੀਆਂ ਰੱਜ ਰੱਜ ਕੇ,
ਸੱਧਰਾਂ ਉਮੰਗਾਂ ਸੰਗ ਭਰੀਆਂ,
ਕੁੱਝ ਤਰਸ ਤਰਸ ਕੇ ਖੁਸ਼ੀਆਂ ਬਿਨ,
ਕਿੰਨੀਆਂ ਹੀ ਚੁੰਨੀਆਂ ਭਿੱਜੀਆਂ ਨੇ।

ਮਰਜੀਵੜੇ ਕਈ ਪਾਕ ਜਜ਼ਬਿਆਂ ਨੂੰ,
ਪ ?ਣਾ ਕੇ ਬਾਜ਼ੀ ਹਾਰ ਗਏ,
ਕਈਆਂ ਦੀਆਂ ਹਾਲੇ ਵੀ ਮੰਜ਼ਿਲਾਂ ਤੇ,
ਗਹਿਰੀਆਂ ਨਜ਼ਰਾਂ ਟਿਕੀਆਂ ਨੇ।

ਮੁਕਾਬਲੇ ਸਮੇਂ ਨਾਲ ਬੰਦੇ ਦੇ,
ਜਿਉਂਦੇ ਜੀ ਕਦੀ ਵੀ ਮੁੱਕਦੇ ਨਹੀਂ,
ਮਸਾਣਾਂ ਵਿੱਚ ਪਹੁੰਚ ਕੇ ਲੋਥਾਂ ਅੰਤ,
ਖ਼ਾਕ, ਰਾਖ ਦੇ ਭਾਅ ਹੀ ਵਿਕੀਆਂ ਨੇ।

ਸਮਿਆਂ ਦੇ ਬੜੇ ਸਵਾਲ ਕਈ
ਜਵਾਬ ਉਡੀਕਣ ਬੰਦਿਆਂ ਤੋਂ,
ਤੁਸੀਂ ਕਿਹੜੇ ਭੁਲੇਖਿਆਂ ਵਿੱਚ ਫਸ ਕੇ,
ਨਫਰਤਾਂ ਕੰਧਾਂ 'ਤੇ ਲਿਖੀਆਂ ਨੇ।

ਸਬਕ ਤਾਂ ਬੜੇ ਹੀ ਸੌਖੇ ਨੇ,
ਜੇ ਸਿੱਖਣੇ ਚਾਹੇਂ ਤੂੰ ਭੁੱਲੜਾ ਉਏ,
ਨਹੀਂ ਤਾਂ ਹਸ਼ਰ ਦੀਆਂ ਵਿਧੀਆਂ,
ਤੇਰੇ ਲਈ ਪਹਿਲਾਂ ਹੀ ਵਿੱਢੀਆਂ ਨੇ।

ਰਵਿੰਦਰ ਸਿੰਘ
ਕੁੰਦਰਾ
ਕੌਵੈਂਟਰੀ ਯੂ ਕੇ

# ਕੇਜਰੀਵਾਲ ਦੀ ਕਾਰ ਉੱਤੇ ਦੋ ਨੌਜਵਾਨਾਂ ਵਲੋਂ ਇੱਟਾਂ-ਰੋੜਿਆਂ ਨਾਲ ਹਮਲਾ

## ✪ ਭਾਜਪਾ ਨੂੰ 'ਆਪ' ਨੇ ਦੋਸ਼ੀ ਠਹਿਰਾਇਆ





ਨਵੀਂ ਦਿੱਲੀ-ਆਮ ਆਦਮੀ ਪਾਰਟੀ (ਆਪ) ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਕਾਰ ਉੱਤੇ ਕਥਿਤ ਇੱਟਾਂ- ਰੋੜਿਆਂ ਨਾਲ ਹਮਲਾ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਭਾਜਪਾ ਵੱਲੋਂ ਅਗਾਮੀ ਅਸੈਂਬਲੀ ਚੋਣਾਂ ਵਿਚ ਹਾਰ ਦੇ ਡਰ ਕਰਕੇ ਕੇਜਰੀਵਾਲ ਦੀ ਜਾਨ ਲੈਣ ਲਈ ਸਾਜ਼ਿਸ਼ ਘੜੀ ਜਾ ਰਹੀ ਹੈ।

'ਆਪ' ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਆਪਣੀ ਹਾਰ ਨੂੰ ਦੇਖਦਿਆਂ ਭਾਜਪਾ ਇੰਨੀ ਘਬਰਾ ਗਈ ਹੈ ਕਿ ਉਹ ਕੇਜਰੀਵਾਲ ਦੀ ਜਾਨ ਲੈਣ ਲਈ ਅਜਿਹੇ ਹਮਲਿਆਂ ਦਾ ਸਹਾਰਾ ਲੈਣ ਲੱਗੀ ਹੈ। ਕੀ ਭਾਜਪਾ ਕੇਜਰੀਵਾਲ ਦੀ ਹੱਤਿਆ ਕਰਕੇ ਦਿੱਲੀ ਦੇ ਲੋਕਾਂ ਲਈ ਕੀਤੇ ਕੰਮਾਂ ਦਾ ਬਦਲਾ ਲੈਣਾ ਚਾਹੁੰਦੀ ਹੈ?"

ਉਧਰ ਨਵੀਂ ਦਿੱਲੀ ਅਸੈਂਬਲੀ ਹਲਕੇ ਤੋਂ ਭਾਜਪਾ ਉਮੀਦਵਾਰ ਪਰਵੇਸ਼ ਵਰਮਾ ਨੇ ਕਿਹਾ ਕਿ ਕੇਜਰੀਵਾਲ ਦੀ ਕਾਰ ਨੇ ਦੋ ਨੌਜਵਾਨਾਂ, ਜੋ ਉਨ੍ਹਾਂ ਨੂੰ ਦਿੱਲੀ ਦੇ ਵਿਕਾਸ ਬਾਰੇ ਸਵਾਲ ਪੁੱਛ ਰਹੇ ਸਨ, ਨੂੰ ਟੱਕਰ ਮਾਰੀ ਸੀ। ਵਰਮਾ ਨੇ ਕਿਹਾ ਕਿ ਸਾਹਮਣੇ ਹਾਰ ਦੇਖ ਕੇ ਉਹ ਲੋਕਾਂ ਦੀ ਜਾਨ ਦੀ ਕੀਮਤ ਭੁੱਲ ਗਏ ਹਨ।

ਪੰਜਾਬ ਟਾਈਮਜ ਅਨੁਸਾਰ ਫੋਟੋ ਦਰਸਾ ਰਹੀ ਹੈ ਕਿ ਕੇਜਰੀਵਾਲ ਨੌਜਵਾਨਾਂ ਦੇ ਸੁਆਲ ਦਾ ਜਵਾਬ ਦੇਣ ਦੀ ਥਾਂ ਕਾਰ ਦੌੜਾ ਰਹੇ ਹਨ। ਸੁਆਲ ਪੁਛਣ ਦੇ ਸਭਿਆਚਾਰ ਤੋਂ ਸ਼ੁਰੂ ਹੋਈ ਪਾਰਟੀ ਆਪ ਹੀ ਭਗੌੜੀ ਹੈ। ਸਿਆਸੀ ਮਾਹਿਰਾਂ ਅਨੁਸਾਰ ਕੇਜਰੀਵਾਲ ਵਿਕਾਸ ਕਾਰਜਾਂ ਵਿਚ ਗੱਪੀ ਸਾਬਤ ਹੋਏ ਹਨ। ਪੰਜਾਬ ਵਿਚ ਉਨ੍ਹਾਂ ਦੀ ਸਤਾ ਦੌਰਾਨ ਗੈਂਗਸਟਰ, ਨਸ਼ੇ, ਕਰਾਈਮ, ਕਰਜ਼ੇ ਵਧ ਚੁਕੇ ਹਨ। ਪੰਜਾਬ ਦੇ ਲੁਟੇ ਜਾ ਰਹੇ ਹੱਕਾਂ ਬਾਰੇ ਉਨ੍ਹਾਂ ਕੋਈ ਆਵਾਜ਼ ਨਹੀਂ ਉਠਾਈ। ਦਿੱਲੀ ਦੇ ਲੋਕ ਵੀ ਕੇਜਰੀਵਾਲ ਦੀ ਸਤਾ ਤੋਂ ਖੁਸ਼ ਨਹੀਂ ਹਨ।

-ਮਾਮਲਾ ਕਾਰ ਲੁੱਟ ਦੇ ਇੱਕ ਦੋਸ਼ੀ ਨੂੰ ਗ੍ਰਿਫਤਾਰੀ ਤੋਂ ਬਚਾਉਣ ਦਾ-

## ਪੁਲਿਸ ਟੀਮ 'ਤੇ ਹਮਲਾ ਕਰਨ ਵਾਲੇ ਸਰਪੰਚ, ਪੰਚ ਅਤੇ ਹੋਰ ਪਿੰਡ ਦੇ ਲੋਕਾਂ ਖਿਲਾਫ਼ ਮਾਮਲਾ ਦਰਜ

ਲੁਧਿਆਣਾ-ਲੁਧਿਆਣਾ ਵਿੱਚ ਕਾਰ ਲੁੱਟ ਦੇ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਗਈ ਪੁਲਿਸ ਟੀਮ 'ਤੇ ਹਥਿਆਰਾਂ ਨਾਲ ਹਮਲਾ ਕਰਨ ਵਾਲੇ ਸਰਪੰਚ, ਪੰਚ ਅਤੇ ਹੋਰ ਪਿੰਡ ਕਮਾਲਪੁਰ ਦੇ ਲੋਕਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਹਠੂਰ ਪੁਲਿਸ ਨੇ ਇਸ ਮਾਮਲੇ ਵਿੱਚ ਪਿੰਡ ਦੇ ਸਰਪੰਚ ਮਨਦੀਪ ਸਿੰਘ, ਪੰਚ ਪੰਮਾ, ਸਿਮਰਜੀਤ ਸਿੰਘ, ਹਰਜੀਤ ਸਿੰਘ ਸਮੇਤ ਕੁੱਲ 16 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਹਮਲੇ ਵਿਚ ਛੋਟਾ ਥਾਣੇਦਾਰ ਤਰਸੇਮ ਸਿੰਘ ਅਤੇ ਵਡਾ ਥਾਣੇਦਾਰ ਹਰਸ਼ਵੀਰ ਸਿੰਘ ਦੋਵੇਂ ਅਧਿਕਾਰੀ ਗੰਭੀਰ ਜ਼ਖ਼ਮੀ ਹੋ ਗਏ ਸਨ। ਮੁਖ ਮੁਲਜ਼ਮ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਪਰ ਪੁਲਿਸ ਨੇ ਬਹੁਤ ਹੀ ਹੁਸ਼ਿਆਰੀ ਨਾਲ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਸੀ।



# ✶ ਮਿੰਨੀ ਕਹਾਣੀਆਂ ✶

## ਸਿਆਪਾ !

ਨੀਂ ਅੰਜਨਾ ! ਤੂੰ ਆਉਣਾ ਨਹੀਂ ਨਾਨਕੇ ? ਤੂੰ ਤਾਂ ਕਹਿੰਦੀ ਸੀ ਕਿ ਛੁੱਟੀਆਂ 'ਚ ਆਊਂਗੀ। ਹੁਣ ਤਾਂ ਛੁੱਟੀਆਂ ਵੀ ਥੋੜੀਆਂ ਰਹਿ ਗਈਆਂ ਹੋਣੀਆਂ। ਮੈਂ ਤਾਂ ਡੀਕ-ਡੀਕ ਕੇ ਥੱਕ ਗਈ। ਅੰਜਨਾ ਦੀ ਨਾਨੀ ਨੇ ਫ਼ੋਨ ਤੇ ਰੋਸਾ ਜਿਹਾ ਕੀਤਾ। ਹਾਂ ਨਾਨੀ ਜੀ ! ਛੇਤੀ ਆਵਾਂਗੀ। ਅੰਜਨਾ ਨੇ ਨਾਨੀ ਜੀ ਦਾ ਦਿਲ ਰੱਖਣ ਵਾਲਾ ਜਵਾਬ ਦਿੱਤਾ। ਨੀਂ ਹੋ ਕੀ ਗਿਆ ਤੈਨੂੰ। ਤੂੰ ਤਾਂ ਮੇਰੀ ਐਨੀ ਲਾਡਲੀ ਧੀ ਏਂ। ਅੱਜ ਤਾਂ ਬੋਲਦੀ ਵੀ ਨਹੀਂ ਚੱਜ ਨਾਲ। ਨਾਨੀ ਨੇ ਓਹਦੇ ਰੁੱਖੇ ਜਿਹੇ ਜਵਾਬ ਤੋਂ ਦੁੱਖੀ ਹੁੰਦਿਆਂ ਕਿਹਾ। ਨਹੀਂ, ਨਾਨੀ ਜੀ, ਇਹੋ ਜਿਹੀ ਕੋਈ ਗੱਲ ਨਹੀਂ। ਆਹ ਛੁੱਟੀਆਂ ਦਾ ਸਿਆਪਾ ਹੀ ਨਹੀਂ ਨਿੱਬੜਦਾ। ਹੋਰ ਭਲਾ ਕੀ ਕਰਾਂ। ਕਿਵੇਂ ਆਵਾਂ ? ਦਿਲ ਤਾਂ ਕਰਦਾ ਸੀ ਕਿ ਛੁੱਟੀਆਂ ਹੋਣਗੀਆਂ ਤਾਂ ਕੁਝ ਚੈਨ ਮਿਲੂ। ਤੁਹਾਡੇ ਕੋਲ ਆਵਾਂਗੇ, ਘੁੰਮਾਂਗੇ, ਫਿਰਾਂਗੇ ਤੇ ਮਸਤੀ ਕਰਾਂਗੇ। ਅੰਜਨਾ ਫ਼ੇਰ ਹਤਾਸ਼ ਜਿਹੀ ਬੋਲੀ।

ਸੁੱਖ ਬੋਲ ਧੀਏ ! ਸਿਆਪਾ ਕਾਹਦਾ ਹੋ ਗਿਆ ਭਲਾਂ ! ਦੱਸ ਮੈਨੂੰ ਛੇਤੀ-ਛੇਤੀ। ਮੇਰਾ ਤਾਂ ਦਿਲ ਹੀ ਬੈਠਾ ਜਾ ਰਿਹਾ।

ਕੁਝ ਨਹੀਂ ਨਾਨੀ ਜੀ। ਬੱਸ ਸਕੂਲ ਦਾ ਕੰਮ ਕਰ ਰਹੀ ਹਾਂ। ਜਿੱਦਣ ਦੀਆਂ ਛੁੱਟੀਆਂ ਹੋਈਆਂ, ਉੱਦਣ ਦੀ ਲੱਗੀ ਹੋਈ ਹਾਂ, ਹਜੇ ਬਹੁਤ ਬਾਕੀ ਹੈ। ਸੋਚਿਆ ਸੀ ਕਿ ਛੇਤੀ ਕੰਮ ਮੁਕਾ ਕੇ ਆਵਾਂਗੀ ਤੁਹਾਡੇ ਕੋਲ, ਸਾਰੇ ਘਰਦਿਆਂ ਨਾਲ਼। ਨਾਲੇ ਕੋਈ ਕੰਮ ਸਿਖਾਂਗੀ ਨਵਾਂ। ਪਰ..... ! ਅੰਜਨਾ ਚੁੱਪ ਕਰ ਗਈ।

ਏਡਾ ਕੰਮ ਕਿਹੜਾ ਹੈ ਧੀਏ, ਜਿਹੜਾ ਖ਼ਤਮ ਹੀ ਨਹੀਂ ਹੋ ਰਿਹਾ। ਨਾਨੀ ਹੈਰਾਨ ਹੋ ਗਈ।......... ! ਅੱਛਾ ਇੰਝ ਕਰ ਨਾਲ਼ ਲੈ ਆ ਤੂੰ ਆਪਣੇ ਕੰਮ ਨੂੰ ਵੀ। ਏਥੇ ਕਰ ਲਵੀਂ ਬਾਕੀ ਦਾ। ਕੰਮ ਤਾਂ ਪੁੱਤ ਦਿੰਦੇ ਈ ਹੁੰਦੇ ਮਾਸਟਰ ! ਨਾਨੀ ਨੇ ਅੰਜਨਾ ਨੂੰ ਸਲਾਹ ਦਿੱਤੀ। ਨਹੀਂ, ਨਾਨੀ ਜੀ ! ਹੁਣ ਪਹਿਲਾਂ ਵਾਂਗ ਸਿਰਫ਼ ਲਿਖਣਾ ਤੇ ਪੜ੍ਹਨਾ ਨਹੀਂ ਹੁੰਦਾ। ਅੰਜਨਾ ਫ਼ੇਰ ਢਿੱਲੀ ਜਿਹੀ ਬੋਲੀ।

ਫੇਟ ! ਹੋਰ ਕੀ ਕੱਪੜੇ ਸੀਣੇ ਨੂੰ ਕਹਿਤਾ ਮਾਸਟਰਾਂ ਨੇ ? ਨਾਨੀ ਨੇ ਹੱਸਦਿਆਂ ਹੋਇਆਂ ਪੁੱਛਿਆ। ਨਹੀਂ ਨਾਨੀ ਜੀ, ਅੱਜਕਲ ਛੁੱਟੀਆਂ ਵਿੱਚ ਸਕੂਲਾਂ ਵਾਲੇ ਅਧਿਆਪਕ ਬਹੁਤ ਸਾਰੇ ਚਾਰਟ, ਮਾਡਲ ਤੇ ਹੋਰ ਕ੍ਰੀਏਟਿਵ ਕੰਮ ਦਿੰਦੇ ਹਨ। ਉਹ ਵੀ ਇਹੋ ਜਿਹਾ ਕਿ ਦੁਕਾਨਾਂ ਤੋਂ ਸਮਾਨ ਵੀ ਨਹੀਂ ਮਿਲ਼ਦਾ। ਕਦੇ-ਕਦੇ ਤਾਂ ਨੈੱਟ ਤੋਂ ਕਢਾਉਣੀਆਂ ਪੈਂਦੀਆਂ ਫੋਟੋਆਂ ਵਗੈਰਾ। ਉਹ ਵੀ ਬਹੁਤ ਮਹਿੰਗੀਆਂ ਨਿਕਲਦੀਆਂ। ਬਹੁਤ ਖ਼ਰਚਾ ਹੁੰਦਾ। ਸਾਰੇ ਸਕੂਲ ਰੀਸੋ ਰੀਸੀ ਇੱਕ ਦੂਜੇ ਤੋਂ ਔਖਾ ਕੰਮ ਦਿੰਦੇ ਹਨ। ਵਿਚਾਰੇ ਮਾਪਿਆਂ ਦੀ ਵੀ ਮੱਤ ਮਾਰੀ ਜਾਂਦੀ ਹੈ, ਮਦਦ ਕਰਦਿਆਂ ਕਰਦਿਆਂ ਜਾਂ ਆਵਾਗੌਣ ਪੈਸੇ ਖਰਚਦਿਆਂ। ਸਭ ਤੋਂ ਵੱਡੀ ਗੱਲ ਕਿ ਇਹ ਸਭ ਕਿਸੇ ਕੰਮ ਨਹੀਂ ਆਉਂਦਾ। ਬਾਅਦ ਵਿੱਚ ਲੈ ਕੇ ਸੁੱਟ ਦਿੰਦੇ ਹਨ। ਹਾਂ, ਨੰਬਰ ਜ਼ਰੂਰ ਬਣਦੇ ਹਨ। ਅੰਜਨਾ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

ਹੱਛਾ ਭਾਈ ! ਕੀ ਕਰਨਾ ? ਨਵੇਂ ਜ਼ਮਾਨੇ ਦੀਆਂ ਨਵੀਆਂ ਗੱਲਾਂ। ਸਾਡੇ ਵੇਲ਼ੇ ਤਾਂ ਕਿਤਾਬਾਂ ਦਾ ਕੰਮ ਹੁੰਦਾ ਸੀ। ਬੱਚੇ ਕਿਤਾਬਾਂ ਲੈ ਕੇ ਨਾਨਕਿਆਂ ਨੂੰ ਜਾਂ ਭੂਆ ਦੇ ਘਰ ਚਲੇ ਜਾਂਦੇ ਸੀ। ਨਾਲੇ ਕੰਮ ਕਰਦੇ ਤੇ ਨਾਲ਼ੇ ਖੇਡ ਕੁੱਦ ਵੀ ਲੈਂਦੇ। ਨਾਨੀ ਨੇ ਪੁਰਾਣਾ ਸਮਾਂ ਯਾਦ ਕਰਦਿਆਂ ਕਿਹਾ। ਐਤਕੀਂ ਤਾਂ ਨਾਨੀ ਜੀ ਲੱਗਦਾ ਕੰਮ ਮੁੱਕਣਾ ਹੀ ਨਹੀਂ ਮੇਰਾ। ਮੈਥੋਂ ਨਹੀਂ ਆ ਹੋਣਾ। ਅਗਲੀ ਵਾਰ ਆਵਾਂਗੀ। ਅੰਜਨਾ ਨੇ ਸੋਚਦਿਆਂ ਗੱਲ ਨਬੇੜੀ।

ਕਿੱਥੇ ਧੀਏ ! ਅਗਲੀ ਜਮਾਤ ਤਾਂ ਹੋਰ ਵੱਡੀ ਹੋ ਜਾਣੀ। ਫ਼ੇਰ ਤਾਂ ਹੋਰ ਵੱਧ ਮਿਲੂ ਕੰਮ। ਚੱਲ ਵੇਖ ਲੀ ਜੇ ਆ ਸਕਦੇ ਹੋ ਤਾਂ ਆ ਜਿਓ ਚਾਰ ਦਿਨ। ਬਾਕੀ ਥੋਡੀ ਮਰਜ਼ੀ ਭਾਈ। ਕਹਿ ਕੇ ਨਾਨੀ ਨੇ ਭਿੱਜੀਆਂ ਅੱਖਾਂ ਸਾਫ਼ ਕਰਦਿਆਂ ਫ਼ੋਨ ਰੱਖ ਦਿੱਤਾ।

-ਮਨਜੀਤ ਕੌਰ

## ਪਾਣੀ ਦੀ ਸੰਭਾਲ

ਗਲੀ ਵਿਚ ਪਾਣੀ ਡੋਲਿਆ ਦੇਖਕੇ ਬੇਬੇ ਬੰਟੀ ਨੂੰ ਬੋਲੀ, "ਪੁੱਤ ਕਿਉਂ ਪਾਣੀ ਡੋਲੀ ਜਾਨਾ ਪਾਣੀ ਤਾਂ ਬਹੁਤ ਅਨਮੋਲ ਹੈ। ਸਾਨੂੰ ਪਾਣੀ ਦੀ ਕਦਰ ਤੇ ਸੰਭਾਲ ਕਰਨੀ ਚਾਹੀਦੀ ਹੈ।" ਬੰਟੀ ਬੋਲਿਆ, "ਬੇਬੇ ਮੈਂ ਤਾਂ ਸਰਕਾਰੀ ਟੂਟੀ ਵਾਲਾ ਪਾਣੀ ਡੋਲ ਰਿਹਾ ਸੀ। ਇਹ ਧਰਤੀ ਦੇ ਹੇਠਾ ਤੋਂ ਆਉਂਦਾ ਹੈ ਅਤੇ ਧਰਤੀ ਦੇ ਹੇਠਾ ਬਹੁਤ ਪਾਣੀ ਹੈ। ਇਸਨੇ ਕਿਹੜਾ ਖਤਮ ਹੋਣਾ ਕਦੇਂ।"

ਬੇਬੇ ਬੋਲੀ, "ਪੁੱਤ ਸਾਡੇ ਸਮਿਆਂ ਵਿਚ ਪੀਣ ਵਾਲਾ ਪਾਣੀ ਵੀ ਖੂਹਾਂ, ਨਦੀਆਂ ਤੋਂ ਲੈ ਕੇ ਆਉਣਾ ਪੈਂਦਾ ਸੀ, ਬਹੁਤ ਔਖਾ ਮਿਲਦਾ ਸੀ ਪਾਣੀ। ਹੁਣ ਧਰਤੀ ਹੇਠਾਂ ਪਾਣੀ ਹੌਲੀ-ਹੌਲੀ ਖ਼ਤਮ ਹੋ ਰਿਹਾ ਅਤੇ ਪਾਣੀ ਦਾ ਲੇਬਲ ਵੀ ਬਹੁਤ ਹੇਠਾਂ ਹੋ ਗਿਆ। ਜੇਕਰ ਆਪਾਂ ਪਾਣੀ ਨੂੰ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਪੀਣ ਲਈ ਵੀ ਨਹੀਂ ਬਚੇਗਾ।" ਬੇਬੇ ਦੀ ਗੱਲ ਸੁਣ ਬੰਟੀ ਨੇ ਟੂਟੀ ਬੰਦ ਕਰ ਦਿੱਤੀ।

-ਕੁਲਵਿੰਦਰ ਕੁਮਾਰ ਬਹਾਦਰਗੜ੍ਹ

## ਮੋਹ

ਮੈਂ ਪਰੇਸ਼ਾਨੀ ਦੀ ਹਾਲਤ ਵਿਚ ਬੈਠਾ ਸੀ। ਤਦੇ ਮੇਰੇ ਬੀਜੀ ਨੇ ਆ ਕੇ ਕਿਹਾ, "ਚੱਲ ਪੁੱਤ, ਅੱਜ ਜਿਹੜਾ ਆਪਣੇ ਸ਼ਹਿਰ 'ਚ ਲੋਕਾਂ ਨੇ ਮਿਲ ਕੇ ਕੀਰਤਨ ਦਰਬਾਰ ਕਰਵਾਇਆ ਹੈ ਉੱਥੇ ਜਾ ਆਉਂਦੇ ਆ। ਨਾਲੇ ਤੇਰਾ ਥੋੜ੍ਹਾ ਮਨ ਠੀਕ ਹੋਜੂ।"

ਉੱਥੇ ਰਾਗੀਆਂ ਦੀ ਮਿੱਠੀ ਆਵਾਜ਼ ਨੇ ਮੇਰਾ ਮਨ ਮੋਹ ਲਿਆ। ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਰਾਗੀ ਕੀਰਤਨ ਦੇ ਨਾਲ-ਨਾਲ ਕਥਾ ਵੀ ਕਰ ਰਹੇ ਸਨ। "ਰੱਬ ਦਾ ਜਾਪ ਕਰੋ, ਮਾਇਆ ਦਾ ਮੋਹ ਤਿਆਗ ਦਿਉ....।" ਉਨ੍ਹਾਂ ਦੀ ਮਿੱਠੀ ਆਵਾਜ਼ ਦਾ ਮੇਰੇ ਦਿਲ ਤੇ ਗਹਿਰਾ ਅਸਰ ਹੋਇਆ। "ਮੈਂ ਐਵੇਂ ਹੀ ਉਦਾਸ ਸਾ, ਅਸਾਂ ਕਿਹੜਾ ਧੰਨ-ਦੌਲਤ ਨਾਲ ਲਿਜਾਣੀ ਏ।" ਸੋਚਦਾ ਹੋਇਆ ਮੈਂ ਪੰਡਾਲ' 'ਚੋਂ ਬੀਜੀ ਨਾਲ ਬਾਹਰ ਆ ਗਿਆ। ਅਸੀਂ ਲੰਗਰ ਖਾ ਕੇ ਪਰਤੇ ਤਾਂ ਮੈਂ ਦੇਖਿਆ ਸਟੇਜ ਦੇ ਪਿਛਵਾੜੇ ਜਿਹੇ ਕੁਝ ਆਦਮੀ ਆਪਸ ਵਿੱਚ ਖਹਿਬੜ ਰਹੇ ਸਨ।

"ਹੁਣ ਘੱਟ ਕਿਉਂ ਦਿੰਦੇ ਪਏ ਓ ? ਜਦ ਅਸੀਂ ਤੁਹਾਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਅਸੀਂ ਕਿੰਨੇ ਚ ਕੀਰਤਨ ਕਰਦੇ ਹਾਂ।" ਜਦੋਂ ਗੁੱਸੇ ਚ ਲਾਲ-ਪੀਲੇ ਹੁੰਦੇ ਉਨ੍ਹਾਂ ਰਾਗੀਆਂ ਦੀ ਹੀ ਮੇਰੇ ਕੰਨੀਂ ਆਵਾਜ਼ ਪਈ ਤਾਂ ਮੈਂ ਇੱਕ ਦਮ ਠਠੰਬਰ ਗਿਆ। ਮਾਇਆ ਦਾ ਮੋਹ ਤਾਂ ਇੰਨ੍ਹਾਂ ਨੂੰ ਵੀ....ਤੇ ਮੈਂ ਫਿਰ ਉਦਾਸ ਹੋ ਗਿਆ।

-ਮਨਪ੍ਰੀਤ ਕੌਰ

# ਮਹਾਕੁੰਭ ਦੀ ਵਾਇਰਲ ਮੋਨਾਲੀਸਾ, ਮੂਰਖ ਲੋਕਾਂ ਕਾਰਣ ਘਰ ਵਾਪਸ ਜਾਣ ਲਈ ਹੋਈ ਮਜ਼ਬੂਰ

## ✪ ਫਿਲਮੀ ਦੁਨੀਆਂ ਵਿਚ ਮਿਲੀ ਆਫਰ, ਪਰ ਮਾਂ ਇਨਕਾਰੀ, ਕਿਹਾ ਕਿ ਫਿਲਮੀ ਦੁਨੀਆਂ ਸਾਡੀ ਨਹੀਂ

**ਵਿਸ਼ੇਸ਼ ਖਬਰ**

ਮਹਾਂਕੁੰਭ ਵਿੱਚ ਬਿੱਲੀਆਂ ਅੱਖਾਂ ਵਾਲੀ ਇੱਕ ਕਿਰਤੀ ਕੁੜੀ ਰਾਤੋ-ਰਾਤ ਵਾਇਰਲ ਹੋ ਗਈ। ਇੱਕ ਸਾਦੀ ਜਿਹੀ ਕੁੜੀ ਜੋ ਰੁਦਰਾਕਸ਼ ਤੇ ਸੁਚੇ ਮੋਤੀਆਂ ਦੀ ਮਾਲਾ ਵੇਚਦੀ ਸੀ, ਰਾਤੋ-ਰਾਤ ਸੋਸ਼ਲ ਮੀਡੀਆ 'ਤੇ ਛਾ ਗਈ। ਉਸਦੀ ਸੁੰਦਰਤਾ, ਮਾਸੂਮੀਅਤ, ਮੁਸਕਰਾਹਟ ਤੇ ਮਿੱਠੜੇ ਬੋਲਾਂ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਪਰ ਇਸ ਅਚਾਨਕ ਪ੍ਰਸਿੱਧੀ ਨੇ ਉਸਦੀ ਜ਼ਿੰਦਗੀ ਨੂੰ ਇੱਕ ਨਵੇਂ ਮੋੜ 'ਤੇ ਪਹੁੰਚਾ ਦਿੱਤਾ। ਇਹ ਇੰਦੌਰ ਦੇ ਨੇੜੇ ਮਹੇਸ਼ਵਰ ਦੀ ਮੋਨਾਲੀਸਾ ਦੀ ਕਹਾਣੀ ਹੈ। ਪਰ ਇਸ ਅਚਾਨਕ ਲਾਈਮਲਾਈਟ ਨੇ ਮੋਨਾਲੀਸਾ ਦੀ ਸਾਦੀ ਅਤੇ ਸਿੱਧੀ ਜ਼ਿੰਦਗੀ ਨੂੰ ਗੁੰਝਲਦਾਰ ਬਣਾ ਦਿੱਤਾ।

ਲੋਕਾਂ ਦੀ ਭੀੜ ਉਸਦੇ ਪਿੱਛੇ-ਪਿੱਛੇ ਆਉਣ ਲੱਗ ਪਈ। ਲੋਕ ਉਸ ਨਾਲ ਫੋਟੋਆਂ ਖਿਚਵਾਉਣ ਅਤੇ ਵੀਡੀਓ ਬਣਾਉਣ 'ਤੇ ਜ਼ੋਰ ਦੇਣ ਲੱਗੇ, ਜਿਸ ਕਾਰਨ ਉਹ ਡਰਨ ਲੱਗ ਪਈ। ਉਸਨੂੰ ਕਈ ਧਮਕੀਆਂ ਵੀ ਮਿਲੀਆਂ। ਹੱਦ ਤਾਂ ਉਦੋਂ ਪਾਰ ਹੋ ਗਈ ਜਦੋਂ ਕੁਝ ਮੁਸ਼ਟੰਡੇ ਉਸਨੂੰ ਚੁੱਕ ਕੇ ਲੈ ਜਾਣ ਦੀਆਂ ਧਮਕੀਆਂ ਦੇਣ ਲੱਗ ਪਏ।

ਅੰਤ ਵਿੱਚ, ਆਪਣੀ ਸੁਰੱਖਿਆ ਬਾਰੇ ਚਿੰਤਤ, ਮੋਨਾਲੀਸਾ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੋਂ ਮਦਦ ਮੰਗੀ। ਉਸਨੇ ਕਿਹਾ ਸੀ ਕਿ ਉਹ ਲੋਕਾਂ ਦੀ ਭੀੜ ਤੋਂ ਪਰੇਸ਼ਾਨ ਸੀ ਅਤੇ ਉਸਨੂੰ ਸੁਰੱਖਿਆ ਦੀ ਲੋੜ ਸੀ।





ਮੋਨਾਲੀਸਾ ਦਾ ਪਰਿਵਾਰ ਵੀ ਉਸਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ। ਉਸਦੇ ਪਰਿਵਾਰਕ ਮੈਂਬਰ ਵੀ ਉਸਦੀ ਅਚਾਨਕ ਪ੍ਰਸਿੱਧੀ ਤੋਂ ਬਹੁਤ ਪਰੇਸ਼ਾਨ ਸਨ। ਅਖੀਰ ਮੋਨਾਲੀਸਾ ਨੂੰ ਮਹਾਂਕੁੰਭ ਛੱਡ ਕੇ ਘਰ ਪਰਤਣਾ ਪਿਆ।

ਇੱਕ ਆਮ ਕੁੜੀ ਜੋ ਰੁਜ਼ਗਾਰ ਦੀ ਭਾਲ ਵਿੱਚ ਕੁੰਭ ਮੇਲੇ ਵਿੱਚ ਆਈ ਸੀ। ਜਿਸਨੂੰ ਉਮੀਦ ਸੀ ਕਿ ਉਸਨੂੰ ਮਹਾਂਕੁੰਭ ਵਿੱਚ ਰੁਦਰਾਕਸ਼ ਦਾ ਸਮਾਨ ਵੇਚ ਕੇ ਕੁਝ ਆਮਦਨ ਹੋਵੇਗੀ। ਪਰ ਲੋਕਾਂ ਦੀ ਭੀੜ ਵੱਲੋਂ ਉਸਦੀਆਂ ਬਿਲੀਆਂ ਅੱਖਾਂ ਅਤੇ ਚਿਹਰੇ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਨ ਲਈ ਦਿਖਾਇਆ ਗਿਆ ਪਾਗਲਪਨ, ਇਸ ਕੁੜੀ ਲਈ ਮੁਸੀਬਤ ਬਣ ਗਿਆ। ਉਸ ਲਈ ਕੁੰਭ ਮੇਲੇ ਤੁਰਨਾ, ਫਿਰਨਾ ਅਸੰਭਵ ਹੋ ਗਿਆ। ਲੋਕ ਉਸ ਕੋਲ ਹਾਰ ਖਰੀਦਣ ਨਹੀਂ ਸਗੋਂ ਸੈਲਫ਼ੀ ਲੈਣ ਆਉਣ ਲੱਗ ਪਏ।

### ਮੋਨਾਲੀਸਾ ਕਿੱਥੋਂ ਆਈ ?

ਜਦੋਂ ਕਿਸੇ ਨੇ ਉਸਨੂੰ ਪੁੱਛਿਆ ਕਿ ਉਹ ਕਿੱਥੋਂ ਆਈ ਹੈ, ਤਾਂ ਉਸਨੇ ਦੱਸਿਆ ਕਿ ਉਹ ਇੰਦੌਰ ਤੋਂ ਹੈ ਅਤੇ ਆਪਣੇ ਪਰਿਵਾਰ ਨਾਲ ਰੁਦਰਾਕਸ਼ ਦੇ ਮਣਕੇ ਵੇਚ ਕੇ ਕੁਝ ਪੈਸੇ ਕਮਾਉਣ ਲਈ ਮਹਾਂਕੁੰਭ ਵਿੱਚ ਆਈ ਹੈ। ਹਾਲਾਂਕਿ, ਬਾਅਦ ਵਿੱਚ ਇਹ ਖੁਲਾਸਾ ਹੋਇਆ ਕਿ ਉਹ ਇੰਦੌਰ ਦੇ ਨੇੜੇ ਮਹੇਸ਼ਵਰ ਦੀ ਰਹਿਣ ਵਾਲੀ ਸੀ। ਇਹ ਕੁੜੀ ਆਪਣੇ ਪਰਿਵਾਰ ਨਾਲ ਕੁੰਭ ਮੇਲੇ ਵਿੱਚ ਹਾਰ ਵੇਚਣ ਆਈ ਸੀ। ਕੌਣ ਜਾਣਦਾ ਹੈ ਕਿ ਇਸ ਕੁੜੀ ਦੀਆਂ ਅੱਖਾਂ ਵਿੱਚ ਕਿਹੋ ਜਿਹਾ ਆਕਰਸ਼ਣ ਸੀ ਜੋ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਜੈ ਸ਼੍ਰੀ ਮਹਾਂਕਾਲ ਕਹਿ ਕੇ ਸਵਾਗਤ ਕਰਦੀ ਸੀ, ਕਿ ਲੱਖਾਂ ਦੀ ਭੀੜ ਉਸ ਵੱਲ ਆਕਰਸ਼ਿਤ ਹੋ ਗਈ, ਪਰ ਇਸੇ ਆਕਰਸ਼ਣ ਕਾਰਨ ਹੀ ਉਸਨੂੰ ਕੁੰਭ ਮੇਲਾ ਛੱਡਣਾ ਪਿਆ। ਹਾਲਾਂਕਿ, ਕਿਹਾ ਜਾ ਰਿਹਾ ਹੈ ਕਿ ਇਸ ਸਮੇਂ ਉਸਨੇ ਕਿੰਨਰ ਅਖਾੜੇ ਵਿੱਚ ਸ਼ਰਨ ਲਈ ਹੈ।

### ਫਿਲਮ ਨਿਰਮਾਤਾ ਪ੍ਰਭਾਵਿਤ

ਫਿਲਮ ਨਿਰਮਾਤਾ ਸਨੋਜ ਮਿਸ਼ਰਾ ਨੇ ਵੀ ਮੋਨਾਲੀਸਾ 'ਤੇ ਨਜ਼ਰ ਰੱਖੀ ਹੈ। ਨਿਊਜ਼ 18 ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਉਹ ਵੀ ਉਸਦੀ ਸੁੰਦਰਤਾ ਤੋਂ ਪ੍ਰਭਾਵਿਤ ਹੈ ਅਤੇ ਉਸਨੂੰ ਆਪਣੀ ਫਿਲਮ ਵਿੱਚ ਮੁੱਖ ਭੂਮਿਕਾ ਲਈ ਚੁਣ ਸਕਦਾ ਹੈ।

ਵਾਇਰਲ ਹੋਣ ਵਾਲੀ ਕੁੜੀ ਨੂੰ ਡਾਇਰੀ ਆਫ਼ ਮਨੀਪੁਰ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਚੁਣਿਆ ਜਾ ਸਕਦਾ ਹੈ। ਭਾਵੇਂ ਮੋਨਾਲੀਸਾ ਨੂੰ ਅਦਾਕਾਰੀ ਦਾ 'ੳ ਅ' ਵੀ ਨਹੀਂ ਪਤਾ, ਪਰ ਜੇ ਉਹ ਸਹਿਮਤ ਹੋ ਜਾਂਦੀ ਹੈ, ਉਸਨੂੰ ਅਦਾਕਾਰਾ ਬਣਨ ਲਈ ਪੂਰੀ ਸਿਖਲਾਈ ਦਿੱਤੀ ਜਾਵੇਗੀ। ਪਰ ਇਸ ਲੜਕੀ ਦੀ ਮਾਂ ਰਾਜ਼ੀ ਨਹੀਂ ਹੈ। ਉਸਦਾ ਕਹਿਣਾ ਹੈ ਕਿ ਉਹ ਇਸ ਜੀਵਨ ਤੋਂ ਖੁਸ਼ ਹਨ ਤੇ ਫਿਲਮੀ ਦੁਨੀਆਂ ਵਿਚ ਮਨੁੱਖ, ਮਨੁੱਖ ਨਹੀਂ ਬਣਿਆ ਰਹਿ ਸਕਦਾ। ਉਹ ਰਿਸ਼ਤਿਆਂ ਤੇ ਆਪਣੀ ਜ਼ਿੰਦਗੀ ਤੋਂ ਬੇਗਾਨਾ ਹੋ ਜਾਂਦਾ ਹੈ।

ਵੈਸੇ ਲੋਕ ਵੀ ਕਿਡੇ ਮੂਰਖ ਹਨ ਕਿ ਇਕ ਗਰੀਬ ਲੜਕੀ ਨੂੰ ਏਨਾ ਤੰਗ ਕਰ ਦਿਤਾ ਕਿ ਉਹ ਰੁਜਗਾਰ ਛਡਕੇ ਭੱਜਣ ਲਈ ਮਜਬੂਰ ਹੋ ਗਈ।

# ਅਕਾਲੀ ਦਲ ਦੇ ਨੌਜਵਾਨਾਂ ਵੱਲੋਂ ਫ਼ਤਹਿਗੜ੍ਹ ਸਾਹਿਬ ਵਿਚ ਭਰਤੀ ਮੁਹਿੰਮ ਕੀਤੀ ਸ਼ੁਰੂ

## ✪ ਕੀਤਾ ਐਲਾਨ ਭਰਤੀ 50 ਲੱਖ ਤੱਕ ਪੁਜੇਗੀ



ਫ਼ਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਅਬਜ਼ਰਵਰ ਬਿਕਰਮਜੀਤ ਸਿੰਘ ਖਾਲਸਾ ਅਤੇ ਪਰਮਜੀਤ ਸਿੰਘ ਵਿੱਲੋਂ ਵੱਲੋਂ ਅੱਜ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋਣ ਉਪਰੰਤ ਪਾਰਟੀ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਅਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਮੈਂਬਰਸ਼ਿਪ ਭਰ ਕਿ ਜ਼ਿਲ੍ਹੇ ਅੰਦਰ ਪਹਿਲੇ ਮੈਂਬਰ ਬਣੇ। ਇਸ ਮੌਕੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਹਲਕਾ ਬਸੀ ਪਠਾਣਾਂ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ, ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਅਤੇ ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ ਆਦਿ ਮੌਜੂਦ ਸਨ। ਖਾਲਸਾ ਨੇ ਦਾਅਵਾ ਕੀਤਾ ਕਿ ਭਰਤੀ ਦਾ ਟੀਚਾ ਭਾਵੇਂ 25 ਲੱਖ ਹੈ ਪਰ ਇਹ 50 ਲੱਖ ਤੱਕ ਪੁਜੇਗੀ। ਮੀਟਿੰਗ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ, ਸੀਨੀਅਰ ਆਗੂ ਜਤਿੰਦਰ ਸਿੰਘ ਧਾਲੀਵਾਲ ਅਤੇ ਪ੍ਰਦੀਪ ਸਿੰਘ ਕਲੌੜ ਨੇ ਵੀ ਸੰਬੋਧਨ ਕੀਤਾ।

# ਦਵਾਈ ਕੰਪਨੀ 'ਚ ਕੰਮ ਕਰਦੀ ਲੜਕੀ ਨਾਲ ਕੁਲੀਗ ਵੱਲੋਂ ਬਲਾਤਕਾਰ

## ✪ ਲਾਰਾ ਲਗਾਇਆ ਸੀ ਵਿਆਹ ਕਰਨ ਦਾ, ਮਾਮਲਾ ਦਰਜ

ਪਟਿਆਲਾ-ਥਾਣਾ ਅਨਾਜ ਮੰਡੀ ਇਲਾਕੇ ਵਿਚ ਇੱਕ ਦਵਾਈ ਕੰਪਨੀ ਵਿਚ ਐੱਮਆਰ (ਮੈਡੀਕਲ ਪ੍ਰਤੀਨਿਧੀ) ਵਜੋਂ ਕੰਮ ਕਰਨ ਵਾਲੀ ਇੱਕ ਕੁੜੀ ਨਾਲ ਉਸਦੇ ਆਪਣੇ ਹੀ ਕੁਲੀਗ ਨੇ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤਾ ਦੇ ਬਿਆਨ ਅਨੁਸਾਰ ਉਹ ਪਿਛਲੇ ਸੱਤ ਮਹੀਨਿਆਂ ਤੋਂ ਦਵਾਈ ਕੰਪਨੀ 'ਚ ਦਫ਼ਤਰੀ ਕੰਮ ਦੌਰਾਨ ਮੁਲਜ਼ਮ ਲਵਨੀਸ਼ ਕੁਮਾਰ ਨਾਲ ਗੱਲ ਕਰਦੀ ਸੀ। ਜਦੋਂ ਮੁਲਜ਼ਮ ਪਟਿਆਲਾ 'ਚ ਸੀ ਤਾਂ ਗੱਲਬਾਤ



ਦੌਰਾਨ ਇਹ ਦੋਵੇਂ ਦੋਸਤ ਬਣ ਗਏ। ਮੁਲਜ਼ਮ ਨੇ ਕਿਹਾ ਕਿ ਪਟਿਆਲਾ ਇੱਕ ਸ਼ਾਹੀ ਸ਼ਹਿਰ ਹੈ, ਜਿੱਥੇ ਦੇਖਣ ਲਈ ਬਹੁਤ ਸਾਰੇ ਕਿਲ੍ਹੇ ਹਨ। 7 ਜਨਵਰੀ ਨੂੰ ਉਹ ਘੁੰਮਣ ਲਈ ਪਟਿਆਲਾ ਪਹੁੰਚੀ ਪਰ ਵਾਪਸ ਆਉਣ 'ਚ ਦੇਰੀ ਹੋ ਗਈ ਤੇ ਮੁਲਜ਼ਮ ਨੇ ਪੀੜਤਾ ਲਈ ਸਰਹਿੰਦ ਰੋਡ 'ਤੇ ਸਥਿਤ ਨਿਜੀ ਹੋਟਲ 'ਚ ਕਮਰਾ ਬੁੱਕ ਕੀਤਾ। ਮੁਲਜ਼ਮ ਰਾਤ ਨੂੰ ਇੱਥੇ ਮਿਲਣ ਆਇਆ ਅਤੇ ਸ਼ਰਾਬ ਪੀਣ ਲੱਗ ਪਿਆ ਤੇ ਪੀੜਤ ਨੂੰ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ 'ਚ ਮਿਲਾਇਆ ਹੋਇਆ ਕੋਲਡ ਡਰਿੰਕ ਵੀ ਦਿੱਤਾ ਗਿਆ। ਜਿਸ ਤੋਂ ਬਾਅਦ ਉਸਨੇ ਉਸ ਨਾਲ ਦੁਰਵਿਹਾਰ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਕੁੜੀ ਨੇ ਵਿਰੋਧ ਕੀਤਾ ਤਾਂ ਮੁਲਜ਼ਮ ਨੇ ਕਿਹਾ ਕਿ ਉਹ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ ਅਤੇ ਉਸ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਏ। ਜਬਰ ਜਨਾਹ ਕਰਨ ਤੋਂ ਬਾਅਦ ਅਗਲੇ ਦਿਨ ਮੁਲਜ਼ਮ ਉਸਨੂੰ ਜ਼ੀਰਕਪੁਰ ਰੋਡ 'ਤੇ ਛੱਡ ਗਿਆ ਅਤੇ ਉਸਦਾ ਫ਼ੋਨ ਚੁੱਕਣਾ ਵੀ ਬੰਦ ਕਰ ਦਿੱਤਾ। ਜਦੋਂ ਮੁਲਜ਼ਮ ਨੇ ਮੰਗਣੀ ਤੋਂ ਬਾਅਦ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਅਤੇ ਮਾਮਲਾ ਦਰਜ ਕੀਤਾ ਗਿਆ।

# • ਪੰਜਾਬੀ ਫ਼ਿਲਮ ਦਰਪਣ •

## ਧੀਰਾ ਗਿੱਲ ਆਖੇ ਫ਼ਿਲਮੀ ਦੁਨੀਆਂ ਵਿੱਚ "ਲੁੱਟੀ ਦੇ ਨਜ਼ਾਰੇ"



ਪੰਜਾਬੀ ਫ਼ਿਲਮਾਂ ਦੇ ਹੀਰੋ ਬਣ ਚੁੱਕੇ ਜਵਾਨ ਗਾਇਕ ਧੀਰਾ ਗਿੱਲ ਦੇ ਨਵੇਂ ਗਾਣੇ ਇਸ ਸਾਲ ਆਉਣੇ ਸ਼ੁਰੂ ਹੋ ਗਏ ਹਨ। ਚਿਮਟਾ ਰਿਕਾਰਡ ਨੇ ਇਸ ਸਮੇਂ ਓਸ ਦਾ ਬੀਟ ਗੀਤ "ਲੁੱਟੀ ਦੇ ਨਜ਼ਾਰੇ" ਟਾਈਟਲ ਨਾਲ ਰਲੀਜ਼ ਕਰ ਦਿੱਤਾ ਹੈ।

ਧੀਰਾ ਗਿੱਲ ਜਿਸ ਦੇ ਇਸ ਸਮੇਂ ਇੰਗਲੈਂਡ ਸ਼ੋ ਜ਼ਾਰੀ ਨੇ ਕਨੇਡਾ ਓਸ ਦੇ ਬਹੁਤ ਫੈਂਨ ਹਨ ਨੇ ਇਸ ਐਲਬਮ "ਲੁੱਟੀ ਦੇ ਨਜ਼ਾਰੇ" ਲਈ ਹਰਭਜਨ ਹੈਰੀ ਦਾ ਲਿਖਿਆ ਗੀਤ ਗਾਇਆ ਹੈ। ਇਸ ਦਾ ਵੀਡਿਓ ਸਿਮਰਨਜੀਤ ਐਸ ਸਿੰਘ ਨੇ ਡਾਇਰੈਕਟ ਕੀਤਾ ਹੈ। ਅਗਲੀ ਫਿਲਮ ਤੋਂ ਪਹਿਲੇ ਧੀਰੇ ਗਿੱਲ ਨੇ "ਲੁੱਟੀ ਦੇ ਨਜ਼ਾਰੇ" ਐਲਬਮ ਗੀਤ ਦੇ ਕਿ ਆਪਣੇ ਪਸ਼ੰਸਕਾਂ ਨੂੰ ਦੱਸ ਦਿੱਤਾ ਹੈ ਕਿ ਨਾਇਕੀ ਦੇ ਨਾਲ ਨਾਲ ਗਾਇਕੀ ਵਿੱਚ ਵੀ ਓਹ ਲਗਾਤਾਰ ਸਰਗਰਮ ਰਹੇਗਾ।

## ਸੁਦੇਸ਼ ਕੁਮਾਰੀ ਤੇ ਗੁਰਦੀਪ ਸੰਧੂ ਕੋਲ "ਥਾਰ ਰੋਕਸ ਮਹਿੰਦਰਾ"




ਗੁਰਦੀਪ ਸੰਧੂ ਲਈ ਇਹ ਸਾਲ ਬਹੁਤ ਵਧੀਆ ਰਹਿਣ ਵਾਲਾ ਹੈ ਕਿਉਂ ਕਿ ਵਿਸ਼ਵ ਦੀ ਪੰਜਾਬੀ ਸਟਾਰ ਗਾਇਕਾ ਸੁਦੇਸ਼ ਕੁਮਾਰੀ ਨਾਲ ਓਸ ਦਾ ਗੀਤ "ਥਾਰ ਰੋਕਸ ਮਹਿੰਦਰਾ" ਆ ਕਿ ਹਿੱਟ ਹੋ ਰਿਹਾ ਹੈ। ਅਸ਼ੋਕ ਕੁਮਾਰ ਤੇ ਰਾਜਕੁਮਾਰ ਦੀ ਤਜ਼ਰਬੇਕਾਰ ਜੋੜੀ ਨੇ ਇਹ ਗੀਤ ਲੋਕ ਸਨਮੁੱਖ ਕੀਤਾ ਹੈ। ਜਸਕਰਨ ਦੀ ਸਿਫਤ ਕਿ ਓਸ ਨੇ ਸੁਦੇਸ਼ ਕੁਮਾਰੀ ਦੇ ਹਿਸਾਬ ਨਾਲ ਗੁਰਦੀਪ ਸੰਧੂ ਤੋਂ ਗੀਤ ਕਰਵਾ ਲਿਆ ਹੈ। ਇਸ ਦਾ ਵੀਡਿਓ ਕੀ ਪੂਰੀ "ਸ਼ੋਲੇ" ਫਿਲਮ ਹੀ ਹੈ। ਸੰਧੂ ਤੇ ਰੁਪਾਲੀ ਜਚੇ ਰਹੇ ਰੱਬ ਦਾ ਨਾਮ ਤੇ ਨੀਟੂ ਸ਼ਟਰਾਂ ਵਾਲਾ ਤੇ ਪੂਰਨ ਪੱਡਾ ਤੇ ਸ਼ਵੇਤਾ ਨੇ ਬੱਲੇ ਬੱਲੇ "ਥਾਰ ਰੋਕਸ ਮਹਿੰਦਰਾ" ਗਾਣੇ ਵਿੱਚ ਕਰਵਾ ਦਿੱਤੀ ਹੈ। ਗੁਰਦੀਪ ਸੰਧੂ ਦਾ ਇਹ ਗੀਤ ਸੰਗੀਤ ਦੀ ਹਰ ਸਾਈਟ ਤੇ ਨ੍ਹੇਰੀਆਂ ਲਿਆ ਰਿਹਾ ਹੈ। ਸਰੋਤੇ ਤਾਂ ਵੇਲਨਟਾਈਨ ਡੇ ਤੇ ਓਸ ਦੇ ਨਵੇਂ ਗਾਣੇ ਦੀ ਮੰਗ ਕਰਨ ਵੀ ਲੱਗ ਪਏ ਹਨ

## ਨਸੀਬ ਰੰਧਾਵਾ ਦੇ "ਰਿਸ਼ਤੇ ਨਾਤੇ" ਇਸ ਸ਼ੁੱਕਰਵਾਰ ਦੇਖੋ




ਨੌਂਜਵਾਨ ਨਿਰਦੇਸ਼ਕ ਨਸੀਬ ਰੰਧਾਵਾ ਦੀ ਇਸ ਸਾਲ "ਚੋਰਾਂ ਨਾਲ ਯਾਰੀਆਂ" ਬਾਅਦ ਦੂਜੀ ਫ਼ਿਲਮ "ਰਿਸ਼ਤੇ ਨਾਤੇ" ਇਸ ਸ਼ੁੱਕਰਵਾਰ ਆ ਰਹੀ ਹੈ। ਕਸ਼ਮੀਰ ਸਿੰਘ ਸੋਹਲ ਨੇ ਸੋਹਲ ਰਿਕਾਰਡਜ਼ ਵਾਲਿਆਂ ਇਹ ਫ਼ਿਲਮ ਬਣਾਈ ਹੈ। ਲਵ ਗਿੱਲ ਦੇ ਨਾਲ ਫਿਲਮ ਵਿੱਚ ਰਘਬੀਰ ਸੋਹਲ ਹੀਰੋ ਏ ਜਦ ਕਿ ਸੁਨੀਤਾ ਧੀਰ ਤੇ ਮਲਕੀਤ ਰੌਣੀ ਜਿਹੇ ਦਿੱਗਜ ਇਸ ਫ਼ਿਲਮ ਦੀ ਸ਼ਾਨ ਹਨ। ਦੁਰਗਾ ਰੰਗੀਲਾ ਦਾ ਗਾਇਆ ਗੀਤ ਵੀ ਇਸ ਫ਼ਿਲਮ ਵਿੱਚ ਹੈ। ਯੂ ਕੇ ਵਿਖੇ ਵੀ ਇਹ ਫ਼ਿਲਮ ਫਿਲਮਾਈ ਗਈ ਹੈ। ਪਰਮਿੰਦਰ ਗਿੱਲ ਦਾ ਕਿਰਦਾਰ ਵੀ ਖਾਲਸਾ ਤੇ ਸੋਹਲ ਸਾਬ ਦੀ ਇਸ ਫ਼ਿਲਮ ਵਿੱਚ ਸ਼ਾਨਦਾਰ ਹੈ। ਆਸ ਹੈ ਨਸੀਬ ਰੰਧਾਵਾ ਦੇ ਨਸੀਬ ਸੋਹਣੇ ਇਹ ਫ਼ਿਲਮ "ਰਿਸ਼ਤੇ ਨਾਤੇ" ਲਿਖ ਦੇਵੇਗੀ ਤੇ ਪਾਲੀਵੁੱਡ ਨਾਲ ਨਸੀਬ ਰੰਧਾਵਾ, ਕਸ਼ਮੀਰ ਸਿੰਘ ਸੋਹਲ, ਕੁਲਜੀਤ ਸਿੰਘ ਖਾਲਸਾ, ਲਵ ਗਿੱਲ, ਰਘਵੀਰ ਸੋਹਲ ਦੇ "ਰਿਸ਼ਤੇ ਨਾਤੇ" ਮਜ਼ਬੂਤ ਉਂਜ ਹੋਣਗੇ ਜਿਵੇਂ ਸੁਨੀਤਾ ਧੀਰ ਤੇ ਮਲਕੀਤ ਰੌਣੀ ਦੇ ਹਨ। ਫ਼ਿਲਮ ਦੇ ਸੰਗੀਤਕਾਰ ਗੁਰਮੀਤ ਸਿੰਘ ਹਨ।

## ਗੁਰਦੀਪ ਕੌਰ ਬੰਗਾ ਚਾਹੇ ਜੱਸੀ ਬਣਾਉਣ ਫ਼ਿਲਮ



ਗੁਰਦੀਪ ਕੌਰ ਬੰਗਾ ਦਾ ਉਤਸ਼ਾਹ ਹੀ ਰਿਹੈ ਕਿ ਗੁਰਦਾਸ ਮਾਨ, ਅਮਰਿੰਦਰ ਗਿੱਲ ਜਿਹੇ ਸਟਾਰ ਲੋਕਾਂ ਦੇ ਸ਼ੋ ਜੱਸੀ ਬੰਗਾ ਨੇ ਦੁਨੀਆਂ ਦੀ ਮਹਾਂ ਸ਼ਕਤੀ ਅਮਰੀਕਾ ਵਿਖੇ ਕਰਵਾਏ ਹਨ। ਗੁਰਦੀਪ ਕੌਰ ਦੇ ਸਲਾਹ ਮਸ਼ਵਰੇ ਨੇ ਕਿ ਜੱਸੀ ਬੰਗਾ ਨੇ ਧਾਰਮਿਕ ਗੀਤਕਾਰੀ ਤੇ ਸੰਗੀਤ ਪੇਸ਼ਕਸ਼ ਵਿੱਚ ਨਾਮ ਸਥਾਪਿਤ ਕੀਤਾ ਹੈ। ਜੱਸੀ ਬੰਗਾ ਦੇ ਧਾਰਮਿਕ ਤੇ ਸਮਾਜਿਕ ਭਲਾਈ ਕੰਮਾਂ ਦੀ ਮਜ਼ਬੂਤ ਦੀਵਾਰ ਵੀ ਗੁਰਦੀਪ ਬੰਗਾ ਹੀ ਹੈ। ਮਨ ਕੀ ਬਾਤ ਗੁਰਦੀਪ ਕੌਰ ਬੰਗਾ ਨੇ ਦੱਸੀ ਕਿ ਪੰਜਾਬੀ ਵਿਰਾਸਤ ਤੇ ਪਰਦੇਸੀ ਪੰਜਾਬੀਆਂ ਤੇ ਓਹ ਚਾਹੇਗੀ ਕਿ ਓਹਨਾਂ ਦੇ ਜੀਵਨ ਸਾਥੀ ਜੱਸੀ ਬੰਗਾ ਕੋਈ ਫ਼ਿਲਮ ਕਰਨ। ਯਾਦ ਰਹੇ ਜੱਸੀ ਬੰਗਾ ਦੇ ਕਲਾਕਾਰਾਂ ਨਾਲ ਅੱਛੇ ਸੰਬੰਧ ਹਨ ਤੇ ਓਹ ਕਿਸੇ ਵੀ ਵਕਤ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਲਈ ਆਪਣੇ ਨਾਲ ਬਹੁਤ ਸਾਰੇ ਸੰਗੀਤ ਪ੍ਰਮੋਟਰ ਜੋੜ ਸਕਦੇ ਹਨ। ਗੁਰਦੀਪ ਕੌਰ ਬੰਗਾ ਜਲਦੀ ਜੱਸੀ ਬੰਗਾ ਦੇ ਕਿਸੇ ਗੀਤ ਨੂੰ ਪੇਸ਼ ਕਰਦੇ ਇਸ ਸਾਲ ਨਜ਼ਰ ਆਉਣਗੇ ਤੇ ਸੰਗੀਤ ਪੇਸ਼ਕਾਰ ਵਜੋਂ ਵੀ ਆਪਣਾ ਵਜੂਦ ਬਣਾਉਣਗੇ।

## ਧੀਰਾ ਮਾਨ "ਕੋਹਰਾ" ਦੇਖਿਆ ਹੁਣ ਕੰਗ ਦੀਆਂ "ਮੁਰਗਾਬੀਆਂ"



ਧੀਰੇ ਮਾਨ ਦੀ ਕੱਲ ਤੱਕ ਜੈ ਸਿੰਘ ਵਾਲਾ ਬਠਿੰਡਾ ਵਿਖੇ ਜੈ ਹੋ ਸੀ ਤੇ ਅੱਜ ਫ਼ਿਲਮ ਨਗਰੀ ਵਿੱਚ ਹੈ। ਗੁੱਗੂ ਗਿੱਲ ਤੋਂ ਅੱਜ ਦੀ ਇੰਡਸਟਰੀ ਦੇ ਕਲਾਕਾਰਾਂ ਨਾਲ ਕੰਮ ਕਰ ਰਹੇ ਐਕਟਰ ਧੀਰਾ ਮਾਨ ਦੇ ਕੈਰੀਅਰ ਵਿੱਚ ਇਸ ਵਕਤ ਚੰਗੇ ਦਿਨ ਜ਼ਾਰੀ ਹਨ। ਵੱਡੇ ਪੱਧਰ ਦੀ ਸੀਰੀਜ਼ "ਕੋਹਰਾ" ਦੇ ਬਾਅਦ ਓਸ ਨੂੰ ਭਗਵੰਤ ਕੰਗ ਨੇ ਆਪਣੀ ਵੈੱਬ ਸੀਰੀਜ਼ "ਮੁਰਗਾਬੀਆਂ" ਵਿੱਚ ਲਿਆ ਹੈ। ਕੰਗ ਆਖਦੇ ਨੇ ਕਿ ਧੀਰੇ ਮਾਨ ਵਿੱਚ ਬਹੁਤ ਮਜ਼ਬੂਤ ਅਭਿਨੈ ਅਜੇ ਬਾਕੀ ਹੈ ਤੇ "ਮੁਰਗਾਬੀਆਂ" ਵਿੱਚ ਓਸ ਦਾ ਕਿਰਦਾਰ ਅੱਛਾ ਰੱਖਿਆ ਹੈ। ਧੀਰਾ ਮਾਨ "ਕਾਰਪੇਂਟਰ" ਵਿੱਚ ਵੀ ਕੰਮ ਕਰ ਚੁੱਕੇ ਹਨ ਤੇ ਉਮੀਦ ਹੈ ਕਿ ਓਹ ਗਿੱਪੀ ਗਰੇਵਾਲ, ਐਮੀ ਵਿਰਕ ਆਦਿ ਲੋਕਾਂ ਨਾਲ ਵੀ ਫਿਲਮਾਂ ਕਰਨਗੇ ਤੇ ਮਲਕੀਤ ਰੌਣੀ, ਮਹਾਂਵੀਰ ਗਿੱਲ, ਅੰਮ੍ਰਿਤਪਾਲ ਸਿੰਘ ਬਿੱਲਾ ਦੀ ਤਰਾਂ ਧੀਰੇ ਮਾਨ ਦਾ ਫਿਲਮੀ ਰੁਤਬਾ ਵਧੇਗਾ। ਧੀਰਾ ਮਾਨ ਨੇ "ਮਿਰਜ਼ਾ ਜੱਟ" ਤੋਂ "ਜੱਟ ਜਿਓਣਾ ਮੌੜ," ਤੱਕ ਬਹੁਤ ਸਾਰੀਆਂ ਫ਼ਿਲਮਜ਼ ਕੀਤੀਆਂ ਹਨ।

## ਗੋਗੀ ਘੁਮਾਣ ਦੀ "ਲੋਰ" ਸਟਾਰ ਗਾਇਕ ਬਣਨਾ ਹੈ




ਕੁਲਦੀਪ ਪਾਰਸ ਦੇ ਇਕਲੌਤੇ ਲਾਡਲੇ ਵੀਰਾਂ ਜਿਹੇ ਸ਼ਗਿਰਦ ਪੁੱਤਰ ਗੋਗੀ ਘੁਮਾਣ ਦਾ ਟਿਕਾਣਾ ਅੱਜ ਕਲ ਯੂ ਐਸ ਏ ਹੈ ਤੇ ਗਾਇਕੀ ਓਥੇ ਵੀ ਜ਼ਾਰੀ ਜਿਵੇਂ ਇਥੇ ਸੀ। ਪੰਜਾਬੀ ਫ਼ਿਲਮਾਂ ਕਰਨ ਲਈ ਪਾਰਸ ਨੇ ਮੁੰਬਈ ਤੋਰਿਆ ਸੀ ਪਰ ਤਕਦੀਰ ਅਮਰੀਕਾ ਦਿਖਾ ਗਈ, ਖੈਰ "ਲਾੜਾ ਵਾਰਸਿਜ ਲਾੜੀ" ਦੇ ਬਾਅਦ ਗੋਗੀ ਘੁਮਾਣ ਦਾ ਨਵਾਂ ਟਰੈਕ "ਲੋਰ" ਆਇਆ ਹੈ ਤੇ ਗੋਗੀ ਘੁਮਾਣ ਸਰੋਤਿਆਂ ਦੀ ਆਸ ਤੇ ਸਹੀ ਜਾ ਰਿਹਾ ਹੈ। ਪੰਜਾਬ ਕਿੰਗ ਮਿਊਜ਼ਿਕ ਵਾਲੇ ਆਖਦੇ ਨੇ ਕਿ "ਲੋਰ" ਇੱਕ ਮਿਠਾਸ ਭਰੀ ਲੋਰ ਹੈ ਤੇ ਸੰਸਾਰ ਭਰ ਵਿੱਚ ਪੰਜਾਬ ਕਿੰਗਜ਼ ਨੇ ਇਸ ਨੂੰ ਸ਼ਾਨਾਂ ਨਾਲ ਜ਼ਾਰੀ ਕੀਤਾ ਹੈ। ਗਾਣੇ ਨੂੰ ਪਵਨ ਨੇ ਸ਼ਿੰਗਾਰ ਕਿ ਲੋਕਾਂ ਤੱਕ ਪਹੁੰਚਾਉਣਾ ਸੀ ਤੇ ਆਪਣੇ ਕੰਮ ਵਿੱਚ ਓਹ ਕਾਮਯਾਬ ਰਿਹਾ ਹੈ। ਗੋਗੀ ਘੁਮਾਣ ਦੀ ਐਲਬਮ "ਲੋਰ" ਵਧੀਆ ਜਾ ਰਹੀ ਹੈ ਤੇ ਐਲਬਮਾਂ ਬਾਅਦ ਫ਼ਿਲਮ ਓਸ ਨੂੰ ਆਪਣੀ ਚਾਹਤ ਯਾਦ ਹੈ ਤੇ ਇਸ "ਲੋਰ" ਨੂੰ ਪੁਗਾਉਣ ਲਈ ਗੋਗੀ ਘੁਮਾਣ ਇਸ ਵੇਲੇ ਸਰਗਰਮ ਹੈ।

-ਅੰਮ੍ਰਿਤ ਪਵਾਰ

ਗ਼ਜ਼ਲ


## ਮੈਂ ਕਿਉਂ ਮਾਰਾਂ

ਜਿਸ ਨੇ ਆਪਣੇ ਘਰ ਦੇ ਬੂਹੇ ਭੇੜੇ,
ਮੈਂ ਕਿਉਂ ਮਾਰਾਂ ਉਸ ਦੇ ਘਰ ਵੱਲ ਗੇੜੇ ?
ਚਾਚੇ, ਤਾਏ, ਮਾਮੇ ਪਿੱਛੋਂ ਆਉਂਦੇ,
ਮਾਂ ਹੁੰਦੀ ਹੈ ਪੁੱਤ ਦੇ ਸਭ ਤੋਂ ਨੇੜੇ।

ਜੋ ਤੂਫਾਨਾਂ ਵਿੱਚ ਵੀ ਛੱਡਦੇ ਨ੍ਹੀ ਦਿਲ,
ਪਾਰ ਉਨ੍ਹਾਂ ਦੇ ਯਾਰੋ, ਲੱਗਦੇ ਬੇੜੇ।
ਉਸ ਵਰਗਾ ਮੂਰਖ ਨਾ ਕੋਈ ਯਾਰੋ,
ਜੋ ਸੁੱਤੇ ਹੋਏ ਨਾਗਾਂ ਨੂੰ ਛੇੜੇ।

ਮਿਹਨਤ ਕਰਨੀ ਪੈਣੀ ਰੱਜ ਕੇ ਯਾਰੋ,
ਜੇ ਲਿਆਣੇ ਜੀਵਨ ਵਿਚ ਖ਼ੁਸ਼ੀਆਂ, ਖੇੜੇ।
ਉਹ ਇਹਨਾਂ ਦੇ ਗੁਣ ਗਾਉਂਦਾ ਨਾ ਥੱਕੇ,
ਜਿਸ ਨੇ ਵੀ ਖਾਧੇ ਜੇਜੋਂ ਦੇ ਪੇੜੇ।

ਹੁਣ ਪੁੱਤਾਂ ਦਾ ਮੋਹ ਨਾ ਰਿਹਾ
ਮਾਂ-ਪਿਉ ਵਿਚ,
ਪੈਸੇ ਲਈ ਉਹ ਹੋਣ ਉਨ੍ਹਾਂ ਦੇ ਨੇੜੇ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ
ਐੱਮ ਐੱਲ ਏ ਹਾਊਸ
ਕੈਨਾਲ ਰੋਡ, ਨਵਾਂ ਸ਼ਹਿਰ-144514
ਫੋਨ 9915803554

# What Donald Trump and Elon Musk backing H-1B visas means to me as an immigrant entrepreneur

**HARRY (HARJINDER) SINGH**



Immigrants built America, and America shaped its immigrants. This line captures the essence of the symbiotic relationship between the United States and those who come here seeking opportunity. Immigrants drive the economy, spark innovation, and create jobs. This isn't just about diversity—it's about securing America's future.

America, created in 1776, was arguably the greatest startup idea in history. Today, as a 248-year-old enterprise, it continues to be a beacon of innovation and opportunity. Immigrants have been at the heart of this success story, shaping industries, creating millions of jobs, and driving technological advancements. Silicon Valley, where I've had the privilege of building companies, is a testament to this.

Elon Musk, a South African-born visionary, arrived in North America as a student and transitioned to an H-1B—a visa category that lets U.S. employers hire foreign workers in specialty occupations. He built companies, including Tesla and SpaceX, that have redefined industries. Musk's defense of the H-1B program is emphatic: "The reason I'm in America along with so many critical people who built SpaceX, Tesla, and hundreds of other companies that made America strong is because of H-1B. I will go to war on this issue the likes of which you cannot possibly comprehend."

As a startup founder, I've witnessed firsthand how the first 50 technical hires at most technology companies—immigrants included—go on to create products and platforms that employ millions, strengthen our military's technological edge, and improve lives globally. None of this would have been possible without the contributions of skilled immigrants.

President-elect Donald Trump recently reiterated his support for legal immigration, calling the H-1B visa a "great program" that ensures America continues to attract the best talent globally. "That's why we have them," Trump told the New York Post, signaling his commitment to maintaining America's competitive edge. His alignment with Musk's advocacy for recruitment flexibility underscores a shared understanding of what's at stake: America's technological dominance.

In 2017, I penned an article criticizing certain aspects of Trump's immigration rhetoric. At the time, the nuances between legal and illegal immigration were unclear to me. As an immigrant and a member of a minority group, I reacted emotionally, as many did. However, I now recognize and appreciate Trump's longstanding support for legal immigration and its role in America's success.

As a Sikh immigrant and Silicon Valley entrepreneur, I've witnessed the transformative power of legal immigration. My work in cybersecurity and national security has not only created jobs but also fortified America's digital defenses.

Programs like H-1B bring in skilled workers who fuel economic growth, create jobs for Americans, and drive technological advancements. Legal immigration isn't just a policy; it's a strategy for long-term success. Immigrants are not just workers; they are visionaries, creators, and leaders. From Silicon Valley's boardrooms to America's farmlands, they've proven time and again that opportunity and ambition are America's greatest resources.

The Sikh community's journey exemplifies immigrant perseverance. From the early 1900s, when Sikhs first settled in California, serving in the military, and excelling in fields like technology and business, Sikhs have woven themselves into America's fabric. During World War I, a Sikh soldier became the first U.S. military member to be granted the right to wear a turban while on active duty. In 1956, the first Sikh was elected to Congress.

The first IPO by an Indian immigrant in the United States was accomplished by Narinder Singh Kapany, a visionary Sikh scientist considered the "father of fiber optics," in 1967 on Nasdaq. This trailblazing achievement was followed by several other remarkable Punjabi Sikhs: Jugi Tandon (Tandon Corp., IPO in 1981); Kanwal Singh Rekhi and Inder Mohan Singh (Excelan, IPO in 1987); and Prithipal Singh (Chemtrak, IPO in 1992). Remarkably, these groundbreaking public offerings were all spearheaded by members of the small but resilient Sikh community from Punjab, India.

Such milestones highlight the perseverance and contributions of Sikhs in America. I'm proud to contribute to this legacy. As a cybersecurity entrepreneur, my work strengthens America's digital defenses and secures its future. Immigrants like me are proof that America's openness to talent pays dividends for generations.


Immigration isn't just a demographic issue; it's a policy lever that fuels economic growth, secures national defense, and sustains global leadership. Legal pathways like H-1B visas enable American companies to compete globally, innovate locally, and strengthen the economy. Trump's outspoken support for legal immigration bodes well for America's future. It ensures that industries will continue to innovate and contribute to the nation's economic growth.

Reflecting on my earlier critique of Trump, I've come to realize the importance of separating political rhetoric from actionable policies. Over the years, I've seen how he's consistently supported pathways that empower immigrants to contribute legally and meaningfully. My work in national security, cybersecurity, and technology has only deepened my understanding of how critical these contributions are to America's strength and resilience.

As we approach the 250th anniversary of this nation, let us honor its founding principles by embracing those who build its future.

*Harry (Harjinder) Singh is a Silicon Valley tech entrepreneur, the founder of SecureX.AI, and a Sikh immigrant. Harry (Harjinder) Singh knows the value immigrants bring to America.*

* * * * * * *



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**

## CHANGE OF NAME

I, SUKHARAJ S/O MR BALADEV SINGH WHOSE PERMANENT ADDRESS IN INDIA IS 58 AMITESH NAGAR, INDORE, PIN: 452012, MADHYA PRADESH AND NOW LIVING AT 12 CHEDDAR GARDENS, LEICESTER, LE4 0EL, UK HEREBY GIVE NOTICE OF MY INTENTION TO CHANGE MY NAME TO SUKHARAJ SINGH SANDHU. (U)

I, ARPITA D/O MR TRILOK SINGH WHOSE PERMANENT ADDRESS IN INDIA IS VPO RANIPOKHRI, TEH: RISHIKESH, DEHRADUN, PIN: 248145, UTTARAKHAND AND NOW LIVING AT 49 OATLAND GARDENS, LEEDS, LS7 1SJ, UK HEREBY GIVE NOTICE OF MY INTENTION TO CHANGE MY NAME TO ARPITA PANWAR. (U/I)

I, BALWINDER SINGH S/O MR HARBANS SINGH WHOSE PERMANENT ADDRESS IN INDIA IS MALHI MARKET, D.B.N. RD, SHUKARPURA, BATALA, PIN: 143505, DISTT: GURDASPURE, PUNJAB AND NOW LIVING AT 18 CHESTNUT DRIVE, STRETTON HALL, LEICESTER, LE2 4QX, UK HEREBY GIVE NOTICE OF MY INTENTION TO CHANGE MY NAME TO BALWINDER SINGH MALHI. (U/I)


# ਓਲੰਪੀਅਨ ਨੀਰਜ ਚੋਪੜਾ ਵਿਆਹ ਦੇ ਬੰਧਨ ਵਿਚ ਬੱਝਾ



ਚੰਡੀਗੜ੍ਹ- ਦੋ ਵਾਰ ਦੇ ਓਲੰਪਿਕ ਤਗ਼ਮਾ ਜੇਤੂ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਐਤਵਾਰ ਨੂੰ ਹਿਮਾਨੀ ਮੋਰ ਨਾਲ ਆਪਣੇ ਵਿਆਹ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਹਿਮਾਨੀ ਮੋਰ, ਜੋ ਖ਼ੁਦ ਇਕ ਟੈਨਿਸ ਖਿਡਾਰਨ ਹੈ, ਹਰਿਆਣਾ ਦੇ ਲਾਰਸੌਲੀ ਨਾਲ ਸਬੰਧਤ ਹੈ ਤੇ ਉਹ ਇਸ ਵੇਲੇ ਅਮਰੀਕਾ ਵਿਚ ਮੈਕਕੋਰਮੈਕ ਇਸਨਬਰਗ ਸਕੂਲ ਆਫ ਮੈਨੇਜਮੈਂਟ ਤੋਂ ਸਪੋਰਟਸ ਮੈਨੇਜਮੈਂਟ ਤੇ ਐਡਮਨਿਸਟਰੇਸ਼ਨ ਵਿਚ ਐੱਮ.ਐੱਸਸੀ. ਕਰ ਰਹੀ ਹੈ। ਚੋਪੜਾ ਨੇ ਹਾਲਾਂਕਿ ਵਿਆਹ ਦੀ ਤਰੀਕ ਤੇ ਵਿਆਹ ਸਮਾਗਮ ਵਾਲੀ ਥਾਂ ਦਾ ਜ਼ਿਕਰ ਨਹੀਂ ਕੀਤਾ। ਚੋਪੜਾ ਦੇ ਰਿਸ਼ਤੇਦਾਰ ਭੀਮ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਨੀਰਜ ਤੇ ਹਿਮਾਨੀ ਦਾ ਵਿਆਹ ਦੇਸ਼ ਵਿਚ ਹੀ ਹੋਇਆ ਤੇ ਇਹ ਜੋੜਾ ਹਨੀਮੂਨ ਲਈ ਚਲਾ ਗਿਆ ਹੈ। ਭੀਮ ਨੇ ਪਾਣੀਪਤ ਨੇੜੇ ਖਾਂਡਰਾ ਵਿਚ ਆਪਣੇ ਪਿੰਡ ਵਿਚ ਕਿਹਾ, ਵਿਆਹ ਦੋ ਦਿਨ ਪਹਿਲਾਂ ਹੋਇਆ ਹੈ। ਮੈਂ ਵਿਆਹ ਵਾਲੀ ਥਾਂ ਬਾਰੇ ਨਹੀਂ ਦੱਸ ਸਕਦਾ। ਚਾਂਦ ਰਾਮ ਦੀ ਧੀ ਹਿਮਾਨੀ ਮੋਰ ਨਿਊ ਹੈਂਪਸ਼ਾਇਰ ਵਿਚ ਸਪੋਰਟਸ ਮੈਨੇਜਮੈਂਟ ਵਿਚ ਮਾਸਟਰਜ਼ ਡਿਗਰੀ ਕਰ ਰਹੀ ਹੈ। ਮੋਰ ਦਿੱਲੀ ਦੇ ਮਿਰਾਂਡਾ ਹਾਊਸ ਦੀ ਐਲੂਮਨੀ ਹੈ, ਜਿੱਥੋਂ ਉਸ ਨੇ ਰਾਜਨੀਤੀ ਸ਼ਾਸਤਰ ਤੇ ਸਰੀਰਕ ਸਿੱਖਿਆ ਵਿਚ ਬੀਏ ਕੀਤੀ ਹੈ। ਮੋਰ ਦਾ ਭਰਾ ਹਿਮਾਂਸ਼ੂ ਟੈਨਿਸ ਖਿਡਾਰੀ ਹੈ। ਆਲ ਇੰਡੀਆ ਟੈਨਿਸ ਐਸੋਸੀਏਸ਼ਨ (ਅੀਠਅ) ਦੀ ਵੈੱਬਸਾਈਟ ਅਨੁਸਾਰ, 2018 ਵਿੱਚ ਹਿਮਾਨੀ ਦੇ ਟੈਨਿਸ ਕਰੀਅਰ ਦੀ ਸਭ ਤੋਂ ਵਧੀਆ ਕੌਮੀ ਦਰਜਾਬੰਦੀ ਸਿੰਗਲਜ਼ ਵਿੱਚ 42 ਅਤੇ ਡਬਲਜ਼ ਵਿੱਚ 27 ਸੀ। ਉਸ ਨੇ 2018 ਵਿੱਚ ਸਿਰਫ ਅੀਠਅ ਈਵੈਂਟਸ ਵਿੱਚ ਖੇਡਣਾ ਸ਼ੁਰੂ ਕੀਤਾ ਸੀ। ਮੋਰ ਨੇ ਆਪਣੀ ਸਕੂਲੀ ਪੜ੍ਹਾਈ ਸੋਨੀਪਤ ਦੇ ਲਿਟਲ ਏਂਜਲਸ ਸਕੂਲ ਤੋਂ ਕੀਤੀ।

# ਚੀਨ ਸਮੇਤ ਕਈ ਮੁਲਕਾਂ ਦੀ ਅਬਾਦੀ ਚ ਗਿਰਾਵਟ

ਪੇਈਚਿੰਗ- ਵੱਡੀ ਗਿਣਤੀ ਚ ਦੇਸ਼ ਅਬਾਦੀ ਚ ਗਿਰਾਵਟ ਤੇ ਉਮਰ ਵਧਣ ਦੀਆਂ ਦੋਹਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਨੌਜਵਾਨ ਪੀੜ੍ਹੀ ਘੱਟ ਬੱਚੇ ਪੈਦਾ ਕਰਨ ਦਾ ਰੁਝਾਨ ਰੱਖ ਰਹੀ ਹੈ ਅਤੇ ਸਿਹਤ ਸੰਭਾਲ ਚ ਪ੍ਰਗਤੀ ਨਾਲ ਉਮਰ ਲੰਮੀ ਹੋ ਰਹੀ ਹੈ। ਚੀਨ ਨੇ ਕਿਹਾ ਕਿ ਪਿਛਲੇ ਸਾਲ ਲਗਾਤਾਰ ਤੀਜੇ ਸਾਲ ਉਨ੍ਹਾਂ ਦੀ ਅਬਾਦੀ ਚ ਗਿਰਾਵਟ ਦਰਜ ਕੀਤੀ ਗਈ ਹੈ। ਚੀਨ ਦੀ ਅਬਾਦੀ 2024 ਦੇ ਅੰਤ ਚ ਤਕਰੀਬਨ ਇੱਕ ਅਰਬ 40 ਕਰੋੜ ਸੀ ਜੋ ਪਿਛਲੇ ਸਾਲ ਮੁਕਾਬਲੇ ਤਕਰੀਬਨ 14 ਲੱਖ ਘੱਟ ਹੈ। ਉੱਧਰ ਏਸ਼ੀਆ ਵਿੱਚ ਜਪਾਨ ਦੀ ਅਬਾਦੀ ਪਿਛਲੇ 15 ਸਾਲਾਂ ਤੋਂ ਘੱਟ ਰਹੀ ਹੈ ਜਦਕਿ 2021 ਵਿੱਚ ਦੱਖਣੀ ਕੋਰੀਆ ਵਿੱਚ ਅਬਾਦੀ ਚ ਗਿਰਾਵਟ ਦਰਜ ਕੀਤੀ ਗਈ ਸੀ। ਇਟਲੀ ਵਿੱਚ ਪਹਿਲੀ ਵਾਰ 19ਵੀਂ ਸਦੀ ਚ ਅਬਾਦੀ ਚ ਗਿਰਾਵਟ ਦਰਜ ਕੀਤੀ ਗਈ ਸੀ ਜਦੋਂ ਚਾਰ ਲੱਖ ਦੇ ਕਰੀਬ ਅਬਾਦੀ ਘਟੀ ਸੀ।ਸੰਯੁਕਤ ਰਾਸ਼ਟਰ ਨੇ ਕਿਹਾ ਕਿ 63 ਮੁਲਕਾਂ ਤੇ ਪ੍ਰਦੇਸ਼ਾਂ ਦੀ ਅਬਾਦੀ ਸਿਖਰ ਤੇ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਅਗਲੇ 30 ਸਾਲਾਂ ਅੰਦਰ 48 ਹੋਰ ਮੁਲਕ ਅਬਾਦੀ ਦੇ ਸਿਖਰ ਤੇ ਹੋਣਗੇ। ਆਲਮੀ ਸੰਸਥਾ ਨੇ ਕਿਹਾ ਕਿ ਦੁਨੀਆ ਦੀ ਅਬਾਦੀ ਇਸ ਸਮੇਂ 8.2 ਅਰਬ ਹੈ ਜੋ ਆਉਂਦੇ 60 ਸਾਲਾਂ ਅੰਦਰ 10.3 ਅਰਬ ਨੇੜੇ ਪਹੁੰਚ ਸਕਦੀ ਹੈ ਤੇ ਇਸ ਮਗਰੋਂ ਇਸ ਵਿੱਚ ਗਿਰਾਵਟ ਸ਼ੁਰੂ ਹੋਵੇਗੀ। ਘਟਦੀ ਅਬਾਦੀ ਵਾਲੇ ਕਈ ਮੁਲਕਾਂ ਚ ਸਰਕਾਰਾਂ ਨੇ ਬਜ਼ੁਰਗਾਂ ਦੀ ਗਿਣਤੀ ਵਧਣ ਕਾਰਨ ਲੋਕਾਂ ਨੂੰ ਬੱਚੇ ਪੈਦਾ ਕਰਨ ਲਈ ਵਿੱਤੀ ਮਦਦ ਦੇਣੀ ਸ਼ੁਰੂ ਕੀਤੀ ਹੈ।

# ਪਰਵਾਸੀਆਂ ਦੀ ਵਤਨ ਵਾਪਸੀ ਸਬੰਧੀ ਟਰੰਪ ਦੀ ਯੋਜਨਾ ਅਪਮਾਨਜਨਕ: ਪੋਪ

ਪੋਪ ਫਰਾਂਸਿਸ ਨੇ ਕਿਹਾ ਹੈ ਪਰਵਾਸੀਆਂ ਨੂੰ ਵੱਡੇ ਪੱਧਰ ਤੇ ਉਨ੍ਹਾਂ ਦੇ ਵਤਨ ਵਾਪਸ ਭੇਜਣ ਦੀ ਡੋਨਲਡ ਟਰੰਪ ਦੀ ਯੋਜਨਾ ਅਪਮਾਨਜਨਕ ਹੋਵੇਗੀ। ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਉਨ੍ਹਾਂ ਅਮਰੀਕਾ-ਮੈਕਸਿਕੋ ਵਿਚਕਾਰ ਇਕ ਕੰਧ ਬਣਾਉਣ ਦੀ ਇੱਛਾ ਲਈ ਟਰੰਪ ਨੂੰ ਗ਼ੈਰ ਈਸਾਈ ਆਖਿਆ ਸੀ। ਫਰਾਂਸਿਸ ਨੇ ਇਕ ਇਤਾਲਵੀ ਪ੍ਰੋਗਰਾਮ ਦੌਰਾਨ ਇਹ ਟਿੱਪਣੀਆਂ ਕੀਤੀਆਂ ਅਤੇ ਫਿਰ ਸੋਮਵਾਰ ਨੂੰ ਟਰੰਪ ਨੂੰ ਵਧਾਈ ਦਾ ਇਕ ਟੈਲੀਗ੍ਰਾਮ ਵੀ ਭੇਜਿਆ। ਪੋਪ ਨੇ ਕਿਹਾ ਕਿ ਉਨ੍ਹਾਂ ਪ੍ਰਾਰਥਨਾ ਕੀਤੀ ਕਿ ਅਮਰੀਕਾ ਸਾਰਿਆਂ ਲਈ ਮੌਕੇ ਅਤੇ ਸਵਾਗਤ ਕਰਨ ਵਾਲੀ ਧਰਤੀ ਵਜੋਂ ਆਪਣੇ ਵਿਚਾਰਾਂ ਤੇ ਕਾਇਮ ਰਹੇਗਾ। ਉਨ੍ਹਾਂ ਟੈਲੀਗ੍ਰਾਮ ਚ ਲਿਖਿਆ, ਮੈਨੂੰ ਉਮੀਦ ਹੈ ਕਿ ਤੁਹਾਡੀ ਅਗਵਾਈ ਹੇਠ ਅਮਰੀਕੀ ਲੋਕ ਹੋਰ ਖੁਸ਼ਹਾਲ ਹੋਣਗੇ।

# ਸਕੂਲ ਪ੍ਰਿੰਸੀਪਲ ਬਣੀ ਲੁਧਿਆਣਾ ਦੀ ਪਹਿਲੀ ਮਹਿਲਾ ਮੇਅਰ

ਲੁਧਿਆਣਾ- ਲੁਧਿਆਣਾ ਨੂੰ 22 ਮਹੀਨੇ ਬਾਅਦ ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਦਾ ਨਵਾਂ ਮੇਅਰ ਮਿਲ ਗਿਆ ਹੈ। ਆਮ ਆਦਮੀ ਪਾਰਟੀ (ਆਪ) ਦੀ ਕੌਂਸਲਰ ਤੇ ਸਕੂਲ ਦੀ ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਲੁਧਿਆਣਾ ਦਾ ਮੇਅਰ ਚੁਣਿਆ ਗਿਆ ਹੈ। ਰਾਕੇਸ਼ ਪ੍ਰਾਸ਼ਰ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਪ੍ਰਿੰਸ ਜੌਹਰ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਸ਼ਹਿਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਮਹਿਲਾ ਨੂੰ ਮੇਅਰ ਦੀ ਕੁਰਸੀ ਤੇ ਬਿਠਾਇਆ ਗਿਆ ਹੋਵੇ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸਾਰੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਲੁਧਿਆਣਾ ਨਗਰ ਨਿਗਮ ਪ੍ਰਸ਼ਾਸਨ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰੇਗਾ ਅਤੇ ਸ਼ਹਿਰ ਦੇ ਵਿਕਾਸ ਲਈ ਰਾਹ ਪੱਧਰਾ ਕਰੇਗਾ। ਅਮਨ ਅਰੋੜਾ ਨੇ ਕਿਹਾ ਕਿ ਅੱਜ ਲੁਧਿਆਣਾ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਲੁਧਿਆਣਾ ਨੂੰ ਮਹਿਲਾ ਮੇਅਰ ਦਿੱਤੀ ਹੈ।


## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**

**Account No: 20853011 Sort Code: 20-25-85**

# ਇਟਲੀ ' ਚ ਸਾਲ 2024 ਦੌਰਾਨ ਹੋਏ ਸੜਕ ਹਾਦਸਿਆਂ ਨੇ 204 ਸਾਇਕਲ ਸਵਾਰ ਲੋਕਾਂ ਦੀ ਲਈ ਜਾਨ

**ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਟਲੀ ਵਿੱਚ ਕੁਝ ਅਜਿਹੇ ਲੋਕ ਵੀ ਹਨ ਜਿਹੜੇ ਕੰਮਾਂ-ਕਾਰਾਂ ਲਈ 2-2 ਘੰਟੇ ਸਾਇਕਲ ਚਲਾਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ ਉਂਝ ਤਾਂ ਸਾਇਕਲ ਚਲਾਉਣਾ ਸਿਹਤ ਲਈ ਬਹੁਤ ਹੀ ਲਾਹੇਵੰਦ ਹੁੰਦਾ ਹੈ ਪਰ ਇਹ ਪ੍ਰਵਾਸੀ ਲੋਕ ਮਜ਼ਬੂਰੀ ਲਈ ਸਾਇਕਲ ਉੱਪਰ ਮਜ਼ਦੂਰੀ ਕਰਨ ਜਾਂਦੇ ਹਨ ਪਰ ਜੱਗੋਂ ਤੇਰਵੀਂ ਤੱਦ ਹੁੰਦੀ ਹੈ ਜਦੋਂ ਕਿਸੇ ਸੜਕ ਹਾਦਸੇ ਵਿੱਚ ਕਿਸੇ ਕਿਰਤੀ ਦੀ ਮੌਤ ਹੁੰਦੀ ਹੈ।ਇਟਲੀ ਦੀ ਨਾਮੀ ਅੰਕੜਾ ਏਜੰਸੀ ਇਸਤੱਤ ਅਨੁਸਾਰ ਸਾਲ 2024 ਵਿੱਚ 204 ਉਹਨਾਂ ਦੀ ਜਾਨ ਗਈ ਜਿਹੜੇ ਸਾਇਕਲ ਉੱਤੇ ਸਵਾਰ ਹੋਕੇ ਕਿਸੇ ਨਾ ਕਿਸੇ ਕੰਮ ਨੂੰ ਜਾ ਰਹੇ ਸਨ।**

ਸਰਵੇਂ ਰਿਪੋਰਟ ਮੁਤਾਬਕ ਮਹੀਨਿਆਂ 'ਤੇ ਨਜ਼ਰ ਮਾਰੀਏ ਤਾਂ ਜਨਵਰੀ ਵਿੱਚ 18 ਮੌਤਾਂ ਹੋਈਆਂ, ਫਰਵਰੀ ਵਿੱਚ 7, ਮਾਰਚ ਵਿੱਚ 15, ਅਪ੍ਰੈਲ ਵਿੱਚ 14 ਅਤੇ ਜੂਨ ਵਿੱਚ 19, ਜੋ ਕਿ ਜੁਲਾਈ ਵਿੱਚ 25 ਦੇ ਨਾਲ ਸਾਲ ਦਾ ਰਿਕਾਰਡ ਹੈ। ਅਗਸਤ ਵਿੱਚ 24 ਹੋਰ ਮੌਤਾਂ ਹੋਈਆਂ। ਸਤੰਬਰ ਵਿੱਚ 20 ਲੋਕਾਂ ਦੀ ਸੜਕਾਂ ਆਵਾਜਾਈ ਦੌਰਾਨ ਮੌਤਾਂ ਹੋਈਆਂ । ਅਕਤੂਬਰ ਵਿੱਚ 16 'ਤੇ ਰੁਕ ਜਾਂਦਾ ਹੈ, ਨਵੰਬਰ ਵਿੱਚ ਵੱਧ ਕੇ 20 ਹੋ ਜਾਂਦਾ ਹੈ। ਸਾਲ ਦੇ ਆਖਰੀ ਮਹੀਨੇ ਦਸੰਬਰ ਵਿੱਚ, 12 ਸਾਇਕਲ ਚਾਲਕਾਂ ਦੀ ਮੌਤ ਹੋਈ। ਇਨ੍ਹਾਂ ਮੌਤਾਂ ਵਿੱਚ 184 ਪੁਰਸ਼ ਅਤੇ 20 ਔਰਤਾਂ ਸ਼ਾਮਲ ਹਨ।

ਸਾਲ 2024 ਦਾ ਇਹ ਸਾਇਕਲ ਸਵਾਰਾਂ ਦੀ ਮੌਤ ਦਾ 204 ਮੌਤਾਂ ਦਾ ਅੰਕੜਾ ਸਾਲ 2023 ਦੇ ਮੁਕਾਬਲੇ ਅੱਗੇ ਹੈ। ਇਸਤੱਤ ਅਨੁਸਾਰ ਸਾਲ 2023 ਵਿੱਚ 212 ਲੋਕਾਂ ਦੀ ਮੌਤ ਦਾ ਕਾਰਨ ਸਾਇਕਲ ਚਲਾਉਂਦੇ ਸਮੇਂ ਵਾਪਰੇ ਸੜਕ ਹਾਦਸੇ ਹਨ।ਸਾਈਕਲਿਸਟਸ ਆਬਜ਼ਰਵੇਟਰੀ ਦੇ ਅੰਕੜੇ ਅਜਿਹੇ ਸੂਬਿਆਂ ਨੂੰ ਉਜਾਗਰ ਕਰਦੇ ਹਨ ਜਿੱਥੇ ਸਭ ਤੋਂ ਵੱਧ ਸਾਇਕਲ ਨਾਲ ਹਾਦਸੇ ਹੋਏ ਉਹਨਾਂ ਵਿੱਚ ਲੰਬਾਰਦੀਆ ਸੂਬਾ ਇੱਕ ਵਾਰ ਫਿਰ ਪੂਰੇ ਇਟਲੀ ਵਿੱਚ ਅੱਗੇ ਹੈ ਜਿੱਥੇ ਲਗਭਗ ਛੇਵਾਂ ਹਿੱਸਾ ਮੌਤਾਂ ਦਰਜ ਕੀਤੀਆਂ, ਇਸ ਤੋਂ ਬਾਅਦ ਇਮਿਲੀਆ ਰੋਮਾਨਾ ਅਤੇ ਵੇਨੇਟੋ ਹਨ ਜਿਵੇਂ ਕਿ ਸਾਲ 2023 ਵਿੱਚ ਸੀ ।


***ਲੰਬਾਰਦੀਆ ਸੂਬੇ ਵਿੱਚ ਹੋਏ ਸਾਇਕਲ ਸੜਕ ਹਾਦਸਿਆਂ ਵਿੱਚ : 35, ਇਮਿਲੀਆ ਰੋਮਾਨਾ ਸੂਬੇ ਵਿੱਚ 32 ਤੇ**

ਵੇਨੇਟੋ ਸੂਬੇ ਵਿੱਚ 31 ਲੋਕ ਲਈ ਸਾਇਕਲ ਦਾ ਸਫ਼ਰ ਜ਼ਿੰਦਗੀ ਦਾ ਆਖ਼ਰੀ ਸਫ਼ਰ ਸਾਬਤ ਹੋਇਆ ।ਜਦੋਂ ਕਿ ਲਾਸੀਓ ਸੂਬੇ ਵਿੱਚ 13, ਟੁਸਕਾਨਾ ਸੂਬੇ ਵਿੱਚ 13, ਕੰਪਾਨੀਆ ਸੂਬੇ ਵਿੱਚ 12, ਪੀਏਮੋਨਤੇ ਸੂਬੇ ਵਿੱਚ 11, ਫਰੀਓਲੀ ਵਿਨੇਸੀਆ ਜਿਓਲੀਆ ਸੂਬੇ ਵਿੱਚ 11, ਸੀਚੀਲੀਆ ਸੂਬੇ ਵਿੱਚ 10, ਪੂਲੀਆ ਸੂਬੇ ਵਿੱਚ 7, ਮਾਰਕੇ ਸੂਬੇ ਵਿੱਚ 6, ਓਮਬਰੀਆ ਸੂਬੇ ਵਿੱਚ 5, ਸਾਰਡੀਨੀਆ ਸੂਬੇ ਵਿੱਚ 4 ਤਰੇਨਤੋ ਸੂਬੇ ਵਿੱਚ 8 , ਅਬਰੂਸੋ ਸੂਬੇ ਵਿੱਚ 3, ਕਲਾਬਰੀਆ ਸੂਬੇ ਵਿੱਚ 1, ਲਿਗੂਰੀਆ ਸੂਬੇ 1 ਤੇ ਸੂਬਾ ਮੋਲੀਜੇ ਵਿੱਚ 1 ਸਾਇਕਲ ਸਵਾਰ ਦੀ ਸੜਕ ਹਾਦਸੇ ਦੌਰਾਨ ਮੌਤ ਹੋਈ।ਸਾਇਕਲ ਸਵਾਰਾਂ ਨਾਲ ਹੋਏ ਸੜਕ ਹਾਦਸਿਆਂ ਦਾ ਮੁੱਖ ਕਾਰਨ ਕਾਰਾਂ ਨਾਲ ਟੱਕਰਾਂ ਹਨ ਪਰ ਬੱਸਾਂ ਅਤੇ ਟਰੱਕਾਂ ਨਾਲ ਵੀ ਕੁਝ ਕੇਸਾਂ ਹਨ।ਕੁਝ ਮਾਮਲਿਆਂ ਵਿੱਚ, ਡਰਾਈਵਰਾਂ ਨੇ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ, ਜਾਂ ਦੋਵਾਂ ਲਈ ਸਕਾਰਾਤਮਕ ਟੈਸਟ ਕੀਤਾ ਹੈ। ਵੀਹ ਇਲੈਕਟ੍ਰਿਕ ਬਾਈਕ ਜਾਂ ਸਾਇਕਲ ਸ਼ਾਮਲ ਸਨ। ਬਹੁਤ ਸਾਰੇ ਹਾਦਸੇ ਰਾਤ ਨੂੰ ਅਤੇ ਸ਼ਹਿਰੀ ਸੜਕਾਂ 'ਤੇ ਹੋਏ, ਜਿਨ੍ਹਾਂ ਦੀ ਦਿੱਖ ਘੱਟ ਸੀ। ਕੁਝ ਮਾਮਲੇ ਜਿਨ੍ਹਾਂ ਵਿੱਚ ਕਾਰ ਦਾ ਦਰਵਾਜ਼ਾ ਖੁੱਲ੍ਹਣ ਕਾਰਨ ਸਾਈਕਲ ਸਵਾਰ ਡਿੱਗ ਪਿਆ ਅਤੇ ਉਸਦੀ ਮੌਤ ਹੋ ਗਈ।

ਜੂਨ-ਸਤੰਬਰ ਦੇ ਚਾਰ ਮਹੀਨਿਆਂ ਦੇ ਅੰਕੜਿਆਂ ਅਨੁਸਾਰ 98 ਮੌਤਾਂ ਦੀ ਪੁਸ਼ਟੀ ਹੋਈ ਹੈ, ਜੋ ਕਿ ਕੁੱਲ ਮੌਤਾਂ ਦਾ ਲਗਭਗ ਅੱਧਾ ਹੈ।ਇਹ ਹਾਦਸੇ ਬੋਲਦੇ ਹਨ ਕਿ ਸਾਈਕਲ ਸਵਾਰਾਂ ਲਈ ਵਧੇਰੇ ਸੁਰੱਖਿਆਤਮਕ, ਸੁਰੱਖਿਅਤ ਸੜਕੀ ਢਾਂਚੇ ਦੀ ਲੋੜ ਹੈ

# ਕੇਂਦਰੀ ਸਭਾ ਸੇਖੋਂ 21 ਫਰਵਰੀ ਮਾਂ ਬੋਲੀ ਦਿਵਸ ਢੋਲ ਦੇ ਡਗੇ ਨਾਲ ਪ੍ਰਦਰਸ਼ਨ ਕਰ ਕੇ ਮਨਾਏਗੀ - ਪਵਨ ਹਰਚੰਦਪੁਰੀ

**ਲੁਧਿਆਣਾ - (ਤੇਜਿੰਦਰ ਮਨਚੰਦਾ) - ਕੇਂਦਰੀ ਪੰਜਾਬੀ ਦੇਖਕ ਸਭਾ ਸੇਖੋਂ,ਦੇ ਜਨ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬੀ ਭਵਨ ਲੁਧਿਆਣਾ ਵਿਖੇ ਕਾਰਜਕਾਰਨੀ ਦੀ ਹੋਈ ਭਰਵੀਂ ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਪਵਨ ਹਰਚੰਦਪੁਰੀ ਨੇ ਕੀਤੀ, ਸਤਿਕਾਰ ਵਜੋਂ ਉਹਨਾਂ ਨਾਲ ਨਾਲ ਡਾ.ਜੋਗਿੰਦਰ ਸਿੰਘ ਨਿਰਾਲਾ ਅਤੇ ਸਰਦਾਰ ਪੰਛੀ ਵੀ ਪ੍ਰਧਾਨਗੀ ਮੰਡਲ ਵਿਚ ਹਾਜ਼ਰ ਸਨ।ਸੰਧੂ ਵਰੀਆਣਵੀ ਨੇ ਮੀਟਿੰਗ ਏਜੰਡਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ।**



ਪਵਨ ਹਰਚੰਦਪੁਰੀ ਨੇ ਪਹਿਲੀ ਮੀਟਿੰਗ ਤੋਂ ਲੈਕੇ ਹੁਣ ਤਕ ਦੇ ਕੰਮਾਂ ਦੀ ਵੱਖ ਵੱਖ ਮੁੱਦਿਆਂ ਤੇ ਰਿਪੋਰਟ ਜਿਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ (ਭਾਸ਼ਾ ਵਿਭਾਗ) ਲਈ, ਨਵੇਂ ਨਵੇਂ ਫ਼ੌਜਦਾਰੀ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼,ਮਸ਼ੀਨੀ ਬੁੱਧੀ ਮਾਨਤਾ ਲਈ ਚੰਡੀਗੜ੍ਹ ਮੀਟਿੰਗ, ਕੇਂਦਰੀ ਸਭਾ ਸੇਖੋਂ ਵਲੋਂ ਕਰਵਾਏ ਗਏ ਪਟਿਆਲਾ ਮਾਲੇਰਕੋਟਲਾ ਅਤੇ ਸਮਾਨਾ ਵਿਖੇ ਕਰਵਾਏ ਗਏ ਸਮਾਗਮਾਂ ਬਾਰੇ, ਡਾ.ਦੀਪਕ ਸੱਭਿਆਚਾਰਕ ਮੇਲਾ, ਡਾ. ਤੇਜਵੰਤ ਮਾਨ ਦਾ ਪੰਜਾਬੀ ਸਾਹਿਤ ਸਭਾ ਸੰਗਰੂਰ ਅਤੇ ਡਾ. ਸਵਰਾਜ ਸਿੰਘ ਦਾ ਮਾਲਵਾ ਰਿਸਰਚ ਸੈਂਟਰ ਪਟਿਆਲਾ ਵਲੋਂ ਜਨਮ ਦਿਨ ਸਨਮਾਨ ਅਤੇ ਭਾਸ਼ਾ ਵਿਭਾਗ ਪੰਜਾਬ ਵਲੋਂ ਕੇਂਦਰੀ ਸਭਾ ਸੇਖੋਂ ਨੂੰ ਸਨਮਾਨ ਯੋਗ ਪ੍ਰਤੀਨਿਧਤਾ ਪੰਜਾਬੀ ਮਾਹ ਸਮੇਂ ਦੇਣ ਬਾਰੇ ਵਿਚਾਰ ਸਾਂਝੇ ਕੀਤੇ।ਉਪਰੰਤ ਸ਼੍ਰੀ ਤਰਲੋਚਨ ਸਿੰਘ ਮੀਰ ਦੀ ਪੁਸਤਕ ਖ਼ੰਜਰ, ਅਤੇ ਉੱਘੇ ਸ਼ਾਇਰ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਜ਼ਿੰਦਗੀ ਦਾ ਮੰਚ (ਸਵਿੰਦਰ ਸੰਧੂ ਦੀਆਂ ਚੋਣਵੀਆਂ ਕਵਿਤਾਵਾਂ), ਅਤੇ ਗਿਆਨੀ ਮੁਖਤਿਆਰ ਸਿੰਘ ਵੰਗੜ ਦੀ ਪੁਸਤਕ ਜੈ ਹੋ ਬਾਬਿਆਂ ਦੀ ਸਭਾ ਵਲੋਂ ਲੋਕ ਅਰਪਣ ਕੀਤੀਆਂ ਗਈਆਂ । ਰਿਪੋਰਟ ਸਮੇਂ ਉੱਭਰੇ ਮੁੱਦਿਆਂ ਉੱਤੇ ਤਿੰਨ ਘੰਟੇ ਹੋਏ ਸੰਵਾਦ ਵਿੱਚ ਸੁਖਦੇਵ ਸਿੰਘ ਔਲਖ, ਤਰਲੋਚਨ ਮੀਰ, ਜਗਦੀਸ਼ ਰਾਣਾ, ਕੇ. ਸਾਧੂ ਸਿੰਘ, ਮੋਹੀ ਅਮਰਜੀਤ, ਜੰਗੀਰ ਸਿੰਘ ਖੋਖਰ,ਦਰਸ਼ਨ ਸਿੰਘ ਪ੍ਰੀਤੀਆਨ, ਗੁਰਚਰਨ ਸਿੰਘ ਢੁੱਡੀਕੇ, ਹਰੀ ਸਿੰਘ ਢੁੱਡੀਕੇ, ਕ੍ਰਿਸ਼ਨ ਲਾਲ ਫਰੀਦਕੋਟ, ਅਮਰਜੀਤ ਸ਼ੇਰਪੁਰੀ, ਕੁਲਵੰਤ ਸਰੋਤਾ, ਕੁਲਵਿੰਦਰ ਕੌਰ ਕੰਵਲ, ਜਰਨੈਲ ਸਿੰਘ ਅੱਚਰਵਾਲ, ਜਸਵਿੰਦਰ ਸਿੰਘ ਜੱਸੀ, ਦੇਸ਼ ਰਾਜ ਬਾਲੀ, ਗੁਰਨਾਮ ਬਾਵਾ, ਇਕਬਾਲ ਘਾਰੂ, ਅਮਰੀਕ ਸਿੰਘ ਤਲਵੰਡੀ, ਤੇਜਿੰਦਰ ਸਿੰਘ ਬਰਾੜ, ਡਾ.ਭਗਵੰਤ ਸਿੰਘ, ਗੁਲਜਾਰ ਸਿੰਘ ਸ਼ੌਂਕੀ, ਸਰਦਾਰ ਪੰਛੀ, ਕੰਵਲਜੀਤ ਕੰਵਰ, ਡਾ.ਫਕੀਰ ਚੰਦ ਸ਼ੁਕਲਾ, ਡਾ.ਜੋਗਿੰਦਰ ਸਿੰਘ ਨਿਰਾਲਾ ਅਤੇ ਪ੍ਰੋ.ਸੰਧੂ ਵਰਿਆਣਵੀ ਨੇ ਭਾਗ ਲਿਆ।

# ਨਵ-ਵਿਆਹੀ ਨੂੰ ਦੋ ਮੋਟਰ ਸਾਈਕਲ ਸਵਾਰਾਂ ਨੇ ਮਾਰੀ ਗੋਲੀ

**ਬਠਿੰਡਾ-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿੱਚ ਅਣਪਛਾਤੇ ਹਮਲਾਵਰ ਨੇ ਨਵ-ਵਿਆਹੁਤਾ ਲੜਕੀ 'ਤੇ ਗੋਲੀਆਂ ਚਲਾ ਦਿੱਤੀਆਂ। ਵੀਹ ਸਾਲਾ ਲੜਕੀ ਹਰਪ੍ਰੀਤ ਕੌਰ ਬੀਤੀ ਸਵੇਰੇ ਆਪਣੇ ਪਤੀ ਅਰਸ਼ਦੀਪ ਸਿੰਘ ਨਾਲ ਦਾਣਾ ਮੰਡੀ ਨੇੜੇ ਸੈਰ ਕਰ ਰਹੀ ਸੀ। ਇਸ ਜੋੜੇ ਦਾ ਕਰੀਬ ਮਹੀਨਾ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ। ਇਸੇ ਦੌਰਾਨ ਮੋਟਰਸਾਈਕਲ 'ਤੇ ਆਏ ਦੋ ਸਵਾਰਾਂ ਵਿਚੋਂ ਪਿੱਛੇ ਬੈਠੇ ਹਮਲਾਵਰ ਨੇ ਆਪਣੇ ਪਿਸਤੌਲ ਨਾਲ ਲੜਕੀ 'ਤੇ ਗੋਲੀ ਚਲਾ ਦਿੱਤੀ। ਡਾਕਟਰ ਮੁਤਾਬਕ ਗੋਲੀ ਲੜਕੀ ਦੇ ਪੱਟ 'ਚੋਂ ਆਰ-ਪਾਰ ਹੋ ਗਈ। ਜ਼ਖ਼ਮੀ ਹਾਲਤ ਲੜਕੀ ਨੂੰ ਭਗਤਾ ਭਾਈ ਕਾ ਦੇ ਸਰਕਾਰੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਉਸ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਡਾਕਟਰਾਂ ਨੇ ਬਠਿੰਡਾ ਲਈ ਰੈਫ਼ਰ ਕਰ ਦਿੱਤਾ। ਥਾਣਾ ਦਿਆਲਪੁਰਾ ਦੀ ਪੁਲੀਸ ਵੱਲੋਂ ਅਣਪਛਾਤੇ ਵਿਅਕਤੀਆਂ 'ਤੇ ਇਰਾਦਾ ਕਤਲ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।**

# ਕਿਸਾਨ ਆਗੂ ਡੱਲੇਵਾਲ ਵੱਲੋਂ ਗਲੂਕੋਜ਼ ਲੈਣ ਨਾਂਹ ਕਰਨ ਤੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪਈ



ਪਾਤੜਾਂ- ਢਾਬੀ ਗੁੱਜਰਾਂ (ਖਨੌਰੀ) ਬਾਰਡਰ ਤੋਂ ਉਸ ਸਮੇਂ ਅਫ਼ਰਾ-ਤਫ਼ਰੀ ਵਾਲਾ ਮਾਹੌਲ ਬਣ ਗਿਆ, ਜਦੋਂ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਗੁਲੂਕੋਜ਼ ਲਗਵਾਉਣ ਤੋਂ ਨਾਹ ਕਰ ਦਿੱਤੀ। ਜਾਣਕਾਰੀ ਮਿਲਣ ਸਾਰ ਮੌਕੇ ਤੇ ਪੁੱਜੇ ਪ੍ਰਸ਼ਾਸਨਿਕ ਅਧਿਕਾਰੀ ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਗੁਲੂਕੋਜ਼ ਲਾਉਣ ਵਾਲਾ ਡਾਕਟਰ ਦੱਖਣੀ ਭਾਰਤ ਦਾ ਹੋਣ ਕਰਕੇ ਉਸ ਦੀ ਭਾਸ਼ਾ ਸਮਝ ਨਹੀਂ ਆਈ, ਜਿਸ ਕਰਕੇ ਜਗਜੀਤ ਸਿੰਘ ਡੱਲੇਵਾਲ ਨੇ ਉਨ੍ਹਾਂ ਨੂੰ ਨਾਂਹ ਕੀਤੀ ਸੀ। ਹਾਲਾਂਕਿ ਬਾਅਦ ਵਿਚ ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਕਿਸਾਨ ਆਗੂ ਡੱਲੇਵਾਲ ਨੇ ਗੁਲੂਕੋਜ਼ ਲਗਵਾਉਣ ਲਈ ਹਾਮੀ ਭਰ ਦਿੱਤੀ ॥ਮੋਰਚੇ ਦੇ ਪ੍ਰਮੁੱਖ ਆਗੂ ਕਾਕਾ ਸਿੰਘ ਕੋਟੜਾ ਨੇ ਇਸ ਸਬੰਧੀ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਹੈ ਕਿ ਜੇਕਰ ਸਰਕਾਰੀ ਡਾਕਟਰ ਡੱਲੇਵਾਲ ਦਾ ਇਲਾਜ਼ ਕਰਨ ਤੋਂ ਅਸਮਰੱਥ ਹਨ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ ਤਾਂ ਕਿ ਪ੍ਰਾਈਵੇਟ ਡਾਕਟਰਾਂ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਮੌਕੇ ਏਡੀਸੀ ਪਟਿਆਲਾ ਨਵਰੀਤ ਕੌਰ ਸੇਖੋਂ, ਸਿਵਲ ਸਰਜਨ ਪਟਿਆਲਾ, ਜਗਪਾਲ ਇੰਦਰ ਸਿੰਘ, ਐਸਡੀਐਮ ਪਾਤੜਾਂ ਅਸ਼ੋਕ ਕੁਮਾਰ, ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਹੋਰ ਅਧਿਕਾਰੀ ਮੌਜੂਦ ਸਨ।

# MANAK SOLICITORS

**Nosheen Bukhari**
Wills & Probate Director



Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

**28 ਜਨਵਰੀ ਜਨਮ ਦਿਨ 'ਤੇ ਵਿਸ਼ੇਸ਼**

# ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ : ਲਾਲਾ ਲਾਜਪਤ ਰਾਏ

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060



ਆਪ ਦਾ ਜਨਮ 28 ਜਨਵਰੀ 1865 ਈ. ਵਿੱਚ ਪਿੰਡ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਮ ਰਾਧਾ ਕ੍ਰਿਸ਼ਨ ਸੀ ਤੇ ਉਹ ਸਕੂਲਾਂ ਦੇ ਇੰਸਪੈਕਟਰ ਸਨ। ਬਚਪਨ ਵਿੱਚ ਕੁਝ ਸਮਾਂ ਲਾਜਪਤ ਰਾਏ ਜੀ ਜਗਰਾਉਂ ਵਿੱਚ ਹੀ ਪੜ੍ਹਦੇ ਰਹੇ। 1880 ਈ. ਵਿੱਚ ਆਪ ਨੇ ਦਸਵੀਂ ਜਮਾਤ ਪਾਸ ਕਰ ਲਈ, ਫਿਰ ਲਾਹੌਰ ਜਾ ਕੇ ਐਫ.ਏ., ਪਾਸ ਕਰਨ ਮਗਰੋਂ ਆਪ ਨੇ ਮੁਖਤਾਰੀ ਦਾ ਇਮਤਿਹਾਨ ਦੇ ਦਿੱਤਾ ਅਤੇ ਜਗਰਾਉਂ ਵਿੱਚ ਜਾ ਕੇ ਮੁਖਤਾਰੀ ਦਾ ਕੰਮ ਕਰਨ ਲੱਗ ਪਏ। ਉਥੋਂ ਫਿਰ ਹਿਸਾਰ ਚਲੇ ਗਏ, ਉਥੇ ਆਪ ਨੇ ਪਲੀਡਰੀ ਦਾ ਡਿਪਲੋਮਾ ਵੀ ਪ੍ਰਾਪਤ ਕਰ ਲਇਆ ਅਤੇ ਕਚਹਿਰੀ ਵਿੱਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ।

ਸਵਾਮੀ ਦਇਆਨੰਦ ਜੀ ਨੇ ਪੰਜਾਬ ਵਿੱਚ ਆਰੀਆ ਸਮਾਜ ਦੀ ਲਹਿਰ ਚਲਾਈ ਸੀ। ਇਸ ਤੋਂ ਆਪ ਬੜੇ ਪ੍ਰਭਾਵਿਤ ਹੋਏ ਅਤੇ ਅਛੂਤ ਉਧਾਰ, ਸਮਾਜ ਸੁਧਾਰ ਤੇ ਵਿਦਿਆ ਪ੍ਰਚਾਰ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਏ। ਅਜੇ ਆਪ ਨੂੰ ਰਾਜਸੀ ਕੰਮਾਂ ਵਿੱਚ ਦਿਲਚਸਪੀ ਘੱਟ ਸੀ।

1886 ਈ. ਆਪ ਲਾਹੌਰ ਆ ਗਏ ਅਤੇ ਇਥੇ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ। ਲਾਹੌਰ ਵਿੱਚ ਮਹਾਤਮਾ ਹੰਸ ਰਾਜ ਨਾਲ ਆਪ ਦਾ ਮੇਲ ਜੋਲ ਹੋ ਗਿਆ। ਮਹਾਤਮਾ ਹੰਸ ਰਾਜ ਵੀ ਇੱਕ ਉਘੇ ਆਰੀਆ ਸਮਾਜ ਸਨ ਅਤੇ ਸਮਾਜ ਸੁਧਾਰਕ ਆਗੂ ਸਨ। ਡੀ.ਏ.ਵੀ. ਕਾਲਜ ਲਾਹੌਰ ਦੇ ਮੁਖੀਏ ਸਨ। ਉਨ੍ਹਾਂ ਦੀ ਸੰਗਤ ਨਾਲ ਆਪ ਦੇ ਹਿਰਦੇ ਵਿੱਚ ਸਮਾਜ ਸੁਧਾਰ ਤੇ ਵਿਦਿਆ ਪ੍ਰਚਾਰ ਦਾ ਸ਼ੌਕ ਹੋਰ ਵੀ ਤੇਜ਼ ਹੋ ਗਇਆ। ਆਪ ਗੁਜ਼ਾਰੇ ਜੋਗੀ ਤਨਖਾਹ ਲੈ ਕੇ ਕਾਲਜ ਵਿੱਚ ਪੜ੍ਹਾਉਣ ਲੱਗ ਪਏ । 1901 ਈ. ਵਿੱਚ ਆਪ ਨੇ "ਪੰਜਾਬ ਸਿੱਖਿਆ ਸਮਿਤੀ" ਦੀ ਨੀਂਹ ਰੱਖੀ, ਜਿਸ ਦੇ ਰਾਹੀਂ ਪੰਜਾਬ ਵਿੱਚ ਹਾਈ ਤੇ ਪ੍ਰਾਇਮਰੀ ਆਰੀਆ ਸਕੂਲ ਖੋਲ੍ਹਣ ਦੀ ਲਹਿਰ ਚਲਾਈ। ਜਗਰਾਉਂ ਵਿੱਚ ਆਪਣੇ ਪਿਤਾ ਦੇ ਨਾਂ ਉਪਰ ਰਾਧਾ ਕ੍ਰਿਸ਼ਨ ਹਾਈ ਸਕੂਲ ਖੋਲ੍ਹਿਆ ਤੇ ਕਈ ਪ੍ਰਾਇਮਰੀ ਸਕੂਲ ਖੁਲ੍ਹਾਏ।

1888 ਈ. ਵਿੱਚ ਕਾਂਗਰਸ ਦਾ ਚੌਥਾ ਸਮਾਗਮ ਅਲਾਹਾਬਾਦ ਵਿੱਚ ਹੋਇਆ। ਆਪ ਪਹਿਲੀ ਵੇਰ ਇਸ ਸਮਾਗਮ ਵਿੱਚ ਸ਼ਾਮਲ ਹੋਏ। ਕਾਂਗਰਸ ਨੂੰ ਬਣਿਆ ਹਾਲੇ ਤਿੰਨ ਵਰ੍ਹੇ ਹੀ ਹੋਏ ਸਨ। ਭਾਰਤ ਦੇ ਪੜ੍ਹੇ ਲਿਖੇ ਇਸ ਵੱਲ ਖਿੱਚੇ ਆ ਰਹੇ ਸਨ। ਇਥੇ ਕਾਂਗਰਸ ਦੇ ਵੱਡੇ ਮਤੇ ਦੀ ਪੁਸ਼ਟੀ ਕਰਦੇ ਹੋਇਆ ਆਪ ਨੇ ਉਰਦੂ ਵਿੱਚ ਇੱਕ ਧੜਲੇਦਾਰ ਭਾਸ਼ਨ ਦਿੱਤਾ, ਜਿਸ ਨੂੰ ਸੁਣ ਕੇ ਸਾਰੇ ਵਾਹ ਵਾਹ ਕਰ ਉਠੇ। ਇਸ ਦੇ ਮਗਰੋਂ ਪੰਜਾਬ ਵਿੱਚ ਆ ਕੇ ਆਪ ਨੇ ਰਾਜਸੀ ਕਾਰਜਾਂ ਵਿੱਚ ਵਿਸ਼ੇਸ਼ ਹਿੱਸਾ ਲੈਣਾ ਆਰੰਭ ਦਿੱਤਾ। ਥੋੜ੍ਹੇ ਚਿਰ ਵਿੱਚ ਹੀ ਆਪ ਇਤਨੇ ਹਰਮਨ ਪਿਆਰੇ ਆਗੂ ਪ੍ਰਸਿੱਧ ਹੋ ਗਏ ਕਿ ਸਰਬ ਹਿੰਦ ਕਾਂਗਰਸ ਵਿੱਚ ਪੰਜਾਬ ਵਲੋਂ ਆਪ ਹੀ ਪ੍ਰਤਿਨਿਧ ਮੰਨੇ ਜਾਣ ਲੱਗੇ।

1906 ਈ. ਵਿੱਚ ਜਦੋਂ ਕਾਂਗਰਸ ਨੇ ਇੱਕ ਡੈਪੂਟੇਸ਼ਨ ਇੰਗਲੈਂਡ ਵਿੱਚ ਭੇਜਿਆ। ਆਪ ਨੂੰ ਉਸ ਦਾ ਮੈਂਬਰ ਬਣਾਇਆ ਗਿਆ। ਇੰਗਲੈਂਡ ਵਿੱਚ ਜਾ ਕੇ ਆਪ ਬਰਤਾਨਵੀ ਆਗੂਆਂ ਨੂੰ ਮਿਲੇ, ਅਖ਼ਬਾਰਾਂ ਵਿੱਚ ਲੇਖ ਲਿਖੇ ਅਤੇ ਜਲਸੇ ਕਰਕੇ ਭਾਸ਼ਨ ਦਿੱਤੇ ਜਿਸ ਦਾ ਲੋਕਾਂ ਉਪਰ ਬਹੁਤ ਪ੍ਰਭਾਵ ਪਇਆ।

1905 ਈ. ਵਿੱਚ ਬੰਗਾਲ ਦੀ ਵੰਡ ਮਗਰੋਂ ਦੇਸ਼ ਵਿੱਚ ਸਵਦੇਸ਼ੀ ਪ੍ਰਚਾਰ ਅਤੇ ਵਿਦੇਸ਼ੀ ਬਾਇਕਾਟ ਦੇ ਅੰਦੋਲਨਾਂ ਦਾ ਝੱਖੜ ਝੁੱਲ ਪਿਆ। ਪੰਜਾਬ ਵਿੱਚ ਲਾਲਾ ਲਾਜਪਤ ਰਾਇ ਜੀ ਤੇ ਸਰਦਾਰ ਅਜੀਤ ਸਿੰਘ ਨੇ ਇਸ ਲਹਿਰ ਦੀ ਅਗਵਾਈ ਕੀਤੀ। ਲਹਿਰ ਵੱਧਦੀ ਗਈ। 1907 ਈ. ਵਿੱਚ ਬਾਰ ਵਿੱਚ ਕਿਸਾਨੀ ਅੰਦੋਲਨ ਆਰੰਭ ਹੋ ਗਿਆ। ਕਾਰਨ ਇਹ ਸੀ ਕਿ ਸਰਕਾਰ ਨੇ ਨਹਿਰੀ ਆਬਾਦੀ ਸੰਬੰਧੀ ਇੱਕ ਕਰੜਾ ਕਾਨੂੰਨ ਬਣਾ ਦਿੱਤਾ ਸੀ। ਜ਼ਿਲ੍ਹਾ ਲਾਇਲਪੁਰ ਦੇ ਆਬਾਦਕਾਰ ਕਿਸਾਨਾਂ ਨੂੰ ਸਰਕਾਰ ਵਿਰੁੱਧ ਬੜੀਆਂ ਸ਼ਿਕਾਇਤਾਂ ਸਨ। ਬੜੇ ਬੜੇ ਜਲਸੇ ਕਰਕੇ ਉਨ੍ਹਾਂ ਨੇ ਰੋਸ ਪ੍ਰਗਟ ਕੀਤਾ। ਲਾਲਾ ਲਾਜਪਤ ਰਾਇ ਤੇ ਸ. ਅਜੀਤ ਸਿੰਘ ਇਸ ਸਮੇਂ ਪੰਜਾਬ ਦੇ ਆਗੂ ਸਨ। ਉਹ ਇਨ੍ਹਾਂ ਜਲਸਿਆਂ ਵਿੱਚ ਧੜੱਲੇਦਾਰ ਵਖਿਆਨ ਦੇਂਦੇ ਸਨ। ਸਵਦੇਸ਼ੀ ਤੇ ਕਿਸਾਨੀ ਅੰਦੋਲਨ ਦਾ ਜ਼ੋਰ ਵੱਧਦਾ ਵੇਖ ਕੇ ਹਕੂਮਤ ਨੇ ਲਾਲਾ ਲਾਜਪਤ ਰਾਇ ਤੇ ਸ.ਅਜੀਤ ਸਿੰਘ ਜੀ ਨੂੰ ਜਲਾਵਤਨ ਕਰਕੇ ਮਾਂਡਲੇ ਭੇਜ ਦਿੱਤਾ, ਪਰ ਛੇ ਮਹੀਨੇ ਮਗਰੋਂ ਆਪ ਨੂੰ ਰਿਹਾਅ ਕਰ ਦਿੱਤਾ ਗਇਆ।

1907 ਈ. ਵਿੱਚ ਕਾਂਗਰਸ ਦਾ ਸਾਲਾਨਾ ਸਮਾਗਮ ਸੂਰਤ ਵਿੱਚ ਹੋਇਆ। ਇਸ ਸਮੇਂ ਕਾਂਗਰਸ ਅੰਦਰ ਦੋ ਧੜਿਆਂ ਦੀ ਟੱਕਰ ਪੂਰੇ ਜੋਬਨ ਉੱਤੇ ਸੀ। ਲਾਲਾ ਲਾਜਪਤ ਰਾਇ ਦਾ ਨਾਂ ਕਾਂਗਰਸ ਸੀ ਪ੍ਰਧਾਨਗੀ ਲਈ ਪੇਸ਼ ਕੀਤਾ ਗਿਆ, ਪਰ ਵਿਰੋਧੀ ਧੜੇ ਨੇ ਪ੍ਰਵਾਨ ਨਾ ਕੀਤਾ। ਝਗੜਾ ਇਤਨਾ ਵਧਿਆ ਕਿ ਕਾਂਗਰਸ ਦੇ ਦੋ ਟੁਕੜੇ ਹੋ ਗਏ। ਗਰਮ ਧੜਾ ਕਾਂਗਰਸ ਤੋਂ ਅੱਡ ਹੋ ਗਿਆ, ਇਸ ਧੜੇ ਦੇ ਮੁੱਖੀ ਆਗੂ ਤਿਲਕ ਜੀ ਸਨ। ਲਾਲਾ ਜੀ ਨੇ ਗਰਮ ਧੜੇ ਦਾ ਸਾਥ ਦਿੱਤਾ। ਹਕੂਮਤ ਵਲੋਂ ਗਰਮ ਧੜੇ ਵਾਲਿਆਂ ਉਤੇ ਬੜੀ ਸਖ਼ਤੀ ਹੋ ਰਹੀ ਸੀ। ਸ੍ਰੀ ਤਿਲਕ ਜੀ ਨੂੰ ਛੇ ਵਰ੍ਹਿਆਂ ਲਈ ਕੈਦ ਕਰਕੇ ਮਾਂਡਲੇ ਭੇਜ ਦਿੱਤਾ ਗਿਆ ਸੀ। ਪੰਜਾਬ ਵਿੱਚ ਵੀ ਕਈ ਗ੍ਰਿਫ਼ਤਾਰ ਤੇ ਕੈਦ ਕੀਤੇ ਗਏ ਸਨ। ਲਾਲਾ ਲਾਜਪਤ ਰਾਇ, ਲਾਲਾ ਹਰਿ ਦਿਆਲ ਤੇ ਅਜੀਤ ਸਿੰਘ ਜੀ ਨੂੰ ਵੀ ਦੇਸ਼ ਨਿਕਾਲਾ ਮਿਲ ਗਿਆ ਸੀ।

ਜਦੋਂ 1914 ਈ. ਵਿੱਚ ਪਹਿਲਾ ਸੰਸਾਰ ਯੁੱਧ ਆਰੰਭ ਹੋਇਆ ਤਾਂ ਲਾਲਾ ਜੀ ਇੰਗਲੈਂਡ ਵਿੱਚ ਸਨ। ਆਪ ਭਾਰਤ ਵਿੱਚ ਵਾਪਸ ਆਉਣਾ ਚਾਹੁੰਦੇ ਸਨ, ਪਰ ਬਰਤਾਨਵੀ ਸਰਕਾਰ ਨੇ ਆਗਿਆ ਨਾ ਦਿੱਤੀ, ਇਸ ਕਰਕੇ ਆਪ ਅਮਰੀਕਾ ਚਲੇ ਗਏ। ਉਥੇ ਗਦਰ ਪਾਰਟੀ ਦੇ ਆਗੂਆਂ ਨੂੰ ਮਿਲੇ ਤੇ ਆਰਥਿਕ ਸਹਾਇਤੀ ਦਿੱਤੀ।ਅਮਰੀਕਾ ਵਿੱਚ ਆਪ ਨੇ ਇੱਕ "ਇੰਡੀਅਨ ਹੋਮ ਰੂਲ ਲੀਗ" ਨਾਂ ਦੀ ਸੰਸਥਾ ਵੀ ਬਣਾਈ। ਦੂਜਾ "ਇੰਡੀਅਨ ਇਨਫ਼ਾਰਮੇਸ਼ਨ ਬਿਊਰੋ" ਕਾਇਮ ਕੀਤਾ ਜਿਥੇ ਹਿੰਦ ਸੰਬੰਧੀ ਵੱਧ ਤੋਂ ਵੱਧ ਵਾਕਫ਼ੀ ਇਕੱਠੀ ਕੀਤੀ ਜਾਂਦੀ ਤੇ ਲੋਕਾਂ ਨੂੰ ਦੱਸੀ ਜਾਂਦੀ। ਹਿੰਦ ਦੇ ਰਾਜਸੀ ਹਾਲਾਤ ਸੰਬੰਧੀ ਆਪ ਨੇ ਭਾਸ਼ਨ ਦੇਣੇ ਤੇ ਲੇਖ ਲਿਖਣੇ ਆਰੰਭ ਕਰ ਦਿੱਤੇ। "ਯੰਗ ਇੰਡੀਅਨ" ਨਾਂ ਦਾ ਪੱਤਰ ਵੀ ਜਾਰੀ ਕਰ ਦਿੱਤਾ, ਜਿਸ ਵਿੱਚ ਭਾਰਤ ਦੀ ਗੁਲਾਮੀ ਤੇ ਸੁਤੰਤਰਤਾ ਬਾਰੇ ਬੜੇ ਗੰਭੀਰ ਤੇ ਵਾਕਫ਼ੀ ਭਰਪੂਰ ਲੇਖ ਛੱਪਦੇ ਸਨ।

1912-13 ਈ. ਵਿੱਚ ਮਹਾਤਮਾ ਗਾਂਧੀ ਜੀ ਨੇ ਦੱਖਣੀ ਅਫ਼ਰੀਕਾ ਵਿੱਚ ਸਤਿਆਗ੍ਰਹਿ ਦੀ



ਲਹਿਰ ਚਲਾਈ ਤਾਂ ਲਾਲਾ ਜੀ ਨੇ ਨਾ ਕੇਵਲ ਕਲਮ ਨਾਲ ਆਪ ਦੀ ਸਹਾਇਤਾ ਕੀਤੀ ਬਲਕਿ 30-40 ਹਜ਼ਾਰ ਰੁਪਇਆ ਸਹਾਇਤਾ ਵਜੋਂ ਵੀ ਇਕੱਠਾ ਕਰਕੇ ਭੇਜਿਆ।

ਕਈ ਵਰ੍ਹਿਆਂ ਦੀ ਜਲਾਵਤਨੀ ਮਗਰੋਂ 1920 ਈ. ਵਿੱਚ ਲਾਲਾ ਜੀ ਆਪਣੇ ਪਿਆਰੇ ਵਤਨ ਵਿੱਚ ਵਾਪਸ ਆਏ। ਲੋਕਾਂ ਨੇ ਬੜੇ ਚਾਉ ਨਾਲ ਆਪ ਦਾ ਸਤਿਕਾਰ ਤੇ ਸੁਆਗਤ ਕੀਤਾ। ਸਤੰਬਰ 1920 ਈ. ਵਿੱਚ ਕਲਕੱਤੇ ਵਿੱਚ ਕਾਂਗਰਸ ਦਾ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਲਾਲਾ ਲਾਜਪਤ ਰਾਇ ਜੀ ਨੂੰ ਇਸ ਦਾ ਪ੍ਰਧਾਨ ਚੁਣ ਕੇ ਸਨਮਾਨਿਆ ਗਿਆ। "ਬੰਦੇ ਮਾਤ੍ਰਮ" ਨਾਂ ਦਾ ਉਰਦੂ ਰੋਜ਼ਾਨਾ ਅਖ਼ਬਾਰ ਅਤੇ "ਦੀ ਪੀਪਲ" ਅੰਗਰੇਜ਼ੀ ਹਫ਼ਤੇਵਾਰ ਜਾਰੀ ਕੀਤੇ। ਆਪ ਦੇ ਧੜਲੇਦਾਰ ਪ੍ਰਚਾਰ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਵਿੱਚ ਨਾ-ਮਿਲਵਰਤਨ ਦੀ ਲਹਿਰ ਤੇਜ਼ ਹੋ ਗਈ। ਹਜ਼ਾਰਾਂ ਵਿਦਿਆਰਥੀ ਸਕੂਲ ਤੇ ਕਾਲਜ ਛੱਡ ਕੇ ਬਾਹਰ ਨਿਕਲ ਆਏ। ਆਪ ਨੇ ਉਨ੍ਹਾਂ ਲਈ ਕੌਮੀ ਸਕੂਲ ਤੇ ਲਾਹੌਰ ਵਿੱਚ ਇੱਕ ਕੌਮੀ ਕਾਲਜ ਵੀ ਸ਼ੁਰੂ ਕਰ ਦਿੱਤਾ। ਕਈ ਵਿਦਿਆਰਥੀ ਸਤਿਆਗ੍ਰਹਿ ਕਰਕੇ ਜੇਲ੍ਹਾਂ ਵਿੱਚ ਵੀ ਚਲੇ ਗਏ।

ਨਵਯੁਵਕਾਂ ਨੂੰ ਰਾਜਸੀ ਸਿੱਖਿਆ ਦੇਣ ਲਈ ਆਪ ਨੇ ਇੱਕ ਸਕੂਲ ਸ਼ੁਰੂ ਕੀਤਾ, ਜਿਸ ਦਾ ਨਾਂ "ਤਿਲਕ ਸਕੂਲ ਆਫ਼ ਪਾਲੇਟਿਕਸ" (ਤਿਲਕ ਰਾਜਨੀਤੀ ਦੀ ਪਾਠਸ਼ਾਲਾ) ਰੱਖਿਆ।ਫਿਰ ਆਪ ਨੇ "ਲੋਕ ਸੇਵਕ ਮੰਡਲ" (The People's Servants Society) ਨਾਂ ਦੀ ਸੰਸਥਾ ਸਥਾਪਤ ਕੀਤੀ।

ਪੰਡਤ ਮੋਤੀ ਲਾਲ ਨਹਿਰੂ ਤੇ ਸੀ. ਆਰ. ਦਾਸ ਜੀ ਨੇ ਸਵਰਾਜ ਪਾਰਟੀ ਬਣਾ ਲਈ ਤੇ ਕੌਂਸਲਾਂ ਅੰਦਰ ਜਾ ਕੇ ਅੰਦੋਲਨ ਕਰਨ ਦਾ ਪ੍ਰੋਗਰਾਮ ਬਣਾਇਆ। ਲਾਲਾ ਲਾਜਪਤ ਰਾਇ ਜੀ ਵੀ ਪਹਿਲਾਂ ਸਵਰਾਜ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਵਿਧਾਨ ਸਭਾ ਦੇ ਮੈਂਬਰ ਬਣ ਗਏ, ਪਰ 1925 ਈ. ਵਿੱਚ ਆਪ ਸਵਰਾਜ ਪਾਰਟੀ ਨਾਲੋਂ ਵੀ ਅੱਡ ਹੋ ਗਏ ਅਤੇ ਪੰਡਤ ਮਦਨ ਮੋਹਨ ਮਾਲਵੀਆ ਨਾਲ ਮਿਲ ਕੇ "ਨੈਸ਼ਨਲਿਸਟ ਪਾਰਟੀ" ਬਣਾ ਲਈ।

ਆਪ ਸਹਿਜੇ ਸਹਿਜੇ ਕਾਂਗਰਸ ਛੱਡ ਗਏ ਤੇ ਹਿੰਦੂ ਸਭਾ ਵਿੱਚ ਸ਼ਾਮਲ ਹੋ ਗਏ। 1925 ਈ. ਵਿੱਚ ਕਲਕੱਤਾ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਬਣੇ। ਫਿਰ ਇਟਾਵਾ ਵਿੱਚ ਯੂ.ਪੀ. ਹਿੰਦੂ ਕਾਨਫਰੰਸ ਦੀ ਵੀ ਆਪ ਨੇ ਪ੍ਰਧਾਨਤਾ ਕੀਤੀ। ਆਪ ਕਾਂਗਰਸ ਦੀ ਨੀਤੀ ਨੂੰ ਮੁਸਲਮਾਨਾਂ ਦੇ ਸੰਬੰਧ ਵਿੱਚ ਕਮਜ਼ੋਰ ਤੇ ਸਮਝੌਤੂ ਸਮਝਦੇ ਸਨ।

ਲਾਹੌਰ ਵਿੱਚ ਆਪ ਨੇ ਇੱਕ ਬੜੀ ਵੱਡੀ ਰਾਜਸੀ ਲਾਇਬ੍ਰੇਰੀ ਬਣਾਈ, ਜਿਸ ਵਿੱਚ ਆਪਣੀਆਂ ਸਭ ਪੁਸਤਕਾਂ ਵੀ ਰੱਖੀਆਂ ਤੇ ਹੋਰ ਵੀ ਬਹੁਤ ਸਾਰੀਆਂ ਇਤਿਹਾਸਿਕ ਤੇ ਰਾਜਨੀਤਕ ਪੁਸਤਕਾਂ ਖਰੀਦੀਆਂ ਗਈਆਂ। ਲਾਇਬ੍ਰੇਰੀ ਦਾ ਨਾਂ ਦਵਾਰਕਾ ਦਾਸ ਲਾਇਬ੍ਰੇਰੀ ਰੱਖਿਆ।

ਤਪਦਿਕ ਦੇ ਬੀਮਾਰਾਂ ਲਈ ਇੱਕ ਬੜਾ ਵਧੀਆ ਹਸਪਤਾਲ ਬਣਵਾਇਆ, ਜਿਸ ਵਿੱਚ ਤਪਦਿਕ ਦੇ ਬੀਮਾਰਾਂ ਦੇ ਹਰ ਤਰ੍ਹਾਂ ਸੰਪੂਰਨ ਇਲਾਜ ਦਾ ਪ੍ਰਬੰਧ ਕੀਤਾ ਗਿਆ। ਜਿਸ ਦਾ ਨਾਂ ਆਪਣੀ ਮਾਤਾ ਦੇ ਨਾਂ ਉਤੇ "ਗੁਲਾਬ ਦੇਵੀ ਹਸਪਤਾਲ" ਰੱਖਿਆ। ਲਗਭਗ ਇੱਕ ਲੱਖ ਰੁਪਿਆ ਕੋਲੋਂ ਪਾਇਆ ਤੇ ਹੋਰ ਉਧਾਰ ਸੱਜਣਾਂ ਪਾਸੋਂ ਇਕੱਤਰ ਕੀਤਾ। ਇਹ ਹਸਪਤਾਲ ਪਹਿਲਾਂ ਲਾਹੌਰ ਮਾਡਲ ਟਾਊਨ ਦੇ ਪਾਸ ਸੀ, ਹੁਣ ਜਲੰਧਰ ਵਿੱਚ ਖੋਲ੍ਹਿਆ ਗਿਆ ਹੈ।

1928 ਈ. ਵਿੱਚ ਹਕੂਮਤ ਬਰਤਾਨੀਆਂ ਨੇ ਹਿੰਦੀ ਆਗੂਆਂ ਦੀ ਖਾਹਸ਼ ਨੂੰ ਬਿਲਕੁਲ ਅਣਡਿੱਠ ਕਰਕੇ ਸਾਈਮਨ ਕਮਿਸ਼ਨ ਨੂੰ ਭਾਰਤ ਵਿੱਚ ਭੇਜਿਆ ਤਾਂ ਆਪ ਨੇ ਵੀ ਇਸ ਦਾ ਸਖ਼ਤ ਵਿਰੋਧ ਕੀਤਾ। ਇਸ ਕਮਿਸ਼ਨ ਵਿੱਚ ਸਾਰੇ ਅੰਗਰੇਜ਼ ਸਨ। ਸਾਈਮਨ ਇਸ ਦਾ ਪ੍ਰਧਾਨ ਸੀ ਤੇ ਇਸ ਦਾ ਆਸ਼ਾ ਇਹ ਸੀ ਕਿ ਭਾਰਤ ਵਿੱਚ ਜਾ ਕੇ ਲੋਕਾਂ ਤੋਂ ਗਵਾਹੀਆਂ ਲੈ ਕੇ ਰਿਪੋਰਟ ਕਰੇ ਕਿ ਭਾਰਤ ਆਜ਼ਾਦੀ ਦੇ ਯੋਗ ਹੈ ਕਿ ਨਹੀਂ ਤੇ ਇਸ ਨੂੰ ਕਿਸ ਹੱਦ ਤੱਕ ਹੋਰ ਰਾਜਸੀ ਅਧਿਕਾਰ ਦਿੱਤੇ ਜਾਣ। ਮਹਾਤਮਾ ਗਾਂਧੀ ਜੀ ਅਤੇ ਕਾਂਗਰਸ ਵੱਲੋਂ ਸਾਈਮਨ ਕਮਿਸ਼ਨ ਨੂੰ ਭਾਰਤ ਦੀ ਹੱਤਕ ਸਮਝਿਆ ਗਿਆ ਤੇ ਇਸ ਨੂੰ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਗਿਆ।

30 ਅਕਤੂਬਰ 1928 ਈ. ਨੂੰ ਸਾਈਮਨ ਕਮਿਸ਼ਨ ਲਾਹੌਰ ਆਇਆ। ਇਸ ਦਾ ਵਿਰੋਧ ਕਰਨ ਲਈ ਲਾਲਾ ਲਾਜਪਤ ਰਾਇ ਜੀ ਸ਼ੇਰ ਵਾਂਗ ਗਰਜ ਕੇ ਮੈਦਾਨ ਵਿੱਚ ਨਿੱਤਰ ਪਏ। ਸਰਕਾਰ ਨੇ 144 ਦਫ਼ਾ ਲਾ ਕੇ ਮੁਜ਼ਾਹਰਾ ਬੰਦ ਕਰ ਦਿੱਤਾ ਸੀ ਪਰ ਲਾਲਾ ਲਾਜਪਤ ਰਾਇ ਤੇ ਬਾਬਾ ਖੜਕ ਸਿੰਘ ਜੀ ਦੀ ਅਗਵਾਈ ਹੇਠਾਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਲਾਹੌਰ ਸਟੇਸ਼ਨ ਦੇ ਬਾਹਰ ਇਕੱਠੇ ਹੋ ਗਏ ਸਨ। ਪੁਲਿਸ ਨੇ ਅੰਧਾ ਧੁੰਦ ਲੋਕਾਂ ਉਪਰ ਲਾਠੀਆਂ ਬਰਸਾਈਆਂ। ਇੱਕ ਹੰਕਾਰੀ ਅੰਗਰੇਜ਼ ਪੁਲਿਸ ਅਫ਼ਸਰ ਮਿ: ਸਾਂਡਰਸ ਨੇ ਕ੍ਰੋਧ ਵਿੱਚ ਆ ਕੇ ਲਾਲਾ ਲਾਜਪਤ ਰਾਇ ਨੂੰ ਵੀ ਲਾਠੀਆਂ ਮਾਰੀਆਂ। ਉਨ੍ਹਾਂ ਦੇ ਸਰੀਰ ਉੱਤੇ ਕਈ ਨਿਸ਼ਾਨ ਪੈ ਗਏ। ਲਾਲਾ ਜੀ ਵਰਗੇ ਹਰਮਨ ਪਿਆਰੇ ਤੇ ਵੱਡੇ ਨੇਤਾ ਦੀ ਇਸ ਤਰ੍ਹਾਂ ਬੇਇਜ਼ਤੀ ਵੇਖ ਕੇ ਜਨਤਾ ਦੇ ਦਿਲ ਤੜਫ ਉੱਠੇ। ਉਸੇ ਦਿਨ ਸ਼ਾਮ ਨੂੰ ਇੱਕ ਭਰੇ ਜਲਸੇ ਵਿੱਚ ਲਾਲਾ ਜੀ ਫੱਟੜ ਸ਼ੇਰ ਵਾਂਗ ਭਬਕੇ ਅਤੇ ਆਖਿਆ, "ਮੇਰੇ ਸਰੀਰ ਉਤੇ ਲੱਗਾ ਲਾਠੀ ਦਾ ਇੱਕ ਇੱਕ ਵਾਰ ਬ੍ਰਿਟਿਸ਼ ਸਾਮਰਾਜ ਦੇ ਕੱਫ਼ਨ ਦਾ ਇੱਕ ਇੱਕ ਕਿੱਲ ਸਾਬਤ ਹੋਵੇਗਾ"। ਇਸ ਖ਼ਬਰ ਨਾਲ ਲੋਕਾਂ ਵਿੱਚ ਵੀ ਬੜਾ ਜੋਸ਼ ਫੈਲ ਗਿਆ ਸੀ। "ਭਾਰਤ ਨੌਜਵਾਨ ਸਭਾ" ਦੇ ਨੌਜਵਾਨ ਆਗੂਆਂ ਨੇ ਇਸ ਘਟਨਾ ਨੂੰ ਭਾਰਤ ਦੀ ਬੇਇਜ਼ਤੀ ਸਮਝਿਆ। ਉਨ੍ਹਾਂ ਦੀ ਅਣਖ ਚਮਕ ਉਠੀ। ਸ. ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੇ ਮਿ: ਸਾਂਡਰਸ ਨੂੰ ਮਾਰ ਮੁਕਾਉਣ ਦਾ ਫੈਸਲਾ ਕੀਤਾ, ਇੱਕ ਦਿਨ ਮਿ: ਸਾਂਡਰਸ ਕਾਬੂ ਆ ਗਿਆ ਤੇ ਨੌਜਵਾਨਾਂ ਨੇ ਉਸ ਨੂੰ ਪਾਰ ਬੁਲਾ ਕੇ ਬਦਲਾ ਲਿਆ। ਇਸ ਬਦਲੇ ਮਗਰੋਂ ਇਹ ਤਿੰਨੇ ਨੌਜਵਾਨ ਫਾਂਸੀ 'ਤੇ ਲਗਾਏ ਗਏ। ਲਾਲਾ ਜੀ ਬਿਰਧ ਅਵਸਥਾ ਦੇ ਕਾਰਨ ਇਹ ਸਰੀਰਕ ਤੇ ਮਾਨਸਿਕ ਚੋਟਾਂ ਸਹਾਰ ਨਾ ਸਕੇ। ਉਹ ਬੀਮਾਰ ਪੈ ਗਏ ਅਤੇ 17 ਨਵੰਬਰ 1928 ਈ. ਨੂੰ ਸਵਰਗਵਾਸ ਹੋ ਗਏ।

**ANIL DHEER**

Columnist. Alternative Therapist. Social activist
Health Educator Award winner; Certified by
W.H.O & UNICEF: Global Health Reporter. NTDP
Skin Issues: Psoriasis 2025 GNT Diseases 2023.
Air Pollution n Health 2023 Monkey-pox Virus:
Health Emergencies programme Variants-
Vaccine-specific resources & IPC

# ਅਲਰਜੀ ਰੋਗੀ ਨਿੰਬੂ-ਸੰਤਰਾ ਖਾਣ ਸਭਲ ਕੇ





''ਵਿਟਾਮਿਨ-ਮਿਨਰਲਜ਼ ਨਾਲ ਭਰਪੂਰ ਹਰ ਮੌਸਮ ਦਾ ਪਸੰਦੀਦਾ ਫੱਲ ਸੰਤਰਾ ਸਟਰੈਸ ਦੂਰ ਕਰਨ ਵਿੱਚ ਮਦਦ ਕਰ ਰਿਹਾ ਹੈ। ਲੇਕਿਨ ਕੁੱਝ ਬਿਮਾਰੀਆਂ ਦੀ ਹਾਲਤ ਵਿਚ ਅਲਰਜੀ, ਛੋਟੇ ਬੱਚਿਆਂ ਨੂੰ ਅਤੇ ਪੁਰਾਣੀ ਖੰਘ ਦੀ ਹਾਲਤ ਵਿਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਸੰਤਰੇ ਦਾ ਸੇਵਨ ਕਰਨਾ ਚਾਹੀਦਾ ਹੈ''-

ਹੈਲਥ ਮੀਡੀਆ ਕੈਨੇਡਾ : ਹਰ ਸਾਲ ਠੰਢ ਦੌਰਾਣ ਐਲੇਰਜਨਜ਼ ਦਾ ਹਮਲਾ ਤੇਜ਼ ਹੋ ਜਾਂਦਾ ਹੈ। ਸਾਈਟਰਸ ਫੱਲ ਸੰਤਰੇ ਦੁਆਰਾ ਹੋਣ ਵਾਲੀ ਅਲਰਜੀ ਵਿਚ ਅਚਾਨਕ ਛਿੱਕਾਂ, ਖਾਰਿਸ਼, ਸਾਹ ਲੈਣ ਵਿਚ ਦਿੱਕਤ, ਪੇਟ ਅੰਦਰ ਏਸਿਡ, ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਜੇ ਸਰੀਰ ਅੰਦਰ ਇਮਿਊਨਿਟੀ ਘੱਟ ਹੈ ਤਾਂ ਵਿਅਕਤੀ ਛੇਤੀ ਹੀ ਰੋਗਾਂ ਦੇ ਘੇਰੇ ਵਿਚ ਆ ਜਾਂਦਾ ਹੈ। ਜੀਈਆਰਡੀ ਇੱਕ ਪੁਰਾਣੀ ਹਾਲਤ ਹੈ ਜਿੱਥੇ ਪੇਟ ਦਾ ਏਸਿਡ ਅਨਾਸ਼ ਵਿਚ ਵਾਪਸ ਵਹਿਣਾ ਜਾਰੀ ਰੱਖਦਾ ਹੈ, ਜਿਸ ਨਾਲ ਛਾਤੀ ਵਿਚ ਦਰਦ, ਦਿੱਲ 'ਤੇ ਜਲਨ ਅਤੇ ਨਿਗਲਣ ਵਿਚ ਮੁਸ਼ਕਲ ਹੁੰਦੀ ਹੈ। ਖੱਟੇ ਫੱਲ ਤੇਜ਼ਾਬ ਦੀ ਸਮੱਗਰੀ ਨਾਲ ਭਰਪੂਰ ਹੁੰਦੇ ਹਨ ਅਤੇ ਐਸਿਡ ਰੀਫਲਕਸ ਦੇ ਲੱਛਣਾਂ ਨੂੰ ਵਧਾ ਸਕਦਾ ਹੈ।

ਵਿਸ਼ਵ ਭਰ ਵਿੱਚ ਅੱਜ ਹਰ ਉਮਰ ਦੇ ਵਿਅਕਤੀ ਦਾ ਪਸੰਦੀਦਾ ਸੁਆਦੀ ਰਸੀਲਾ ਫੱਲ ਹੈ ਸੰਤਰਾ। 16 ਵੀਂ ਸਦੀ ਵਿਚ ਇਹ ਫੱਲ ਯੂਰਪ ਵਿੱਚ ਆਮ ਮਿਲਨ ਲੱਗ ਗਿਆ ਸੀ। ਸੰਤਰੀ ਸ਼ਬਦ ਦੀ ਵਰਤੋਂ ਰੰਗ ਤੋਂ ਪਹਿਲਾਂ ਫੱਲ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ। ਵਿਸ਼ਵ ਭਰ ਵਿਚ ਅੰਦਾਜ਼ਨ 600 ਤੋਂ ਵੱਧ ਕਿਸਮ ਦੇ ਸੰਤਰੇ ਦੱਸੇ ਜਾ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵੈਲੇਂਸੀਆ ਸੰਤਰਾ ਫਲੇਵਰ ਅਤੇ ਸੁਆਦੀ ਲਈ ਮਸ਼ਹੂਰ ਹੈ। ਫਲੋਰੀਡਾ ਦੇ ਨੋਵਲ, ਮਿਨੀਓਲਾ ਟੈਂਜਲੋਸ, ਮੁਰਕੋਟ ਹਨੀ ਟੈਂਗਰੀਨ ਵਗੈਰਾ ਕਿਸਮ ਦੇ ਸੰਤਰੇ ਤਾਜ਼ੇ, ਮਿੱਠੇ 'ਤੇ ਘੱਟ ਤੇਜ਼ਾਬੀ ਮੰਨੇ ਜਾ ਰਹੇ ਹਨ। ਸੰਤਰੇ ਵਿਚ ਵੱਖ-ਵੱਖ ਫਾਈਟੋਕੈਮੀਕਲ -ਕੈਰੋਟੀਨੋਇਡਜ਼-ਬੀਟਾ-ਕੈਰੋਟੀਨ, ਲੂਟੀਨ ਅਤੇ ਬੀਟਾ-ਕ੍ਰਿਪਟੌਕਸੈਂਥਿਨ, ਫਲੇਵੋਨੋਇਡਜ਼ਅਤੇ ਸੰਤਰੇ ਦੀ ਖੁਸ਼ਬੂ ਪੈਦਾ ਕਰਨ ਵਾਲੇ ਬਹੁਤ ਸਾਰੇ ਅਸਥਿਰ ਮਿਸ਼ਰਣ- ਐਡੀਹਾਈਡਜ਼, ਐਸਟਰ, ਅਲਕੋਹਲ, ਟੇਰੇਪੇਨਸ ਸ਼ਾਮਿਲ ਹਨ । ਹੋਮ ਕਿਚਨ 'ਤੇ ਕਮਰਸ਼ੀਅਲ ਇੰਡਸਟਰੀ ਅੰਦਰ ਅੱਜ ਸੰਤਰੇ ਫੱਲ ਦਾ ਜੂਸ, ਮਾਮਲੇਡ, ਮਿਕਸਫਰੂਟ ਜੈਮ, ਕੇਕ, ਕੁਕੀਜ਼, ਚਾਕਲੇਟ, ਕੈਂਡੀ, ਫਰੈਗਰੇਂਸ ਵਗੈਰਾ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਬ੍ਰਾਜ਼ੀਲ ਦੁਨੀਆ ਵਿਚ ਸੰਤਰੇ ਦੇ ਜੂਸ ਦਾ ਸਭ ਤੋਂ ਵੱਡਾ ਉਤਪਾਦਕ ਤੇ ਇਸ ਤੋਂ ਬਾਅਦ ਅਮਰੀਕਾ ਦਾ ਨਾਂ ਆ ਰਿਹਾ ਹੈ।

ਸੰਤਰਾ ਖਾਓ, ਲੇਕਿਨ ਸਭਲ ਕੇ : ਠੰਢ ਦੌਰਾਣ ਐਂਟੀਆਕਸੀਡੈਂਟ ਖੁਰਾਕ ਸ਼ੁਰੂ ਕਰ ਦਿਓ ਤਾਕਿ ਆਮ ਰੋਗਾਂ ਨਾਲ ਲੜਨ ਦੀ ਤਾਕਤ ਵਿਚ ਵਾਧਾ ਹੋ ਸਕੇ। ਕਿਸੇ ਖਾਸ ਅਲਰਜੀ ਦੀ ਹਾਲਤ ਵਿਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਹਾਈ ਬਲੱਡ ਪ੍ਰੈਸ਼ਰ ਵਾਲੇ ਡੇਲੀ ਨਾਸ਼ਤੇ ਵਿਚ 1 ਕੱਪ ਤਾਜ਼ੇ ਸੰਤਰੇ ਦਾ ਰੱਸ ਸ਼ੁਰੂ ਕਰ ਸਕਦੇ ਹਨ। ਸੰਤਰੇ ਵਿਚ ਕੋਈ ਸੋਡੀਅਮ ਨਹੀਂ ਹੁੰਦਾ ਬਲਕਿ ਜੂਸ ਦਾ ਸੇਵਨ 14% ਪੋਟਾਸ਼ਿਅਮ ਦੀ ਮਾਤਰਾ ਵੱਧਾ ਸਕਦਾ ਹੈ। ਬਲੱਡ ਪ੍ਰੈਸ਼ਰ ਦੇ ਜੋਖਮ ਨੂੰ ਘਟਾਉਣ ਲਈ ਪੋਟਾਸ਼ਿਅਮ ਦਾ ਸੇਵਨ ਵਧਾਉਣ ਨਾਲ ਖੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਖੋਲਣ ਵਿਚ ਮਦਦ ਕਰ ਸਕਦਾ ਹੈ।

ਕੋਲੋਸਟ੍ਰੋਲ ਨੂੰ ਘਟਾਉਣ ਲਈ ਸੰਤਰਾ ਨਮਕੀਨ ਪਾਣੀ ਨਾਲ ਕਲੀਨ ਕਰਕੇ ਫੱਲ ਦੇ ਨਾਲ ਛਿਲਕੇ ਦਾ ਬਾਈਟ ਵੀ ਲਿਆ ਜਾ ਸਕਦਾ ਹੈ। ਫੱਲ ਅੰਦਰ ਮੌਜੂਦ ਫਾਈਬਰ ਵੱਧਿਆ ਹੋਏ ਕੋਲੋਸਟ੍ਰੋਲ ਨੂੰ ਘਟਾਉਂਦਾ ਹੈ।

ਡਾਇਬਟੀਜ਼ ਦੇ ਖਤਰੇ ਨੂੰ ਘੱਟ ਕਰਨ ਵਿਚ ਰੋਜਾਨਾਂ 4 ਗ੍ਰਾਮ ਖੁਰਾਕ ਫਾਈਬਰ ਮਦਦ ਕਰ ਸਕਦਾ ਹੈ। ਇਸ ਨਾਲ ਖੂਨ ਵਿਚ ਗਲੂਕੋਜ਼ ਨਹੀਂ ਘੱਟਦਾ ਪਰ ਸਰੀਰ ਇਨਸੂਲਿਨ ਪ੍ਰਤੀ ਪ੍ਰਤੀਕ੍ਰਿਆ ਕਰਨ ਦੇ ਤਰੀਕੇ ਵਿਚ ਸੁਧਾਰ ਕਰਦਾ ਹੈ। ਘੱਟ ਇਨਸੂਲੀਨ ਸੰਵੇਦਨਸ਼ੀਲਤਾ ਟਾਈ-2 ਡਾਇਬਟੀਜ਼ ਵਿਚ ਯੋਗਦਾਨ ਪਾ ਸਕਦੀ ਹੈ। ਸਰੀਰ ਫਾਈਬਰ ਨੂੰ ਹੋਰ ਪੋਸ਼ਟਿਕ ਤੱਤਾਂ ਨਾਲੋਂ ਹੋਲੀ-ਹੋਲੀ ਪ੍ਰਸੇਸ ਕਰਦਾ ਹੈ, ਇਸ ਲਈ ਬਾਂਰ-ਬਾਰ ਸਨੈਕਸ ਲੈਣ ਦੀ ਇੱਛਾ ਘੱਟ ਜਾਂਦੀ ਹੈ।

ਤੰਦਰੁਸਤ ਮਨ ਅਤੇ ਸਰੀਰ ਲਈ ਸੰਤਰੇ ਦੀ ਫਰੂਟ-ਸਲਾਦ ਵਿਚ ਅਨਾਨਾਸ, ਸਟ੍ਰਾਬੇਰੀ, ਪੀਅਰ ਨੂੰ ਸ਼ਾਮਿਲ ਕਰੋ।

ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਚਮੜੀ ਨੂੰ ਹੈਲਦੀ ਰੱਖਦਾ ਹੈ। ਕੋਲੇਜਨ ਦੇ ਉਤਪਾਦਨ ਵਿਚ ਯੋਗਦਾਨ ਪਾ ਕੇ ਜ਼ਖਮਾਂ ਨੂੰ ਆਰਾਮ ਦਿੰਦਾ ਹੈ। ਚਮੜੀ ਦਾ ਲਚਕੀਲਾਪਨ, ਡ੍ਰਾਈਨੈਸ ਅਤੇ ਰਿੰਕਲਸ ਨੂੰ ਠੀਕ ਕਰਨ ਵਿਚ ਮਦਦ ਕਰ ਸਕਦਾ ਹੈ।

ਸੰਤਰੇ ਵਿਚ ਮੌਜੂਦ ਕੋਲੀਨ ਅਤੇ ਜ਼ੈਕਸਨਥਿਨ: ਚੰਗੀ ਨੀਂਦ, ਹੈਲਦੀ ਅੱਖਾਂ, ਮਾਸਪੇਸ਼ੀਆਂ ਦੀ ਗਤੀ, ਸਿੱਖਣ ਅਤੇ ਯਾਦਾਸ਼ਤ ਬੇਹਤਰ ਕਰਨ ਵਿਚ ਹੈਲਪ ਕਰਦਾ ਹੈ। ਸਰੀਰ ਅੰਦਰ ਸੋਜਸ਼ ਨੂੰ ਘਟਾਉਂਦਾ ਹੈ।

ਚਿਹਰੇ ਦੀ ਖੂਬਸੂਰਤੀ ਲਈ ਔਰਤਾਂ ਸੰਤਰੇ ਦੇ ਛਿਲਕਾ ਪਾਊਡਰ ਵਿਚ ਸ਼ਹਿਦ ਮਿਕਸ ਕਰਕੇ ਬਤੌਰ ਫੇਸ-ਪੈਕ ਇਸਤੇਮਾਲ ਕਰ ਸਕਦੀਆਂ ਹਨ।

ਆਮ ਘਬਰਾਹਟ ਘੱਟ ਕਰਨ ਲਈ ਸੰਤਰਾ ਖਾਣ ਦੇ ਨਾਲ-ਨਾਲ ਤਾਜ਼ਾ ਛਿਲਕਾ ਦਬਾ ਕੇ ਸੁੰਘਣ ਨਾਲ ਮਦਦ ਮਿਲਦੀ ਹੈ।

ਨੋਟ : ਕਿਸੇ ਵੀ ਅਲਰਜੀ ਦੀ ਹਾਲਤ ਵਿਚ ਅਤੇ ਗਰਭਵਤੀ ਔਰਤਾਂ, ਛੋਟੇ ਬੱਚੇ, ਅਤੇ ਖਾਂਸੀ, ਗਲੇ ਦੀ ਬਿਮਾਰੀ ਵਿਚ ਸੰਤਰੇ ਦਾ ਸੇਵਨ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

## ਐਮਰਜੈਂਸੀ ਫਿਲਮ



ਰਾਤ 9 ਵਜੇ ਤੋਂ ਬਾਅਦ ਦਾ ਸ਼ੋਅ ਦੇਖਣ ਚਲੇ ਗਏ। ਫਿਲਮ ਬਹੁਤ ਕਮਾਲ ਦੀ ਹੈ। ਫਿਲਮ ਦੇ ਵਿੱਚ ਬਹੁਤ ਸਾਰੀਆਂ ਗੱਲਾਂ ਇਹੋ ਜਿਹੀਆਂ ਹਨ ਜੋ ਸੋਚੀਆਂ ਵੀ ਨਹੀਂ ਜਾ ਸਕਦੀਆਂ। ਇੰਦਰਾ ਗਾਂਧੀ ਨੂੰ ਜ਼ਿੰਦਗੀ ਨਾਲੋਂ ਵੱਡੀ ਕਰਕੇ ਵਿਖਾਇਆ ਗਿਆ ਹੈ। ਸਿੱਖਾਂ ਦੀ ਬਹੁਤ ਤਾਰੀਫ ਕੀਤੀ ਗਈ ਹੈ। ਔਰ ਬੀਜੇਪੀ ਦੇ ਗਿੱਟੇ ਗੋਡੇ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਜਿਉਂ ਹੀ ਫਿਲਮ ਵਿੱਚ ਮੋਦੀ ਦਾ ਜ਼ਿਕਰ ਆਇਆ ਨਾਲ ਹੀ ਮੇਰੀ ਜਾਗ ਖੁੱਲ ਗਈ।

ਜਨਮੇਜਾ ਸਿੰਘ ਜੋਹਲ

# ਸਾਈਬਰ ਠੱਗਾਂ ਤੋਂ ਪੁਲਿਸ ਵੀ ਸੁਰਖਿਅਤ ਨਹੀਂ

## ✪ ਇਨਵੈਸਟਮੈਂਟ ਕਰਵਾਉਣ ਦਾ ਝਾਂਸਾ ਦੇਕੇ ਸਾਈਬਰ ਸੈੱਲ ਦੇ ਹੌਲਦਾਰ ਨਾਲ 22 ਲੱਖ ਦੀ ਵਜੀ ਠੱਗੀ



ਲੁਧਿਆਣਾ-ਲੁਧਿਆਣਾ ਦੇ ਇੱਕ ਸ਼ਾਤਰ ਵਿਅਕਤੀ ਨੇ ਸਾਈਬਰ ਕ੍ਰਾਈਮ ਥਾਣੇ ਵਿੱਚ ਤਾਇਨਾਤ ਹੌਲਦਾਰ ਜੀਤੂ ਕੁਮਾਰ ਨੂੰ ਠੱਗੀ ਦਾ ਸ਼ਿਕਾਰ ਬਣਾਉਂਦਿਆਂ ਉਸ ਕੋਲੋਂ 22 ਲੱਖ 18 ਹਜ਼ਾਰ ਰੁਪਏ ਠੱਗ ਲਏ। ਆਪਣੇ ਹੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਂਦਿਆਂ ਜੀਤੂ ਕੁਮਾਰ ਨੇ ਦੱਸਿਆ ਕਿ ਉਸਨੇ ਫੇਸਬੁੱਕ 'ਤੇ ਇੱਕ ਐਡ ਦੇਖੀ। ਐਡ ਉੱਪਰ ਕਲਿੱਕ ਕਰਨ ਤੋਂ ਬਾਅਦ ਉਸਨੂੰ ਇੱਕ ਵ੍ਹਟਸਐਪ ਗਰੁੱਪ ਵਿੱਚ ਐਡ ਕਰ ਲਿਆ ਗਿਆ। ਗਰੁੱਪ ਐਡਮਿਨ ਵੱਲੋਂ ਲੋਕਾਂ ਨੂੰ ਸ਼ੇਅਰ ਮਾਰਕੀਟ ਵਿੱਚ ਇਨਵੈਸਟ ਕਰਨ ਦੇ ਨਾਮ 'ਤੇ ਮੋਟਾ ਮੁਨਾਫਾ ਦਵਾਉਣ ਬਾਰੇ ਆਖਿਆ ਜਾ ਰਿਹਾ ਸੀ। ਮੁਲਜ਼ਮ ਦੇ ਜਾਲ ਵਿੱਚ ਫਸੇ ਹੌਲਦਾਰ ਜੀਤੂ ਕੁਮਾਰ ਨੇ ਵੱਖ-ਵੱਖ ਤਰੀਕਾਂ ਵਿੱਚ 22 ਲੱਖ 18 ਹਜ਼ਾਰ ਰੁਪਏ ਟ੍ਰਾਂਸਫਰ ਕਰ ਦਿੱਤੇ। ਕੁਝ ਸਮੇਂ ਬਾਅਦ ਜੀਤੂ ਕੁਮਾਰ ਨੇ ਖੁਦ ਨੂੰ ਠੱਗਿਆ ਮਹਿਸੂਸ ਕੀਤਾ ਅਤੇ ਆਪਣੇ ਹੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ। ਖੁਦ ਦਰਜ ਕਰਵਾਏ ਮਾਮਲੇ ਦੀ ਪੜਤਾਲ ਵੀ ਜੀਤੂ ਕੁਮਾਰ ਹੀ ਕਰ ਰਹੇ ਹਨ।

**ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ**



ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**